
ਸਿਰਜਣਾ
ਜੁਲਾਈ-ਸਤੰਬਰ 2022
205
50 ਰੁਪਏ

# ਸਿਰਜਣਾ

**205**

ਜੁਲਾਈ-ਸਤੰਬਰ 2022



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

❋

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

❋

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*


❋


**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਰਾਜਸੱਤਾ ਤੇ ਹਮਲਾਕਾਰੀ ਹਿੰਦੂਤਵ ਦੀ ਚੁਣੌਤੀ/1

ਸੱਤਪਾਲ ਭੀਖੀ/ਛੇ ਕਵਿਤਾਵਾਂ/3

ਜਗਦੀਪ ਸਿੱਧੂ/ਸੱਤ ਕਵਿਤਾਵਾਂ/7

ਬੀਬਾ ਬਲਵੰਤ/ਕਵਿਤਾ/ਉਦਰੇਵਾਂ/10

ਗੁਰਮੀਤ ਕੜਿਆਲਵੀ/ਦੋ ਕਵਿਤਾਵਾਂ/13

ਅਨੂ ਬਾਲਾ/ਪੰਜ ਗ਼ਜ਼ਲਾਂ/14

ਵਰਿਆਮ ਸਿੰਘ ਸੰਧੂ/ਯਾਦਾਂ/ਅਜਮੇਰ ਔਲਖ ! ਤੂੰ ਕਿਤੇ ਨਹੀਂ ਗਿਆ !/17

ਗੁਰਭਜਨ ਗਿੱਲ/ਲੇਖ/ਸੁੱਚੀ ਲੋਕ ਗਾਇਕੀ ਦਾ ਮਹਿਕਵੰਤਾ ਬਿਰਖ: ਅਮਰਜੀਤ ਗੁਰਦਾਸਪੁਰੀ/35

ਸਾਂਵਲ ਧਾਮੀ/ਕਹਾਣੀ/ਪੂਰਾ ਆਦਮੀ/41

ਗੁਰਸੇਵਕ ਸਿੰਘ ਪ੍ਰੀਤ/ਕਹਾਣੀ/ਪੱਕਾ ਟਿਕਾਣਾ/53

ਹਰਪ੍ਰੀਤ ਸਿੰਘ ਚਨੂੰ/ਕਹਾਣੀ/ਚੌਂਹਟੇ ਚੱਕ/58

ਚਰਨਜੀਤ ਸਿੰਘ ਮਿਨਹਾਸ/ਕਹਾਣੀ/ਪਤਾ ਨਹੀਂ ਕਿੱਥੇ ਜਾਊਂਗਾ/78

ਬਲਜੀਤ ਬਾਸੀ/ਸ਼ਬਦ ਝਰੋਖਾ/ਨਾਵ ਜਿਨਾ ਸੁਲਤਾਨ ਖਾਨ/83

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਮੋਰਾਂਵਾਲੀ/87

ਜੇ.ਬੀ. ਸੇਖੋਂ/ਰਿਵਿਊ/ਬਲਦੇ ਦਰਿਆ/89/ਕਲਾਸ/91

ਹਰਿੰਦਰ ਸਿੰਘ/ਰਿਵਿਊ/ਪ੍ਰਕਿਰਤੀ ਦੇ ਰੰਗ ਹਜ਼ਾਰ/94/ਖ਼ਾਲਸ/96

ਹਰਵਿੰਦਰ ਸਿੰਘ/ਰਿਵਿਊ/ਨਵਯੁਗ/98

ਪੁਸ਼ਵਿੰਦਰ ਕੌਰ/ਰਿਵਿਊ/ਬਲੌਰੀ ਅੱਖ ਵਾਲਾ ਮੁੰਡਾ/101


---

**ਟਾਈਟਲ ਚਿੱਤਰ : ਦੇਵ**

---


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

## *ਰਾਜਸੱਤਾ ਤੇ ਹਮਲਾਕਾਰੀ ਹਿੰਦੂਤਵ ਦੀ ਚੁਣੌਤੀ*

*ਮਈ 2014 ਵਿਚ ਜਦੋਂ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਦਾ ਪਦ ਸੰਭਾਲਿਆ, ਉਦੋਂ ਭਾਰਤੀ ਜਨਤਾ ਪਾਰਟੀ ਨੂੰ ਪਹਿਲੀ ਵਾਰ ਇਕੱਲਿਆਂ ਪੂਰਨ ਬਹੁਮੱਤ ਮਿਲ ਗਿਆ ਸੀ ਪਰ ਇਸ ਨੇ ਐੱਨ.ਡੀ.ਏ. ਦੇ ਆਪਣੇ ਸਹਿਯੋਗੀ ਦਲਾਂ ਨਾਲ ਗੱਠਜੋੜ ਕਾਇਮ ਰੱਖਿਆ। ਗ਼ੈਰ ਕਾਂਗਰਸੀ ਬਹੁ-ਦਲੀ ਸਰਕਾਰ ਦਾ ਇਸ ਤਰ੍ਹਾਂ ਦਾ ਗਠਨ ਪਹਿਲੀ ਵਾਰ ਨਹੀਂ ਸੀ ਹੋਇਆ। 1977 ਤੋਂ ਸ਼ੁਰੂ ਹੋ ਕੇ ਕੌਮੀ ਪੱਧਰ 'ਤੇ ਗ਼ੈਰ-ਕਾਂਗਰਸੀ ਪਾਰਟੀਆਂ ਦਾ ਗੱਠਜੋੜ ਪਹਿਲਾਂ ਵੀ ਇਸ ਤਰ੍ਹਾਂ ਸਰਕਾਰ ਦਾ ਗਠਨ ਕਰਦਾ ਆ ਰਿਹਾ ਸੀ। ਦੋ ਵਾਰ ਭਾਰਤੀ ਜਨਤਾ ਪਾਰਟੀ ਦੇ ਹੀ ਆਗੂ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਸਰਕਾਰ ਬਣ ਚੁੱਕੀ ਸੀ ਅਤੇ ਇਕ ਵਾਰ ਸਫਲਤਾ ਨਾਲ ਆਪਣਾ ਪੂਰਾ ਪੰਜ ਸਾਲ ਦਾ ਕਾਰਜ ਕਾਲ ਨਿਭਾਅ ਚੁੱਕੀ ਸੀ।*

*ਹੁਣ ਕਾਂਗਰਸ ਦੇ ਦਸ ਸਾਲ ਸੱਤਾ ਉੱਤੇ ਮੁੜ ਕਾਬਜ਼ ਰਹਿਣ ਪਿੱਛੋਂ ਇਕ ਵਾਰ ਫੇਰ ਵਿਰੋਧੀ ਧਿਰ ਦੀ ਜਿੱਤ ਹੋਈ ਸੀ। ਇਸ ਜਿੱਤ ਵਿਚ ਹਿੰਦੂਤਵ ਨੂੰ ਪਰਨਾਈ ਭਾਰਤੀ ਜਨਤਾ ਪਾਰਟੀ ਦੀ ਪ੍ਰਮੁੱਖ ਭੂਮਿਕਾ ਤਾਂ ਸੀ ਹੀ, ਉਹ ਕਮਾਂਡਿੰਗ ਪੁਜ਼ੀਸ਼ਨ ਵਿਚ ਵੀ ਸੀ ਅਤੇ ਇਸਦੇ ਆਗੂ ਨਰਿੰਦਰ ਮੋਦੀ ਦਾ ਬਿੰਬ ਵੀ ਅਟਲ ਬਿਹਾਰੀ ਵਾਜਪਾਈ ਵਰਗਾ ਨਹੀਂ ਸੀ। ਵਾਜਪਾਈ ਦੇ ਉਦਾਰਵਾਦੀ ਕੌਮਪ੍ਰਸਤ ਆਦਰਯੋਗ ਨੇਤਾ ਹੋਣ ਦੇ ਬਿੰਬ ਦੇ ਉਲਟ ਗੁਜਰਾਤ ਦੰਗਿਆਂ ਦੀ ਵਜਾਹ ਕਰਕੇ ਨਰਿੰਦਰ ਮੋਦੀ ਦਾ ਬਿੰਬ ਦਾਗਿਆ ਹੋਇਆ ਸੀ। ਇਸ ਲਈ ਹਾਲਾਤ, ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਸਮੇਤ, ਪਹਿਲਾਂ ਦੀਆਂ ਗ਼ੈਰ ਕਾਂਗਰਸੀ ਸਰਕਾਰਾਂ ਵਾਲੇ ਨਹੀਂ ਸਨ। ਭਾਜਪਾ ਦੀ ਚੜ੍ਹਤ ਅਤੇ ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਦੀ ਅਗਵਾਈ ਚਿੰਤਾ ਦਾ ਮਾਹੌਲ ਵੀ ਸਿਰਜ ਰਹੀ ਸੀ।*

*ਇਸ ਸਮੇਂ ਇਹ ਉਮੀਦ ਕਰਨਾ ਤਾਂ ਨਾਵਾਜਬ ਨਹੀਂ ਸੀ ਕਿ ਮੋਦੀ ਸਰਕਾਰ ਭਾਜਪਾ ਦੀ ਤਾਕਤ ਦੇ ਅਨੁਪਾਤ ਅਨੁਸਾਰ ਹਿੰਦੂਤਵ ਦਾ ਆਪਣਾ ਏਜੰਡਾ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ। ਪਰ ਨਾਲ ਹੀ ਇਹ ਆਸ ਸੀ ਕਿ ਭਾਜਪਾ ਨੰਗਾ ਚਿੱਟਾ ਹਿੰਦੂਤਵਵਾਦ ਉਭਾਰਨ ਤੋਂ ਸ਼ਾਇਦ ਗੁਰੇਜ਼ ਕਰੇ। ਮੋਦੀ ਦੀ ਤਾਜਪੋਸ਼ੀ ਤੋਂ ਹਫ਼ਤੇ ਬਾਅਦ ਹੀ ਜਦੋਂ ਹਿੰਦੂਤਵਵਾਦੀਆਂ ਨੇ ਪੂਣੇ ਵਿਚ ਨੌਜਵਾਨ ਇੰਜਨੀਅਰ ਮੋਹਸਿਨ ਖ਼ਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ ਤਾਂ ਪ੍ਰਧਾਨ ਮੰਤਰੀ ਨੇ ਇਸ ਪ੍ਰਸੰਗ ਵਿਚ ਭਾਵੇਂ ਕੁਝ ਨਹੀਂ ਸੀ ਕਿਹਾ, ਤਦ ਵੀ ਕਿਸੇ ਨੇ ਕਿਆਸ ਨਹੀਂ ਸੀ ਕੀਤਾ ਕਿ ਕੁਝ ਹੀ ਵਰ੍ਹਿਆਂ ਬਾਅਦ ਹਾਲਾਤ ਬਦ ਤੋਂ ਬਦਤਰ ਹੋ ਜਾਣੇ ਹਨ ਅਤੇ ਧਰਮ ਤੇ ਸਿਆਸਤ ਦੀ ਭਾਰਤੀ ਜਨਤਾ ਪਾਰਟੀ ਤੇ ਨਰਿੰਦਰ ਮੋਦੀ ਦੀ ਕਹਾਣੀ ਬਹੁਤ ਦੂਰ ਤਕ ਚਲੇ ਜਾਣੀ ਹੈ। ਪਰ ਛੇਤੀ ਹੀ ਸਪਸ਼ਟ ਹੋ ਗਿਆ ਕਿ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ, ਰਾਸ਼ਟਰੀ ਸਵੈਮਸੇਵਕ ਸੰਘ ਆਉਣ ਵਾਲੇ ਸਮੇਂ ਦੌਰਾਨ ਫਿਰਕੂ ਸਿਆਸਤ ਦੇ ਸਿਰ 'ਤੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਹਰ ਹਰਬਾ ਵਰਤਣਗੇ।*

*ਪਹਿਲੀ ਟਰਮ ਦੌਰਾਨ ਮੋਦੀ ਸਰਕਾਰ ਨੇ ਆਜ਼ਾਦੀ ਉਪਰੰਤ ਘੜੇ ਗਏ ਸੰਵਿਧਾਨ ਦੀ ਆਧਾਰਸ਼ਿਲਾ ਵਾਲੇ ਨੇਮਾਂ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਅਪਣਾਏ ਗਏ ਲੋਕਤੰਤਰੀ ਧਰਮ ਨਿਰਪੇਖਤਾ ਅਤੇ ਉਦਾਰਵਾਦ ਦੇ ਸੰਕਲਪਾਂ ਅਨੁਸਾਰ ਕੀਤੇ ਗਏ ਕੰਮਾਂ ਨੂੰ ਨਕਾਰਨ ਤੇ ਪੇਤਲੇ ਪਾਉਣ ਦਾ ਬੀੜਾ ਚੁੱਕਿਆ। ਇਤਿਹਾਸ, ਸਭਿਆਚਾਰ ਨਾਲ ਜੁੜੀਆਂ ਸੰਸਥਾਵਾ ਅਤੇ ਸਿੱਖਿਆ ਨਾਲ ਸੰਬੰਧਤ ਅਦਾਰਿਆਂ ਦੇ ਕੰਮ-ਕਾਰ ਵਿਚ ਹਿੰਦੂਤਵ ਨੂੰ ਉਭਾਰਨ, ਦੂਜੇ ਧਰਮਾਂ ਖਾਸਕਰ ਮੁਸਲਮਾਨਾਂ ਤੇ ਇਸਾਈਆਂ ਦੇ ਬਿੰਬ ਨੂੰ ਵਿਗਾੜਨ ਲਈ ਯਤਨ ਆਰੰਭੇ*

*ਗਏ। ਸਭਿਆਚਾਰ, ਇਤਿਹਾਸ ਤੇ ਅਕਾਦਮਿਕਤਾ ਨਾਲ ਜੁੜੇ ਸਭ ਅਦਾਰਿਆਂ ਵਿਚ ਹਿੰਦੂਤਵਵਾਦੀਆਂ ਦੀ ਭਰਵੀਂ ਘੁਸਪੈਠ ਕੀਤੀ ਗਈ। ਅੰਨ੍ਹੀ ਧਾਰਮਿਕ ਸ਼ਰਧਾ ਦੇ ਲਬਾਦੇ ਵਿਚ ਨਾ ਸਿਰਫ ਇਤਿਹਾਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਗਈ ਸਗੋਂ ਅਣਵਿਗਿਆਨਕ ਪਹੁੰਚ ਨਾਲ ਮਿਥਿਹਾਸ ਦਾ ਹੀ ਇਤਿਹਾਸ ਵਿਚ ਰੂਪਾਂਤਰਣ ਕਰਨ ਦਾ ਉਪਰਾਲਾ ਕੀਤਾ ਗਿਆ। ਅਤੇ ਸਭ ਤੋਂ ਵੱਡੀ ਗੱਲ, ਸੰਚਾਰ ਦੇ ਸਾਧਨਾਂ ਉਪਰ ਕਬਜ਼ਾ ਕਰਕੇ ਹਿੰਦੂਤਵਵਾਦੀ ਸੰਕੀਰਣ ਭਾਵਨਾਵਾਂ ਨੂੰ ਪਰਿਪੱਕ ਕਰਨ ਦਾ ਕਾਰਜ ਕੀਤਾ ਗਿਆ। ਇਸ ਸਭ ਕੁਝ ਦੇ ਨਤੀਜੇ ਵਜੋਂ 2019 ਦੀਆਂ ਚੋਣਾਂ ਆਉਣ ਤਕ ਭਾਰਤੀ ਜਨਤਾ ਪਾਰਟੀ ਸੰਕੀਰਣ ਲੀਹਾਂ ਉੱਤੇ ਸਾਧਾਰਨ ਹਿੰਦੂ ਜਨਤਾ ਦੇ ਵਡੇਰੇ ਭਾਗ ਵਿਚ ਏਨਾ ਪ੍ਰਭਾਵ ਪਾ ਚੁੱਕੀ ਸੀ ਕਿ ਉਸ ਲਈ ਪਹਿਲਾਂ ਨਾਲੋਂ ਵੀ ਵੱਡੇ ਬਹੁਮੱਤ ਨਾਲ ਚੋਣਾਂ ਜਿੱਤਣਾ ਬਹੁਤ ਹੀ ਸਹਿਲ ਹੋ ਗਿਆ।*

*ਦੂਜੀ ਟਰਮ ਸ਼ੁਰੂ ਹੋਣ ਤਕ ਨਾ ਸਿਰਫ ਭਾਰਤੀ ਜਨਤਾ ਪਾਰਟੀ ਸਭ ਤੋਂ ਸ਼ਕਤੀਸ਼ਾਲੀ ਰਾਜਨੀਤਕ ਸੰਗਠਨ ਬਣ ਗਈ ਸਗੋਂ ਉਸਦੇ ਚਰਿੱਤਰ ਦੇ ਸਭ ਲੁਕਵੇਂ ਪੱਖ ਵੀ ਪ੍ਰਤੱਖ ਹੋ ਕੇ ਸਾਹਮਣੇ ਆ ਗਏ। ਮੁਖ ਮੰਤਰੀ ਵਜੋਂ ਆਪਣੇ ਪ੍ਰਾਂਤ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਕਾਰਨ ਦਾਗੀ ਮਨੁੱਖ ਵਜੋਂ ਦੇਸ਼ਾਂ ਬਦੇਸ਼ਾਂ ਵਿਚ ਤ੍ਰਿਸਕਾਰਿਆ ਗਿਆ ਨਰਿੰਦਰ ਮੋਦੀ, ਜਿਸਨੂੰ ਪਹਿਲਾਂ ਅਮਰੀਕਾ ਵਰਗੀ ਮਹਾਂਸ਼ਕਤੀ ਵੱਲੋਂ ਆਪਣੀ ਧਰਤੀ ਉੱਤੇ ਪੈਰ ਧਰਨ ਦੀ ਇਜਾਜ਼ਤ ਨਹੀਂ ਸੀ, ਹੁਣ ਅੰਤਰਰਾਸ਼ਟਰੀ ਕੂਟਨੀਤੀ ਅਨੁਸਾਰ ਆਦਰ ਮਾਣ ਦਾ ਅਧਿਕਾਰੀ ਹੋ ਗਿਆ। ਅਤੇ ਵੱਡੀ ਮਹੱਤਵਪੂਰਨ ਗੱਲ ਇਹ ਕਿ ਸਰਕਾਰ ਵਿਚ ਵੀ ਤੇ ਆਪਣੀ ਪਾਰਟੀ ਵਿਚ ਵੀ ਪ੍ਰਧਾਨ ਮੰਤਰੀ ਮੋਦੀ ਹੁਣ ਨਿਰੰਕੁਸ਼ ਸੱਤਾਧਾਰੀ ਪੁਰਸ਼ ਵਜੋਂ ਸਥਾਪਤ ਹੋ ਗਿਆ।*

*ਇਸ ਲਈ 2019 ਤੋਂ ਬਾਅਦ ਦੇ ਇਹਨਾਂ ਤਿੰਨ ਸਾਲਾਂ ਵਿਚ ਭਾਰਤ ਵਿਚ ਜੋ ਕੁਝ ਵਾਪਰਿਆ ਤੇ ਵਾਪਰ ਰਿਹਾ ਹੈ, ਉਹ ਜਮਹੂਰੀ ਅਤੇ ਸੈਕੂਲਰ ਸੋਚ ਵਾਲਿਆਂ ਲਈ ਬਹੁਤ ਹੀ ਚਿੰਤਾ ਤੇ ਚੁਣੌਤੀ ਵਾਲੀ ਸਥਿਤੀ ਸਿਰਜ ਰਿਹਾ ਹੈ। ਮੁਸਲਿਮ ਬਹੁ ਗਿਣਤੀ ਵਾਲੇ ਇਕੋ ਇਕ ਰਾਜ ਜੰਮੂ ਕਸ਼ਮੀਰ ਦੇ ਟੋਟੇ ਕਰਨ ਅਤੇ ਉਸਨੂੰ ਪ੍ਰਾਂਤ ਦੀ ਥਾਂ ਘਟਾ ਕੇ ਯੂਨੀਅਨ ਟੈਰੀਟਰੀ ਦਾ ਦਰਜਾ ਦੇਣ, ਦੇਸ਼ ਭਰ ਵਿਚ ਵਸੋਂ ਦੇ ਇਕ ਹਿੱਸੇ ਤੋਂ ਸ਼ਹਿਰੀਅਤ ਦੇ ਹੱਕ ਖੋਹਣ ਦਾ ਯਤਨ ਕਰਨ ਵਰਗੇ ਸਰਕਾਰੀ ਕਦਮਾਂ ਤੋਂ ਬਿਨਾਂ ਫਿਰਕੂ ਸੰਗਠਨਾਂ ਵੱਲੋਂ ਘੱਟ ਗਿਣਤੀਆਂ ਦੀ ਵਸੋਂ ਵਾਲੇ ਇਲਾਕਿਆਂ ਦੀ ਘੇਰਾਬੰਦੀ ਕਰਨ ਤੇ ਦੰਗੇ ਭੜਕਾਉਣ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।*

*ਹਾਲੇ ਸਭ ਤੋਂ ਪਹਿਲੇ ਨਿਸ਼ਾਨੇ ਉੱਤੇ ਮੁਸਲਮਾਨ ਵਸੋਂ ਹੈ, ਦੂਜੀ ਥਾਂ ਉੱਤੇ ਇਸਾਈ ਹਨ। ਕਿਸੇ ਵਜ੍ਹਾ ਕਰਕੇ ਸਿੱਖਾਂ, ਬੋਧੀਆਂ ਵਰਗੀਆਂ ਹੋਰ ਘੱਟ ਗਣਿਤੀਆਂ ਵੱਲ ਹਾਲੇ ਨਜ਼ਰ ਕੈਰੀ ਹੋਈ ਨਹੀਂ ਜਾਪਦੀ। ਪਰ ਇਸਲਾਮ ਤੇ ਇਸਾਈ ਧਰਮ ਨਾਲ ਜੁੜੇ ਧਰਮ ਸਥਾਨਾਂ, ਸਮਾਰਕਾਂ ਤੇ ਚਿੰਨ੍ਹਾਂ ਉੱਤੇ ਹਮਲੇ ਹੋ ਰਹੇ ਹਨ, ਭੰਨ ਤੋੜ ਹੋ ਰਹੀ ਹੈ ਅਤੇ ਅੱਗਜ਼ਨੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਅਤੇ ਕਈ ਹਾਲਤਾਂ ਵਿਚ ਇਨ੍ਹਾਂ ਵਾਰਦਾਤਾਂ ਦੇ ਅੰਤਰਗਤ ਕਤਲ ਵੀ। ਇਸ ਸਭ ਕੁਝ ਵਿਚ ਸਰਕਾਰ ਦੀ ਅਮਨ ਕਾਨੂੰਨ ਦੀ ਵਿਵਸਥਾ ਅਤੇ ਨਿਆਂਪ੍ਰਣਾਲੀ ਕਿਧਰੇ ਕੋਈ ਸਾਰਥਕ ਕਦਮ ਚੁੱਕਦੀ ਨਜ਼ਰ ਨਹੀਂ ਆਉਂਦੀ, ਸਗੋਂ ਕਈ ਹਾਲਤਾਂ ਵਿਚ ਤਾਂ ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਹੱਲਾਸ਼ੇਰੀ ਦੇਣ ਦਾ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਰਾਜਧਾਨੀ ਦਿੱਲੀ ਦੇ ਕੁਝ ਇਲਾਕਿਆਂ ਵਿਚ ਅੱਗਜ਼ਨੀ, ਲੁੱਟਮਾਰ, ਸ਼ਾਹੀਨ ਬਾਗ ਵਿਚ ਔਰਤਾਂ ਦੇ ਧਰਨੇ ਉੱਤੇ ਸਰਕਾਰੀ ਗ਼ੈਰ ਸਰਕਾਰੀ ਜਬਰ ਵਰਗਾ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਨਿੱਤ ਦਿਹਾੜੀ ਕੁਝ ਨਾ ਕੁਝ ਵਾਪਰਦਾ ਦਿਸਦਾ ਹੈ ਜਿਸ ਦੇ ਵਾਪਰਨ ਵਿਚ ਅਕਸਰ ਹਿੰਦੂਤਵ ਦਾ ਹਮਲਾਕਾਰੀ ਰੁਖ਼ ਜ਼ਿੰਮੇਵਾਰ ਹੁੰਦਾ ਹੈ।*

*ਚੁਣਾਵੀ ਸਿਆਸਤ ਅਤੇ ਇਸ ਅੰਦਰ ਜਿੱਤਾਂ-ਹਾਰਾਂ ਦਾ ਮਸਲਾ ਬਿਲਕੁਲ ਵੱਖਰਾ ਹੈ। ਪਰ ਕੀ ਮੁਲਕ ਸਾਹਵੇਂ ਹਮਲਾਕਾਰੀ ਹਿੰਦੂਤਵ ਦੀ ਜੋ ਚੁਣੌਤੀ ਖੜ੍ਹੀ ਹੈ, ਉਸ ਨੂੰ ਠੱਲ੍ਹਣ ਲਈ ਕੁਝ ਕੀਤਾ ਜਾ ਸਕੇਗਾ? ਸੈਕੂਲਰ ਜਮਹੂਰੀ ਤੇ ਖੱਬੇਪੱਖੀ ਧਿਰਾਂ ਦੇ ਸੋਚਣ ਤੇ ਅਮਲ ਲਈ ਇਹ ਵੱਡਾ ਸਵਾਲ ਹੈ। 000*

# ਸੱਤਪਾਲ ਭੀਖੀ: ਛੇ ਕਵਿਤਾਵਾਂ

## ਗੁਲਜ਼ਾਰ

ਗੁਲਜ਼ਾਰ
ਜਮਾਦਾਰ
ਬੋਅ ਮਾਰਦੇ ਫਟੇ ਕਪੜੇ
ਲੰਬੀਆਂ ਜਟੂਰੀਆਂ
ਮਜਬੂਰੀਆਂ
ਕੋਲ਼ ਕੋਈ ਖੜ੍ਹਨ ਨਾ ਦੇਵੇ
ਦਰ ਚੜ੍ਹਨ ਨਾ ਦੇਵੇ

ਮੈਂ ਉਸਨੂੰ ਪਾਣੀ ਪੁੱਛਦਾਂ!
ਮੇਰੇ ਕਈ ਵਾਰ ਕਹਿਣ 'ਤੇ
ਉਹ ਸਮਝਦਾ ਹੈ – ਪਾਣੀ

ਕਿਸੇ ਆਸ 'ਚੋਂ
ਉਹ ਚਾਹ ਮੰਗਦਾ

ਮੈਂ ਸਭ ਤੋਂ ਵਧੀਆ ਪਿਆਲਾ ਚੁਣਦਾਂ
ਜੋ ਕਿਸੇ ਕਿਰਤੀ ਨੇ ਸ਼ਿੰਗਾਰਿਆ ਹੈ

ਚਾਹ ਦਾ ਪਹਿਲਾ ਘੁੱਟ ਭਰਦਿਆਂ
ਉਹਦੀ ਅੱਖ ਵੀ ਭਰ ਆਈ
ਹੰਝੂ ਪੂੰਝਦਾ ਉਹ ਕਹਿੰਦਾ
ਜਨਾਬ ਅੱਜ ਮੈਂ
ਗੁਲਜ਼ਾਰ ਹੋਇਆ। 00

## ਸੁਲ੍ਹਾ

ਹਾਲਤ ਉਸਦੀ ਜਰਨਯੋਗ ਨਹੀਂ
ਫੇਰ ਵੀ ਉਹ ਚਾਹ ਪੁੱਛਦਾ ਹੈ

ਮਤੇ ਉਸ ਦੇ ਮਨ ਦੀ ਭੋਇੰ
ਵੰਡੀ ਨਾ ਜਾਵੇ ਦੋ ਧੜਿਆਂ ਅੰਦਰ
ਮੈਂ ਹਾਂ ਕਰਦਾ ਹਾਂ

ਉਹ ਘਰ ਅੰਦਰ ਵੜਿਆ
ਫਿਰ ਦਰਵਾਜ਼ਾ ਭਿੜਿਆ
ਬੰਦ ਹੋਇਆ
ਤੇ....ਸੰਘਣਾ ਸੰਨਾਟਾ

ਮੈਂ ਜਿਸ ਭੋਇੰ 'ਤੇ ਜੰਮਿਆ
ਨਾਮ ਉਸਦਾ
ਪੰਜ ਪਾਣੀਆਂ ਤੋਂ ਪਿਆ
ਜਿੱਥੇ ਦੁੱਧ ਅੰਮ੍ਰਿਤ ਹੈ

ਉਦਾਸ ਹਾਂ
ਇਸ ਦੇ ਹਿੱਸੇ ਦਾ ਅੰਮ੍ਰਿਤ ਕਿੱਥੇ ਗਿਆ?

ਮੰਨਿਆ
ਘਰ ਅੰਦਰ
ਚਾਹ, ਦੁੱਧ, ਖੰਡ, ਕੁਝ ਨਹੀਂ!
ਪਰ ਅਜੇ ਵੀ
ਸੁਲ੍ਹਾ ਮਾਰਨੀ ਨਹੀਂ ਭੁੱਲਿਆ ਘਰ। 00

## ਇਕ ਪਲ

ਇਸੇ ਪਲ ਦੀ ਪੈਦਾਇਸ਼ ਹਾਂ ਮੈਂ

ਇਹ ਪਉਣ ਮੈਨੂੰ ਹੁਣੇ ਮਿਲੀ

ਇਹ ਮਿਲੀ
ਤਾਂ ਸਾਲਾਂ, ਮਹੀਨਿਆਂ
ਦਿਨਾਂ, ਪਲਾਂ, ਛਿਣਾਂ ਨੂੰ
ਹੋਣ ਦਾ ਮੌਕਾ ਮਿਲਿਆ

ਬੀਤਿਆ ਸਭ
ਇਸ ਪਲ ਦੀ ਮੌਣ 'ਤੇ ਟਿਕਿਆ ਇਤਿਹਾਸ

ਭੋਇੰ ਦੇ ਜਿਸ ਵੀ ਹਿੱਸੇ 'ਚ
ਬੈਠਾ, ਖਿੜਿਆ, ਤੁਰਿਆ
ਇਸ ਨੂੰ ਨਮਨ ਹੈ

ਇਸੇ ਪਲ ਦੀ ਪੈਦਾਇਸ਼ ਹਾਂ ਮੈਂ 00

## ਹਾਰ

ਹਾਂ! ਹਾਰ ਗਏ ਹਾਂ ਅਸੀਂ
ਪਰ ਹਾਰ ਦੀਆਂ ਅੱਖਾਂ ਵਿਚ
ਅਸੀਂ ਨਮੋਸ਼ੀ ਨਹੀਂ ਭਰੀ

ਹਾਰ ਹੁਣ ਵੀ
ਸਾਡੀਆਂ ਅੱਖਾਂ ਵਿਚ ਅੱਖਾਂ ਪਾ
ਦੇਖ ਰਹੀ ਹੈ
ਮਾਣ ਨਾਲ!

ਜਦੋਂ ਸਾਰੇ ਮੋਹਰੇ ਉਨ੍ਹਾਂ ਕੋਲ਼ ਸਨ
ਹਵਾ, ਪਾਣੀ
ਧਰਤੀ ਦੇ ਸਭ ਪਿਆਦੇ
ਉਨ੍ਹਾਂ ਨਾਲ ਖੜ੍ਹੇ
ਅਸੀਂ ਤਦ ਲੜੇ

ਖ਼ੁਦ ਹਾਰ ਨੇ
ਸਾਡੇ ਗਲ਼ਾਂ ਵਿਚ
ਅਣਖ ਦੇ ਹਾਰ ਪਾਏ

ਅੱਜ ਨੇ
ਜਦ ਵੀ ਭਵਿੱਖ ਨਾਲ ਸੰਵਾਦ ਕੀਤਾ
ਤਾਂ ਸਾਡੀ ਹਾਰ ਨੂੰ ਯਾਦ ਕੀਤਾ ਜਾਵੇਗਾ
ਦੁਨੀਆਂ ਦੀਆਂ ਮਹਾਨ ਜਿੱਤਾਂ ਵਾਂਗ

ਕਿ ਆਖਰ ਏਸ ਯੁਗ ਵਿਚ
ਅਣਖ, ਇੱਜ਼ਤ
ਮਾਣ-ਸਨਮਾਨ ਦੀ ਲੜਾਈ ਲਈ
ਜੂਝਦੇ ਕੁਝ ਲੋਕ
ਵਕਤ ਦੀਆਂ ਅੱਖਾਂ ਵਿਚ ਅੱਖਾ ਪਾ
ਤੁਰੇ! ਖ਼ੂਬ ਤੁਰੇ!

ਜੋ ਈਨ ਮੰਨ ਗਏ
ਡਰ ਗਏ
ਉਹ ਕੀ ਪਾਉਣਗੇ?
ਵਕਤ ਦੀ ਅੱਖ ਵਿਚ ਅੱਖ 00

**ਹਾਸ਼ੀਆ**

ਮੌਸਮ ਸਿਲ੍ਹਾ, ਹਵਾ ਜ਼ਹਿਰੀਲੀ
ਮੈਂ ਸਾਫ ਪੰਨਿਆਂ 'ਤੇ
ਲਿਖਣਾ ਚਾਹੁੰਦਾ ਸਾਂ ਕੁਝ
ਖੂਬਸੂਰਤੀ ਜਿਹਾ
ਪਰ ਲਿਖ ਨਾ ਸਕਿਆ

ਪੰਨੇ ਮੇਰੇ ਆਪਣੇ ਸਨ
ਪਰ ਕੌਣ ਕੌਣ
ਕੀ ਕੀ ਲਿਖ ਗਏ ਪੰਨਿਆਂ 'ਤੇ
ਆਪਣੀ ਮਰਜ਼ੀ ਨਾਲ
ਮੇਰੀਆਂ ਇੱਛਾਵਾਂ ਦੇ ਖਿਲਾਫ
ਖੱਬੇ ਹੱਥ ਛੱਡਿਆ ਹਾਸ਼ੀਆ
ਉਨ੍ਹਾਂ ਦੀ ਜਾਇਦਾਦ ਹੈ
ਪੰਨੇ 'ਤੇ ਲਿਖੇ ਸ਼ਬਦ ਮੇਰੇ ਨਹੀਂ

ਤੇ ਮੈਂ ਸੱਜੇ ਹੱਥ ਰਹਿ ਗਈ
ਕਿਤੇ ਕਿਤੇ ਲਿਖਣ ਯੋਗ
ਥਾਂ ਬਣ ਕੇ ਰਹਿ ਗਿਆ ਹਾਂ। 00

**ਵੰਡ**

ਗੁਰਸਿੱਖ ਪਿਆਰੇ
ਕੇਸਾਧਾਰੀ ਬੱਚਿਆਂ ਨੂੰ
ਵੰਡ ਰਹੇ ਨੇ
ਵਰਦੀਆਂ, ਬੂਟ, ਜੁਰਾਬਾਂ
ਕਾਪੀਆਂ, ਕਿਤਾਬਾਂ

ਕੋਲ ਖਲੋਤੇ ਮੋਨੇ ਬੱਚੇ
ਦੇਖ ਰਹੇ ਨੇ
ਹਸਰਤ ਭਰੀਆਂ ਨਿਗਾਹਾਂ ਨਾਲ

ਉਨ੍ਹਾਂ ਦੀਆਂ ਅੱਖਾਂ ਦੇ ਕੋਇਆਂ ਵਿਚਲਾ
ਪਾਣੀ ਦੀ ਮਸ਼ਕ ਚੁੱਕੀ ਖੜ੍ਹਾ
ਭਾਈ ਘਨਈਆ
ਨਮੋਸ਼ੀ ਵਿਚ ਡੁੱਬਿਆ ਹੋਇਆ ਹੈ। 000

*(MIG 578, ਫੇਜ਼-1, ਅਰਬਨ ਐਸਟੇਟ, ਪਟਿਆਲਾ 147 002*
***ਫੋਨ:** +91-98761-55530 **ਈਮੇਲ:** satpalbhikhi@gmail.com)*

# ਜਗਦੀਪ ਸਿੱਧੂ ਦੀਆਂ ਨਵੀਆਂ ਕਵਿਤਾਵਾਂ

## ਸਹੀ ਸਮਾਂ

ਦਿੱਲੀ ਗੇਟ, ਸ਼ਿਮਲਾ ਪਹਾੜੀ, ਲਕਸ਼ਮੀ ਚੌਂਕ
ਸਰ ਗੰਗਾ ਰਾਮ ਹਸਪਤਾਲ
ਮੁਨੀਰ ਨਿਆਜ਼ੀ ਫਲਾਈਓਵਰ

ਦੱਸੀਆਂ ਕਿੰਨੀਆਂ ਗੱਲਾਂ
ਘਰਦਿਆਂ ਨੂੰ, ਪਰਤ ਕੇ ਲਾਹੌਰੋਂ

ਬਾਕੀਆਂ ਨੂੰ ਹੋਰ ਸਾਮਾਨ
ਧੀ ਨੂੰ ਲਿਆਂਦੀ, ਸੋਹਣੀ ਪਿਆਰੀ ਘੜੀ

ਆਪਣਾ ਸਮਾਂ ਸੈੱਟ ਕਰਨ ਨੂੰ
ਦਿਲ ਨਹੀਂ ਸੀ ਕਰ ਰਿਹਾ।00

## ਘਾਟਾ ਨਹੀਂ

ਤਮਾਮ ਦੋਸਤਾਂ ਤੋਂ
ਝਿੜਕਾਂ, ਗਾਲ੍ਹਾਂ ਖਾਣ ਤੋਂ ਬਾਅਦ ਵੀ
ਏਥੇ ਗੱਲ ਕੀਤੀ ਮੈਂ
ਪਾਕਿਸਤਾਨੀ ਲੋਕਾਂ ਦੀ
ਉਹਨਾਂ ਦੀ ਸੁਹਿਰਦਤਾ ਦੀ

ਚਲਾ ਦਿੱਤਾ ਸਿੱਕਾ, ਲਿਆਂਦਾ ਨਾਲ਼
ਦਸ ਰੁਪਏ ਦੇ ਕੇ, ਲੈ ਲਏ ਪੰਜ। 00

## ਭਰਿਆ-ਪੂਰਿਆ ਬਚਪਨ

ਬਿਰਖ ਦੇਖ ਰਿਹਾਂ, ਕਿੰਨੇ ਸਾਰੇ

ਲਿਖੇ ਉਹਨਾਂ 'ਤੇ ਨੰਬਰ
ਇਕ ਦੋ ਤਿੰਨ...

ਬਚਪਨ ਵਿਚ ਪਹੁੰਚ ਜਾਨਾਂ
ਗਿਣਤੀ ਦੇਖ ਕੇ ਨਹੀਂ
ਏਨੇ ਸਾਰੇ ਬਿਰਖ ਦੇਖ ਕੇ।00

### ਬਹੁਤ ਦੇਰ ਹੋ ਗਈ

ਹੁਣ ਤੂੰ ਮੈਥੋਂ
ਗਿਆਰਾਂ ਹਜ਼ਾਰ ਕਿਲੋਮੀਟਰ ਨਹੀਂ
ਤੇਰਾਂ ਵਰ੍ਹੇ ਦੂਰ ਹੈਂ

ਲਗਦੀ ਕੱਲ੍ਹ ਦੀ ਗੱਲ ਅਜੇ

ਫੇਰ ਵਿਚ ਆ ਕੇ, ਦੱਸ ਦਿੰਦੀਆਂ
ਘਟਨਾਵਾਂ, ਸੂਚਨਾ ਕ੍ਰਾਂਤੀ
ਜਾਇਦਾਦਾਂ ਬਣਾਈਆਂ
ਘਰ ਲਏ, ਛੱਡੇ

ਬਾਅਦ 'ਚ ਜੰਮੇ ਬੱਚੇ ਛੱਡੋ
ਵਿਚਕਾਰ ਆ
ਮਰੇ ਹੋਏ ਲੋਕ ਵੀ ਦੱਸ ਦਿੰਦੇ

ਬਹੁਤ ਸਮਾਂ ਹੋ ਗਿਆ ਯਾਰ ਓਸ ਗੱਲ ਨੂੰ
ਉਹਨਾਂ ਗੱਲਾਂ ਨੂੰ। 00

### ਤਕਨੀਕ

ਲੱਗਿਆਂ ਘਰ ਬਣਾਉਣ
ਰੇਤ ਮਹਿੰਗੀ, ਸੀਮਿੰਟ ਮਹਿੰਗਾ
ਬਜਰੀ, ਸਰੀਆ ਤਾਂ ਹੋਰ ਵੀ ਮਹਿੰਗੇ
ਇਹ ਸਾਰੇ ਰਲ਼ ਬੈਠਣ
ਤਾਂ ਬਣੇ ਘਰ

ਮਿੱਟੀ ਹੋ ਗਿਆ ਲੱਗਿਆ ਸੁਪਨਾ
ਚਮਕੇ ਕਣ
ਮਿੱਟੀ, ਭਰਤ ਤਾਂ ਪੈ ਸਕਦੀ

ਫੇਰ, ਮਿੱਟੀ ਕਹਿੰਦੀ ਹੈ
ਕੁਝ ਮਹੀਨੇ
ਰੁਕ ਕੇ ਬਣਾਓ ਘਰ। 00

### ਸੋਹਣਾ ਘਰ

ਆਇਆ ਨਕਸ਼ਾ ਨਵੀਸ
ਦੱਸਿਆ ਉਸ:

(ਆਹ) ਵਾਧੂ ਕਮਰਾ, ਮਮਟੀ
ਵਾਧਰਾ ਨਹੀਂ ਹੋਣਾ ਪਾਸ

ਸੋਚਦਾਂ: ਖੁੱਲ੍ਹਾ-ਡੁੱਲ੍ਹਾ
ਸੋਹਣਾ ਘਰ ਬਣੂ

ਪਤਨੀ ਕਹਿੰਦੀ:
ਨਕਸ਼ੇ 'ਤੇ ਨਾ ਦਿਖਾਇਓ
ਇਹਨਾਂ ਬਿਨਾਂ ਕਾਹਦਾ ਘਰ

ਕਹਿੰਦਾ ਕਹਿੰਦਾ ਰੁਕ ਜਾਨਾਂ:
ਤਿੰਨ ਜੀਅ ਆਪਾਂ, ਕੀ ਕਰਾਉਣਾ ਸਭ

ਸੋਚਦਾਂ: ਅੱਜ ਵੀ 'ਮੇਰਾ ਸੋਹਣਾ ਘਰ'
ਕਾਗ਼ਜ਼ 'ਤੇ ਹੀ ਹੈ। 00

## ਓਥੋਂ ਤਕ ਤਾਂ ਠੀਕ

ਬਹੁਤ ਹੱਸੇ
ਬਿਨਾਂ ਗੱਲ ਤੋਂ ਹੱਸੇ
ਹੱਸਣ ਨੂੰ ਦੇਖ ਕੇ ਹੱਸੇ

ਰੋਏ
ਬਿਨਾਂ ਗੱਲ ਤੋਂ ਰੋਏ
ਰੋਣ ਨੂੰ ਦੇਖ ਕੇ ਰੋਏ

ਚੁੱਪ ਹੋਏ
ਬਿਨਾਂ ਗੱਲ ਤੋਂ ਚੁੱਪ ਹੋਏ
ਚੁੱਪ ਨੂੰ ਦੇਖ ਕੇ ਚੁੱਪ ਹੋਏ

ਕਿਸੇ ਨੇ ਮੋਢੇ 'ਤੇ ਹੱਥ ਰੱਖਿਆ
ਕੁਰਸੀ ਦੀ ਬਾਂਹ ਦੇ ਸਹਾਰੇ ਉੱਠਿਆ

ਕਿਸੇ ਨੇ ਪੈਰੀਂ ਹੱਥ ਲਾਏ, ਚਲਾ ਆਇਆ
ਜਿੱਥੇ ਬਹੁਤ ਸਾਰੇ ਲੋਕ
ਚੱਲ ਰਹੇ ਸੀ। 000

***(181 ਮਾਡਰਨ ਵੈਲੀ, ਲੁਧਿਆਣਾ ਰੋਡ, ਖਰੜ, ਜ਼ਿਲ੍ਹਾ ਮੁਹਾਲੀ-140 301***
***ਫੋਨ: 83838-26876)***

## ਬੀਬਾ ਬਲਵੰਤ: ਕਵਿਤਾ: ਉਦਰੇਵਾਂ

ਮੈਂ ਕੀ ਕਰਦੀ
ਉਸਨੂੰ ਲਾਡ ਲਡਾਉਂਦੀ
ਜਾਂ ਪਿਉ ਦੀ ਪੱਗ ਬਚਾਉਂਦੀ
ਹਾਲਾਤ ਅੱਗੇ ਡਰ ਗਈ
ਪੱਗ ਹੇਠ ਆ ਕੇ ਮਰ ਗਈ।

ਫਿਰ ਵੀ ਮੇਰੀ ਰੂਹ ਨੇ ਚਾਹਿਆ
ਲੱਭਣ ਚੱਲਾਂ
ਚੋਰੀ ਚੋਰੀ
ਬਚ ਬਚਾਅ ਕੇ ਉਸਨੂੰ।

ਉਸਨੂੰ
ਜੋ ਮੇਰੇ ਸਾਹ ਨਾਲ ਸਾਹ ਲੈਂਦਾ ਸੀ
ਬਿਨਾਂ ਦੇਖੇ
ਮੇਰੇ ਨੈਣ-ਨਕਸ਼
ਕਾਗ਼ਜ਼ ਕੈਨਵੈਸ 'ਤੇ ਵਾਹ ਲੈਂਦਾ ਸੀ।
ਮੈਨੂੰ ਸੋਚ ਕੇ
ਦੇਖ ਕੇ
ਗੀਤ ਕਵਿਤਾਵਾਂ ਬਣਾਉਂਦਾ
ਮੇਰਾ ਹੱਥ ਆਪਣੇ ਹੱਥ 'ਚ ਲੈ ਕੇ
ਮੈਨੂੰ ਸੁਣਾਉਂਦਾ।

ਵਾਰ ਵਾਰ ਫਰਮਾਇਸ਼ ਕਰਦਾ
ਇਕੋ ਗੀਤ ਦੀ
*'ਤੁਮ ਅਪਨਾ ਰੰਜੋ ਗ਼ਮ*
*ਅਪਨੀ ਪਰੇਸ਼ਾਨੀ ਮੁਝੇ ਦੇ ਦੋ'*
ਜਦ ਮੇਰੀ ਆਵਾਜ਼ ਵਿਚ ਸੁਣਦਾ
ਸੌ ਸੌ ਸੁਫਨੇ ਬੁਣਦਾ।

ਲੱਭਣ ਚੱਲਾਂ
ਕਿੱਥੇ ਰਹਿੰਦਾ ਹੈ ਉਹ
ਚੋਰੀ ਛਿਪੇ
ਬਚ ਬਚਾਅ ਕੇ

ਕੀ ਹੁਣ ਵੀ ਉਹ
ਦਰਿਆ ਵਾਂਗ ਭਰਿਆ ਰਹਿੰਦਾ ਹੈ
ਅਜੇ ਵੀ ਉਸ ਵਿਚ
ਮੇਰੀਆਂ ਸੋਚਾਂ ਦੀਆਂ ਕਿਸ਼ਤੀਆਂ ਚੱਲਦੀਆਂ
ਜਜ਼ਬਾਤ ਦੇ ਹੱਥੋਂ ਤਿਲਕਦੀਆਂ ਨੇ ਮੱਛੀਆਂ
ਅਜੇ ਵੀ ਪੱਤਣਾਂ 'ਤੇ
ਮੇਰੀਆਂ ਯਾਦਾਂ ਦਾ ਮੇਲਾ ਲੱਗਦਾ
ਅਜੇ ਵੀ ਉਸਦੇ ਪਾਣੀਆਂ 'ਚੋਂ
ਸੁਨਹਿਰਾ ਸੂਰਜ ਚੜ੍ਹਦਾ
ਸੰਧੂਰੀ ਹੋ ਕੇ ਢਲ਼ਦਾ।

ਚੰਦ ਚਮਕਦਾ
ਤਾਰੇ ਝਿਲਮਿਲਾਉਂਦੇ ਨੇ
ਸਾਡੀ ਮੁਹੱਬਤ ਦੀ ਬਾਤ ਪਾਉਂਦੇ ਨੇ।

ਮੈਂ ਸੁਣਿਆ
ਉਹ ਘਰ ਦੇ ਦਰਵਾਜ਼ੇ ਬੰਦ ਨਹੀਂ ਕਰਦਾ
ਇਸ ਆਸ 'ਤੇ
ਕਿ ਪਤਾ ਨਹੀਂ ਮੈਂ ਕਦੋਂ ਪਰਤ ਆਵਾਂ
ਹੈ ਨਾ ਕਮਲ਼ਾ
ਜੋ ਮਘਦੇ ਅੰਗਿਆਰਾਂ ਦੀ ਰੁੱਤੇ ਨਾ ਹੋਇਆ
ਉਹ ਧੁਖਦੇ ਬੁਝਦੇ ਅੰਗਿਆਰਾਂ ਦੀ ਰੁੱਤੇ ਹੋਣਾ ਭਲਾ!
ਇਕ ਪਲ ਦਾ ਖੁੰਝਿਆ ਬੰਦਾ
ਸਦੀਆਂ 'ਤੇ ਜਾ ਡਿੱਗਦਾ।

ਸੁਣਿਆ
ਜਿਸ ਚਿੱਟੀ ਕਬੂਤਰੀ ਨੇ
ਗੁਟਕਣਾ ਸੀ ਉਸਦੇ ਵਿਹੜੇ
ਪਤਾ ਨਹੀਂ ਕਿਸ ਦੇ ਸਰਾਪ ਨਾਲ
ਬਣ ਗਈ ਉਹ ਪੱਥਰ ਦਾ ਬੁੱਤ
ਉਸਦੇ ਘਰ ਦੇ ਧੁਰ ਉਪਰਲੇ ਬਨੇਰੇ 'ਤੇ
ਖਿਲਾਅ 'ਚ ਘੂਰਦੀ, ਅੰਦਰੋ ਅੰਦਰ ਝੂਰਦੀ।

ਉਹ ਸਿੱਧਾ ਪੱਧਰਾ ਜਿਹਾ
ਬੀਬਾ ਬੰਦਾ
ਮੇਰੀਆਂ ਅੱਖਾਂ ਦੇ ਸਮੁੰਦਰ 'ਚ ਹੀ
ਡੁਬਕੀਆਂ ਲਾਉਂਦਾ ਰਿਹਾ

ਮੁਹੱਬਤ ਲੱਭਦਾ ਰਿਹਾ
...ਤੇ ਝੂਲਦਾ ਰਿਹਾ
ਚਾਂਦੀ ਦੀਆਂ ਮੇਰੀਆਂ ਵਾਲ਼ੀਆਂ ਨਾਲ।

ਮੇਰਾ ਬਿਆਨਾ ਫੜਾ ਗਏ
ਜ਼ੋਰਾਵਰਾਂ ਦੀਆਂ ਚੂੜੀਆਂ ਤੇ ਹੀਰੇ ਦੀ ਅੰਗੂਠੀ
ਉਸਨੂੰ ਨਜ਼ਰ ਹੀ ਨਾ ਆਈ
ਮੁਹੱਬਤ ਵਿਚ ਹੋਏ ਅੰਨ੍ਹੇ ਨੂੰ

ਮੈਂ ਸੁਣਿਆ
ਉਸਨੇ ਸੈਆਂ ਕਵਿਤਾਵਾਂ ਲਿਖੀਆਂ
ਮੇਰੇ ਬਾਰੇ

ਦਰਅਸਲ ਉਹ ਇਕੋ ਕਵਿਤਾ ਹੈ
ਜੋ ਉਸਨੇ ਕਦੇ ਸੱਜਿਉਂ ਕਦੇ ਖੱਬਿਉਂ
ਕਦੇ ਇਸ ਕੋਣ ਤੋਂ, ਕਦੇ ਉਸ ਕੋਣ ਤੋਂ

ਉਹਨਾਂ ਵਿਚ ਉਸਦਾ ਆਪਣਾ ਦੁੱਖ ਤਾਂ
ਹੋਇਆ ਸੋ ਹੋਇਆ
ਮੇਰਾ ਦੁੱਖ ਕਈ ਗੁਣਾਂ ਵੱਧ ਰੋਇਆ।

ਚੱਲ ਕੇ ਦੇਖਾਂ ਤਾਂ ਸਹੀ
ਕੀ ਅਜੇ ਵੀ ਉਸਦੇ ਹਾਸੇ ਵਿਚ
ਹੈ ਜਾਦੂ ਬਰਕਰਾਰ
ਜੋ ਕਰਦਾ ਸੀ ਮੈਨੂੰ ਬੇਕਰਾਰ
... ਜਾਂ ਕਿ
ਜਾਂ ਕਿ ਉਹ ਮਾਰੂਥਲ ਜਿਹਾ ਹੋ ਕੇ
ਆਪਣੀ ਛਾਤੀ 'ਤੇ ਮੇਰਾ ਨਾਂ ਲਿਖ ਲਿਖ
ਹਵਾ ਵਿਚ ਉਡਾਉਂਦਾ
ਆਪਣੇ ਅੱਥਰੂਆਂ ਨਾਲ
ਤਪਦੀ ਰੇਤ ਦੀ ਤੇਹ ਬੁਝਾਉਂਦਾ
ਸਿਸਕ ਸਿਸਕ ਕੇ ਮੈਨੂੰ ਬੁਲਾਉਂਦਾ।

ਜਾ ਕੇ ਦੇਖਾਂ, ਚੋਰੀ ਚੋਰੀ, ਬਚ ਬਚਾਅ ਕੇ
ਕਿੱਥੇ ਹੈ ਉਹ, ਕਿਵੇਂ ਹੈ ਉਹ। 000

***(ਕਰਮਭੂਮੀ 108, ਆਰ ਆਰ ਕਾਲੋਨੀ, ਸਿਵਲ ਲਾਈਨਜ਼, ਗੁਰਦਾਸਪੁਰ-143521***
***ਫੋਨ: 98552-94356)***

## ਗੁਰਮੀਤ ਕੜਿਆਲਵੀ: ਦੋ ਕਵਿਤਾਵਾਂ

### ਭੱਖੜੇ ਦੇ ਫੁੱਲ ਕੌਣ ਜ਼ੁਲਫਾਂ 'ਚ ਟੰਗਦੈ

ਮੰਨਣਾ ਤਾਂ ਔਖਾ ਏ, ਯਕੀਨ ਮੰਨ ਲੈਨੇ ਹਾਂ।
ਰੱਕੜਾਂ ਨੂੰ ਹੱਸਦੀ ਜ਼ਮੀਨ ਮੰਨ ਲੈਨੇ ਹਾਂ।

ਕਿਸੇ ਗੱਲੋਂ ਘੱਟ ਨ੍ਹੀ ਤੂੰ, ਲੀਡਰਾਂ ਦੇ ਨਾਲ ਦਾ
ਸੱਪ ਸ਼ੀਂਹ ਨੂੰ ਕਦੋਂ ਕੋਈ, ਘਰ ਵਿਚ ਪਾਲ਼ਦਾ
ਫੇਰ ਵੀ ਜਾਹ ਮੱਛ ਤਾਈਂ ਮੀਨ ਮੰਨ ਲੈਨੇ ਹਾਂ।

ਭੱਖੜੇ ਦੇ ਫੁੱਲ ਕੌਣ, ਜ਼ੁਲਫਾਂ 'ਚ ਟੰਗਦੈ
ਇੱਟ-ਸਿੱਟ ਪੋਹਲ਼ੀਆਂ ਦੀ ਖੈਰ ਕੌਣ ਮੰਗਦੈ
ਤੇਰੇ ਆਖੇ ਨੇਰ੍ਹ ਨੂੰ, ਰੰਗੀਨ ਮੰਨ ਲੈਨੇ ਹਾਂ।

ਕੌਣ ਪਰਛਾਵਿਆਂ ਨੂੰ, ਰੱਸੀਆਂ ਨਾ' ਬੰਨ੍ਹਦਾ
ਕੀਹਨੇ ਮੁੱਖ ਵੇਖਿਆ ਏ, ਮੱਸਿਆ ਦੇ ਚੰਨ ਦਾ
ਚੱਲ ਤੈਨੂੰ ਚੰਨ ਤੋਂ, ਹੁਸੀਨ ਮੰਨ ਲੈਨੇ ਹਾਂ

ਕੌਣ ਬੰਨ੍ਹ ਮਾਰਦੈ, ਸਮੁੰਦਰਾਂ ਦੀ ਛੱਲ ਨੂੰ
ਕੌਣ ਰੋਕ ਸਕਿਆ ਏ, ਲੰਘ ਚੱਲੇ ਕੱਲ੍ਹ ਨੂੰ
ਰੱਬ ਵਾਲੀ ਗੱਦੀ ਦਾ ਨਸ਼ੀਨ ਮੰਨ ਲੈਨੇ ਹਾਂ।

ਢੱਗਿਆਂ ਨੂੰ ਕੀ ਪਤਾ, ਬੰਸਰੀ ਦੀ ਹੂਕ ਦਾ
ਲੱਗੀ ਵਾਲਾ ਦੁੱਖ ਜਾਣੇ, ਕੋਇਲਾਂ ਦੀ ਕੂਕ ਦਾ
ਅਸੀਂ ਤਾਂ ਮੁਹੱਬਤਾਂ ਨੂੰ ਈਨ ਮੰਨ ਲੈਨੇ ਹਾਂ।

ਕਿਹੜਾ ਪੀੜ ਜਾਣਦਾ ਏ, ਝਾਂਜਰ ਦੇ ਬੋਰ ਦੀ
ਪੈਰਾਂ ਵੱਲ ਵੇਖ ਵੇਖ ਝੁਰੀ ਜਾਂਦੇ ਮੋਰ ਦੀ
ਪੈਲ ਪਾਉਂਦਾ ਵੇਖ, ਤਸਕੀਨ ਮੰਨ ਲੈਨੇ ਹਾਂ।000

### ਗੋਲ਼ ਜਿਹੀ ਸਬਾਤ

ਰਾਜਧਾਨੀ ਵਿਚ ਜਿਹੜੀ ਗੋਲ਼ ਜਿਹੀ ਸਬਾਤ ਏ।
ਆਏ ਦਿਨ ਸਾਡੇ ਨਾਲ ਕਰਦੀ ਮਜ਼ਾਕ ਏ।
ਸਾਡੇ ਕੱਚੇ ਘਰਾਂ ਉੱਤੇ ਉਦੋਂ ਗੜੇ ਪੈਂਦੇ ਨੇ
ਇਹਦੇ ਵਿਚ ਬਹਿਣ ਵਾਲੇ ਜਦੋਂ ਜੁੜ ਬਹਿੰਦੇ ਨੇ
ਲੰਡਿਆਂ ਤੇ ਮੀਣਿਆਂ ਦਾ ਲੋਹੜੇ ਦਾ ਥਬਾਕ ਏ।

ਗੋਲ਼ ਜਿਹੀ ਸਬਾਤ ਜਦੋਂ, ਮਸਲੇ ਵਿਚਾਰਦੀ
ਕਾਗ਼ਜ਼ਾਂ 'ਚ ਸਾਡੀ ਤਕਦੀਰ ਨੂੰ ਸੰਵਾਰਦੀ
ਅਸੀਂ ਵੀ ਤਾਂ ਵਰ੍ਹਿਆਂ ਤੋਂ ਰੱਖੀ ਕੁੱਤੇ ਝਾਕ ਏ।

ਕਹਿਣ ਨੂੰ ਸਬਾਤ ਬੜੀ ਭੋਲ਼ੀ ਬੀਬੀ ਰਾਣੀ ਏਂ
ਰੋਟੀ ਦੀ ਤਾਂ ਛੱਡੋ ਖੋਂਹਦੀ, ਅੱਖੀਆਂ ਦਾ ਪਾਣੀ ਏਂ
ਏਹੋ ਜਿਹਾ ਕੋਹਜਾ ਇਹਦਾ, ਸਾਡੇ ਨਾਲ ਸਾਕ ਏ।

ਗੋਲ਼ ਜਿਹੀ ਸਬਾਤ ਗੱਲ ਕਰਦੀ ਕਾਨੂੰਨ ਦੀ
ਭੇੜੀਆ ਬਿਠਾ ਦਿੱਤਾ, ਰਾਖੀ ਕਿਸੇ ਮੂਨ ਦੀ
ਰੱਬ ਦਾ ਨਿਆਂ ਜਿਵੇਂ ਹੁੰਦਾ ਠੀਕ ਠਾਕ ਏ।

ਜਿਵੇਂ ਚੰਨ ਭਾਲ਼ੀ ਜਾਈਏ ਮੱਸਿਆ ਦੀ ਰਾਤ 'ਚੋਂ
ਉਵੇਂ ਆਸ ਲਾਈ ਜਾਈਏ, ਗੋਲ਼ ਜਿਹੀ ਸਬਾਤ ਤੋਂ
ਇਥੋਂ ਤਾਂ ਸੁਣਾਈ ਦੇਂਦੀ 'ਮਨ ਵਾਲੀ ਬਾਤ' ਏ।000

***(ਅੰਬੇਦਕਰ ਭਵਨ, ਫਰੀਦਕੋਟ-151203 ਫੋਨ:+91-98726-40994)***

## ਅਨੂ ਬਾਲਾ: ਪੰਜ ਗ਼ਜ਼ਲਾਂ*

**-1-**

ਮਨ ਦੇ ਸਰੋਵਰਾਂ ਵਿਚ ਡੁਬਕੀ ਜਿਹੀ ਲਗਾ ਕੇ
ਡਾਲ਼ੀ 'ਤੇ ਬਹਿ ਗਈ ਹਾਂ ਸੋਚਾਂ ਦੇ ਪਰ ਸੁਕਾ ਕੇ

ਲੁਕ ਲੁਕ ਕੇ ਪੜ੍ਹ ਰਹੀ ਹਾਂ ਜਾਸੂਸ ਪੌਣ ਕੋਲ਼ੋਂ
ਦਿਲ ਦੀ ਸਲੇਟ ਉੱਤੇ ਖੁਸ਼ਬੋ ਦੇ ਹਰਫ ਪਾ ਕੇ

ਆਪੇ ਹੀ ਉਤਰ ਗਈਆਂ ਦਿਲ ਤੋਂ ਮਹੀਨ ਪਰਤਾਂ
ਬੈਠੀ ਸੀ ਕੋਲ਼ ਤੇਰੇ ਸ਼ੀਸ਼ੇ ਤੋਂ ਅੱਖ ਬਚਾ ਕੇ

ਗਲ਼ ਨਾਲ਼ ਲਾ ਕੇ ਸੁਫਨੇ 'ਚ ਬਹਿ ਰਹੀ ਨਦੀ ਨੂੰ
ਮੈਂ ਜੀਅ ਰਹੀ ਥਲਾਂ ਵਿਚ ਇਕ ਆਸ ਨੂੰ ਜਗਾ ਕੇ

ਸੀਨੇ 'ਚੋਂ ਨਿਕਲ਼ਕੇ ਹੁਣ ਸ਼ਿਅਰਾਂ 'ਚ ਮਚਲਦੇ ਨੇ
ਮੇਰੇ ਉਹ ਰੇਤਲੇ ਦਿਨ ਪਾਣੀ ਦਾ ਵੇਸ ਪਾ ਕੇ

ਦਿਲ ਵਿਚ ਤਾਂ ਬਹਿ ਗਈ ਹੈ ਠਾਕਰ ਦੇ ਵਾਂਗ ਕਵਿਤਾ
ਆਪਣੇ ਲਲਾਟ ਉੱਤੇ ਚੰਦਨ ਦਾ ਲੇਪ ਪਾ ਕੇ 00

**-2-**

ਉਹ ਹੁੰਦਾ ਬਰਫ ਜਦ ਸੂਰਜ ਬਣਾ ਕੇ ਮਾਣਦਾ ਮੈਨੂੰ
ਤੇ ਤਿੱਖੀ ਧੁੱਪ ਵਿਚ ਛਤਰੀ ਦੇ ਵਾਂਗੂੰ ਤਾਣਦਾ ਮੈਨੂੰ

ਮੇਰੇ ਵਿਚ ਉੱਗੀਆਂ ਥੋਹਰਾਂ ਤੋਂ ਖਿੜਦੇ ਫੁੱਲ ਚਾਹੁੰਦਾ ਹੈ
ਮੇਰੇ ਅੰਦਰ ਦਾ ਦਰਿਆ ਰੇਤ ਵਾਂਗੂੰ ਛਾਣਦਾ ਮੈਨੂੰ

ਕਦੇ ਘੜਿਆਂ 'ਚ ਢਾਲ਼ੇ ਤੇ ਕਦੇ ਦੀਵਾ ਬਣਾ ਲੈਂਦਾ
ਮੈਂ ਮਿੱਟੀ ਹਾਂ, ਉਹ ਮੇਰੇ ਹੁਨਰ ਤੋਂ ਪਹਿਚਾਣਦਾ ਮੈਨੂੰ

ਮੇਰੀ ਇਕ ਤੱਕਣੀ 'ਤੇ ਭਾਫ ਹੋ ਕੇ ਨਾਲ ਉੱਡ ਪੈਂਦਾ
ਸਮੁੰਦਰ ਹੈ ਉਹ ਮੇਰੀ ਆਤਮਾ ਤਕ ਜਾਣਦਾ ਮੈਨੂੰ

ਜਦੋਂ ਸੂਲ਼ਾਂ 'ਤੇ ਤੁਰਦੇ ਸਾਂ ਤਾਂ ਸਾਡੀ ਪੀੜ ਸੀ ਸਾਂਝੀ
ਉਹ ਹੁਣ ਫੁੱਲਾਂ 'ਚ ਬਹਿ ਕੇ ਕਿਸ ਤਰ੍ਹਾਂ ਪਹਿਚਾਣਦਾ ਮੈਨੂੰ

ਮੈਂ ਖੁਸ਼ਬੂ ਵਾਂਗ ਦੀਵਾਰਾਂ ਨੂੰ ਟੱਪ ਕੇ ਨਾਲ ਰਲ਼ ਜਾਂਦੀ
ਕੋਈ ਜੇ ਸਾਕ ਮਿਲ ਜਾਂਦਾ ਹਵਾ ਦੇ ਨਾਲ ਦਾ ਮੈਨੂੰ 00

**-3-**

ਰੂਹਾਨੀ ਰੌਸ਼ਨੀ ਹੀ ਦਰਦ ਦਾ ਸੰਚਾਰ ਹੋ ਜਾਂਦੀ
ਮੈ ਲਿਖਦੀ ਸਿਸਕੀਆਂ, ਹਉਕੇ ਦੀ ਗਾਵਣਹਾਰ ਹੋ ਜਾਂਦੀ

ਜਦੋਂ ਮੈਂ ਜਿਸਮ ਹੁੰਦੀ ਹਾਂ ਤਾਂ ਕੰਢੇ ਘੂਰਦੇ ਮੈਨੂੰ
ਮੈਂ ਰੂਹ ਹੁੰਦੀ ਹਾਂ ਤਾਂ ਹਰ ਵਰਜਣਾ ਤੋਂ ਪਾਰ ਹੋ ਜਾਂਦੀ

ਮੁਹੱਬਤ ਘਰ ਦੀ ਫੜ ਕੇ ਹੱਥ ਮੈਨੂੰ ਰੋਕ ਲੈਂਦੀ ਹੈ
ਮੇਰੇ ਰਾਹਾਂ 'ਚ ਜਿਉਂ ਫੁੱਲਾਂ ਦੀ ਇਕ ਦੀਵਾਰ ਹੋ ਜਾਂਦੀ

ਸਮਾਧੀ ਲਾ ਕੇ ਆਪਣੇ ਆਪ ਨੂੰ ਮਹਿਸੂਸ ਕਰਦੀ ਹਾਂ
ਮੈਂ ਪਾਣੀ ਪਹਿਨਦੀ ਹਾਂ ਤੇ ਹਵਾ ਦਾ ਭਾਰ ਹੋ ਜਾਂਦੀ

ਸਿਆਹ ਰਾਤਾਂ 'ਚ ਜਗਦੇ ਦੀਵਿਆਂ ਨੂੰ ਆਸਰਾ ਦਿੰਦੀ
ਮੇਰੀ ਹਸਤੀ ਅਨੇਕਾਂ ਸੂਰਜਾਂ ਦੀ ਵਾਰ ਹੋ ਜਾਂਦੀ

ਖੁਦੀ ਨੂੰ ਜਿੱਤ ਕੇ ਦੀਵਾਨਗੀ ਦੀ ਇੰਤਹਾ ਅੰਦਰ
ਹਯਾਤੀ ਕੀ ਮੇਰੇ ਤੋਂ ਮੌਤ ਵੀ ਵੰਗਾਰ ਹੋ ਜਾਂਦੀ 00

**-4-**

ਇਹ ਸੁਣ ਕੇ ਫੈਸਲਾ ਜੰਗਲ਼ 'ਚ ਹਾਹਾਕਾਰ ਹੋਈ ਹੈ
ਕਿ ਰੁੱਖਾਂ ਦੀ ਵਸੀਅਤ ਵਿਚ ਚਿੜੀ ਹੱਕਦਾਰ ਹੋਈ ਹੈ

ਹਕੀਕਤ ਹੈ ਅਸੀਂ ਅਸਮਾਨ ਤਕ ਭਰੀਆਂ ਉਡਾਣਾਂ ਜੋ
ਉਹ ਮੰਨ ਬੈਠੇ ਸੀ ਸਾਡੇ ਸੁਫਨਿਆਂ ਦੀ ਹਾਰ ਹੋਈ ਹੈ

ਮੈਂ ਚੁੰਨੀ 'ਤੇ ਸਿਤਾਰੇ ਜੜਨ ਦਾ ਜਦ ਵੀ ਲਿਆ ਸੁਫਨਾ
ਤਾਂ ਕਿਉਂ ਬੇਚੈਨ ਹਰ ਵਾਰੀ ਤੇਰੀ ਦਸਤਾਰ ਹੋਈ ਹੈ

ਸਦਾ ਅਪਣੇ ਲਈ ਹਰ ਮੋੜ 'ਤੇ ਲੜਨਾ ਪਿਆ ਮੈਨੂੰ
ਜ਼ਮਾਨੇ ਨੂੰ ਮੇਰੀ ਅਰਜ਼ੀ ਕਦੋਂ ਸਵੀਕਾਰ ਹੋਈ ਹੈ

ਹਯਾ, ਇਖਲਾਕ, ਨੇਕੀ, ਧਰਮ ਹੋਏ ਨਗਨ ਸਾਰੇ ਹੀ
ਸਭਾ ਵਿਚ ਕਦ ਇਕੱਲੀ ਦ੍ਰੋਪਦੀ ਲਾਚਾਰ ਹੋਈ ਹੈ!

ਖਿਜ਼ਾਵਾਂ ਮਹਿਕੀਆਂ ਓਥੇ ਥਲਾਂ ਵਿਚ ਫੁੱਟ ਪਏ ਚਸ਼ਮੇ
ਮੇਰੀ ਝਾਂਜਰ ਦੀ ਜਿੱਥੇ ਵੀ ਕਿਤੇ ਛਣਕਾਰ ਹੋਈ ਹੈ 00

**-5-**

ਖੁਸ਼ਬੂ ਦੀ ਆਤਮਾ ਤੇ ਫੁੱਲਾਂ ਦਾ ਬਦਨ ਹੁੰਦੀ
ਮੇਰੀ ਗ਼ਜ਼ਲ ਤਾਂ ਖੁਦ 'ਚੋਂ ਨਿਕਲਣ ਦਾ ਯਤਨ ਹੁੰਦੀ

ਵਹਿ ਜਾਣਗੇ ਸਮੇਂ ਦੇ ਦਰਿਆ 'ਚ ਸਭ ਆਡੰਬਰ
ਅਸਲੀ ਪ੍ਰਾਪਤੀ ਤਾਂ ਅੰਦਰ ਦੀ ਅਗਨ ਹੁੰਦੀ

ਹਿਜਰਾਂ ਦੀ ਸੂਲ਼ੀ ਚੜ੍ਹ ਕੇ ਧਰਤੀ ਜੋ ਨਜ਼ਮ ਕਹਿੰਦੀ
ਬੁਲ੍ਹੇ ਦੀ ਹੂਕ ਹੁੰਦੀ, ਵਾਰਿਸ ਦਾ ਸੁਖਨ ਹੁੰਦੀ

ਮਾਰੀਂ ਤੂੰ ਫੁੱਲ ਸੱਜਣਾ ਮਹਿਸੂਸ ਕਰ ਸਕਾਂ ਮੈਂ
ਹੁੰਦੇ ਕੀ ਜ਼ਖਮ ਦਿਲ ਦੇ, ਦੇਖਾਂ ਕੀ ਚੁਭਨ ਹੁੰਦੀ

ਉਸ ਦੀ ਬਹਾਰ ਅੰਦਰ, ਮੇਰੇ 'ਚੋਂ ਫੁੱਲ ਖਿੜਦੇ
ਉਸਦੀ ਖਿਜ਼ਾਂ 'ਚ ਮੇਰੀ ਹਰ ਸ਼ਾਖ ਨਗਨ ਹੁੰਦੀ 000

***(ਮੁਹੱਲਾ ਅਟਾਰੀ ਵਾਲਾ, ਆਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ***
***ਫੋਨ:94177 06558)***

***ਇਹ ਗ਼ਜ਼ਲਾਂ ਅਨੂ ਬਾਲਾ ਦੇ ਸੱਜਰੇ ਗ਼ਜ਼ਲ ਸੰਗ੍ਰਹਿ 'ਕੱਚ ਦਾ ਅੰਬਰ' ਵਿਚ ਸ਼ਾਮਲ ਹਨ।*

# ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ!
## ਵਰਿਆਮ ਸਿੰਘ ਸੰਧੂ

ਪੰਜਾਬੀ ਨਾਟਕ ਦੀ ਰੂਹ, ਪੰਜਾਬੀ ਸਾਹਿਤ ਦਾ ਮਾਣ, ਕਲਮ ਦਾ ਯੋਧਾ ਜਰਨੈਲ, ਲੋਕ-ਹੱਕਾਂ ਦਾ ਬੁਲਾਰਾ, ਮੁਹੱਬਤ ਦਾ ਸੁੱਚਾ ਪੈਗ਼ਾਮ ਅਜਮੇਰ ਸਿੰਘ ਔਲਖ ਮੇਰਾ ਵੱਡਾ ਭਰਾ, ਮੇਰੀ ਦੇਹ-ਜਾਨ ਸੀ। ਖ਼ੂਨ ਦੀ ਸਾਂਝ ਭਾਵੇਂ ਨਹੀਂ ਸੀ ਪਰ ਵਿਚਾਰਾਂ ਦੀ ਸਾਂਝ ਬੜੀ ਪੱਕੀ-ਪੀਡੀ ਸੀ। ਮੇਰੀਆਂ ਕਹਾਣੀਆਂ ਤੇ ਔਲਖ ਸਾਹਿਬ ਦੇ ਨਾਟਕਾਂ ਦੇ ਪਾਠਕ ਜਾਣਦੇ ਨੇ ਕਿ ਅਸੀਂ ਦੋਵਾਂ ਨੇ ਆਪਣੀਆਂ ਲਿਖਤਾਂ ਵਿਚ ਨਿਮਨ ਕਿਰਸਾਨੀ ਦੇ ਦਰਦ ਦੀ ਬਾਤ ਪਾਈ ਹੈ। ਆਲੋਚਕਾਂ ਦਾ ਕਹਿਣਾ ਏ ਕਿ ਜੋ ਕੰਮ ਔਲਖ ਆਪਣੇ ਨਾਟਕਾਂ ਵਿਚ ਕਰ ਰਿਹਾ ਸੀ, ਉਹੋ ਕੰਮ ਮੈਂ ਕਹਾਣੀ ਵਿਚ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਸਾਡੇ ਵਿਚਾਰਾਂ ਦਾ ਮੇਲ ਅਜਿਹਾ ਸੀ ਕਿ ਉਹਨੇ ਮੇਰੀਆਂ ਕਹਾਣੀਆਂ 'ਭੱਜੀਆਂ ਬਾਹੀਂ' ਅਤੇ 'ਆਪਣਾ ਆਪਣਾ ਹਿੱਸਾ' ਨੂੰ ਆਧਾਰ ਬਣਾ ਕੇ ਲਿਖੇ ਨਾਟਕ ਸੈਂਕੜਿਆਂ ਤੋਂ ਵੱਧ ਵਾਰ ਖੇਡੇ। 'ਭੱਜੀਆਂ ਬਾਹੀਂ' ਨਾਟਕ ਦੀ ਸਕ੍ਰਿਪਟ ਉਹਨੇ 'ਭੱਜੀਆਂ ਬਾਹਾਂ' ਦੇ ਨਾਂ ਹੇਠ ਪੁਸਤਕ ਰੂਪ ਵਿਚ ਵੀ ਛਪਵਾਈ। ਮੇਰੀ ਕਹਾਣੀ ਨੂੰ ਉਹਨੇ ਆਪਣੀ ਬਣਾ ਲਿਆ ਸੀ। ਆਪਣੀ ਬਣਾ ਕੇ ਲੋਕਾਂ ਦੀ ਬਣਾ ਦਿੱਤਾ ਸੀ। ਮੋਹਾਲੀ, ਜਲੰਧਰ, ਦਸੂਹੇ ਤੇ ਪੱਟੀ ਮੈਂ ਇਸ ਨਾਟਕ ਦੀਆਂ ਦਰਸ਼ਕਾਂ ਦੇ ਸਿਰ ਜਾਦੂ ਧੂੜਦੀਆਂ ਪੇਸ਼ਕਾਰੀਆਂ ਦਰਸ਼ਕਾਂ ਵਿਚ ਬੈਠ ਕੇ ਮਾਣੀਆਂ। ਉਹਨੇ ਕਹਾਣੀ ਨੂੰ ਜਿਊਂਦਿਆਂ ਕਰ ਦਿੱਤਾ ਸੀ। ਮੇਰੇ ਪਾਤਰ ਅੱਖ਼ਰਾਂ ਵਿਚੋਂ ਕੱਢ ਕੇ ਸਟੇਜ ਉੱਤੇ ਤੁਰਨ-ਬੋਲਣ ਲਾ ਦਿੱਤੇ ਸਨ।

### ਔਲਖ ਨੇ ਮੇਰੀ ਖ਼ਾਤਰ 'ਕਹਾਣੀ ਲਿਖਣੀ ਛੱਡ ਦਿੱਤੀ!'

ਪਹਿਲਾਂ-ਪਹਿਲਾਂ ਔਲਖ ਨੇ ਕਹਾਣੀਆਂ ਵੀ ਲਿਖੀਆਂ ਪਰ ਫਿਰ ਪੱਕੇ ਤੌਰ 'ਤੇ ਨਾਟਕ ਨੂੰ ਸਮਰਪਤ ਹੋ ਗਿਆ। ਜੇ ਉਹ ਕਹਾਣੀ ਵੀ ਲਿਖਦਾ ਰਹਿੰਦਾ ਤਾਂ ਮੇਰਾ ਕੀ ਹੁੰਦਾ? -ਇਕ ਵਾਰ ਗੱਲਾਂ ਕਰਿਦਆਂ ਹਾਸੇ ਹਾਸੇ ਵਿਚ ਸੰਤ ਸਿੰਘ ਸੇਖੋਂ ਨੇ ਕਿਹਾ ਸੀ ਕਿ ਮੈਂ ਨਾਵਲ, ਕਹਾਣੀਆਂ, ਨਾਟਕ, ਆਲੋਚਨਾ ਸਭ ਕੁਝ ਲਿਖਿਆ ਤੇ ਹਰ ਖੇਤਰ ਵਿਚ ਝੰਡੇ ਗੱਡੇ ਪਰ ਕਵਿਤਾ ਮੈਂ ਆਪਣੇ ਯਾਰ ਮੋਹਨ ਸਿੰਘ ਕਰ ਕੇ ਲਿਖਣੀ ਛੱਡ ਦਿੱਤੀ ਤਾਕਿ ਕਿਸੇ ਵਿਧਾ ਵਿਚ ਉਹਦਾ ਵੀ ਨਾਂ ਰਹਿ ਸਕੇ! ਔਲਖ ਦਾ ਇਸ ਲਈ ਵੀ ਬਹੁਤ ਸ਼ੁਕਰੀਆ ਕਿ ਉਹਨੇ ਮੇਰੇ ਵਾਸਤੇ ਕਹਾਣੀ ਲਿਖਣੀ ਛੱਡ ਦਿੱਤੀ। ਆਪਣੇ ਛੋਟੇ ਭਰਾ ਵਾਸਤੇ। ਵੱਡੇ ਛੋਟਿਆਂ ਦਾ ਇੰਝ ਵੀ ਖ਼ਿਆਲ ਰੱਖਦੇ ਨੇ ਦੋਸਤੋ!

### ਬੇਓੜਕ ਮੁਹੱਬਤਾਂ ਤੇ ਇਨਾਮਾਂ-ਸਨਮਾਨਾਂ ਦੀ ਬਾਰਸ਼

ਅਜਮੇਰ ਸਿੰਘ ਔਲਖ ਮੇਰਾ ਹੀ ਵੱਡਾ ਭਰਾ ਤੇ ਮੇਰਾ ਹੀ ਆਪਣਾ ਨਹੀਂ ਸੀ, ਸਗੋਂ ਉਹਨਾਂ ਸਭਨਾਂ ਦਾ ਵੀ ਓਨਾ ਹੀ ਆਪਣਾ ਸੀ, ਜਿਨ੍ਹਾਂ ਨੂੰ ਉਹਦੇ ਨਾਟਕਾਂ ਵਿਚ ਪਾਈ ਬਾਤ ਆਪਣੇ ਦਿਲ ਤੇ ਆਪਣੇ ਦੁੱਖ ਦੀ ਬਾਤ ਲੱਗਦੀ ਸੀ; ਜਿਨ੍ਹਾਂ ਨੂੰ ਉਹਦੇ ਬੋਲਾਂ ਵਿਚ ਆਪਣੇ ਰੋਹ-ਰੰਜ ਤੇ ਪੀੜ ਦੀ ਆਵਾਜ਼ ਸੁਣਦੀ ਸੀ; ਜਿਨ੍ਹਾਂ ਨੂੰ ਉਹਦੇ ਪਾਤਰਾਂ ਵਿਚੋਂ ਆਪਣੇ ਭੈਣ-ਭਰਾਵਾਂ, ਬਾਲ-ਬੱਚਿਆਂ, ਪਿਓ-ਪੁੱਤਾਂ ਤੇ ਮਾਵਾਂ-ਧੀਆਂ ਦੇ ਨਕਸ਼ ਨਜ਼ਰ ਆਉਂਦੇ ਸਨ।

ਉਹ ਵੱਡਾ ਲੇਖਕ ਸੀ, ਵੱਡਾ ਇਨਸਾਨ ਸੀ, ਵੱਡਾ ਯੋਧਾ ਸੀ ਪਰ ਇਹ ਸਾਰੀ ਵਡਿਆਈ ਭੁੱਲ ਕੇ ਉਹ ਸਦਾ ਧਰਤੀ ਦੇ ਜੀਆਂ ਨਾਲ ਉਹਨਾਂ ਵਰਗਾ ਹੋ ਕੇ ਜੀਵਿਆ-ਵਿਚਰਿਆ ਤੇ ਉਹਨਾਂ ਦੇ ਨਾਲ ਉਹਨਾਂ ਵਾਂਗ ਹੀ ਸਾਧਾਰਨ ਇਨਸਾਨ ਬਣ ਕੇ ਉਮਰ ਭਰ ਤੁਰਦਾ ਰਿਹਾ। ਉਮਰ ਭਰ ਉਹਨਾਂ ਲਈ ਲਿਖਦਾ ਰਿਹਾ, ਬੋਲਦਾ ਰਿਹਾ ਤੇ ਉਹਨਾਂ ਵਾਸਤੇ ਲੜਦਾ ਰਿਹਾ। ਜਦੋਂ ਕੁਦਰਤ ਨੇ

ਉਹਨੂੰ ਆਪਣੇ ਕਹਿਰ ਦਾ ਨਿਸ਼ਾਨਾ ਬਣਾਇਆ ਤਾਂ ਉਹਦੇ ਉਹ ਸਾਰੇ ਮਿੱਤਰ-ਪਿਆਰੇ, ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਦਲੇ-ਮਲ਼ੇ ਲੋਕ, ਜਿਨ੍ਹਾਂ ਦੀ ਪੀੜ ਵਿਚ ਉਹ ਸਦਾ ਹੂੰਗਦਾ ਰਿਹਾ ਸੀ, ਉਹਦੀ ਧਿਰ ਬਣ ਕੇ ਉਹਦੇ ਨਾਲ ਆਣ ਖਲੋਤੇ। ਉਹਨਾਂ ਨੇ ਇਸ ਸੰਕਟ ਭਰੇ ਸਮੇਂ 'ਤੇ ਉਹਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਉਸ ਵੱਲ ਵਹੀਰਾਂ ਘੱਤ ਲਈਆਂ। ਬਕੌਲ ਅਜਮੇਰ ਔਲਖ, "ਵਰ੍ਹਾ ਦਿੱਤੇ ਆਪਣੀਆਂ ਮਿਹਰਾਂ ਦੇ ਮੀਂਹ, ਵਾਰ ਸੁੱਟੇ ਮੇਰੇ ਉੱਤੋਂ ਨੋਟਾਂ ਦੇ ਨੋਟ!"

ਆਪਣੇ ਲੋਕਾਂ ਕੋਲੋਂ ਅਜਿਹਾ ਮਾਣ-ਸਤਿਕਾਰ ਤੇ ਅਜਿਹਾ ਡੁੱਲ੍ਹ ਡੁੱਲ੍ਹ ਪੈਂਦਾ ਪਿਆਰ ਕਿਸੇ ਲੇਖਕ ਨੂੰ ਅੱਜ-ਤਕ ਭਲਾ ਕਿੱਥੇ ਮਿਲਿਆ ਸੀ!

ਆਮ ਤੌਰ 'ਤੇ ਲੇਖਕ/ਕਲਾਕਾਰ ਆਪਣੀ ਬੇਕਦਰੀ ਦਾ ਰੌਲਾ ਅਕਸਰ ਪਾਉਂਦੇ ਰਹਿੰਦੇ ਨੇ। ਇਹ ਸਚਾਈ ਵੀ ਹੈ ਕਿ ਸਾਹਿਤ ਵਿਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਕਈ ਵੱਡੇ ਲੇਖਕਾਂ ਨੂੰ ਅਤਿ ਦੀ ਗ਼ਰੀਬੀ ਤੇ ਦੁੱਖ ਵਿਚ ਆਪਣਾ ਜੀਵਨ ਗੁਜ਼ਾਰਨ ਲਈ ਮਜਬੂਰ ਹੋਣਾ ਪਿਆ। ਨੰਦ ਲਾਲ ਨੂਰਪੁਰੀ ਵਰਗੇ ਮੰਨੇ-ਪ੍ਰਮੰਨੇ ਗੀਤਕਾਰ ਨੂੰ ਪਿਛਲੀ ਉਮਰੇ ਖੂਹ ਵਿਚ ਡੁੱਬ ਕੇ ਆਤਮ-ਹੱਤਿਆ ਕਰਨੀ ਪਈ। ਸਾਈਂ ਹਯਾਤ ਪਸਰੂਰੀ ਦਾ ਇਕ ਸ਼ਿਅਰ ਹੈ:

*ਜਿਉਂਦੀ ਜਾਨ ਜਿਹਨੂੰ ਕਿਸੇ ਪੁੱਛਿਆ ਨਹੀਂ, ਦਿਨ ਨੂੰ ਖਾਏਂ ਕਿੱਥੋਂ, ਖਾਏਂ ਰਾਤ ਨੂੰ ਕੀ?*
*ਮਰਨੋਂ ਬਾਅਦ ਜੇ ਕਬਰ 'ਤੇ ਹੋਣ ਮੇਲੇ, ਭਾਵੇਂ ਹੋਣ ਨਾ ਹੋਣ ਹਯਾਤ ਨੂੰ ਕੀ!*

ਪਰ ਇਹ ਅਜਮੇਰ ਔਲਖ ਹੀ ਸੀ ਜਿਸਨੂੰ ਉਹਦੀ ਕਲਾ ਦੇ ਆਸ਼ਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਉਹਦਾ ਮਾਣ ਸਨਮਾਨ ਕੀਤਾ ਸੀ। ਉਹਨੂੰ ਮਾਣ ਸਨਮਾਨ ਦੀ ਕਦੀ ਕੋਈ ਥੋੜ ਨਹੀਂ ਸੀ ਰਹੀ। ਲੋਕ-ਸਨਮਾਨ ਤਾਂ ਉਹਨੂੰ ਆਖ਼ਰਾਂ ਦਾ ਮਿਲਿਆ ਹੀ, ਪਰ ਇਸਦੇ ਨਾਲ ਹੀ ਸਾਹਿਤ-ਸਭਿਆਚਾਰ ਨਾਲ ਜੁੜੇ ਸਰਕਾਰੀ ਤੇ ਅਰਧ-ਸਰਕਾਰੀ ਅਦਾਰਿਆਂ ਨੇ ਵੀ ਉਹਦਾ ਬਣਦਾ ਮਾਣ-ਸਨਮਾਨ ਕਰਨ ਵਿਚ ਕੋਈ ਕਸਰ ਨਾ ਛੱਡੀ।

ਸਾਹਿਤ ਅਕਾਦਮੀ ਦਿੱਲੀ ਵੱਲੋਂ ਇਨਾਮ, ਸੰਗੀਤ ਨਾਟਕ ਅਕਾਦਮੀ ਦਿੱਲੀ ਵੱਲੋਂ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੀ ਐੱਚ ਡੀ ਆਨਰੇਰੀ ਡਿਗਰੀ ਤੇ ਹੋਰ ਅਨੇਕਾਂ ਇਨਾਮ-ਸਨਮਾਨ ਉਹਦੀ ਝੋਲ਼ੀ ਵਿਚ ਪੱਕੇ ਹੋਏ ਬੇਰਾਂ ਵਾਂਗ ਆਪ-ਮੁਹਾਰੇ ਡਿੱਗਦੇ ਰਹੇ। ਇਹ ਵੀ ਸੱਚ ਹੈ ਕਿ ਉਹਨੇ ਕਦੇ ਕਿਸੇ ਇਨਾਮ-ਸਨਮਾਨ ਜਾਂ ਅਹੁਦੇ ਲਈ ਲਾਲਸਾ ਨਹੀਂ ਸੀ ਪ੍ਰਗਟਾਈ।

ਪਰ ਇਹੋ ਜਿਹਾ ਸਨਮਾਨ ਤੇ ਇਨਾਮ ਕਿਸੇ ਨੂੰ ਕਿੱਥੇ ਮਿਲਦਾ ਹੈ। ਇਕ ਵਾਰ ਨਾਟਕ ਖ਼ਤਮ ਹੋਣ ਤੋਂ ਪਿੱਛੋਂ ਤਿੰਨ-ਚਾਰ ਕਿਸਾਨ ਔਲਖ ਕੋਲ ਆਏ ਤੇ ਆਪਣੇ ਹੱਥਾਂ ਵਿਚ ਫੜੇ ਹੋਏ ਦਸ-ਦਸ ਦੇ ਨੋਟ ਔਲਖ ਵੱਲ ਵਧਾਉਂਦੇ ਹੋਏ ਉਹਨੂੰ ਇਨਾਮ ਦੇਣ ਦੇ ਇਰਾਦੇ ਨਾਲ ਕਹਿਣ ਲੱਗੇ, "ਆਹ ਕੇਰਾਂ ਫੜੀਂ ਬਾਈ ਸਾਡਾ ਇਨਾਮ।" ਔਲਖ ਨੇ ਨੋਟ ਫੜਨ ਤੋਂ ਇਨਕਾਰ ਕਰਦਿਆਂ ਹੋਇਆਂ ਕਿਹਾ, "ਨਹੀਂ ਬਾਈ ਜੀ, ਇਹ ਤੁਸੀਂ ਆਪਣੇ ਕੋਲ ਈ ਰੱਖੋ। ਅਸੀਂ ਇਸ ਤਰ੍ਹਾਂ ਇਨਾਮ ਨੀ ਲੈਂਦੇ ਹੁੰਦੇ। ਪ੍ਰਬੰਧਕਾਂ ਨਾਲ ਜਿੰਨਾ ਖੋਲ੍ਹਿਆ ਹੁੰਦੈ, ਓਸੇ ਵਿਚ ਈ ਕਰਦੇ ਹੁੰਨੇ ਆਂ ਨਾਟਕ। ਇਸ ਤਰ੍ਹਾਂ ਨੋਟ ਲੈਣ ਨੂੰ ਅਸੀਂ ਕਿਹੜਾ ਗਾਉਣ ਵਾਲੇ ਆਂ? ਥੋਡੀ ਬਹੁਤ ਮਿਹਰਬਾਨੀ!" ਪਰ ਉਹਨਾਂ ਵਿਚੋਂ ਇਕ ਉਹਦੀ ਗੱਲ ਦੇ ਜਵਾਬ ਵਿਚ ਕਹਿਣ ਲੱਗਾ, "ਅਸੀਂ ਥੋਨੂੰ ਗਾਉਣ ਵਾਲੇ ਸਮਝ ਕੇ ਨੀ ਦੇ ਰਹੇ ਇਹ ਇਨਾਮ ਬਾਈ। ਅਸੀਂ ਤਾਂ ਇਸ ਕਰ ਕੇ ਦਿੰਨੇਂ ਆਂ ਬਈ ਅੱਜ ਤਕ ਸਾਡੇ ਪਿੰਡ ਵਿਚ ਤਗੜਿਆਂ ਨੂੰ ਗਾਲ਼ ਨੀ ਕੱਢ ਸਕਿਆ ਕੋਈ ਜਿਵੇਂ ਤੇਰੇ ਨਾਟਕ ਦੇ ਪੀਤੇ ਅਮਲੀ ਨੇ ਕੱਢੀ ਐ। ਅਸ਼ਕੇ ਤੇਰੇ! ਕੇਰਾਂ ਤਾਂ ਰੂਹ ਖ਼ੁਸ਼ ਕਰ-ਤੀ; ਫੜ ਲੈ ਸਾਡਾ ਗ਼ਰੀਬਾਂ ਦਾ ਇਨਾਮ, ਸਾਡਾ ਦਿਲ ਨਾ ਤੋੜ।"

ਇਹ ਤਾਂ ਸੀ 'ਗ਼ਰੀਬਾਂ' ਵੱਲੋਂ ਆਪਣੇ ਮਹਾਨ ਕਲਾਕਾਰ ਨੂੰ ਬਖ਼ਸ਼ਿਆ ਸਭ ਤੋਂ ਕੀਮਤੀ ਇਨਾਮ, ਪਰ, ਸਾਹਿਤ ਤੇ ਸਭਿਆਚਾਰ ਦੀਆਂ 'ਅਮੀਰ ਹਸਤੀਆਂ' ਵੱਲੋਂ ਮਿਲੇ ਪਿਆਰ ਤੇ ਸਨਮਾਨ ਦੀ ਮਿਸਾਲ ਵੀ ਵੇਖੋ: ਚੰਡੀਗੜ੍ਹ ਵਿਚ 'ਬਗਾਨੇ ਬੋਹੜ ਦੀ ਛਾਂ' ਨਾਟਕ ਦੀ ਬੇਹੱਦ ਸਫ਼ਲ ਪੇਸ਼ਕਾਰੀ ਤੋਂ ਬਾਅਦ ਡਾ. ਅਤਰ ਸਿੰਘ ਨੇ ਔਲਖ ਦਾ ਹੱਥ ਫੜਿਆ ਤੇ ਉਹਨੂੰ ਨਾਲ ਲੈ ਕੇ ਨਾਟਕ

ਵੇਖਣ ਲਈ ਪਹਿਲੀ ਕਤਾਰ ਵਿੱਚ ਬੈਠੇ ਪੰਜਾਬੀ ਯੂਨੀਵਰਸਿਟੀ ਦੇ ਤਦੋਂਕੇ ਵਾਈਸ-ਚਾਂਸਲਰ ਡਾ: ਅਮਰੀਕ ਸਿੰਘ ਦੇ ਸਾਹਮਣੇ ਕਰਦੇ ਹੋਏ ਕਹਿਣ ਲੱਗਾ, "ਇਸ ਮੁੰਡੇ ਨੂੰ ਆਪਣੀ ਯੂਨੀਵਰਸਿਟੀ ਦੇ ਥਿਏਟਰ ਡਿਪਾਰਟਮੈਂਟ ਵਿਚ ਲੈ ਕੇ ਜਾਉ!" ਡਾ. ਅਮਰੀਕ ਸਿੰਘ ਤੁਰੰਤ ਬੋਲੇ, "ਆ-ਜੇ, ਕੱਲ੍ਹ ਹੀ ਆ ਕੇ ਜੋਆਇਨ ਕਰ ਲਵੇ।" ਇਹ ਸੀ ਔਲਖ ਦੀ ਕਲਾ ਦਾ ਜਾਦੂ ਜੋ 'ਵੱਡਿਆਂ-ਛੋਟਿਆਂ', 'ਅਮੀਰਾਂ-ਗ਼ਰੀਬਾਂ', 'ਸਾਧਾਰਨ ਬੁੱਧ' ਸਮਝੇ ਜਾਂਦੇ ਲੋਕਾਂ ਤੇ ਵੱਡੇ ਬੁੱਧੀਜੀਵੀਆਂ' ਦੇ ਸਿਰ 'ਤੇ ਜਾਦੂ ਬਣ ਕੇ ਛਾ ਜਾਂਦਾ ਰਿਹਾ।

ਏਸੇ ਨਾਟਕ ਨੂੰ ਵੇਖਣ ਤੋਂ ਬਾਅਦ ਪੰਜਾਬੀ ਦੇ ਮੰਨੇ-ਪ੍ਰਮੰਨੇ ਯਥਾਰਥਵਾਦੀ ਲੇਖਕ ਤੇ ਮਾਰਕਸਵਾਦੀ ਆਲੋਚਕ ਸਵਰਗੀ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਆਪ-ਮੁਹਾਰੇ ਛਲਕ ਪਏ ਉਤਸ਼ਾਹ ਨਾਲ ਔਲਖ ਨੂੰ ਕਿਹਾ ਸੀ,"ਬਈ ਔਲਖ, ਤੂੰ ਮੈਨੂੰ ਮੇਰੇ ਮਾਂ-ਬਾਪ ਯਾਦ ਕਰਵਾ ਦਿੱਤੇ! ਨਾਟਕ ਵੇਖਦਾ-ਵੇਖਦਾ ਮੈਂ ਕਈ ਵਾਰ ਰੋਇਆ! ਉਹ ਵੀ ਤੇਰੇ ਨਾਟਕ ਦੇ ਗੱਜਣ ਤੇ ਗੁਰਨਾਮ ਕੁਰ ਵਾਂਗ ਹੀ ਲੜਦੇ ਹੁੰਦੇ ਸੀ!"

ਜਦੋਂ ਉਹ ਮਹਾਨ ਨਾਟਕਕਾਰ ਆਪਣਾ ਰੋਲ ਅਦਾ ਕਰ ਕੇ ਮੰਚ ਤੋਂ ਸਦਾ ਲਈ ਓਹਲੇ ਹੋ ਗਿਆ ਤਾਂ ਨਿਸਚੈ ਹੀ ਸਾਡੇ ਅੰਦਰ ਦਾ ਇਕ ਹੱਸਦਾ ਹਿੱਸਾ ਬੁਝ ਗਿਆ ਜਾਪਦਾ ਸੀ, ਪਰ ਇਹਦੇ ਨਾਲ ਇਹ ਵੀ ਖ਼ੂਬਸੂਰਤ ਸਚਾਈ ਹੈ ਕਿ ਦੇਸ਼-ਵਿਦੇਸ਼ ਵਿਚ ਉਹਦੇ ਦਰਸ਼ਕਾਂ ਦੀ ਲੱਖਾਂ ਦੀ ਭੀੜ ਅੱਖਾਂ ਵਿਚ ਅੱਥਰੂ ਲੈ ਕੇ, ਦਿਲ ਵਿਚ ਜੁਝਾਰੂ ਜਜ਼ਬਿਆਂ ਦਾ ਸੇਕ ਭਰ ਕੇ ਤਾੜੀਆਂ ਦੀ ਗੜਗੜਾਹਟ ਨਾਲ ਐਲਾਨ ਕਰ ਰਹੀ ਸੀ ਕਿ ਸਾਡੇ ਪਿਆਰੇ ਜਿਹੇ ਨਿੱਕੇ ਸੂਰਜ ਅਸੀਂ ਤੇਰੀ ਰੌਸ਼ਨੀ ਨੂੰ ਬੁਝਣ ਨਹੀਂ ਦਿਆਂਗੇ ਸਗੋਂ ਇਸ ਸੂਰਜ ਨੂੰ ਆਪਣੇ ਚਿੱਤ ਅਤੇ ਚੇਤਿਆਂ ਵਿਚ ਸਦਾ ਜਗਦਾ ਤੇ ਜਾਗਦਾ ਰੱਖਾਂਗੇ। ਤੇਰੀ ਕਹਿਣੀ, ਕਰਨੀ ਤੇ ਲੇਖਣੀ ਦਾ ਕਦੀ ਮਾਣ ਭੰਗ ਨਹੀਂ ਹੋਣ ਦਿਆਂਗੇ। ਸਾਡੀ ਭੈਣ ਮਨਜੀਤ ਕੌਰ ਤੇ ਸਾਡੀਆਂ ਧੀਆਂ ਤੇ ਪਰਿਵਾਰ ਦੇ ਹੋਰ ਜੀਆਂ ਦਾ ਦੁੱਖ ਭਾਵੇਂ ਬੜਾ ਵੱਡਾ ਸੀ ਪਰ ਉਹਨਾਂ ਦੀਆਂ ਅੱਖਾਂ ਵਿਚ ਇਸ ਤਸੱਲੀ ਦੇ ਅੱਥਰੂ ਵੀ ਜ਼ਰੂਰ ਸੀ ਕਿ ਉਹ ਮਹਾਨ ਆਦਮੀ ਉਹਨਾਂ ਲਈ ਕਿੰਨਾ ਵੱਡਾ ਪਰਿਵਾਰ ਪਿੱਛੇ ਛੱਡ ਕੇ ਗਿਆ ਸੀ।

**ਮੈਂ ਔਲਖ ਨੂੰ ਪਹਿਲੀ ਵਾਰ ਕਿੱਥੇ ਮਿਲਿਆ ਸਾਂ ਭਲਾ!**

ਕਦੀ-ਕਦੀ ਤਾਂ ਲੱਗਦਾ ਹੈ ਕਿ ਅਸੀਂ ਤਾਂ ਇਕ ਦੂਜੇ ਨੂੰ ਜਨਮ-ਜਨਮਾਂਤਰਾਂ ਤੋਂ ਜਾਣਦੇ ਸਾਂ! ਉਹਨਾਂ ਦਿਨਾਂ ਵਿਚ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਨੌਜਵਾਨ ਲੇਖਕਾਂ ਦੀ ਵੱਡੀ ਗਿਣਤੀ ਸਥਾਪਤੀ ਵਿਰੋਧੀ ਤੱਤੀਆਂ ਲਿਖਤਾਂ ਲਿਖਣ ਲੱਗੀ ਸੀ। ਸਥਾਪਤ ਸਾਹਿਤਕ ਪਰਚੇ ਸਰਕਾਰੀ ਕਰੋਪੀ ਦੇ ਡਰੋਂ ਅਜਿਹੀਆਂ 'ਗਰਮ ਲਿਖਤਾਂ' ਛਾਪਣ ਤੋਂ ਤ੍ਰਹਿੰਦੇ। ਨੌਜਵਾਨ ਲੇਖਕਾਂ ਨੂੰ ਆਪਣੇ ਸਾਹਿਤਕ ਵਿਚਾਰਾਂ ਦੇ ਪ੍ਰਗਟਾਵੇ ਲਈ 'ਆਪਣੇ' ਪਰਚਿਆਂ ਦੀ ਲੋੜ ਸੀ। ਇਸ ਮਕਸਦ ਦੀ ਪੂਰਤੀ ਲਈ ਸਭ ਤੋਂ ਪਹਿਲਾਂ 'ਹੇਮਜਯੋਤੀ' ਮਾਸਿਕ-ਪੱਤਰ ਮੈਦਾਨ ਵਿਚ ਨਿੱਤਰਿਆ। ਜਿਸ ਵਿਚ ਨੌਜਵਾਨ ਲੇਖਕਾਂ ਦੀਆਂ ਸਥਾਪਤ ਨਿਜ਼ਾਮ ਪ੍ਰਤੀ ਰੋਹ-ਵਿਦਰੋਹ ਨਾਲ ਭਰੀਆਂ ਰਚਨਾਵਾਂ ਛਪਣ ਲੱਗੀਆਂ। ਉਹ ਸਥਾਪਤ ਹੋਣ ਲੱਗੇ।

ਇਕੱਲਾ 'ਹੇਮ ਜਯੋਤੀ' ਲੇਖਕਾਂ ਦੀ ਏਨੀ ਵੱਡੀ ਗਿਣਤੀ ਨੂੰ ਛਾਪਣ ਦੇ ਸਮਰੱਥ ਨਹੀਂ ਸੀ। ਇਸ ਲਈ ਕੁਝ ਹੋਰ 'ਇਨਕਲਾਬੀ ਤੱਤ' ਵਾਲੇ ਪਰਚੇ ਵੀ ਛਪਣ ਲੱਗੇ। 'ਸਿਆੜ', 'ਰੋਹਿਲੇ-ਬਾਣ', 'ਮਾਂ' ਵਰਗੇ ਕੁਝ ਹੋਰ ਅਜਿਹੇ ਪਰਚਿਆਂ ਦੇ ਵਾਂਙ ਹੀ ਅਜਮੇਰ ਔਲਖ ਨੇ ਮਾਨਸੇ ਤੋਂ 'ਨਾਗ-ਨਿਵਾਸ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਇਸ ਪਰਚੇ ਵਿਚ ਉਹ 'ਵਕਤ ਦੇ ਸ਼ੇਰ' ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕ ਸਕਣ ਵਾਲੀਆਂ ਲਿਖਤਾਂ ਛਾਪਦਾ। ਇਹਨਾਂ ਲਿਖਤਾਂ ਦੀ ਚੋਣ ਅਤੇ ਪੇਸ਼ਕਾਰੀ ਪਿੱਛੇ ਉਹਦੀ ਇਨਕਲਾਬੀ ਤੇ ਲੋਕ-ਹਿਤੈਸ਼ੀ ਵਿਚਾਰਧਾਰਾ ਸ਼ਾਮਲ ਸੀ। ਕੇਂਦਰੀ ਪੰਜਾਬੀ ਲੇਖਕ ਸਭਾ 'ਤੇ ਸਦਾ ਹੀ ਕਮਿਊਨਿਸਟ ਪਾਰਟੀਆਂ ਨਾਲ ਜੁੜੇ ਜਾਂ ਉਹਨਾਂ ਦੀ ਮਰਜ਼ੀ ਨਾਲ ਚੁਣੇ ਲੇਖਕ ਹੀ ਆਗੂ ਰੋਲ ਨਿਭਾਉਂਦੇ ਆ ਰਹੇ ਸਨ। ਸਭਾ 'ਤੇ ਕਾਬਜ਼ ਦੋਵੇਂ

ਕਮਿਊਨਿਸਟ ਪਾਰਟੀਆਂ ਕਿਉਂਕਿ ਵਿਚਾਰਧਾਰਕ ਤੌਰ 'ਤੇ ਨਕਸਲੀ ਵਿਚਾਰਧਾਰਾ ਦੇ ਵਿਰੁੱਧ ਸਨ, ਇਸ ਲਈ ਨਕਸਲੀ ਲਹਿਰ ਨਾਲ ਜੁੜੇ ਲੇਖਕਾਂ ਦਾ ਉਹਨਾਂ ਨਾਲ ਤਿੱਖਾ ਵਿਰੋਧ ਸੀ। ਇਨਕਲਾਬੀ ਨੌਜਵਾਨ ਲੇਖਕਾਂ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਸਥਾਪਤੀ ਦਾ ਪੱਖ ਪੂਰਨ ਵਾਲੀ 'ਸਰਕਾਰੀ' ਸਭਾ ਆਖਣਾ ਸੁਰੂ ਕਰ ਦਿੱਤਾ ਤੇ ਉਹਨਾਂ ਦੇ ਮੁਕਾਬਲੇ ਵਿਚ ਆਪਣੀ ਵੱਖਰੀ ਕੇਂਦਰੀ ਪੰਜਾਬੀ ਲੇਖਕ ਸਭਾ (ਗ਼ੈਰ ਸਰਕਾਰੀ) ਬਣਾ ਲਈ।

ਕੇਂਦਰੀ ਪੰਜਾਬੀ ਲੇਖਕ ਸਭਾ (ਗ਼ੈਰ-ਸਰਕਾਰੀ) ਦੇ ਬੜੇ ਜੋਸ਼ੀਲੇ ਸਮਾਗਮ ਹੁੰਦੇ। ਬਹੁਤੀ ਵਾਰ ਅਸੀਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਜੁੜਦੇ। ਔਲਖ ਦੀ ਵਿਚਾਰਧਾਰਕ ਪ੍ਰਤੀਬੱਧਤਾ ਵੇਖਦੇ ਹੋਏ ਇਕ ਵਾਰ ਤਾਂ ਉਹਨੂੰ ਇਸ ਸਭਾ ਦਾ 'ਖ਼ਜ਼ਾਨਚੀ' ਵੀ ਬਣਾਇਆ ਗਿਆ ਸੀ। ਇਸ ਸਭਾ ਵੱਲੋਂ ਕਰਵਾਏ ਸਮਾਗਮਾਂ 'ਤੇ ਮੈਂ ਵੀ ਜਾਂਦਾ। ਇੰਞ ਸਾਡਾ ਅਕਸਰ ਹੀ ਮੇਲ-ਗੇਲ ਹੋ ਜਾਂਦਾ। ਮਾੜੀ-ਮੋਟੀ ਗੱਲਬਾਤ ਵੀ ਹੋ ਜਾਂਦੀ। ਪਰ ਸਮਾਗਮਾਂ ਵਿਚ ਹੋਣ ਵਾਲੀਆਂ ਛੋਟੀਆਂ ਮੁਲਾਕਾਤਾਂ ਨਾਲ ਬਹੁਤੀ ਪੀਚਵੀਂ ਸਾਂਝ ਬਣਨੀ ਮੁਸ਼ਕਿਲ ਸੀ। ਪਰ ਮਿਲਣੀਆਂ ਦਾ ਇਹ ਸਿਲਸਿਲਾ ਜਾਰੀ ਰਿਹਾ। ਏਨਾ ਤਾਂ ਪਤਾ ਸੀ ਕਿ ਅਸੀਂ ਇਕੋ ਰਾਹ ਦੇ ਪਾਂਧੀ ਹਾਂ। ਸਾਡੀ ਸਾਂਝੇ ਸਫ਼ਰ ਦੀ ਸਾਂਝ ਹੈ। ਹੌਲ਼ੀ ਹੌਲ਼ੀ ਇਹ ਸਾਂਝ ਵਧ ਕੇ ਅਪਣੱਤ ਦੇ ਰਿਸ਼ਤੇ ਵਿਚ ਬਦਲ ਗਈ।

ਉਹਨਾਂ ਦਿਨਾਂ ਵਿਚ ਨਕਸਲੀ ਵੀ ਕਈ ਧਿਰਾਂ ਵਿਚ ਵੰਡੇ ਗਏ ਸਨ। ਅਸੀਂ ਨਾਗੀ-ਰੈਡੀ ਗਰੁੱਪ ਵਿਚ ਸ਼ਾਮਲ ਹੋ ਗਏ। ਪਾਰਟੀ ਨੇ ਪਾਸ਼, ਔਲਖ, ਹਲਵਾਰਵੀ, ਚਮਨ ਲਾਲ ਪ੍ਰਭਾਕਰ, ਅਤਰਜੀਤ, ਸੁਰੇਂਦਰ ਹੇਮ ਜਯੋਤੀ, ਨਿਰੰਜਨ ਢੇਸੀ ਤੇ ਕੁਝ ਕੁ ਹੋਰ ਲੇਖਕਾਂ-ਸਾਹਿਤਕਾਰਾਂ ਦੀ ਸ਼ਮੂਲੀਅਤ ਵਾਲਾ ਇਕ ਛੋਟਾ ਜਿਹਾ ਸਾਹਿਤਕ ਮੰਚ ਕਾਇਮ ਕੀਤਾ। ਇਹ ਅੱਠ-ਦਸ ਲੇਖਕ ਮਹੀਨੇ-ਦੋ ਮਹੀਨੇ ਬਾਅਦ ਕਿਸੇ ਨਾ ਕਿਸੇ ਸ਼ਹਿਰ ਵਿਚ, ਕਿਸੇ ਮੈਂਬਰ ਦੇ ਘਰ ਜੁੜ ਬੈਠਦੇ। ਕਦੀ ਜਲੰਧਰ, ਕਦੀ ਅੰਬਰਸਰ, ਕਦੀ ਲੁਧਿਆਣੇ ਤੇ ਕਦੀ ਕਿਤੇ ਹੋਰ। ਸਾਹਿਤ-ਸਿਧਾਂਤ ਬਾਰੇ, ਛਪ ਰਹੀਆਂ ਰਚਨਾਵਾਂ ਬਾਰੇ, ਲੇਖਕ ਦੀ ਪ੍ਰਤੀਬੱਧਤਾ ਬਾਰੇ ਤੇ ਹੋਰ ਅਨੇਕਾਂ ਚਲੰਤ ਸਾਹਿਤਕ ਮਸਲਿਆਂ 'ਤੇ ਵਿਚਾਰ-ਚਰਚਾ ਹੁੰਦੀ। ਹੋਰਨਾਂ ਨਾਲ ਔਲਖ ਤੇ ਮੈਂ ਵੀ ਉਹਨਾਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ। ਇਹਨਾਂ ਮੀਟਿੰਗਾਂ ਵਿਚ ਮੈਨੂੰ ਔਲਖ ਵੱਲੋਂ ਪੇਸ਼ ਕੀਤੇ ਵਿਚਾਰ ਤਾਂ ਚੰਗੇ ਲੱਗਦੇ ਹੀ, ਪਰ, ਇਸ ਤੋਂ ਵੀ ਵੱਧ ਉਹਦੀ ਸਾਦਗੀ, ਸਾਫ਼ਗੋਈ ਤੇ ਸਾਧਾਰਨਤਾ ਵਧੇਰੇ ਮੋਂਹਦੀ।

ਜਿਵੇਂ ਅਸੀਂ ਕੇਂਦਰੀ ਪੰਜਾਬੀ ਲੇਖਕ ਸਭਾ (ਗੈਰ ਸਰਕਾਰੀ) ਬਣਾ ਲਈ ਸੀ, ਓਸੇ ਤਰਜ਼ 'ਤੇ ਔਲਖ ਨੇ ਮਾਨਸਾ ਵਿਖੇ ਪੁਰਾਣੀ ਤੇ ਇਕ ਤਰ੍ਹਾਂ ਨਾਲ ਮਰ ਚੁੱਕੀ 'ਸਾਹਿਤ ਸਭਾ' ਦੇ ਮੁਕਾਬਲੇ ਇਕ 'ਲਿਖਾਰੀ ਸਭਾ' ਮਾਨਸਾ ਬਣਾ ਲਈ, ਜਿਸਦੇ ਬੈਨਰ ਅਤੇ ਔਲਖ ਦੀ ਸਰਪ੍ਰਸਤੀ ਹੇਠ ਕਈ 'ਇਨਕਲਾਬੀ' ਸਾਹਿਤਕ ਤੇ ਸਭਿਆਚਾਰਕ ਸਮਾਗਮ (ਗੋਸ਼ਟੀਆਂ, ਕਵੀ ਦਰਬਾਰ ਆਦਿ) ਕਰਵਾਏ ਗਏ। ਇਹਨਾਂ ਸਮਾਗਮਾਂ ਵਿਚ ਨਕਸਲੀ ਲੇਖਕਾਂ, ਕਵੀਆਂ ਤੇ ਪ੍ਰਬੰਧਕਾਂ ਦਾ ਹੀ ਬੋਲ-ਬਾਲਾ ਹੁੰਦਾ। ਕਵੀ ਦਰਬਾਰਾਂ ਵਿਚ ਪਾਸ਼, ਉਦਾਸੀ, ਜੈਮਲ ਪੱਡਾ ਵਰਗੇ ਸ਼ਾਇਰ ਜ਼ਰੂਰ ਬੁਲਾਏ ਜਾਂਦੇ। ਇਕ ਵਾਰ ਜਲੰਧਰ ਤੋਂ ਕੇਵਲ ਕੌਰ ਵੀ ਕਵੀ ਦਰਬਾਰ ਵਿਚ ਹਿੱਸਾ ਲੈਣ ਪਹੁੰਚੀ।

ਔਲਖ ਦੀ ਏਸੇ ਸਭਾ ਵੱਲੋਂ ਪੰਜਾਬ-ਪੱਧਰ ਦੇ ਕਰਵਾਏ ਇਕ ਵੱਡੇ ਸਾਹਿਤਕ ਤੇ ਸਭਿਆਚਾਰਕ ਸਮਾਗਮ ਦੀ ਯਾਦ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਇਕੱਠ ਵਿਚ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿਚੋਂ ਲੇਖਕ ਹੁੰਮ-ਹੁੰਮਾ ਕੇ ਪਹੁੰਚੇ ਸਨ। ਹਰਭਜਨ ਹਲਵਾਰਵੀ ਉਹਨੀਂ ਦਿਨੀਂ ਅੰਡਰ-ਗਰਾਊਂਡ ਸੀ ਤੇ ਪਿਛਲੇ ਕੁਝ ਦਿਨਾਂ ਤੋਂ ਮੇਰੇ ਪਿੰਡ, ਮੇਰੇ ਕੋਲ਼ ਹੀ ਟਿਕਿਆ ਹੋਇਆ ਸੀ। ਅਸੀਂ ਦੋਵੇਂ ਸੁਰ ਸਿੰਘ ਤੋਂ ਚੱਲ ਕੇ ਮਾਨਸਾ ਪਹੁੰਚੇ। ਜੇ ਹਲਵਾਰਵੀ ਉਹਨੀਂ ਦਿਨੀਂ ਮੇਰੇ ਕੋਲ਼ ਨਾ ਹੁੰਦਾ ਤਾਂ ਸ਼ਾਇਦ ਮੈਂ ਆਪਣੇ ਪਿੰਡ ਤੋਂ ਚੱਲ ਕੇ, ਬੱਸਾਂ ਵਿਚ ਧੱਕੇ ਖਾਂਦਾ, ਏਨੀ ਦੂਰ ਮਾਨਸੇ ਨਾ ਹੀ ਜਾਂਦਾ। ਓਥੇ ਮੇਲੇ ਵਰਗਾ ਮਾਹੌਲ ਸੀ। ਦਿਨ ਦੇ ਸਮਾਗਮ ਵਿਚ ਮਾਹੌਲ ਭਖਿਆ ਹੋਇਆ ਸੀ। ਲੇਖਕਾਂ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ। ਔਲਖ ਨੇ ਮਘਦੇ ਹੋਏ ਦਿਲਾਂ ਦੀ ਲੋਅ ਨੂੰ ਇਕ ਹਾਲ ਵਿਚ ਲਿਸ਼ਕਣ ਦਾ ਮੌਕਾ ਮੁਹੱਈਆ ਕਰਵਾ ਕੇ ਪੁੰਨ ਦਾ ਕੰਮ ਕੀਤਾ ਸੀ। ਏਥੇ ਮੈਨੂੰ ਕਈ ਹੋਰ

ਨਵੇਂ ਲੇਖਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਸੰਤ ਰਾਮ ਉਦਾਸੀ ਨੇ ਗੀਤ ਗਾਇਆ:

*ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ, ਖ਼ੈਰ ਸੁੱਖ ਦਾ ਸੁਨੇਹੜਾ ਲਿਆ।*
*ਓਸ ਮਾਂ ਦਾ ਬਣਿਆ ਕੀ ਆਂਦਰਾਂ ਦੀ ਅੱਗ ਜਿਹਦੀ ਗਈ ਕਸਤੂਰੀਆਂ ਖਿੰਡਾ!*

ਝੂਠੇ ਪੁਲਿਸ-ਮੁਕਾਬਲਿਆਂ ਵਿਚ ਮਾਰੇ ਗਏ ਨਕਸਲੀ ਮਿੱਤਰਾਂ ਦੀ ਯਾਦ ਦੀ ਪੀੜ ਅੱਗ ਵਰਗੇ ਹਉਕੇ ਵਿਚ ਤਬਦੀਲ ਹੁੰਦੀ ਜਾ ਰਹੀ ਸੀ। ਵਾਰ-ਵਾਰ 'ਇਨਕਲਾਬ-ਜ਼ਿੰਦਾਬਾਦ' ਦੇ ਨਾਹਰੇ ਲੱਗਦੇ ਤੇ ਅਸਮਾਨ ਵੱਲ ਬਾਹਾਂ ਉੱਲਰਦੀਆਂ। ਰਾਤ ਦੇ ਸਮਾਗਮ ਵਿਚ ਕਵੀ-ਦਰਬਾਰ ਤੇ ਨਾਟਕ ਹੋਏ। ਮਘੇ ਹੋਏ ਮਾਹੌਲ ਦਾ ਜਾਦੂ ਹੀ ਸੀ ਕਿ ਕਵੀ ਦਰਬਾਰ ਵਿਚ ਮੈਂ ਵੀ ਆਪਣਾ ਗੀਤ, *'ਲਾਲੋਆਂ ਦਾ ਯਾਰ, ਦੇ ਕੇ ਭਾਗੋ ਨੂੰ ਵੰਗਾਰ, ਗੱਲ ਸੱਚ ਦੀ ਕਹੇ'* ਗਾਉਣ ਲੱਗ ਪਿਆ। ਅੰਡਰ-ਗਰਾਊਂਡ ਹੋਣ ਕਰ ਕੇ ਹਲਵਾਰਵੀ ਤਾਂ ਸਟੇਜ 'ਤੇ ਨਹੀਂ ਸੀ ਜਾ ਸਕਦਾ। ਰਾਤ ਦੇ ਸਮਾਗਮ ਤੋਂ ਵਿਹਲੇ ਹੋਣ ਤੋਂ ਬਾਅਦ ਅਸੀਂ ਉਹ ਰਾਤ ਅਜਮੇਰ ਔਲਖ ਦੀ ਸੰਗਤ ਵਿਚ ਕੱਟੀ। ਲੰਮੀਆਂ ਗੱਲਾਂ ਹੋਈਆਂ। ਅਜਿਹਾ ਬਾ-ਕਮਾਲ ਤੇ ਬੇਮਿਸਾਲ ਸਮਾਗਮ ਕਰਵਾ ਸਕਣ ਦੀ, ਔਲਖ ਦੀ ਸਮਰੱਥਾ ਬਾਰੇ, ਹਲਵਾਰਵੀ ਤੇ ਮੈਂ, ਔਲਖ ਦੀ ਤਾਰੀਫ਼ ਕਰ ਰਹੇ ਸਾਂ, ਪਰ, ਇਹ ਔਲਖ ਦੀ ਨਿਰਮਾਣਤਾ ਸੀ ਕਿ ਉਹਨੇ ਥੋੜ੍ਹੀ ਕੁ ਧੌਣ ਟੇਢੀ ਕੀਤੀ ਤੇ ਇਕ ਅੱਖ ਮੀਟ ਕੇ ਮੁਸਕਰਾਉਂਦੇ ਹੋਏ ਏਨਾ ਆਖ ਕੇ ਗੱਲ ਮੁਕਾ ਦਿੱਤੀ, "ਹਾਂ, ਠੀਕ ਈ ਹੋ ਗਿਐ! ਤੁਸੀਂ ਸਾਰੇ ਆ 'ਗੇ। ਮੇਲਾ ਬਣ ਗਿਆ। ਮੈਂ ਤਾਂ ਤੁਹਾਨੂੰ 'ਕੱਠੇ ਕਰਨ ਲਈ ਵਸੀਲਾ ਬਣਿਆਂ। ਹੋਰ ਕੁਸ ਨੀਂ।"

ਦਿਨ ਚੜ੍ਹਿਆ। ਛਾਹ-ਵੇਲਾ ਕਰਨ ਤੋਂ ਬਾਅਦ ਤੁਰਨ ਲੱਗੇ ਤਾਂ ਅਸੀਂ ਔਲਖ ਦੇ ਪਰਿਵਾਰ ਨੂੰ ਮਿਲ ਰਹੇ ਸਾਂ। ਇਕ ਗੱਲ ਮੇਰੇ ਚੇਤਿਆਂ ਵਿਚ ਅੱਜ ਵੀ ਜਗ ਰਹੀ ਹੈ। ਔਲਖ ਨੇ ਆਪਣੀ ਵੱਡੀ ਧੀ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਸਾਡੀ ਵੱਡੀ ਧੀ ਸੁਪਨਦੀਪ।" ਹਲਵਾਰਵੀ ਨੇ ਬਾਲੜੀ ਧੀ ਦੇ ਗੋਭਲੇ ਚਿਹਰੇ ਨੂੰ ਹੱਥਾਂ ਵਿਚ ਲੈ ਕੇ ਮੁਸਕਰਾਉਂਦਿਆਂ ਕਿਹਾ, "ਇਹ 'ਸੁਪਨਦੀਪ' ਕਿੱਥੇ ਏ, ਇਹ ਤਾਂ 'ਵਾਸਤਵ-ਦੀਪ' ਏ।" ਹਲਵਾਰਵੀ ਦੀ ਗੱਲ ਸੱਚੀ ਸੀ। ਔਲਖ ਨੇ ਆਪਣੀਆਂ ਧੀਆਂ ਦੀ ਅਜਿਹੀ ਪਰਵਰਿਸ਼ ਕੀਤੀ ਕਿ ਉਹ 'ਵਾਸਤਵ-ਦੀਪ' ਬਣ ਕੇ ਜਗੀਆਂ। ਪਿਤਾ ਦੀ ਬਾਲ਼ੀ ਜੋਤ ਨੂੰ ਆਪਣੇ ਹੱਥਾਂ ਵਿਚ ਲੈ ਕੇ ਪਹਿਲਾਂ ਉਹਦੇ ਬਰਾਬਰ ਦੌੜਦੀਆਂ ਰਹੀਆਂ ਤੇ ਉਹਦੇ ਜਾਣ ਤੋਂ ਬਾਅਦ ਵੀ ਇਹ ਜੋਤ ਜਗਦੀ ਰੱਖੀ।

ਇਹ ਵੀ ਦੱਸਦਾ ਜਾਵਾਂ ਕਿ 'ਸੁਪਨਦੀਪ' ਨਾਂ ਮੈਨੂੰ ਏਨਾ ਚੰਗਾ ਲੱਗਾ ਕਿ ਜਦ ਮੇਰੇ ਘਰ ਪੁੱਤ ਜੰਮਿਆਂ ਤਾਂ ਮੈਂ ਉਹਦਾ ਨਾਂ ਵੀ 'ਸੁਪਨਦੀਪ' ਰੱਖਿਆ।

ਸਾਡੇ ਪਰਿਵਾਰਾਂ ਦੀ ਮੁਕੰਮਲ ਮਿਲਣੀ ਹਰਭਜਨ ਹਲਵਾਰਵੀ ਦੇ ਪਹਿਲੇ ਵਿਆਹ ਮੌਕੇ ਹੋਈ। ਮੇਲ਼ ਵਾਲੇ ਦਿਨ ਔਲਖ-ਦੰਪਤੀ ਤੇ ਬੱਚੀਆਂ ਅਤੇ ਅਸੀਂ ਦੋਵੇਂ ਜੀਅ ਆਪਣੀ ਬੱਚੀ ਰੂਪ ਸਮੇਤ ਹਲਵਾਰਵੀ ਦੇ ਸੁਧਾਰ ਵਾਲੇ ਘਰ ਪਹੁੰਚੇ। 'ਦੋਵੇਂ ਭੈਣਾਂ', ਸਾਡੀਆਂ ਪਤਨੀਆਂ ਆਪਸ ਵਿਚ ਘੁਲ਼-ਮਿਲ ਗਈਆਂ। ਕੋਈ ਓਪਰਪਨ ਨਾ ਰਿਹਾ। ਉਸਤੋਂ ਬਾਅਦ ਜਦ ਵੀ ਮਿਲੇ ਮਨਜੀਤ ਭੈਣ ਨੇ ਸਦਾ ਵੱਡੀ ਭੈਣ ਵਾਲਾ ਮੋਹ ਤੇ ਅਪਣੱਤ ਜਤਾਈ। ਜਦ ਵੀ ਮਿਲਦੇ ਲੱਗਦਾ, ਜਿਵੇਂ ਆਪਣੇ ਹੀ ਪਰਿਵਾਰ ਦੇ ਕਿਸੇ ਜੀਅ ਨੂੰ ਮਿਲ ਰਹੇ ਹੋਈਏ।

1981 ਵਿਚ ਪੰਜਾਬੀ ਸਾਹਿਤ ਅਕਾਦਮੀ ਨੇ ਜਿਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਨੂੰ ਇਨਾਮ ਦਿੱਤਾ, ਉਹਨਾਂ ਵਿਚ ਸੁਰਜੀਤ ਪਾਤਰ ਤੇ ਅਜਮੇਰ ਔਲਖ ਦੇ ਨਾਲ ਮੇਰਾ ਨਾਂ ਵੀ ਸ਼ਾਮਲ ਸੀ। ਅਗਲੇ ਦਿਨ ਇੰਡੀਅਨ ਐਕਪਰੈੱਸ, ਅੰਗਰੇਜ਼ੀ ਤੇ ਪੰਜਾਬੀ ਟ੍ਰਿਬਿਊਨ ਦੇ ਪਹਿਲੇ ਸਫ਼ਿਆਂ 'ਤੇ ਸਾਡੀ ਛੇ-ਕਾਲਮੀ ਤਸਵੀਰ ਛਪੀ। ਇਨਾਮ ਮਿਲਣ 'ਤੇ ਮੈਂ ਇਹ ਕਿਹਾ ਸੀ, "ਮੈਨੂੰ ਇਹ ਇਨਾਮ ਮਿਲਣ ਦੀ ਇਸ ਕਰ ਕੇ ਵੀ ਬਹੁਤ ਖ਼ੁਸ਼ੀ ਹੈ ਕਿ ਮੈਨੂੰ ਇਹ ਇਨਾਮ ਮੇਰੇ ਸਮਕਾਲੀ ਦੋ ਵੱਡੇ ਲੇਖਕਾਂ, ਪਾਤਰ ਅਤੇ ਔਲਖ ਦੇ ਨਾਲ ਮਿਲ ਰਿਹਾ ਹੈ। ਇਹਨਾਂ ਦੋਵਾਂ ਲੇਖਕਾਂ ਦੇ ਬਰਾਬਰ ਖਲੋਣਾ ਹੀ ਮੇਰੀ ਵੱਡੀ ਪ੍ਰਾਪਤੀ ਹੈ।" ਨਿਰਸੰਦੇਹ ਇਹ ਦੋਵੇਂ ਲੇਖਕ ਉਦੋਂ ਵੀ ਤੇ ਹੁਣ ਵੀ ਮੇਰੇ ਨਾਲੋਂ ਕਿਤੇ ਵੱਡੇ ਸਨ/ਹਨ, ਪਰ ਇਹ ਇਹਨਾਂ ਦੀ ਵਡਿਆਈ ਜਾਣੋ ਕਿ ਮੈਨੂੰ 'ਬੈਠੇ' ਹੋਏ ਨੂੰ

ਬਾਹੋਂ ਫੜ ਕੇ ਆਪਣੇ ਨਾਲ ਬਰਾਬਰ ਖੜ੍ਹਾ ਕਰ ਲੈਂਦੇ ਰਹੇ।

ਮੈਨੂੰ ਕੋਈ ਇਨਾਮ-ਸਨਮਾਨ ਮਿਲਣਾ ਹੁੰਦਾ ਤਾਂ ਔਲਖ ਆਪਣੀ ਹਾਜ਼ਰੀ ਨਾਲ ਸਮਾਗਮ ਨੂੰ ਸ਼ਾਨਾਂ-ਮੱਤਾ ਬਣਾ ਦਿੰਦਾ। ਜਦ ਕਦੀ ਉਹਨੂੰ ਕਾਲਿਜ ਵਿਚ ਰੂ-ਬ-ਰੂ ਕਰਨ ਲਈ ਬੁਲਾਇਆ, ਉਹ ਮਾਨਸੇ ਤੋਂ ਜਲੰਧਰ ਤਕ ਆਪਣੀ ਮਾਰੂਤੀ ਕਾਰ ਭਜਾਉਂਦਾ ਸਮੇਂ ਤੋਂ ਪਹਿਲਾਂ ਪਹੁੰਚਿਆ ਹੁੰਦਾ। ਜਦ ਕਿਤੇ ਨਾਟਕ ਕਰਨ ਲਈ ਬੇਨਤੀ ਕਰਦਾ, ਉਹ ਆਪਣੀ ਟੀਮ ਨਾਲ ਉੱਡਿਆ ਅਉਂਦਾ। ਅਸੀਂ ਆਪਣੇ ਪਿੰਡ ਦੇ ਗ਼ਦਰੀ ਸ਼ਹੀਦਾਂ ਦੀ ਯਾਦ ਵਿਚ ਹਾਲ ਉਸਾਰਿਆ। ਉਸ ਹਾਲ ਦਾ ਉਦਘਾਟਨ ਕਰਨ ਵਾਸਤੇ ਕੀਤੇ ਜਾਣ ਵਾਲੇ ਸਮਾਗਮ ਵਿਚ ਅਸੀਂ ਅਜਮੇਰ ਔਲਖ ਦਾ ਨਾਟਕ ਕਰਵਾਉਣ ਦਾ ਫ਼ੈਸਲਾ ਲਿਆ। ਜਦੋਂ ਤਕ ਅਸੀਂ ਜਲੰਧਰੋਂ ਚੱਲ ਕੇ ਸਮਾਗਮ-ਸਥਾਨ 'ਤੇ ਪਹੁੰਚੇ ਉਦੋਂ ਕਿਤੇ ਪਹਿਲਾਂ ਔਲਖ-ਦੰਪਤੀ ਆਪਣੀ ਟੀਮ ਸਮੇਤ ਸੈਂਕੜੇ ਮੀਲ ਦਾ ਪੈਂਡਾ ਕਰ ਕੇ ਸਾਡੇ ਪਿੰਡ ਪਹੁੰਚ ਚੁੱਕੀ ਸੀ ਤੇ ਔਲਖ ਨਾਟਕ ਲਈ ਸਟੇਜ ਤਿਆਰ ਕਰਨ ਵਿਚ ਰੁੱਝਾ ਹੋਇਆ ਸੀ। ਓਥੇ ਉਹਨੇ ਮੇਰੀ ਹੀ ਕਹਾਣੀ 'ਤੇ ਆਧਾਰਤ ਨਾਟਕ 'ਆਪਣਾ ਆਪਣਾ ਹਿੱਸਾ' ਖੇਡ ਕੇ ਪਿੰਡ ਦੇ ਦਰਸ਼ਕਾਂ ਨੂੰ ਕੀਲ ਲਿਆ।

ਮੇਰੇ ਬੇਟੇ ਸੁਪਨਦੀਪ ਨੇ ਕਨੇਡਾ ਵਿਚ ਆ ਕੇ ਇਕ ਮਾਸਿਕ-ਪੱਤਰ 'ਸੀਰਤ' ਦੀ ਪ੍ਰਕਾਸ਼ਨਾਂ ਸ਼ੁਰੂ ਕੀਤੀ ਤਾਂ ਉਹਨੇ ਅਜਮੇਰ ਔਲਖ ਨੂੰ ਬੇਨਤੀ ਕੀਤੀ ਕਿ ਉਹ 'ਸੀਰਤ' ਵਾਸਤੇ ਜ਼ਰੂਰ ਕੁਝ ਲਿਖ ਕੇ ਭੇਜਿਆ ਕਰੇ। ਕੁਝ ਮੇਰਾ ਲਿਹਾਜ਼, ਕੁਝ ਭਤੀਜੇ ਦਾ ਮਾਣ। ਔਲਖ ਨੇ 'ਸੀਰਤ' ਵਾਸਤੇ ਲਗਾਤਾਰ ਆਪਣੀ ਸਵੈ-ਜੀਵਨੀ ਲਿਖਣੀ ਸ਼ੁਰੂ ਕੀਤੀ। ਸੁਪਨਦੀਪ ਨੇ 'ਪ੍ਰਾਈਮ ਏਸ਼ੀਆ' ਟੀ ਵੀ 'ਤੇ ਅਜਮੇਰ ਔਲਖ ਦੇ ਜੀਵਨ ਅਤੇ ਕਲਾ ਬਾਰੇ ਵਿਸ਼ੇਸ਼ ਪ੍ਰੋਗਰਾਮ ਕੀਤਾ। ਇਸ ਤੋਂ ਇਲਾਵਾ ਇਕ ਪ੍ਰੋਗਰਾਮ ਉਹਨੇ ਉਚੇਚੇ ਤੌਰ 'ਤੇ ਔਲਖ ਦੀ ਮਾਂ ਦੀ ਵਿਸ਼ੇਸ਼ਤਾ ਤੇ ਔਲਖ ਦੇ ਜੀਵਨ ਵਿਚ ਉਹਦੇ ਯੋਗਦਾਨ ਬਾਰੇ ਵੀ ਕੀਤਾ ਸੀ। ਦੋਵੇਂ ਪਰੋਗਰਾਮ ਅੱਜ ਵੀ ਯੂ ਟਿਊਬ 'ਤੇ ਵੇਖੇ ਜਾ ਸਕਦੇ ਹਨ।

### ਮੈਨੂੰ ਲੇਖਕ ਹੋਣ ਦਾ ਸਰਟੀਫ਼ਿਕੇਟ ਦਿੱਤਾ

ਲੇਖਕ ਭਾਵੇਂ ਕੋਈ ਵੀ ਹੋਵੇ, ਆਪਣੀਆਂ ਲਿਖਤਾਂ ਦੇ ਕਦਰ-ਦਾਨ ਬੋਲਾਂ ਦੀ ਉਡੀਕ ਵਿਚ ਰਹਿੰਦਾ ਹੈ। ਜੇ ਉਹਦੀ ਕਦਰ ਕਿਸੇ ਵੱਡੇ ਆਲੋਚਕ ਦੀ ਥਾਂ ਉਹਦੇ ਕਿਸੇ ਵੱਡੇ ਸਮਕਾਲੀ ਲੇਖਕ ਵੱਲੋਂ ਕੀਤੀ ਜਾਵੇ ਤਾਂ ਉਹ ਰਾਇ ਉਸ ਲਈ ਹੋਰ ਵੀ ਵਧੇਰੇ ਮਹੱਤਵਪੂਰਨ ਹੁੰਦੀ ਹੈ। ਮੇਰੇ ਬਾਰੇ ਲਗਪਗ ਸਾਰੇ ਕਹਿੰਦੇ-ਕਹਾਉਂਦੇ ਆਲੋਚਕਾਂ ਨੇ ਲਿਖਿਆ ਹੈ, ਪਰ ਜੋ ਖ਼ੁਸ਼ੀ ਮੈਨੂੰ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਗੁਰਸ਼ਰਨ ਸਿੰਘ, ਰਾਮ ਸਰੂਪ ਅਣਖੀ, ਪਾਸ਼, ਸੁਰਜੀਤ ਪਾਤਰ ਵੱਲੋਂ ਲਿਖੀਆਂ ਮੁਹੱਬਤੀ ਸਤਰਾਂ ਨੇ ਦਿੱਤੀ ਹੈ, ਓਨੀ ਵੱਡੇ ਆਲੋਚਕਾਂ ਦੇ ਵੱਡੇ ਲੇਖਾਂ ਨੇ ਨਹੀਂ ਦਿੱਤੀ। ਸਮੇਂ ਸਮੇਂ ਅਜਮੇਰ ਔਲਖ ਨੇ ਵੀ ਮੇਰੀਆਂ ਲਿਖਤਾਂ ਅਤੇ ਮੇਰੇ ਵਿਚਾਰਾਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਏਥੇ ਮੈਂ ਅਜਮੇਰ ਔਲਖ ਦਾ ਇਕ ਈ-ਮੇਲ ਪੱਤਰ ਸਾਂਝਾ ਕਰ ਰਿਹਾਂ ਜੋ ਉਹਨੇ 25 ਅਪਰੈਲ 2013 ਨੂੰ ਮੈਨੂੰ ਲਿਖਿਆ ਸੀ। ਉਹਦੇ ਇਸ ਪੱਤਰ ਨੂੰ ਮੈਂ 'ਸਰਟੀਫ਼ਿਕੇਟ' ਵਜੋਂ ਆਪਣੇ ਨਵੇਂ ਛਪੇ ਕਹਾਣੀ-ਸੰਗ੍ਰਹਿ 'ਜਮਰੌਦ' ਦੇ ਪਿਛਲੇ ਪੰਨੇ 'ਤੇ ਦਰਜ ਕੀਤਾ ਹੈ। ਪਰਿਵਾਰ ਦੀ ਸੁੱਖ-ਸਾਂਦ ਪੁੱਛਣ ਤੋਂ ਬਾਅਦ ਉਹਨੇ ਲਿਖਿਆ ਸੀ: *"'ਸਿਰਜਣਾ' ਵਿਚ ਪਹਿਲਾਂ ਤੁਹਾਡੀਆਂ ਕਹਾਣੀਆਂ 'ਜਮਰੌਦ' ਤੇ 'ਰਿਮ ਝਿਮ ਪਰਬਤ' ਪੜ੍ਹੀਆਂ ਸਨ ਤੇ ਹੁਣ ਤੁਹਾਡੀ ਸਵੈਜੀਵਨੀ ਦਾ ਹਿੱਸਾ ਪੜ੍ਹਿਆ। ਇਹ ਤੁਹਾਡੀ ਸਵੈਜੀਵਨੀ ਦਾ ਹਿੱਸਾ ਤਾਂ ਹੈ ਹੀ ਪਰ ਇਕ ਬਹੁਤ ਹੀ ਖ਼ੂਬਸੂਰਤ ਲਿਟਰੇਰੀ ਪੀਸ ਵੀ ਬਣ ਗਿਆ ਹੈ। ਰਿਸ਼ਤਿਆਂ ਦੀ ਥਹੁ ਪਾਉਣ ਵਾਲਾ ਲਿਟਰੇਰੀ ਪੀਸ। ਬੇਸ਼ੱਕ ਪੰਜਾਬੀ ਕਹਾਣੀ ਜਗਤ ਵਿਚ ਅਜੇ ਵੀ ਝੰਡਾ ਵਰਿਆਮ ਸੰਧੂ ਦੇ ਹੱਥ ਵਿਚ ਹੀ ਹੈ। ਤੁਹਾਡੇ ਵਰਗੇ ਜਿਹੜੇ ਲੇਖਕ ਜ਼ਿੰਦਗੀ ਨਾਲ ਵਫ਼ਾ ਨਿਭਾਉਂਦੇ ਹਨ, ਉਹਨਾਂ ਦੇ ਹੱਥੋਂ ਸਾਹਿਤਕ ਝੰਡਾ ਕੋਈ ਲੱਲੂ-ਪੰਜੂ ਨਹੀਂ ਖੋਹ ਸਕਦਾ।"*

**ਸਾਡਾ ਮੋ-ਯਾਂ ਅਜਮੇਰ ਸਿੰਘ ਔਲਖ**

ਬੰਦਾ ਆਪਣੇ ਹਾਲਾਤ ਅਤੇ ਇਤਿਹਾਸ ਦਾ ਬਣਾਇਆ ਬਣਦਾ ਹੈ। ਅਜਮੇਰ ਔਲਖ ਦੇ 'ਅਜਮੇਰ ਔਲਖ' ਬਣਨ ਵਿਚ ਉਹਦੇ ਪਰਿਵਾਰਕ ਜੀਵਨ, ਇਤਿਹਾਸ, ਸਮਕਾਲੀ ਹਾਲਾਤ, ਸੁਹਬਤ ਤੇ ਸੰਗਤ ਦਾ ਬਹੁਤ ਯੋਗਦਾਨ ਸੀ। ਸਭ ਤੋਂ ਪਹਿਲਾਂ ਉਹਦੀ ਮਾਂ ਦੀ ਗੱਲ ਹੀ ਕਰਦੇ ਹਾਂ। ਉਹਦੀ ਮਾਂ ਦੀ ਗੱਲ ਕਰਨ ਤੋਂ ਪਹਿਲਾਂ ਨੋਬਲ ਇਨਾਮ ਜੇਤੂ ਚੀਨੀ ਲੇਖਕ ਮੋ ਯਾਂ ਦੀ ਗੱਲ ਨਾ ਕਰ ਲਈਏ! ਦੋਵਾਂ ਮਾਵਾਂ ਨਾਲ 'ਕੁਝ ਇਕੋ ਜਿਹਾ' ਵਾਪਰਿਆ ਸੀ। ਦੋਵਾਂ ਪੁੱਤਰਾਂ ਨੇ ਆਪਣੀਆਂ ਮਾਵਾਂ ਨਾਲ ਵਾਪਰੇ ਦੁਖਾਂਤ ਦਾ ਬਦਲਾ ਲੈਣ ਲਈ ਕਲਮ ਤੇ ਕਲਾ ਦਾ ਆਸਰਾ ਲਿਆ।

ਚੀਨ ਵਿਚ ਵੀ ਗ਼ਰੀਬ ਬੰਦੇ ਅਕਸਰ ਕਣਕ ਦੇ ਅੱਧ-ਪੱਕੇ ਸਿੱਟੇ ਮਾਲਕ ਦੇ ਖੇਤ ਵਿਚੋਂ ਚੋਰੀ ਕਰ ਕੇ ਹੋਲ਼ਾਂ ਭੁੰਨ ਕੇ ਖਾ ਲੈਂਦੇ ਸਨ ਜਿਵੇਂ ਅਸੀਂ ਪੰਜਾਬ ਵਿਚ ਛੋਲਿਆਂ ਦੀਆਂ ਹੋਲ਼ਾਂ ਭੁੰਨ ਕੇ ਖਾਂਦੇ ਹਾਂ। ਇਕ ਦਿਨ ਚੋਰੀ ਹੋਲ਼ਾਂ ਭੁੰਨਣ ਵਾਲਿਆਂ ਨੂੰ ਚੌਕੀਦਾਰ ਨੇ ਵੇਖ ਲਿਆ। ਉਹਨੇ ਨੇੜੇ ਆ ਕੇ ਲਲਕਾਰਾ ਮਾਰ ਕੇ ਹੋਲ਼ਾਂ ਖਾਣ ਲਈ ਜੁੜ ਬੈਠੇ ਲੋਕਾਂ ਨੂੰ ਗਾਲ੍ਹਾਂ ਕੱਢੀਆਂ। ਹੋਲ਼ਾਂ ਭੁੰਨਣ ਵਾਲਿਆਂ ਵਿਚ ਮੋ ਯਾਂ ਦੀ ਮਾਂ ਵੀ ਸੀ। ਚੌਕੀਦਾਰ ਨੂੰ ਦੇਖ ਕੇ ਬਾਕੀ ਸਭ ਭੱਜ ਗਏ, ਪਰ ਮੋ-ਯਾਂ ਦੀ ਮਾਂ ਦੇ ਪੈਰਾਂ ਵਿਚ 'ਨੁਕਸ' ਸੀ। ਡੁੱਡੇ ਪੈਰਾਂ ਕਾਰਨ ਉਹ ਦੌੜ ਨਾ ਸਕੀ। ਹੱਟੇ-ਕੱਟੇ, ਉੱਚੇ-ਲੰਮੇਂ ਚੌਕੀਦਾਰ ਨੇ ਬਦਮਾਸ਼ੀ ਕਰਦਿਆਂ ਕਮਜ਼ੋਰ ਮਾਂ ਨੂੰ ਏਨੇ ਜ਼ੋਰ ਨਾਲ ਘਸੁੰਨ ਮਾਰਿਆ ਕਿ ਮਾਂ ਬੁੜ੍ਹਕ ਕੇ ਜ਼ਮੀਨ 'ਤੇ ਜਾ ਡਿੱਗੀ। ਉਹਦਾ ਬੁੱਲ੍ਹ ਪਾਟ ਗਿਆ ਤੇ ਉਸ ਵਿਚੋਂ ਖ਼ੂਨ ਦੀ ਤਤੀਰੀ ਵਗਣ ਲੱਗੀ। ਮੋ ਯਾਂ ਭੱਜ ਕੇ ਡਿੱਗੀ ਹੋਈ ਮਾਂ ਕੋਲ਼ ਗਿਆ। ਮਾਂ ਦੀ ਬੇਵੱਸੀ ਤੇ ਉਹਦਾ ਲਾਚਾਰ ਮੂੰਹ ਵੇਖ ਕੇ ਉਹਨੂੰ ਬੜਾ ਦੁੱਖ ਲੱਗਾ। ਉਹ ਛੋਟਾ ਬਾਲ ਸੀ, ਮਾਸੂਮ ਤੇ ਬੇਵੱਸ । ਚੌਕੀਦਾਰ ਦਾ ਕੁਝ ਵੀ ਨਹੀਂ ਸੀ ਵਿਗਾੜ ਸਕਦਾ। ਕਈ ਸਾਲ ਲੰਘ ਗਏ ਇਸ ਦੁਰਘਟਨਾ ਵਾਪਰੀ ਨੂੰ। ਹੁਣ ਮੋ ਯਾਂ ਜਵਾਨ ਹੋ ਚੁੱਕਾ ਸੀ। ਇਕ ਦਿਨ ਉਹ ਅਤੇ ਉਹਦੀ ਮਾਂ ਬਾਜ਼ਾਰ ਗਏ। ਓਥੇ ਉਹਨੂੰ ਇਕ ਬੁੱਢਾ ਜਿਹਾ ਬੰਦਾ ਦਿਸਿਆ। ਉਹਨੇ ਧਿਆਨ ਨਾਲ ਵੇਖਿਆ। ਇਹ ਤਾਂ ਓਹੋ ਚੌਕੀਦਾਰ ਸੀ, ਜਿਸ ਨੇ ਉਹਦੀ ਮਾਂ ਨੂੰ ਘਸੁੰਨ ਮਾਰ ਕੇ ਉਹਦਾ ਮੂੰਹ ਜ਼ਖ਼ਮੀ ਕਰ ਦਿੱਤਾ ਸੀ। ਬੇਸ਼ੱਕ ਹੁਣ ਉਹ ਬੁੱਢਾ ਹੋ ਚੁੱਕਾ ਸੀ, ਉਹਦੇ ਵਾਲ਼ ਵੀ ਸਫੈਦ ਹੋ ਗਏ ਸਨ, ਪਰ ਉਹਨੂੰ ਪਛਾਨਣਾ ਮੁਸ਼ਕਿਲ ਨਹੀਂ ਸੀ। ਮੋ ਯਾਂ ਨੂੰ ਮਾਂ ਵਾਲੀ ਘਟਨਾ ਚੇਤੇ ਆਈ। ਉਹਨੂੰ ਗ਼ੁੱਸਾ ਚੜ੍ਹ ਗਿਆ। ਉਹ ਚੌਕੀਦਾਰ ਨੂੰ ਮਾਰਨ ਲਈ ਉਸ ਵੱਲ ਜਾਣ ਲੱਗਾ ਤਾਂ ਉਹਦੀ ਮਾਂ ਨੇ ਉਹਦਾ ਹੱਥ ਫੜ ਲਿਆ ਤੇ ਕਿਹਾ, "ਰਹਿਣ ਦੇ। ਇਹ ਉਹ ਆਦਮੀ ਨਹੀਂ ਪੁੱਤਰ, ਜਿਸਨੇ ਮੇਰੇ ਥੱਪੜ ਮਾਰਿਆ ਸੀ। ਉਹ ਕੋਈ ਹੋਰ ਸੀ। ਹੁਣ ਮੈਂ ਵੀ ਤਾਂ ਕੋਈ ਹੋਰ ਆਂ।"

ਮੋ ਯਾਂ ਚੌਕੀਦਾਰ ਤੋਂ ਆਪਣੀ ਮਾਂ ਨਾਲ ਹੋਈ ਵਧੀਕੀ ਦਾ ਬਦਲਾ ਲੈਣਾ ਚਾਹੁੰਦਾ ਸੀ ਪਰ ਉਹਦੀ ਮਾਂ ਨੇ ਉਹਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ। ਮਾਂ ਨੇ ਠੀਕ ਕਿਹਾ ਸੀ ਕਿ ਜਿਸ ਨੇ ਉਹਨੂੰ ਘਸੁੰਨ ਮਾਰਿਆ ਸੀ, 'ਉਹ ਕੋਈ ਹੋਰ ਸੀ।' ਕੌਣ ਸੀ 'ਉਹ ਕੋਈ ਹੋਰ?' ਉਹ ਤਾਂ ਇਕ ਸਿਸਟਮ ਸੀ, ਜਿਹੜਾ ਉਸ ਚੌਕੀਦਾਰ ਦੇ ਪਿੱਛੇ ਖਲੋਤਾ ਸੀ। ਸਮਾਂ ਪਾ ਕੇ ਮੋ ਯਾਂ ਨੂੰ ਇਹ ਗੱਲ ਸਮਝ ਆ ਗਈ। ਫਿਰ ਮੋ ਯਾਂ ਉਸ ਜ਼ਾਲਮ ਸਿਸਟਮ ਨੂੰ ਬਦਲਣ ਲਈ ਆਪਣੀਆਂ ਲਿਖਤਾਂ ਰਾਹੀਂ ਲੜਾਈ ਲੜਨ ਲੱਗਾ।

ਹੁਣ ਔਲਖ ਦੀ ਮਾਂ ਬਾਰੇ ਗੱਲ ਕਰਦੇ ਹਾਂ। ਰਿਆਸਤੀ ਰਾਜ ਦੇ ਜਾਗੀਰਦਾਰੀ ਸਮਾਜ ਵਿਚ ਵਿਚ ਵਸਣ ਵਾਲਾ ਔਲਖ ਹੁਰਾਂ ਦਾ ਪਰਿਵਾਰ ਗ਼ਰੀਬ ਕਿਸਾਨ ਪਰਿਵਾਰ ਸੀ। ਸ਼ਾਇਦ ਉਹਨਾਂ ਦੀ ਆਰਥਿਕ ਹਾਲਤ ਵੀ ਓਹੋ ਜਿਹੀ ਸੀ ਜਿਹੋ ਜਿਹੀ ਆਰਥਿਕ ਹਾਲਤ ਮੋ-ਯਾਂ ਦੇ ਪਰਿਵਾਰ ਦੀ ਸੀ। ਉਦੋਂ ਔਲਖ ਦੀ ਉਮਰ ਮੋ ਯਾਂ ਦੀ ਉਮਰ ਜਿੰਨੀ ਹੀ, ਸੱਤ-ਅੱਠ ਕੁ ਸਾਲ ਦੀ ਸੀ। ਉਸ ਸਮੇਂ ਦੇਸ ਨੂੰ ਤਾਂ ਆਜ਼ਾਦੀ ਮਿਲ ਗਈ ਸੀ ਪਰ ਉਹਨਾਂ ਦਾ ਪਿੰਡ ਅਜੇ ਜਾਗਰੀਦਾਰੀ ਦੇ ਜੂਲ਼ੇ ਹੇਠ ਹੀ ਸੀ। ਮੁਜ਼ਾਰੇ ਕਿਸਾਨ ਜਾਗੀਰਦਾਰਾਂ ਦੀ ਜ਼ਮੀਨ 'ਵਟਾਈ' ਉੱਤੇ ਵਾਹੁੰਦੇ ਸਨ। ਜਦ ਖੇਤਾਂ ਵਿਚ ਕੰਮ ਕਰ ਕੇ ਕਿਸਾਨ ਮਰਦ ਤੇ ਇਸਤਰੀਆਂ ਸ਼ਾਮ ਨੂੰ ਵਾਪਿਸ ਘਰ ਆਉਂਦੇ ਸਨ ਤਾਂ ਪਿੰਡ

ਦੀ ਸੱਥ ਵਿਚ ਜਾਗਰੀਦਾਰ ਦੇ ਕਰਿੰਦੇ ਉਹਨਾਂ ਦੀਆਂ ਹਰੇ ਦੀਆਂ ਭਰੀਆਂ ਤੇ ਭਾਂਡਿਆਂ-ਟੀਂਡਿਆਂ ਆਦਿ ਦੀ ਫਰੋਲ਼ਾ-ਫਰਾਲ਼ੀ ਕਰਿਆ ਕਰਦੇ ਸਨ। ਇਸਨੂੰ ਜਾਗੀਰਦਾਰੀ ਭਾਸ਼ਾ ਵਿਚ 'ਤਲਾਸ਼ੀ ਕਰਨਾ' ਆਖਦੇ ਸਨ। ਤਲਾਸ਼ੀ ਇਸ ਲਈ ਕਿ ਕਿਤੇ ਕੋਈ ਖੇਤੋਂ ਚਰ੍ਹੀ ਦੀ ਭਰੀ ਜਾਂ ਪਤੀਲੇ, ਗੜਵੇ, ਘੜੇ ਆਦਿ ਵਿਚ ਕੋਈ ਚੀਜ਼ (ਕਪਾਹ ਦਾ ਰੁੱਗ, ਗੰਨੇ ਦੀ ਪੋਰੀ, ਛੱਲੀ, ਕੱਦੂ, ਤੋਰੀ ਆਦਿ) ਨਾ ਛੁਪਾ ਲਿਆਇਆ ਹੋਵੇ। ਜੇ ਕੋਈ ਅਜਿਹਾ ਕਰਦਾ ਫੜਿਆ ਜਾਂਦਾ ਤਾਂ ਉਸਦੀ ਪੂਰੀ ਲਾਹ-ਪਾਹ ਕੀਤੀ ਜਾਂਦੀ ਤੇ ਕਈ ਵਾਰ ਜੁਰਮਾਨੇ ਵਜੋਂ ਮੁਜ਼ਾਰੇ ਕਿਸਾਨ ਦੀ ਜਿਨਸ ਦੇ ਹਿੱਸੇ ਵਿਚੋਂ ਕਟੌਤੀ ਵੀ ਕਰ ਲਈ ਜਾਂਦੀ। ਔਲਖ ਵਰਗੇ ਪਿੰਡ ਦੇ ਜਵਾਕ ਦੂਰ ਖੜ੍ਹੇ ਇਹੋ-ਜਿਹੀਆਂ ਝਾਕੀਆਂ ਨਿੱਤ ਹੀ ਵੇਖਦੇ।

ਇਕ ਦਿਨ ਅਚਾਨਕ ਔਲਖ ਕੀ ਵੇਖਦਾ ਹੈ ਕਿ ਜਾਗੀਰਦਾਰ ਦਾ ਇਕ ਕਰਿੰਦਾ ਇਕ ਕਿਸਾਨ ਔਰਤ ਨੂੰ ਉੱਚੀ-ਉੱਚੀ ਕੁੱਝ ਬੁਰਾ-ਭਲਾ ਕਹਿੰਦਾ ਹੋਇਆ ਝਿੜਕਾਂ ਤੇ ਲਾਹਣਤਾਂ ਪਾ ਰਿਹਾ ਹੈ। ਔਰਤ ਵੀ ਕੁੱਝ ਬੋਲ ਰਹੀ ਹੈ, ਪਰ ਬਹੁਤਾ ਉੱਚਾ ਨਹੀਂ। ਇਹ ਔਲਖ ਦੀ ਮਾਂ ਸੀ। ਕਰਿੰਦੇ ਅਤੇ ਮਾਂ ਦੁਆਲ਼ੇ ਇਕ ਭੀੜ ਜਿਹੀ ਇਕੱਠੀ ਹੋ ਜਾਂਦੀ ਹੈ। ਭੀੜ 'ਕੱਠੀ ਹੋਣ 'ਤੇ ਮਾਂ ਦੀ ਆਵਾਜ਼ ਪਹਿਲਾਂ ਨਾਲੋਂ ਕੁੱਝ ਹੋਰ ਵਧੇਰੇ ਕਰੜੀ ਤੇ ਗੁਸੈਲੀ ਹੋ ਜਾਂਦੀ ਹੈ। ਕਰਿੰਦੇ ਦੀਆਂ ਪਾਈਆਂ ਝਾੜਾਂ ਦਾ ਗੁੱਸੇ ਵਿਚ ਜਵਾਬ ਦਿੰਦੀ ਕਹਿ ਰਹੀ ਹੈ, "ਕੀ ਹੋ ਗਿਆ ਕੰਜਰਾ! ਜਾਏ-ਖਾਣੇ ਦੀ ਇਕ ਛੱਲੀ ਈ ਤਾਂ ਸੀ? ਤੜਕੇ ਘਰੋਂ ਤੁਰਨ ਵੇਲੇ ਜੁਆਕ ਨੇ ਕਹਿ-ਤਾ ਸੀ ਬਈ "ਬੇਬੇ ਮੇਰਾ ਭੁੰਨੀ ਹੋਈ ਛੱਲੀ ਖਾਣ ਨੂੰ ਜੀਅ ਕਰਦੈ", ਤਾਂ ਲੈ ਆਈ ਸੀ ਖੇਤੋਂ। ਲੈ ਤੂੰ ਰੱਖ ਲੈ ਇਹ! ਭਰ ਦੇ ਆਵਦੇ ਸਰਦਾਰ ਦੇ ਕਾਕਿਆਂ ਦੇ ਢਿੱਡ! ਸਾਡੇ ਜੁਆਕ ਤਾਂ ਨੰਗੇ-ਭੁੱਖੇ ਵੀ ਕੱਟ ਲੈਣਗੇ ਕਿਵੇਂ ਨਾ ਕਿਵੇਂ!" ਤੇ ਇਹ ਕਹਿ ਕੇ ਮਾਂ ਭੀੜ ਵਿਚੋਂ ਬਾਹਰ ਨਿਕਲਦੀ ਘਰ ਵੱਲ ਤੁਰ ਪੈਂਦੀ ਹੈ।

### ਖਾਮੋਸ਼ ਰਹਿਣ ਵਾਲੀ ਮਾਂ ਨਾਟਕਾਂ ਵਿਚ 'ਬੋਲਣ ਲੱਗੀ'

ਪਰਿਵਾਰਕ ਹਾਲਾਤ ਦਾ ਲੇਖਕ ਦੀ ਰਚਨਾ 'ਤੇ ਵੀ ਅਸਰ ਪੈਂਦਾ ਹੈ। ਬੇਸ਼ੱਕ ਮਾਂ ਸਦਾ ਧੀਮੀ ਆਵਾਜ਼ ਵਿਚ ਆਪਣਾ ਦੁੱਖ, ਗ਼ੁੱਸਾ ਜਾਂ ਨਰਾਜ਼ਗੀ ਜ਼ਾਹਿਰ ਕਰਦੀ ਸੀ। ਪਰ ਮਾਂ ਦਾ 'ਚੁੱਪ-ਗ਼ੁੱਸਾ' ਬਚਪਨ ਤੋਂ ਹੀ ਔਲਖ ਅੰਦਰ, ਬੇਇਨਸਾਫ਼ੀ ਦੇ ਖ਼ਿਲਾਫ਼ ਰਿੱਝਣ ਲੱਗਾ ਸੀ। ਮਾਂ ਦਾ ਉਹ ਨਿੱਤ ਦਾ 'ਖ਼ਾਮੋਸ਼ ਗ਼ੁੱਸਾ' ਪਲਟਵੇਂ ਰੂਪ ਵਿਚ ਉਹਦੇ ਨਾਟਕਾਂ ਵਿਚ ਪੇਸ਼ ਹੋਣ ਵਾਲੀ ਮਾਂ ਦੇ ਮੂੰਹ ਚੜ੍ਹ ਕੇ ਬੋਲਦਾ ਸੁਣਾਈ ਦੇਣ ਲੱਗਾ। ਔਲਖ ਦੀ ਮਾਂ ਨੂੰ ਬਹੁਤਾ ਗ਼ੁੱਸਾ ਆਪਣੇ ਘਰਵਾਲੇ 'ਤੇ ਹੁੰਦਾ ਸੀ, ਜਿਸ ਦੇ ਘਾਟੇ-ਵੰਦੇ ਫ਼ੈਸਲੇ ਤੇ ਸੌਦੇ ਪਰਿਵਾਰ ਲਈ ਸਦਾ ਨੁਕਸਾਨ-ਦੇਹ ਹੁੰਦੇ। ਪਰ ਉਹ ਉਭਾਸਰ ਕੇ ਨਾ ਬੋਲ ਸਕਦੀ। 'ਬਗਾਨੇ ਬੋਹੜ ਦੀ ਛਾਂ' ਦੀ ਆਰਥਿਕ ਤੰਗੀਆਂ ਦੀ ਸਤਾਈ ਕਿਸਾਨ-ਇਸਤਰੀ ਗੁਰਨਾਮੋ ਅਸਲ ਵਿਚ ਔਲਖ ਦੀ ਮਾਂ ਹੀ ਹੈ ਜਿਸ ਦੇ ਬੋਲ ਪਤੀ 'ਤੇ ਕੱਢੀ ਜਾਣ ਵਾਲੀ ਭੜਾਸ ਦਾ ਹੀ ਉਗਰ ਰੂਪ ਹਨ,"ਦੀਂਹਦਾ ਹੁੰਦਾ ਤਾਂ ਫੇਰ ਆਹ ਹਾਲ ਹੁੰਦਾ ਇਸ ਘਰ ਦਾ? ਇਸ ਜੱਟ ਦੇ ਕੁਚੱਜੇ ਕੰਮਾਂ ਨੇ ਅਸੀਂ ਤਾਂ ਖੁੰਘਲ ਕਰ ਕੇ ਰੱਖ 'ਤੇ!"

ਤੇ ਘਰ ਦੀ ਜ਼ਮੀਨ ਦੇ ਦੋ ਕਿੱਲੇ ਖੁਰਦ-ਬੁਰਦ ਕਰਨ ਦਾ ਉਸਨੂੰ ਮਿਹਣਾ ਮਾਰਦੀ ਅੱਗੇ ਆਖਦੀ ਹੈ: "ਚੰਗਾ, ਰਹਿੰਦੇ ਵੀ ਰੱਖਦੇ! ਕਸਰ ਨਾ ਛੱਡੀਂ! ਤੂੰ ਜੱਟਾ ਮੇਰੇ ਪੁੱਤਾਂ ਨੂੰ ਮੰਗਤਾ ਬਣਾ ਕੇ ਠੂਠਾ ਫੜਾਉਣੈਂ, ਫੜਾ-ਦੀਂ! ਤੇਰੇ ਚਾਅ ਨਾ ਦਿਲ ਵਿਚ ਰਹਿ ਜਾਣ ਕਿਤੇ!"

ਆਰਥਿਕ ਤੰਗੀਆਂ ਦੀਆਂ ਘੁੰਮਣ-ਘੇਰੀਆਂ ਵਿਚ ਪਈ, ਛੱਤ ਵੱਲ ਵਿੰਹਦੀ ਮਾਂ ਦੇ ਮੂੰਹੋਂ ਆਪ-ਮੁਹਾਰੇ ਹੀ ਨਿਕਲ ਜਾਂਦਾ, "ਪਤਾ ਨੀ ਬਦਲੇ ਲੈਣਾ ਰੱਬ ਕਿੱਦੇਂ ਸਾਡੇ ਵੱਲ ਸਵੱਲੀ ਅੱਖ ਨਾਲ ਝਾਕੂ? ਦਿਨ-ਬ-ਦਿਨ ਹੇਠਾਂ-ਈ-ਹੇਠਾਂ ਖਿੱਚੀਂ ਤੁਰਿਆਂ ਜਾਂਦੈ!"

ਮਾਂ ਅੰਦਰ ਖਿਝ ਤੇ ਗ਼ੁੱਸਾ ਤਾਂ ਜ਼ਰੂਰ ਸੀ ਪਰ ਇਹ ਕਦੀ ਕਦੀ ਖਾਸ ਹਾਲਤਾਂ ਵਿਚ ਖਾਸ ਬੰਦਿਆਂ 'ਤੇ ਹੀ ਨਿਕਲਦਾ। ਇਕ ਵਾਰ ਪਿੰਡ ਦਾ ਸੇਠ ਜੇਠੂ ਰਾਮ ਜਦ ਆਪਣੇ ਪੈਸੇ ਵਸੂਲਣ ਆਇਆ ਤਾਂ ਮਾਂ ਉਸਦੇ ਵਧੇ ਢਿੱਡ ਉੱਤੇ ਵਿਅੰਗ ਕਰਦੀ ਹੋਈ ਕਹਿਣ ਲੱਗੀ, "ਬਸ ਕਰ ਵੇ

ਜੇਠੂ ਰਾਮਾ! ਬਥੇਰਾ ਪੀ ਲਿਆ ਤੂੰ ਜੱਟਾਂ ਦਾ ਖ਼ੂਨ! ਆਵਦੀ ਗੋਗੜ 'ਤੇ ਵੀ ਕੁਸ਼ ਤਰਸ ਕਰ! ਹੋਰ ਨਾ ਫਟ ਕੇ ਕਿਤੇ ਸਾਡੇ ਵਿਹੜੇ ਵਿਚੇ ਲਹੂ ਦਾ ਛੱਪੜ ਲਾ-ਦੇਂ!" ਚਲਾਕ ਸੇਠ ਗ਼ੁੱਸਾ ਕਰਨ ਦੀ ਥਾਂ ਆਪਣੀ ਸੇਠਾਂ ਵਾਲੀ ਬਸ਼ਰਮੀ-ਭਰੀ 'ਹੀਂ-ਹੀਂ-ਹੀਂ' ਕਰਨ ਲੱਗ ਪਿਆ। ਪਰ ਜਦੋਂ ਉਹ ਘਰੋਂ ਬਾਹਰ ਹੋਇਆ ਤਾਂ ਮਾਂ ਨੇ ਉਹ ਡਾਇਲਾਗ ਬੋਲਿਆ ਜਿਹੜਾ ਨਾਟਕ 'ਬਗਾਨੇ ਬੋਹੜ ਦੀ ਛਾਂ' ਵਿਚ ਸੇਠ ਜੇਠੂ ਰਾਮ ਨੂੰ ਕਾਂਸ਼ੀ ਰਾਮ ਦੇ ਰੂਪ ਵਿਚ ਚਿਤਰਦਿਆਂ ਉਸ ਬਾਰੇ ਅੱਕੀ ਤੇ ਖਿਝੀ ਕਿਸਾਨ-ਇਸਤਰੀ ਗੁਰਨਾਮੋ ਦੇ ਮੂੰਹ ਵਿਚ ਇਸ ਤਰ੍ਹਾਂ ਪਾਇਆ ਹੈ: "ਸਾਡਾ ਤਾਂ ਸਾਰੀ ਉਮਰ ਇਸ ਟੁੱਟ-ਪੈਣੇ ਕਾਂਸ਼ੀ ਨੇ ਈ ਨੀ ਖਹਿੜਾ ਛੱਡਿਆ! ਮਰੇ-ਪੁੱਤਾਂ ਵਾਲਾ ਕੰਧਾਂ ਖਾ ਗਿਆ ਘਰ ਦੀਆਂ!"

ਮਾਂ ਅੰਦਰ ਆਰਥਿਕ ਲੁੱਟ-ਖਸੁੱਟ ਵਿਰੁੱਧ ਗ਼ੁੱਸਾ ਤੇ ਖਿਝ ਤਾਂ ਬਹੁਤ ਸੀ ਪਰ ਚੇਤਨਤਾ ਦੀ ਘਾਟ ਸਦਕਾ ਇਹ ਖਿਝ ਤੇ ਗ਼ੁੱਸਾ ਉਲ਼ਟਾ ਉਸਦੀ ਦੇਹ ਨੂੰ ਹੀ ਘੁਣ ਬਣ ਕੇ ਖਾਈ ਜਾ ਰਿਹਾ ਸੀ। ਮਰਹੂਮ ਕਾਮਰੇਡ ਹਾਕਮ ਸਿੰਘ ਸਮਾਉਂ, ਜਿਹੜਾ ਪੰਜਾਬ ਵਿਚਲੀ ਨਕਸਲੀ ਲਹਿਰ ਦਾ ਇਕ ਚਰਚਿਤ ਨੇਤਾ ਸੀ, ਔਲਖ ਦਾ ਸਕੂਲ ਵੇਲ਼ੇ ਦਾ ਦੋਸਤ ਸੀ। ਚਾਹਿਲ ਗੋਤ ਦਾ ਹੋਣ ਕਾਰਨ ਉਹ ਉਹਦੀ ਮਾਂ ਨੂੰ ਭੂਆ ਕਹਿ ਕੇ ਬੁਲਾਉਂਦਾ ਹੁੰਦਾ ਸੀ। ਉਹਨਾਂ ਦੇ ਘਰ ਨਾਲ ਔਲਖ ਹੁਰਾਂ ਦੇ ਘਰ ਦਾ ਰਿਸ਼ਤੇਦਾਰੀ ਵਰਗਾ ਵਰਤ-ਵਰਤਾਰਾ ਸੀ। ਨਕਸਲੀ ਲਹਿਰ ਦੌਰਾਨ ਆਪਣੇ ਅੰਡਰ-ਗਰਾਉਂਡ ਹੋਣ ਵੇਲੇ ਉਹ ਕਦੇ-ਕਦੇ ਮਾਂ ਨੂੰ ਵੀ ਮਿਲਣ ਆ ਜਾਂਦਾ ਸੀ। ਮਾਂ ਉਸਨੂੰ ਘਰ ਆਏ ਨੂੰ ਇਸ ਤਰ੍ਹਾਂ ਸਵਾਲ ਕਰਦੀ ਜਿਵੇਂ ਉਸਨੂੰ ਨਕਸਲੀਆਂ ਵੱਲੋਂ ਲਿਆਉਣ ਵਾਲੇ ਇਨਕਲਾਬ ਦੇ ਛੇਤੀ ਨਾ ਆਉਣ ਉੱਤੇ ਬਹੁਤ ਗ਼ੁੱਸਾ ਹੋਵੇ। ਇਕ ਵਾਰ ਉਸਨੇ ਹਾਕਮ ਨੂੰ ਪੁਛਿਆ, "ਵੇ ਹਾਕਮਾ! ਥੋਡਾ ਇਹ ਐਨਕਲਾਬ-ਜਿਆ ਕਦ-ਕੁ ਆਊ? ਕਿ ਐਵੇਂ ਈ ਝੋਲ਼ਿਆਂ ਵਿਚ ਡਲ਼ੇ ਜਿਹੇ ਪਾਈਂ ਫਿਰਦੇ ਓਂ?" ਡਲ਼ੇ ਉਹ ਝੋਲ਼ਿਆਂ ਵਿਚ ਪਾਏ ਬੰਬ ਨੂੰ ਆਖਦੀ ਸੀ।

ਇਕ ਵਾਰ ਔਲਖ ਦੀ ਸਕੂਲ ਦੀ ਫ਼ੀਸ ਤਾਰਨ ਵਾਸਤੇ, ਮਾਂ ਪਿੰਡ ਦੀ ਸ਼ਾਹਣੀ ਕੋਲ਼ੋਂ ਦਸ ਰੁਪਏ ਉਧਾਰ ਲੈ ਕੇ ਆਈ। ਸ਼ਾਹਣੀ ਨੇ ਪੈਸੇ ਤਾਂ ਦੇ ਦਿੱਤੇ ਪਰ ਪਿਛਲਾ ਉਧਾਰ ਨਾ ਮੋੜਨ ਕਰ ਕੇ ਸ਼ਰਮਿੰਦਾ ਵੀ ਕੀਤਾ। ਘਰ ਵੜਦੀ ਮਾਂ ਦੀ 'ਬੁੜ-ਬੁੜ' ਸੁਣ ਕੇ ਔਲਖ ਦੇ ਬਾਲ-ਮਨ 'ਤੇ ਬੜੀ ਸੱਟ ਵੱਜੀ। ਉਹ ਸੋਚਣ ਲੱਗਾ, "ਅਸੀਂ ਇਤਨੇ ਗ਼ਰੀਬ ਕਿਉਂ ਹਾਂ? ਸਾਡੇ ਘਰ ਮੈਨੂੰ ਪੜ੍ਹਾਉਣ ਲਈ ਪੈਸੇ ਕਿਉਂ ਨਹੀਂ। ਮਾਂ ਦੀ ਇਹ ਬੁੜ ਬੁੜ ਮੈਂ ਆਪਣੇ ਇਕ ਲਘੂ ਨਾਟਕ 'ਤ੍ਰੇੜਾਂ' ਵਿਚ ਹੂ-ਬ-ਹੂ ਪਾਈ ਹੈ।"

ਅਜਮੇਰ ਔਲਖ ਦੀ ਮਾਂ ਉਹਦੇ ਅਨੇਕਾਂ ਔਰਤ-ਪਾਤਰਾਂ ਦੇ ਪਿਛੋਕੜ ਵਿਚ ਖਲੋਤੀ ਤੇ ਬੋਲਦੀ ਨਜ਼ਰ ਆਉਂਦੀ ਹੈ। ਮਾਂ ਵੀ ਇਨਕਲਾਬੀ ਤਬਦੀਲੀ ਚਾਹੁੰਦੀ ਸੀ ਤੇ ਔਲਖ ਅੰਦਰ ਵੀ ਲਗਾਤਾਰ ਬੋਲਦੀ ਰਹਿੰਦੀ ਸੀ। ਔਲਖ ਨੇ ਨਾਟਕਾਂ ਵਿਚਲੀ 'ਮਾਂ' ਦੇ ਰੋਹ ਨੂੰ ਕਲਾਤਮਕ ਸ਼ਕਲ ਵਿਚ ਢਾਲ਼ ਕੇ ਦਰਸ਼ਕਾਂ ਅੰਦਰ ਚੇਤਨਤਾ ਦੀ ਜਾਗ ਲਾ ਦਿੱਤੀ ਸੀ। ਆਪਣੀ ਮਾਂ ਦੀ ਇਨਕਲਾਬ ਲਈ ਤਾਂਘ ਨੂੰ ਸਰਬ-ਵਿਆਪਕ ਬਣਾ ਦਿੱਤਾ ਸੀ। ਉਹ ਆਪਣੇ ਨਾਟਕਾਂ ਵਿਚ ਆਪਣੀ ਮਾਂ ਦੇ ਦੁੱਖ, ਤੰਗੀ ਤੇ ਰੋਹ ਦਾ ਹੀ ਨਕਾਸ ਕਰ ਰਿਹਾ ਸੀ।

ਔਲਖ ਨੇ ਠੀਕ ਕਿਹਾ ਸੀ: ਅੱਜ ਵੀ ਕਿੰਨੀਆਂ ਅਜਿਹੀਆਂ ਮਾਵਾਂ ਨੇ ਜੋ ਤੰਗੀਆਂ ਭੋਗਦੀਆਂ ਕਿਸੇ ਇਨਕਲਾਬ ਨੂੰ ਉਡੀਕ ਰਹੀਆਂ ਨੇ। ਕਦੋਂ ਆਊ ਉਹ ਇਨਕਲਾਬ ਜਦੋਂ ਸਾਡੀਆਂ ਮਾਵਾਂ ਇਸ ਦੁੱਖ ਤੋਂ ਮੁਕਤ ਹੋਣਗੀਆਂ।

### ਜੰਗੀਰ ਨੇ ਬੁਖ਼ਾਰ ਨੂੰ ਤੇ ਔਲਖ ਨੇ ਕੈਂਸਰ ਨੂੰ 'ਵਾਹਣੀਂ ਪਾਈ ਰੱਖਿਆ'

ਏਥੇ ਹੀ ਮੈਨੂੰ ਅਜਮੇਰ ਔਲਖ ਦੀ ਭੂਆ ਦਾ ਪੁੱਤ ਜੰਗੀਰ ਚੇਤੇ ਆ ਰਿਹਾ ਹੈ, ਜਿਹੜਾ ਹਾਲਾਤ ਦੀ ਵਿਡੰਬਨਾ ਕਾਰਨ ਔਲਖ ਹੁਰਾਂ ਕੋਲ਼ ਹੀ 'ਘਰ ਦਾ ਜੀਅ' ਬਣ ਕੇ ਸਾਰੀ ਉਮਰ ਉਹਨਾਂ ਦੇ ਘਰ ਹੀ ਰਿਹਾ। ਉਹਨਾਂ ਦੇ ਘਰ ਤੇ ਖ਼ੇਤਾਂ ਨੂੰ 'ਆਪਣਾ' ਸਮਝ ਕੇ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ। ਉਹਦੇ ਬਾਰੇ ਔਲਖ ਲਿਖਦਾ ਹੈ, "ਸਿਰ-ਦਰਦ, ਨਿੱਕੇ-ਮੋਟੇ ਬੁਖ਼ਾਰ ਆਦਿ

ਨੂੰ ਤਾਂ ਉਹ ਬਿਮਾਰੀ ਹੀ ਨਹੀਂ ਸੀ ਸਮਝਦਾ। ਜੇ ਕਦੇ ਇਸ ਤਰ੍ਹਾਂ ਦੀ ਕੋਈ ਮਰਜ਼ ਉਸ ਨੂੰ ਹੋ ਵੀ ਜਾਣੀ ਤਾਂ ਇਸ ਨੂੰ ਠੀਕ ਕਰਨ ਦੇ ਉਸ ਕੋਲ਼ ਆਪਣੇ ਹੀ ਢੰਗ-ਤਰੀਕੇ ਸਨ। ਇਕ ਵਾਰ ਦੀ ਗੱਲ ਹੈ ਕਿ ਹਾੜ੍ਹ ਦੀ ਰੁੱਤੇ ਉਹ ਖੇਤ ਵਿਚ ਹਲ਼ ਵਾਹ ਰਿਹਾ ਸੀ। ਮੈਂ ਲਾਗੇ ਹੀ ਡੰਗਰ ਚਾਰ ਰਿਹਾ ਸੀ। ਉਸ ਨੂੰ ਬਹੁਤ ਤੇਜ਼ ਬੁਖਾਰ ਚੜ੍ਹ ਆਇਆ। ਖਾਸਾ ਚਿਰ ਤਾਂ ਉਸ ਨੇ ਇਸ ਨੂੰ ਗੌਲ਼ਿਆ ਹੀ ਨਾ, ਪਰ ਜਦੋਂ ਬੁਖ਼ਾਰ ਬਹੁਤਾ ਹੀ ਉੱਤੋਂ ਦੀ ਪੈਣ ਲੱਗਾ ਤਾਂ ਉਹ ਮੈਨੂੰ ਕੋਲ਼ ਬੁਲਾ ਕੇ ਕਹਿਣ ਲੱਗਾ, 'ਓਇ ਜਮੇਰ, ਮੇਰੇ ਨਾਲ ਤਾਂ ਤਾਪ ਨੇ ਲੈ ਲਿਆ ਪੰਗਾ! ਤੂੰ ਐਇੰ ਕਰ, ਆਹ ਬਲ਼ਦ ਤਾਂ ਰਲ਼ਾ ਲੈ ਆਪਣੇ ਦੂਜੇ ਪਸ਼ੂਆਂ ਵਿਚ, ਮੈਂ ਚਾੜ੍ਹਦੈਂ ਇਸ ਵੱਡੇ ਪਹਿਲਵਾਨ ਨੂੰ ਰਗੜਾ!' ਕਹਿ ਕੇ ਉਸਨੇ ਬਲ਼ਦਾਂ ਦੇ ਗਲ਼ੋਂ ਪੰਜਾਲ਼ੀ ਲਾਹ ਕੇ ਮੇਰੇ ਮੂਹਰੇ ਲਾ ਦਿੱਤੇ ਤੇ ਆਪ ਡਲ਼ਿਆਂ ਉੱਤੇ ਲਿਟ-ਲਿਟ ਇਧਰ-ਉਧਰ ਪਾਸੇ ਮਾਰਨ ਲੱਗਾ। ਡਲ਼ਿਆਂ ਉੱਤੇ ਇਸ ਤਰ੍ਹਾਂ ਜ਼ੋਰ ਲਾ-ਲਾ ਪਾਸੇ ਮਾਰ ਰਿਹਾ ਸੀ ਜਿਵੇਂ ਕਿਸੇ ਤਗੜੇ ਪਹਿਲਵਾਨ ਨਾਲ ਸ਼ਰਤ ਲਾ ਕੇ ਘੋਲ਼ ਕਰ ਰਿਹਾ ਹੋਵੇ। ਤੇ ਸੱਚਮੁੱਚ ਘੰਟੇ-ਡੇਢ ਘੰਟੇ ਬਾਅਦ ਉਸਨੇ ਬੁਖ਼ਾਰ ਨੂੰ ਰਗੜਾ ਚਾੜ੍ਹ ਕੇ ਉਸ ਉੱਤੇ ਫ਼ਤਹਿ ਹਾਸਲ ਕਰ ਲਈ ਸੀ।"

ਜੇ ਔਲਖ ਨੇ ਵੀ ਕਈ ਸਾਲ ਕੈਂਸਰ ਨੂੰ 'ਵਾਹਣੀ ਪਾਈ' ਰੱਖਿਆ ਤਾਂ ਸ਼ਾਇਦ ਕਿਧਰੇ ਜੰਗੀਰ ਵੱਲੋਂ 'ਤਾਪ ਨੂੰ ਰਗੜਾ ਚਾੜ੍ਹਨ' ਵਾਲਾ ਬਿਰਤਾਂਤ ਵੀ ਉਹਦੀ ਚੇਤਨਾ ਵਿਚ ਪ੍ਰੇਰਕ ਬਣ ਕੇ ਰਮ ਵਸ ਗਿਆ ਸੀ।

ਅਜਮੇਰ ਔਲਖ ਦੇ ਨਾਟਕ ਅਸਲ ਵਿਚ ਉਹਦੇ ਹੱਡੀਂ ਹੰਢਾਏ ਦੁੱਖਾਂ-ਸੁੱਖਾਂ, ਤੰਗੀਆਂ-ਤੁਰਸ਼ੀਆਂ ਤੇ ਜੱਦੋ-ਜਹਿਦ ਦੀ ਦਾਸਤਾਨ ਹੀ ਤਾਂ ਹਨ। ਉਹਨੇ ਆਪਣੇ ਨਿੱਜੀ ਦੁੱਖ ਅਤੇ ਸੰਘਰਸ਼ ਨੂੰ ਜਨਤਾ ਦੇ ਦੁੱਖ ਅਤੇ ਸੰਘਰਸ਼ ਨਾਲ ਜੋੜ ਲਿਆ। ਉਹਦੀਆਂ ਲਿਖਤਾਂ ਵਿਚ ਨਿਰਸੰਦੇਹ ਉਹਦੀ ਆਪਣੀ ਪੀੜ ਹੂੰਗਦੀ ਹੈ, ਪਰ ਇਹਨਾਂ ਲਿਖਤਾਂ ਦੀ ਵਿਸ਼ੇਸ਼ਤਾ ਸੀ ਕਿ ਇਹ ਲੋਕਾਂ ਨੂੰ ਆਪਣੀ ਪੀੜ ਵੀ ਲੱਗਦੀ ਸੀ। ਔਲਖ ਨੇ ਠੀਕ ਹੀ ਤਾਂ ਲਿਖਿਆ ਸੀ:

*ਨਹੀਂ ਦੋਸਤੋ! ਮੈਂ ਤਾਂ ਆਪਣੇ ਨਾਟਕਾਂ ਵਿਚ*
*ਆਪਣੇ ਹੀ ਘਰ ਦੀਆਂ ਗੱਲਾਂ ਕੀਤੀਆਂ ਨੇ*
*ਮਾਂ ਨਾਲ ਹੀ ਮੱਚ ਗਏ, ਉਹਦੇ ਸੁਫਨਿਆਂ ਦੀ ਗੱਲ ਕੀਤੀ ਐ*
*ਬਾਪੂ ਦੇ ਕਰਜ਼ਿਆਂ ਦੀ ਗੱਲ ਕੀਤੀ ਐ*
*ਜ਼ਮੀਨੋਂ ਬੇਜ਼ਮੀਨ ਹੋਏ, ਆਪਣੇ ਭਾਈਆਂ ਦੀ ਗੱਲ ਕੀਤੀ ਐ।*

## ਤੈਨੂੰ ਤਾਪ ਚੜ੍ਹੇ, ਮੈਂ ਹੂੰਗਾਂ-ਮਨਜੀਤ ਕੌਰ ਔਲਖ

ਵੱਖ-ਵੱਖ ਸ਼ਬਦਾਂ ਵਿਚ ਇਹ ਉਕਤੀ ਅਕਸਰ ਦੁਹਰਾਈ ਜਾਂਦੀ ਹੈ, 'ਇਕ ਕਾਮਯਾਬ ਮਰਦ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ।' ਅਜਮੇਰ ਸਿੰਘ ਔਲਖ ਤੇ ਮਨਜੀਤ ਕੌਰ ਔਲਖ ਬਾਰੇ ਗੱਲ ਕਰਦਿਆਂ ਮੈਂ ਇਸ ਕਥਨ ਨੂੰ ਥੋੜ੍ਹਾ ਕੁ ਬਦਲ ਕੇ ਕਹਿਣਾ ਚਾਹੁੰਦਾ ਹਾਂ, "ਅਜਮੇਰ ਸਿੰਘ ਔਲਖ ਦੀ ਕਾਮਯਾਬੀ ਦਾ ਕਾਰਨ ਇਹ ਨਹੀਂ ਕਿ ਉਹਦੇ 'ਪਿੱਛੇ' ਮਨਜੀਤ ਕੌਰ ਔਲਖ ਸੀ, ਸਗੋਂ ਉਹਦੀ ਕਾਮਯਾਬੀ ਦਾ ਰਾਜ਼ ਇਹ ਸੀ ਕਿ ਮਨਜੀਤ ਕੌਰ ਔਲਖ ਸਦਾ ਉਹਦੇ 'ਨਾਲ-ਨਾਲ' ਸੀ। ਦੋਵਾਂ ਦੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਮਨਜੀਤ ਕੌਰ ਹਰ ਦੁੱਖ-ਸੁੱਖ ਵੇਲ਼ੇ, ਹਰ ਅਭੀ-ਨਭੀ ਵੇਲ਼ੇ ਅਜਮੇਰ ਸਿੰਘ ਔਲਖ ਦੇ ਨਾਲ ਖਲੋਤੀ ਰਹੀ। ਚਟਾਨ ਵਾਂਗ ਡਟ ਕੇ। ਨਾ ਆਪ ਡੋਲੀ, ਨਾ ਉਹਨੂੰ ਡੋਲਣ ਦਿੱਤਾ। ਮਨਜੀਤ ਕੌਰ ਔਲਖ ਨੇ ਅਜਮੇਰ ਸਿੰਘ ਔਲਖ ਦੇ ਜੀਵਨ-ਮਿਸ਼ਨ ਨੂੰ ਆਪਣੇ ਜੀਵਨ ਦਾ ਮਿਸ਼ਨ ਬਣਾ ਲਿਆ। ਉਹਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਲੱਗੀ। ਨਾਟਕ ਤੇ ਰੰਗ-ਮੰਚ ਔਲਖ ਦਾ ਇਸ਼ਕ ਸੀ। ਮਨਜੀਤ ਕੌਰ ਵੀ ਓਸੇ ਇਸ਼ਕ ਵਿਚ ਰੰਗੀ ਗਈ। ਉਹਨੇ ਕਲਾਕਾਰ ਬਣ ਕੇ ਨਾਟਕਾਂ ਵਿਚ ਆਪ ਹੀ ਹਿੱਸਾ ਲੈਣਾ ਸ਼ੁਰੂ ਨਹੀਂ ਸੀ ਕੀਤਾ, ਸਗੋਂ ਉਸਤੋਂ ਪ੍ਰੇਰਨਾ ਤੇ ਹੌਂਸਲਾ ਲੈ ਕੇ ਉਹਨਾਂ ਦੀਆਂ ਧੀਆਂ ਵੀ ਰੰਗ-ਮੰਚ ਨਾਲ ਜੁੜ ਗਈਆਂ।

ਨਾਟਕਾਂ ਵਿਚ ਕੰਮ ਕਰਨ ਲਈ ਸਦਾ ਔਰਤ ਕਲਾਕਾਰਾਂ ਦੀ ਥੋੜ ਰਹੀ ਹੈ। ਇਹੋ ਕਾਰਨ ਹੈ

ਕਿ ਸਾਡੇ ਕੁਝ ਨਾਮਵਰ ਨਾਟਕਕਾਰਾਂ ਦੀਆਂ ਪਤਨੀਆਂ ਨੇ ਇਸ ਘਾਟ ਨੂੰ ਪੂਰਾ ਕਰਨ ਲਈ ਆਪਣੇ ਜੀਵਨ ਸਾਥੀਆਂ ਦੇ ਨਾਟਕਾਂ ਵਿਚ ਔਰਤ ਕਲਾਕਾਰਾਂ ਵਜੋਂ ਹਿੱਸਾ ਲਿਆ। ਪਹਿਲੀਆਂ ਵਿਚ ਡਾ. ਹਰਚਰਨ ਸਿੰਘ ਦੀ ਪਤਨੀ, ਫੇਰ ਗੁਰਸ਼ਰਨ ਸਿੰਘ-ਕੈਲਾਸ਼ ਕੌਰ, ਹਰਪਾਲ ਟਿਵਾਣਾ-ਨੀਨਾ ਟਿਵਾਣਾ, ਦਵਿੰਦਰ ਦਮਨ-ਜਸਵੰਤ ਦਮਨ, ਜਸਪਾਲ ਢਿੱਲੋਂ-ਇੰਦਰਜੀਤ ਢਿੱਲੋਂ ਅਜਿਹੀਆਂ ਕਈ ਜੋੜੀਆਂ ਹਨ, ਜਿਨ੍ਹਾਂ ਨੇ ਆਪਣੇ ਪਤੀਆਂ ਦਾ ਸਾਥ ਦਿੱਤਾ। ਇਹਨਾਂ ਵਿਚੋਂ ਗੁਰਸ਼ਰਨ ਸਿੰਘ, ਉਹਦੀ ਪਤਨੀ ਕੈਲਾਸ਼ ਕੌਰ ਤੇ ਉਹਦੀਆਂ ਧੀਆਂ ਵਾਂਗ ਹੀ ਅਜਮੇਰ ਸਿੰਘ ਔਲਖ, ਮਨਜੀਤ ਕੌਰ ਔਲਖ, ਸੁਪਨਦੀਪ ਕੌਰ, ਸੁਹਜਦੀਪ ਤੇ ਅਜਮੀਤ ਕੌਰ ਸਮੇਤ ਪੂਰਾ ਔਲਖ-ਪਰਿਵਾਰ ਹੀ ਰੰਗ-ਮੰਚ ਨਾਲ ਜੁੜ ਗਿਆ। ਜਦੋਂ ਗੁਰਸ਼ਰਨ ਸਿੰਘ ਨੇ ਪਿੰਡਾਂ ਵਿਚ ਜਾ ਕੇ ਨਾਟਕ ਖੇਡਣੇ ਸ਼ੁਰੂ ਕੀਤੇ ਤਾਂ ਗੁਰਸ਼ਰਨ ਸਿੰਘ ਦਾ ਪਰਿਵਾਰ ਕੁਝ ਮਜਬੂਰੀਆਂ ਕਾਰਨ ਪੇਂਡੂ ਰੰਗ-ਮੰਚ ਨੂੰ ਲਗਾਤਾਰ ਸਮਰਪਿਤ ਰਹਿਣ ਵਿਚ ਸਫ਼ਲ ਨਾ ਹੋ ਸਕਿਆ, ਪਰ ਇਹ ਅਜਮੇਰ ਔਲਖ ਦਾ ਪਰਿਵਾਰ ਹੀ ਹੈ, ਜਿਸ ਨੇ ਸਾਰੀ ਉਮਰ ਰੰਗ-ਮੰਚ ਨੂੰ ਸਪਰਪਿਤ ਕਰ ਦਿੱਤੀ। ਰੰਗ-ਮੰਚ ਹੀ ਉਹਨਾਂ ਦਾ 'ਓੜ੍ਹਨਾ-ਵਿਛੌਣਾ' ਹੋ ਗਿਆ। ਇਹ ਸਭ ਕੁਝ ਕਦੀ ਵੀ ਸੰਭਵ ਨਹੀਂ ਸੀ ਹੋ ਸਕਣਾ ਜੇ ਮਨਜੀਤ ਕੌਰ ਔਲਖ, ਅਜਮੇਰ ਸਿੰਘ ਔਲਖ ਦੇ ਮੋਢੇ ਨਾਲ ਮੋਢਾ ਜੋੜ ਕੇ ਨਾ ਖਲੋਂਦੀ।

ਅੱਜ ਵੀ ਉਹ ਅਜਮੇਰ ਸਿੰਘ ਔਲਖ ਦੀ ਲਾਈ ਨਵੀਂ 'ਨਾਟਕੀ-ਪੌਦ' ਨੂੰ ਹੱਲਾਸ਼ੇਰੀ, ਪਿਆਰ ਅਤੇ ਉਤਸ਼ਾਹ ਦਾ ਪਾਣੀ ਦੇ ਰਹੀ ਹੈ। ਗੋਰਕੀ ਦੀ 'ਮਾਂ' ਵਾਂਗ ਉਹ ਗੁਰਸ਼ਰਨ ਸਿੰਘ ਤੇ ਅਜਮੇਰ ਔਲਖ ਦੇ ਰਾਹ 'ਤੇ ਤੁਰਨ ਵਾਲੀਆਂ ਨਾਟਕ ਟੋਲੀਆਂ ਦੀ 'ਮਾਂ' ਬਣ ਕੇ ਉਹਨਾਂ ਦੇ ਨਾਲ ਖਲੋਤੀ ਨਜ਼ਰ ਆਉਂਦੀ ਹੈ। ਉਹਨੇ ਔਲਖ ਵੱਲੋਂ ਜਗਾਈ ਮਸ਼ਾਲ ਬੁਝਣ ਨਹੀਂ ਦਿੱਤੀ।

ਭਾਵੇਂ ਔਲਖ ਨੂੰ ਜੇਲ੍ਹ ਜਾਣਾ ਪਿਆ, ਭਾਵੇਂ ਆਰਥਿਕ ਤੰਗੀਆਂ ਸਹਿਣ ਕਰਨੀਆਂ ਪਈਆਂ ਤੇ ਭਾਵੇਂ ਔਲਖ ਦੇ ਜੀਵਨ ਦੇ ਪਿਛਲੇਰੇ ਸੰਕਟ ਭਰੇ ਦਸ ਸਾਲ ਹੋਣ, ਜਿਵੇਂ, ਮਨਜੀਤ ਕੌਰ ਉਹਦੇ ਦੁੱਖਾਂ-ਦਰਦਾਂ ਦੀ ਢਾਲ ਬਣ ਕੇ ਉਹਦੇ ਨਾਲ ਹੀ ਨਹੀਂ, ਸਗੋਂ ਉਹਦੇ 'ਅੱਗੇ' ਹੋ ਕੇ ਖਲੋਤੀ, ਇਸਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਕੈਂਸਰ ਵਰਗੀ ਭਿਆਨਕ ਤੇ ਜਾਨ-ਲੇਵਾ ਬੀਮਾਰੀ ਨਾਲ ਬੀਮਾਰ ਬੰਦਾ ਹੀ ਹਰ ਪਲ ਨਹੀਂ ਮਰਦਾ, ਸਗੋਂ ਉਹਦੀ ਦੇਖ-ਭਾਲ ਕਰਨ ਵਾਲੇ ਜੀਅ ਵੀ ਹਰ ਪਲ ਨਾਲ-ਨਾਲ ਮਰਦੇ ਹਨ। ਲਗਪਗ ਪੂਰੇ ਦਸ ਸਾਲ ਬੀਮਾਰੀ ਦੀ ਹਾਲਤ ਵਿਚ ਪਏ ਔਲਖ ਨੂੰ ਸਾਂਭਣਾ-ਸੰਭਾਲਣਾ, ਉਹਦੇ ਇਲਾਜ ਲਈ ਹਸਪਤਾਲਾਂ ਦੇ ਚੱਕਰ ਲਾਉਣੇ, ਸਮੇਂ ਸਿਰ ਦਵਾਈਆਂ ਦੇਣੀਆਂ, ਜਦ ਉਹ ਮੰਜੇ ਤੋਂ ਉੱਠਣ ਜੋਗਾ ਨਾ ਰਿਹਾ ਤਾਂ ਉਹਦੇ ਥੱਕ ਗਏ ਪਾਸੇ ਨੂੰ ਨਿਸਚਿਤ ਸਮੇਂ ਬਾਅਦ ਵਾਰ-ਵਾਰ ਬਦਲਣਾ, ਮਿਜ਼ਾਜ-ਪੁਰਸੀ ਲਈ ਆਏ-ਗਏ ਦੀ ਸੇਵਾ-ਪਾਣੀ ਵੀ ਕਰਨਾ, ਪਰ ਇਹ ਸਭ ਕੁਝ ਕਰਦਿਆਂ ਕਦੀ ਅੱਕਣਾ-ਥੱਕਣਾ ਨਾ, ਕੋਈ ਸ਼ਿਕਵਾ-ਸ਼ਿਕਾਇਤ ਨਾ ਕਰਨੀ, ਸਗੋਂ ਹਾਲਾਤ ਦੇ ਹੱਲੇ ਨੂੰ ਦਿਲ-ਜਿਗਰ ਦੇ ਪੂਰੇ ਤਾਣ ਨਾਲ ਠੱਲ੍ਹੀ ਰੱਖਣਾ_ਇਹ ਸਭ ਮਨਜੀਤ ਔਲਖ ਦੀ ਅਲੋਕਾਰੀ ਸ਼ਖ਼ਸੀਅਤ ਦੀ ਕਰਾਮਾਤ ਹੀ ਸੀ।

ਅਜਮੇਰ ਔਲਖ ਨੂੰ ਯਾਦ ਕਰਦਿਆਂ ਮਨਜੀਤ ਔਲਖ ਦੀ ਭਗਤੀ, ਸਾਧਨਾ, ਪ੍ਰਤੀਬੱਧਤਾ ਤੇ ਕੁਰਬਾਨੀ ਨੂੰ ਨਮਸਕਾਰ ਕੀਤੇ ਬਿਨਾਂ ਔਲਖ ਬਾਰੇ ਲਿਖੀ ਕੋਈ ਵੀ ਰਚਨਾ ਨਾ-ਮੁਕੰਮਲ ਹੈ।

**ਮੇਰੀਆਂ ਕਹਾਣੀਆਂ ਤੇ ਔਲਖ ਦੀ ਨਾਟਕੀ-ਪ੍ਰਤਿਭਾ ਸੁਮੇਲ**

ਜਿਵੇਂ ਮੈਂ ਜ਼ਿਕਰ ਕੀਤਾ ਹੈ ਕਿ ਸਾਡਾ ਜੀਵਨ ਵੀ ਤੇ ਵਿਚਾਰਧਾਰਕ ਕਰੂਰਾ ਬਹੁਤ ਹੱਦ ਤਕ ਮਿਲਦਾ ਸੀ। ਏਸੇ ਲਈ ਅਸੀਂ ਇਕ ਦੂਜੇ ਦੀਆਂ ਲਿਖਤਾਂ ਨੂੰ ਪਸੰਦ ਵੀ ਕਰਦੇ ਸਾਂ ਤੇ ਉਹਨਾਂ ਪ੍ਰਤੀ ਉਤਸ਼ਾਹੀ ਹੁੰਗਾਰਾ ਵੀ ਭਰਦੇ ਸਾਂ। ਜਦੋਂ ਉਹਦਾ ਨਾਟਕ 'ਬਗਾਨੇ ਬੋਹੜ ਦੀ ਛਾਂ' ਦੂਰ-ਦਰਸ਼ਨ ਤੋਂ ਵਿਖਾਇਆ ਜਾਣਾ ਸੀ ਤਾਂ ਉਹਨੇ ਮੈਨੂੰ ਲਿਖਿਆ ਕਿ ਮਾਨਸੇ ਤਕ ਤਾਂ ਦੂਰ-ਦਰਸ਼ਨ ਦੀ ਪੇਸ਼ਕਾਰੀ ਸ਼ਾਇਦ ਸਾਫ਼ ਦਿਖਾਈ ਨਾ ਦੇ ਸਕੇ। ਇਸ ਲਈ ਤੂੰ ਨਾਟਕ ਨੂੰ ਜ਼ਰੂਰ ਵੇਖੀਂ ਤੇ ਦੱਸੀਂ ਵੀ ਕਿ ਕਿਵੇਂ ਲੱਗਾ। ਤੂੰ ਵੇਖ ਲਵੇਂਗਾ ਤਾਂ ਮੈਨੂੰ ਲੱਗੂ ਕਿ ਮੈਂ ਵੀ ਵੇਖ ਲਿਆ। ਜਦ ਉਹਨੇ

ਆਪਣਾ ਨਾਟਕ 'ਨਿੱਕੇ ਸੂਰਜਾਂ ਦੀ ਲੜਾਈ' ਲਿਖਿਆ ਤਾਂ ਮੈਨੂੰ ਹੁਕਮ ਕੀਤਾ ਕਿ ਇਹਦਾ ਮੁੱਖ-ਬੰਧ ਤੈਨੂੰ ਹੀ ਲਿਖਣਾ ਪੈਣਾ। ਤੇ ਮੈਂ ਲਿਖਿਆ ਵੀ। ਮੇਰੀ ਕਹਾਣੀ 'ਆਪਣਾ ਆਪਣਾ ਹਿੱਸਾ' ਦਾ ਨਾਟਕੀ ਰੂਪਾਂਤਰਣ ਔਲਖ ਨੇ ਆਪ ਤਾਂ ਸੌ-ਡੇਢ-ਸੌ ਵਾਰ ਸਟੇਜਾਂ 'ਤੇ ਪੇਸ਼ ਕੀਤਾ ਹੀ, ਉਹਦੀ ਇਹੋ ਸਕ੍ਰਿਪਟ ਨੂੰ ਲੈ ਕੇ ਏਨੀ ਕੁ ਵਾਰ ਹੋਰ ਨਾਟਕ-ਮੰਡਲੀਆਂ ਨੇ ਇਸ ਨਾਟਕ ਨੂੰ ਸਟੇਜਾਂ 'ਤੇ ਪੇਸ਼ ਕੀਤਾ ਤੇ ਅਜੇ ਵੀ ਲਗਾਤਾਰ ਕਰੀ ਜਾ ਰਹੇ ਹਨ।

1986 ਵਿਚ ਮੇਰੀ ਬਹੁ-ਚਰਚਿਤ ਕਹਾਣੀ 'ਭੱਜੀਆਂ ਬਾਹੀਂ' ਛਪੀ ਤਾਂ ਅਗਲੇ ਕਈ ਮਹੀਨੇ ਉਸ ਬਾਰੇ ਚਰਚਾ ਚੱਲਦੀ ਰਹੀ। ਬਹੁਤ ਸਾਰੇ ਲੇਖਕਾਂ, ਆਲੋਚਕਾਂ ਤੇ ਪਾਠਕਾਂ ਨੇ ਇਸ ਕਹਾਣੀ ਬਾਰੇ ਲੇਖ ਲਿਖੇ। ਪਰ ਕਹਾਣੀ ਪੜ੍ਹਨ ਤੋਂ ਬਾਅਦ ਅਜਮੇਰ ਔਲਖ ਨੇ ਮੈਨੂੰ ਜਿਹੜੀ ਚਿੱਠੀ ਲਿਖੀ ਉਹਦੇ ਬਾਰੇ ਇਹ ਲੋਕ-ਬੋਲੀ ਐਨ ਢੁਕਦੀ ਹੈ, "ਦੂਜਾ ਮੋੜ ਕੇ ਜੇਬ ਵਿਚ ਪਾ ਲੈ, ਇਕੋ ਤੇਰਾ ਲੱਖ ਵਰਗਾ!" ਉਹਨੇ ਲਿਖਿਆ: *'ਮੈਂ ਆਲੋਚਕ ਨਹੀਂ, ਪਰ ਪਤਾ ਨਹੀ ਲੱਗ ਰਿਹਾ ਕਹਾਣੀ ਦੀ ਸਿਫਤ ਕਿਵੇਂ ਕਰਾਂ? ਚੱਜ ਨਾਲ ਇਹ ਵੀ ਨਹੀਂ ਪਤਾ ਕਿ ਕਹਾਣੀ ਵਿਚਲੀ ਕਿਹੜੀ 'ਸ਼ੈਅ' ਨੇ ਏਨਾ ਬੇਚੈਨ ਕੀਤਾ ਹੈ। ਬੱਸ ਅਹਿਸਾਸ ਹੀ ਦੱਸ ਰਿਹੈ ਕਿ ਕਹਾਣੀ ਅੰਦਰ ਕੋਈ ਛੁਪੀ 'ਸ਼ਕਤੀ' ਹੈ ਜੋ ਦਿਲ ਅਤੇ ਦਿਮਾਗ਼ ਨੂੰ ਝੰਜੋੜੇ ਮਾਰ ਰਹੀ ਹੈ। ਬੱਸ ਇਹੋ ਕਹਿ ਕੇ ਗੱਲ ਖ਼ਤਮ ਕਰਦਾ ਹਾਂ, ' ਜੇ ਕੋਈ ਕਮਿਊਨਿਸਟ ਲੀਡਰ ਇਸੇ ਵਿਸ਼ੇ ਉੱਤੇ ਦੋ ਸੌ ਭਾਸ਼ਣ ਦੇਵੇ ਜਾਂ ਕੋਈ ਬੁੱਧੀਮਾਨ ਸੌ ਆਰਟੀਕਲ ਲਿਖੇ ਤਾਂ ਵੀ ਉਹ ਕੁਝ ਮਹਿਸੂਸ ਨਹੀਂ ਕਰਵਾ ਸਕਦੇ, ਜੋ ਇਕੱਲੀ ਤੇਰੀ ਇਸ ਕਹਾਣੀ ਨੇ ਕਰਵਾ ਦਿੱਤਾ ਹੈ।' ਯਾਰ ਕਾਫੀ ਦੇਰ ਪਿੱਛੋਂ ਬੋਲਦਾ ਏਂ, ਪਰ ਬੋਲਦੈਂ ਤਾਂ ਵੱਟ ਕੱਢ ਦਿੰਨੈਂ।' ਬਹੁਤ ਬਹੁਤ ਵਧਾਈ!- ਅਜਮੇਰ ਸਿੰਘ ਔਲਖ'*

ਫੇਰ ਉਹਨੇ ਇਸ ਕਹਾਣੀ ਨੂੰ ਆਧਾਰ ਬਣਾ ਕੇ ਮੁਕੰਮਲ ਨਾਟਕੀ ਸਕ੍ਰਿਪਟ ਤਿਆਰ ਕੀਤੀ। ਉਸ ਸਕ੍ਰਿਪਟ ਨੂੰ ਉਹਨੇ, 'ਭੱਜੀਆਂ ਬਾਹਾਂ' ਦੇ ਸਿਰਲੇਖ ਹੇਠ ਪੁਸਤਕ ਰੂਪ ਵਿਚ ਪ੍ਰਕਾਸ਼ਤ ਵੀ ਕਰਵਾਇਆ। ਇਹ ਨਾਟਕ ਵੀ ਉਹਨੇ ਪੰਜਾਬ ਅਤੇ ਪੰਜਾਬੋਂ ਬਾਹਰ ਸੌ ਤੋਂ ਵੱਧ ਵਾਰ ਖੇਡਿਆ। ਮੈਂ ਇਹ ਨਾਟਕ ਮੋਹਾਲੀ, ਦਸੂਹੇ, ਪੱਟੀ ਤੇ ਜਲੰਧਰ ਵਿਚ ਵੇਖਿਆ। ਇਹ ਉਹਦੀ ਹਿੰਮਤ ਹੀ ਸੀ ਕਿ ਏਨੀ 'ਵਿਵਾਦ-ਗ੍ਰਸਤ' ਕਹਾਣੀ ਨੂੰ ਖੇਡਣ ਦਾ ਜੇਰਾ ਕੀਤਾ। ਕਹਾਣੀ ਛਪਣ ਤੋਂ ਬਾਅਦ ਜੋ ਚਰਚਾ ਛਿੜੀ ਉਸ ਵਿਚ ਕੋਈ ਆਖੇ, 'ਇਹ ਅੱਤਵਾਦੀਆਂ ਦੇ ਹੱਕ ਵਿਚ ਲਿਖੀ ਗਈ ਹੈ', ਕੋਈ ਆਖੇ, 'ਇਹ ਅੱਤਵਾਦੀਆਂ ਦੇ ਖ਼ਿਲਾਫ਼ ਹੈ', ਕੋਈ ਆਖੇ , 'ਇਹ ਕਮਿਊਨਿਸਟਾਂ ਦੇ ਖ਼ਿਲਾਫ਼ ਹੈ', ਕੋਈ ਆਖੇ, 'ਇਹ ਮਾਰਕਸਵਾਦੀ ਨਜ਼ਰੀਏ ਤੋਂ ਹਾਲਾਤ ਦੀ ਆਲੋਚਨਾਤਮਕ ਬਿਰਤਾਂਤ-ਕਾਰੀ ਹੈ।'

ਸੋ ਜਦੋਂ ਕਹਾਣੀ ਬਾਰੇ ਇਸਤਰ੍ਹਾਂ ਦੀ ਚਰਚਾ ਚੱਲ ਰਹੀ ਹੋਵੇ ਤਾਂ ਇਹਨੂੰ ਸਟੇਜ 'ਤੇ ਪੇਸ਼ ਕਰਨਾ ਸੂਰਮਗਤੀ ਹੀ ਤਾਂ ਸੀ। ਉਹ ਘਟਨਾ ਵੀ ਚੇਤੇ ਆਉਂਦੀ ਹੈ ਜਦੋਂ ਅਜਮੇਰ ਔਲਖ ਵੱਲੋਂ 1989 ਵਿਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ 'ਭੱਜੀਆਂ ਬਾਹੀਂ' 'ਤੇ ਆਧਾਰਤ ਨਾਟਕ ਖੇਡਿਆ ਜਾਣਾ ਸੀ ਤਾਂ ਦੋ ਕੁ ਪ੍ਰੋਫ਼ੈਸਰਾਂ ਵੱਲੋਂ ਕੰਨ 'ਚ ਵੱਜੀ ਫੂਕ ਨਾਲ ਫੁੱਲੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਵਿਦਿਆਰਥੀ ਸਾਨੂੰ ਆ ਕੇ ਕਹਿਣ ਲੱਗੇ ਕਿ ਉਹਨਾਂ ਨੂੰ ਦੱਸਿਆ ਗਿਆ ਹੈ; ਇਹ ਨਾਟਕ 'ਪੰਥ' ਦੇ ਖ਼ਿਲਾਫ਼ ਹੈ! ਅਸੀਂ ਵੀ ਤਾਂ ਉਹਨਾਂ ਦੇ ਅਧਿਆਪਕ ਹੀ ਸਾਂ। ਉਹਨਾਂ ਨੂੰ ਸਾਡਾ ਵੀ ਲਿਹਾਜ਼ ਸੀ। ਅਸੀਂ ਸਮਝਾਇਆ ਕਿ ਨਾਟਕ ਕਿਸੇ ਇਕੱਲੀ ਧਿਰ ਦੇ ਖ਼ਿਲਾਫ਼ ਨਹੀਂ ਸਗੋਂ ਉਸ ਸਮੁੱਚੇ ਜਟਿਲ ਤਾਣੇ-ਬਾਣੇ ਦੇ ਖ਼ਿਲਾਫ਼ ਹੈ ਜਿਸਦੇ ਜਕੜ-ਜੰਜਾਲ ਵਿਚ ਫਸਿਆ ਪੰਜਾਬ ਅੱਜ ਤੜਫ ਰਿਹਾ ਹੈ! ਸਟੇਜ ਉੱਤੇ ਵੀ, ਪ੍ਰੋਫ਼ੈਸਰ ਨਿਰੰਜਨ ਸਿੰਘ ਢੇਸੀ ਤੇ ਮੈਂ ਨਾਟਕ ਤੋਂ ਪਹਿਲਾਂ ਨਾਟਕ ਵਿਚ ਪੇਸ਼ ਕੀਤੇ ਜਾਣ ਵਾਲੇ ਪੰਜਾਬ ਸੰਕਟ ਦੇ ਜਟਿਲ ਪਹਿਲੂਆਂ ਦੀ ਜਾਣਕਾਰੀ ਢੁਕਵੇਂ ਸ਼ਬਦਾਂ ਵਿਚ ਸੁਣਾ ਕੇ ਸਮੁੱਚਾ ਮਾਹੌਲ ਨਾਟਕ ਵੇਖਣ ਲਈ ਤਿਆਰ ਕਰ ਲਿਆ। ਅੱਗੇ ਸ਼ੁਰੂ ਹੋਈ ਅਜਮੇਰ ਔਲਖ ਦੀ ਕਲਾਕਾਰੀ। ਨਾਟਕ ਦੀ ਖਿੱਚ ਨੇ ਸਭ ਦਰਸ਼ਕਾਂ ਨੂੰ ਕਹਾਣੀ ਨਾਲ ਜੋੜ ਲਿਆ। ਦਰਸ਼ਕ ਪਾਤਰਾਂ ਨਾਲ ਹੱਸਦੇ, ਉਹਨਾਂ ਦੇ ਦੁੱਖ ਵਿਚ ਉਹਨਾਂ ਦੀਆਂ ਅੱਖਾਂ ਵਿਚੋਂ ਅੱਥਰੂ

ਸਿੰਮਦੇ। ਉਹ ਵਾਰ ਵਾਰ ਤਾੜੀਆਂ ਮਾਰਦੇ। ਅਜਮੇਰ ਔਲਖ ਦੀ ਪੇਸ਼ਕਾਰੀ ਨੇ ਸਭ ਨੂੰ ਲੱਗਣ ਲਾ ਦਿੱਤਾ ਕਿ ਸਟੇਜ ਉੱਤੇ ਵਾਪਰ ਰਹੀ ਇਹ ਕਹਾਣੀ ਤਾਂ ਉਹਨਾਂ ਦੀ ਆਪਣੀ ਕਹਾਣੀ ਹੈ। ਤੜਫ਼ ਰਹੇ ਪੰਜਾਬ ਦੀ ਕਹਾਣੀ ਹੈ। ਇਸ ਤੜਫ਼ਣੀ ਨੂੰ ਮੰਚ ਉਤਲੇ ਪਾਤਰਾਂ ਦੀ ਮਦਦ ਨਾਲ ਦਰਸ਼ਕਾਂ ਦੇ ਦਿਲਾਂ ਵਿਚ ਮੱਚਣ ਲਾ ਦੇਣਾ, ਔਲਖ ਦੀ ਕਲਾ ਦਾ ਕਮਾਲ ਹੀ ਸੀ। ਏਸੇ ਨੂੰ ਕਲਾ ਦੇ ਜਾਦੂ ਦਾ ਸਿਰ ਚੜ੍ਹ ਕੇ ਬੋਲਣਾ ਕਿਹਾ ਜਾਂਦਾ ਹੈ।

**ਰੱਜੀ ਹੋਈ ਰੂਹ**

ਅਸੀਂ ਵੇਖਿਆ ਹੈ ਕਿ ਅੱਜ-ਕੱਲ੍ਹ ਸਾਡੇ ਸਾਹਿਤਕਾਰ ਵਿਦੇਸ਼ਾਂ ਵਿਚ ਗੇੜਾ ਮਾਰਨ ਲਈ ਅਨੇਕਾਂ ਹਰਬੇ ਵਰਤਦੇ ਰਹਿੰਦੇ ਹਨ। ਪਰਵਾਸੀ ਲੇਖਕਾਂ ਦੀਆਂ 'ਰੱਦੀ' ਲਿਖਤਾਂ ਨੂੰ ਸੋਨੇ ਦੇ ਭਾਅ ਤੋਲ ਕੇ ਉਹਨਾਂ ਦਾ ਮੁੱਲ ਵੱਟਦੇ ਹਨ। ਏਧਰੋਂ ਓਧਰੋਂ ਜੋ ਹੱਥ ਲੱਗੇ ਸਮੇਟਣ ਦੀ ਕਰਦੇ ਹਨ। ਪੈਸੇ, ਕੱਪੜੇ, ਸ਼ਰਾਬਾਂ ਤੇ ਹੋਰ ਕਈ ਕੁਝ। ਅਜਮੇਰ ਔਲਖ ਨੇ ਵੀ ਵਿਦੇਸ਼ਾਂ ਦੇ ਕਈ ਦੌਰੇ ਕੀਤੇ। ਉਹਨੂੰ ਬੜੇ ਮਾਣ-ਸਨਮਾਨ ਨਾਲ ਬੁਲਾਇਆ ਜਾਂਦਾ। ਉਹ ਬਾਹਰ ਜਾ ਕੇ ਨਾਟਕਾਂ ਦੀ ਤਿਆਰੀ ਕਰਵਾਉਂਦਾ। ਨਾਟਕ ਖੇਡਦਾ। ਉਹਦੇ ਕੋਲ਼ ਅਜਿਹੇ ਪ੍ਰਸ਼ੰਸਕਾਂ ਦੀ ਘਾਟ ਨਹੀਂ ਸੀ ਜਿਹੜੇ ਉਹਦੇ ਲਈ ਤੋਹਫ਼ਿਆਂ ਤੇ ਡਾਲਰਾਂ ਦੇ ਢੇਰ ਲਾ ਦੇਣ। ਪਰ ਉਹ ਫ਼ਕੀਰ ਆਦਮੀ ਸੀ। ਕਿਸੇ ਵੀ ਕਿਸਮ ਦੇ ਲਾਲਚ ਤੋਂ ਰਹਿਤ। ਜਦੋਂ ਉਹ ਇਕ ਵਾਰ ਭੈਣ ਮਨਜੀਤ ਨਾਲ ਕਨੇਡਾ ਵਿਚ ਡਰਾਮਾ ਖੇਡਣ ਆਇਆ ਤਾਂ ਅਸੀਂ ਉਸ ਨਾਲ ਟਰਾਂਟੋ ਵਸਦੇ ਲੇਖਕਾਂ ਨੇ ਨਿਰੋਲ ਨਿੱਜੀ ਲੇਖਕ-ਮਿਲਣੀ ਦਾ ਪ੍ਰਬੰਧ ਕੀਤਾ। ਉਹਨੇ ਆਪਣੇ ਸੰਬੋਧਨ ਵਿਚ ਆਪਣੀ ਬੀਮਾਰੀ ਦਾ ਜ਼ਿਕਰ ਤਕ ਨਾ ਕੀਤਾ। ਜ਼ਿਕਰ ਸੀ ਤਾਂ ਨਾਟਕਾਂ ਦਾ, ਆਪਣੇ ਨਿਰੰਤਰ ਸਮਾਜੀ-ਸਿਆਸੀ ਜੀਵਨ-ਸੰਘਰਸ਼ ਦਾ। ਉਹਨੇ ਆਪਣੀ ਬੀਮਾਰੀ ਦੀ ਥਾਂ ਸਮਾਜ ਤੇ ਸਿਆਸਤ ਨੂੰ ਲੱਗੇ ਕੋਹੜ ਤੇ ਕੈਂਸਰ ਦਾ ਜ਼ਿਕਰ ਕੀਤਾ ਤੇ ਅੰਤ ਤਕ ਇਸ ਬੀਮਾਰੀ ਨਾਲ ਲੜਨ ਦਾ ਆਪਣਾ ਅਹਿਦ ਦੁਹਰਾਇਆ। ਆਪਣੀ ਬੀਮਾਰੀ 'ਤੇ ਦੁੱਖਾਂ ਦਾ ਬਖ਼ਾਨ ਕਰ ਕੇ ਹਮਦਰਦੀ ਬਟੋਰਨਾ ਤੇ ਜੇ ਥੋੜ੍ਹਾ ਕੁ ਹੋਰ ਆਖ ਦਈਏ, ਹੋਰਨਾਂ ਵਾਂਗ ਡਾਲਰ ਬਟੋਰਨਾ, ਉਹਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਉਹ ਧੁਰੋਂ ਰਾਜ਼ੀ ਤੇ ਰੱਜੀ ਰੂਹ ਸੀ। ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਰੂਹ।

**ਇਕ ਦਿਲਚਸਪ ਪ੍ਰਸੰਗ**

ਇਹ ਨਹੀਂ ਕਿ ਉਹ ਉਦਾਸ ਨਹੀਂ ਹੁੰਦਾ ਹੋਵੇਗਾ, ਪਰ ਉਹਦੀ ਉਦਾਸੀ ਦੇ ਪ੍ਰਸੰਗ ਹੋਰ ਸਨ। ਟਰਾਂਟੋ ਦੀ ਤਰਕਸ਼ੀਲ ਸੋਸਾਇਟੀ ਨੇ ਉਸਨੂੰ ਆਪਣੇ ਸਾਲਾਨਾ ਮੇਲੇ 'ਤੇ ਨਾਟਕ ਖੇਡਣ ਲਈ ਇੰਡੀਆ ਤੋਂ ਬੁਲਾਇਆ ਸੀ। ਔਲਖ ਨੇ ਡੇਢ ਦੋ ਮਹੀਨੇ ਪਹਿਲਾਂ ਆ ਕੇ ਨਾਟਕ ਲਈ ਢੁਕਵੇਂ ਐਕਟਰਾਂ ਦੀ ਭਾਲ਼ ਕੀਤੀ। ਉਨ੍ਹਾਂ ਨੂੰ ਟਰੇਨਿੰਗ ਦਿੱਤੀ। ਰੀਹਰਸਲਾਂ ਕਰਵਾਈਆਂ। ਤਰਕਸ਼ੀਲ ਸੋਸਾਇਟੀ ਵਾਲੇ ਪਰੋਗਰਾਮ 'ਤੇ ਮੈਂ ਬੀਮਾਰ ਹੋਣ ਕਰ ਕੇ ਚਾਹੁੰਦਿਆਂ ਹੋਇਆਂ ਵੀ ਪਹੁੰਚ ਨਾ ਸਕਿਆ ਤਾਂ ਅਗਲੇ ਅਗਲੇਰੇ ਦਿਨ ਮੇਰਾ ਬੀਮਾਰ ਹੋਣਾ ਸੁਣ ਕੇ ਔਲਖ ਮੈਨੂੰ ਘਰ ਮਿਲਣ ਆਇਆ। ਮੈਂ ਹੋਏ ਨਾਟਕ ਬਾਰੇ ਜਾਨਣਾ ਚਾਹਿਆ ਤਾਂ ਪਰੇਸ਼ਾਨ ਤੇ ਉਦਾਸ ਹੋਏ ਔਲਖ ਨੇ ਦੱਸਿਆ ਕਿ ਸੋਸਾਇਟੀ ਵਾਲੇ ਪਹਿਲਾਂ ਹੋਰ ਪ੍ਰੋਗਰਾਮ ਕਰਦੇ ਰਹੇ। ਕਦੀ ਗਾਉਣ-ਵਜਾਉਣ ਦਾ, ਕਦੀ ਜਾਦੂ ਟੂਣਿਆਂ ਬਾਰੇ। ਜਦੋਂ ਨਾਟਕ ਖੇਡਿਆ ਜਾਣ ਲੱਗਾ ਤਾਂ ਅਜੇ ਅੱਧਾ ਕੁ ਨਾਟਕ ਹੋਇਆ ਸੀ ਕਿ ਹਾਲ ਦੀ ਬੁਕਿੰਗ ਦਾ ਟਾਈਮ ਖ਼ਤਮ ਹੋ ਗਿਆ ਤੇ ਹਾਲ ਵਾਲਿਆਂ ਦੇ ਕਹਿਣ 'ਤੇ ਨਾਟਕ ਨੂੰ ਵਿਚਾਲੇ ਹੀ ਬੰਦ ਕਰ ਦੇਣ ਲਈ ਮਜਬੂਰ ਹੋਣਾ ਪਿਆ। ਇਹੋ ਹੀ ਕਾਰਨ ਸੀ ਔਲਖ ਦੀ ਉਦਾਸੀ ਦਾ। ਉਹਦੀ ਦੋ ਮਹੀਨੇ ਤੋਂ ਕੀਤੀ ਮਿਹਨਤ ਰੁਲ਼ ਗਈ ਸੀ। ਮੈਂ ਔਲਖ ਦਾ ਦਿਲ ਧਰਾਉਣ ਤੇ ਖ਼ੁਸ਼ ਕਰਨ ਲਈ ਨਜ਼ਾਮਦੀਨ ਦਾ ਇਕ ਲਤੀਫ਼ਾ ਸੁਣਾਇਆ:

-ਔਲਖ ਸਾਹਿਬ! ਇਕ ਵਾਰ ਕੋਈ ਰਾਹਗੀਰ ਕਿਸੇ ਪਿੰਡ ਵਿਚੋਂ ਲੰਘ ਰਿਹਾ ਸੀ। ਭੁੱਖ

ਲੱਗੀ ਹੋਈ ਸੀ। ਪੈਂਡਾ ਲੰਮਾ ਸੀ। ਉਸਨੇ ਕਿਸੇ ਘਰ ਦਾ ਦਰਵਾਜ਼ਾ ਖੜਕਾਇਆ। ਤੁਸੀਂ ਜਾਣਦੇ ਹੀ ਓ ਕਿ ਉਹਨੀਂ ਦਿਨੀਂ ਕੋਈ ਵੀ ਰਾਹਗੀਰ ਰੋਟੀ-ਪਾਣੀ ਛਕਣ ਲਈ ਕਿਸੇ ਵੀ ਘਰ ਦਾ ਦਰਵਾਜ਼ਾ ਖੜਕਾ ਸਕਦਾ ਸੀ। ਕਿਸੇ ਮਾਈ ਨੇ ਦਰਵਾਜ਼ਾ ਖੋਲ੍ਹਿਆ। ਰਾਹੀ ਦੇ ਕਹਿਣ 'ਤੇ ਉਹਨੂੰ ਆਦਰ ਨਾਲ ਮੰਜੇ 'ਤੇ ਬਿਠਾਇਆ। ਰੋਟੀ ਪਾ ਕੇ ਦਿੱਤੀ। ਥਾਲੀ ਵਿਚ ਰੱਖੀ ਰੋਟੀ ਮੁੱਕਣ ਲੱਗੀ ਤਾਂ ਮਾਈ ਨੇ ਹੋਰ ਫ਼ੁਲਕਾ ਲੈਣ ਲਈ ਪੁੱਛਿਆ। ਰਾਹੀ ਕਹਿੰਦਾ, "ਚਲੋ ਰਹਿਣ ਦਿਓ।" ਮਾਈ ਕਹਿੰਦੀ, "ਰਹਿਣ ਦਿਓ ਦਾ ਕੀ ਮਤਲਬ? ਜੇ ਰੱਜ ਗਿਐਂ ਤਾਂ ਰਹਿਣ ਦਿੰਦੀ ਆਂ। ਜੇ ਭੁੱਖ ਐ ਤਾਂ ਲੈ ਲੈ।" ਉਹਨੇ ਫੁਲਕਾ ਰਖਾ ਲਿਆ। ਮਾਈ ਨੇ ਹੋਰ ਫੁਲਕੇ ਬਾਰੇ ਪੁੱਛਿਆ ਤਾਂ ਕਹਿੰਦਾ, "ਨਹੀਂ, ਹੁਣ ਨੀ ਲੋੜ। ਰੱਜ ਗਿਆਂ।" ਮਾਈ ਕਹਿੰਦੀ , "ਲੈ ਲੈ, ਲੈ ਲੈ। ਅਜੇ ਤੂੰ ਪੈਂਡਾ ਕਰਨਾ ਏਂ।" ਉਹਨੇ ਹੋਰ ਫੁਲਕਾ ਲੈ ਲਿਆ। ਫਿਰ ਵੀ ਉਹਨੇ ਦੋ ਚਾਰ ਵਾਰ ਇੰਜ ਹੀ ਨਾਂਹ ਕੀਤੀ ਪਰ ਮਾਈ ਦੇ ਕਹਿਣ 'ਤੇ ਫ਼ੁਲਕਾ ਲੈ ਲੈਂਦਾ ਰਿਹਾ। ਜਦੋਂ ਜਾਣ ਲੱਗਾ ਤਾਂ ਮਾਈ ਨੇ ਪੁੱਛਿਆ, "ਵੀਰਾ! ਦੱਸ ਤਾਂ ਸਹੀ ਕੰਮ ਕੀ ਕਰਦਾ ਹੁੰਦਾਂ?" ਕਹਿੰਦਾ, "ਮਾਤਾ! ਮੈਂ ਪਟਵਾਰੀ ਆਂ। ਜੇ ਕਿਤੇ ਆਪਣੀ ਜ਼ਮੀਨ ਦਾ ਹਿਸਾਬ ਕਿਤਾਬ ਜਾਂ ਗਿਣਤੀ ਮਿਣਤੀ ਕਰਾਉਣੀ ਹੋਈ ਤਾਂ ਮੈਨੂੰ ਹੁਕਮ ਕਰੀਂ।" ਮਾਤਾ ਕਹਿੰਦੀ, "ਨਖ਼ਾਫ਼ਣਿਆਂ ਤੂੰ ਸਵਾਹ ਦਾ ਪਟਵਾਰੀ ਏਂ। ਤੈਥੋਂ ਤਾਂ ਆਪਣੇ ਢਿੱਡ ਦੀ ਗਿਣਤੀ ਮਿਣਤੀ ਨਹੀਂ ਹੁੰਦੀ। ਜ਼ਮੀਨਾਂ ਖ਼ੇਹ ਤੇ ਸਵਾਹ ਮਿਣਦਾ ਹੋਏਂਗਾ!"

ਲਤੀਫ਼ਾ ਸੁਣਾ ਕੇ ਮੈਂ ਔਲਖ ਨੂੰ ਕਿਹਾ, "ਔਲਖ ਸਾਹਿਬ! ਫਿਰ ਤਾਂ ਉਸ ਪਟਵਾਰੀ ਵਰਗੀ ਹੀ ਹੋਈ ਆਪਣੀ ਇਹ ਤਰਕਸ਼ੀਲ ਸੋਸਾਇਟੀ। ਜਿਹੜੀ ਸੋਸਾਇਟੀ ਆਪਣੇ ਪ੍ਰੋਗਰਾਮ ਦੇ ਸਮੇਂ ਦੀ ਤਰਕਸ਼ੀਲ ਵੰਡ ਨਹੀਂ ਕਰ ਸਕਦੀ, ਉਹ ਜ਼ਿੰਦਗੀ ਦੇ ਹੋਰ ਮਸਲਿਆਂ ਬਾਰੇ ਕਿਹੋ ਜਿਹਾ ਤਰਕਸ਼ੀਲ ਰਵੱਈਆ ਰੱਖਦੀ ਹੋਊ?" ਔਲਖ ਖਿੜ ਖਿੜਾ ਕੇ ਹੱਸਿਆ। ਉਹਦੀ ਉਦਾਸੀ ਧੁਪ ਗਈ ਸੀ। ਮੇਰੀ ਗੱਲ ਸੁਣ ਕੇ ਤਰਕਸ਼ੀਲ ਸੋਸਾਇਟੀ ਵਾਲਿਆਂ ਨੇ ਮੂੰਹ ਸੁਜਾ ਲਿਆ। ਪਰ ਔਲਖ ਦਾ ਨਾਟਕ ਕਰਨ ਲਈ ਸੋਸਾਇਟੀ ਨੂੰ ਦੋਬਾਰਾ ਪ੍ਰੋਗਰਾਮ ਕਰਨਾ ਪਿਆ।

**ਜਦੋਂ ਔਲਖ ਨੇ ਮੇਰੀ ਗੱਲ ਨਾ ਮੰਨੀ**

ਅਜਮੇਰ ਔਲਖ ਨੂੰ ਕਿਸੇ ਅਹੁਦੇ ਦੀ ਭੁੱਖ ਨਹੀਂ ਸੀ। ਭੁੱਖ ਹੁੰਦੀ ਤਾਂ ਉਹਦਾ ਨਾਟਕ ਵੇਖਣ ਤੋਂ ਬਾਅਦ ਕਲਾ ਦੇ ਅਸਰ ਨਾਲ ਕੀਲੇ ਹੋਏ ਡਾ ਅਤਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਨੂੰ ਜਦੋਂ ਕਿਹਾ ਸੀ, "ਇਸ ਮੁੰਡੇ ਨੂੰ ਆਪਣੀ ਯੂਨੀਵਰਸਿਟੀ ਦੇ ਥਿਏਟਰ ਡਿਪਾਰਟਮੈਂਟ ਵਿਚ ਲੈ ਕੇ ਜਾਉ!" ਤੇ ਡਾ. ਅਮਰੀਕ ਸਿੰਘ ਨੇ ਜਵਾਬ ਵਿਚ ਕਿਹਾ ਸੀ, "ਆ-ਜੇ, ਕੱਲ੍ਹ ਹੀ ਆ ਕੇ ਜੋਆਇਨ ਕਰ ਲਵੇ।" ਤਾਂ ਅਜਮੇਰ ਔਲਖ ਨੇ ਇਸ ਪੇਸ਼ਕਸ਼ ਨੂੰ ਅਣਗੌਲਿਆਂ ਹੀ ਕਰ ਛੱਡਿਆ ਸੀ। ਚਾਹੁੰਦਾ ਤਾਂ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਵੀ ਬਣ ਸਕਦਾ ਸੀ, ਨਹੀਂ ਤਾਂ, ਘੱਟੋ-ਘੱਟ ਪੰਜਾਬੀ ਯੂਨੀਵਰਸਿਟੀ ਦੇ ਥਿਏਟਰ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ ਦੇ ਅਹੁਦੇ ਤੱਕ ਤਾਂ ਸਹਿਜੇ ਹੀ ਪਹੁੰਚ ਜਾਂਦਾ।

ਉਹ ਕਿਸੇ ਅਹੁਦੇ ਮਗਰ ਨਹੀਂ ਦੌੜਿਆ। ਸਭ ਅਹੁਦੇਦਾਰੀਆਂ ਉਸ ਕੋਲ਼ ਆਪਣੇ ਆਪ ਚੱਲ ਕੇ ਹੀ ਆਈਆਂ। ਇਕ ਵਾਰ ਉਹ ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਦੀ ਚੋਣ ਲੜਨ ਲਈ 'ਲੋੜਵੰਦਾਂ' ਦੇ 'ਮਨਾਉਣ' 'ਤੇ ਮੈਦਾਨ ਵਿਚ ਨਿੱਤਰ ਆਇਆ। ਅਸੀਂ ਜਾਣਦੇ ਹਾਂ ਕਿ ਕੇਂਦਰੀ ਲੇਖਕ ਸਭਾ ਉੱਤੇ ਸਦਾ ਵੱਖ-ਵੱਖ ਕਮਿਊਨਿਸਟ ਧਿਰਾਂ ਦਾ ਕਬਜ਼ਾ ਰਿਹਾ ਹੈ। ਅੱਜ ਵੀ ਇੰਞ ਹੀ ਹੈ। ਇਹ ਧੜੇ ਚੋਣਾਂ ਵੇਲੇ ਵੋਟ ਪਾਉਣ ਲੱਗਿਆਂ ਅਹੁਦੇਦਾਰੀਆਂ ਲਈ ਖਲੋਣ ਵਾਲੇ ਸਾਹਿਤਕਾਰਾਂ ਦੀਆਂ ਪ੍ਰਾਪਤੀਆਂ, ਉਹਨਾਂ ਦੇ ਕਿਰਦਾਰ ਦੀ ਬੁਲੰਦੀ ਵਗ਼ੈਰਾ ਨੂੰ ਨਹੀਂ ਵੇਖਦੇ, ਸਗੋਂ, 'ਪਾਰਟੀ-ਆਦੇਸ਼' ਨੂੰ ਮੰਨਦਿਆਂ 'ਆਪਣੇ ਪੈਨਲ ਦੇ ਬੰਦਿਆਂ' ਨੂੰ ਵੋਟ ਪਾਉਂਦੇ ਹਨ। ਹਰ ਵਾਰ ਇਹ ਪਾਰਟੀਆਂ ਆਪਣੀ ਸੁਵਿਧਾ ਅਨੁਸਾਰ 'ਆਪਸੀ ਗੱਠ-ਜੋੜ' ਕਰ ਕੇ ਆਪਣਾ ਪੈਨਲ ਤਿਆਰ ਕਰਦੀਆਂ ਹਨ ਅਤੇ ਫਿਰ ਵੱਖ-ਵੱਖ ਜ਼ਿਲ੍ਹਿਆਂ ਤੋਂ ਬੱਸਾਂ ਭਰ ਕੇ ਆਪਣੇ ਉਮੀਦਵਾਰਾਂ ਨੂੰ

ਜਿਤਾਉਣ ਲਈ ਹੱਲਾ ਬੋਲਦੀਆਂ ਹਨ। ਇਸ ਵਤੀਰੇ ਦੀ ਸਭ ਤੋਂ ਵੱਡੀ ਕਾਣ ਉਦੋਂ ਨਜ਼ਰ ਆਈ, ਜਦੋਂ ਉਹਨਾਂ ਨੇ ਧੜੇਬਾਜ਼ੀ ਵਿਚ ਆ ਕੇ ਗੁਰਸ਼ਰਨ ਸਿੰਘ ਵਰਗੀ ਨਾਮਵਰ ਹਸਤੀ ਨੂੰ ਵੀ ਹਰਾ ਦਿੱਤਾ ਸੀ। ਮੇਰੇ ਵਰਗੇ ਗੁਰਸ਼ਰਨ ਸਿੰਘ ਦੇ ਸੈਂਕੜੇ ਕਦਰਦਾਨਾਂ ਨੂੰ ਇਸ ਹਾਰ ਦਾ ਧੱਕਾ ਲੱਗਾ ਸੀ। ਹੁਣ ਸਾਡੇ ਦੂਜੇ, ਓਡੇ-ਕੇਡੇ ਹੀ ਵੱਡੇ ਨਾਟਕਕਾਰ ਨੇ ਚੋਣਾਂ ਵਿਚ ਪ੍ਰਧਾਨਗੀ ਪਦ ਲਈ ਕਾਗ਼ਜ਼ ਭਰ ਦਿੱਤੇ ਸਨ। ਮੇਰੇ ਮਨ ਨੂੰ 'ਗੁਰਸ਼ਰਨ ਸਿੰਘ ਵਾਲਾ' ਤੌਖ਼ਲਾ ਖਾਣ ਲੱਗਾ। ਅਜੇ ਨਾਮ ਵਾਪਸ ਲਏ ਜਾਣ ਦੀ ਤਰੀਕ ਬਾਕੀ ਸੀ। ਮੈਂ ਔਲਖ ਨੂੰ ਫ਼ੋਨ ਕਰ ਕੇ 'ਸਮਝਾਉਣ' ਦੀ ਕੋਸ਼ਿਸ਼ ਕੀਤੀ, "ਆਪਾਂ ਜਾਣਦੇ ਹਾਂ ਕਿ ਕੇਂਦਰੀ ਲੇਖਕ ਸਭਾ ਦੀ ਅਹੁਦੇਦਾਰੀ ਸਾਹਿਤ ਦਾ ਬਹੁਤਾ ਕੁਝ ਨਹੀਂ ਸੰਵਾਰਦੀ। ਇਹ ਤਾਂ ਸਾਹਿਤ ਦੀ 'ਸੇਵਾ' ਕਰਨ ਨਾਲੋਂ ਬਹੁਤਾ, ਲੇਖਕਾਂ ਨੂੰ ਆਪਸ ਵਿਚ ਪਾੜਨ ਦਾ ਰੋਲ ਨਿਭਾਉਂਦੀ ਆ ਰਹੀ ਹੈ। ਤੁਸੀਂ ਇਸ ਅਹੁਦੇ ਵਿਚੋਂ ਕੀ ਲੈਣਾ ਹੈ। ਮੇਰੀ ਫ਼ਿਕਰਮੰਦੀ ਹੈ ਕਿ ਜੇ ਕਿਤੇ 'ਨੇ-ਜਾਣੀਏ' ਗੁਰਸ਼ਰਨ ਸਿੰਘ ਵਾਲੀ ਹੋ ਗਈ ਤਾਂ...। ਮੈਨੂੰ ਤਾਂ ਸਰਬਸੰਮਤੀ ਨਾਲ ਇਕ ਵਾਰ ਜਨਰਲ ਸਕੱਤਰ ਲਈ ਤੇ ਦੂਜੀ ਵਾਰ ਪ੍ਰਧਾਨਗੀ ਦੀ ਪੇਸ਼ਕਸ਼ ਹੋਈ ਸੀ ਤੇ ਮੈਂ ਉਹ ਪੇਸ਼ਕਸ਼ ਦੋਵੇਂ ਵਾਰ ਠੁਕਰਾ ਦਿੱਤੀ ਸੀ। ਹਾਲਾਂ ਕਿ ਸਰਬਸੰਮਤੀ ਕਾਰਨ ਹਾਰਨ ਦਾ ਖ਼ਤਰਾ ਵੀ ਕੋਈ ਨਹੀਂ ਸੀ ਤੇ 'ਬੱਲੇ!ਬੱਲੇ!' ਵਾਧੂ ਦੀ। ਤੁਹਾਨੂੰ ਤਾਂ ਅਜਿਹੀ 'ਬੱਲੇ!ਬੱਲੇ!' ਦੀ ਵੀ ਕੀ ਲੋੜ ਹੈ। ਤੁਸੀਂ ਤਾਂ ਪਹਿਲਾਂ ਹੀ ਐਸੇ ਸਭ ਅਹੁਦਿਆਂ ਤੋਂ ਉੱਚੇ ਹੋ।"

ਮੈਂ ਆਪਣੀ ਗੱਲ ਮੁਕਾਈ ਤਾਂ ਔਲਖ ਸਹਿਜ ਭਾਅ ਬੋਲਿਆ, "ਓ ਯਾਰ ਸੰਧੂ! ਹੁਣ ਤਾਂ ਕਾਗ਼ਜ਼ ਭਰੇ ਗਏ ਨੇ।"

"ਕਾਗ਼ਜ਼ ਵਾਪਸ ਵੀ ਤਾਂ ਹੋ ਸਕਦੇ ਨੇ। ਮੈਂ ਏਸੇ ਲਈ ਤਾਂ ਫ਼ੋਨ ਕੀਤਾ।"

"ਹੁਣ ਤਾਂ ਯਾਰ, ਉਹਨਾਂ ਨਾਲ ਬਚਨ ਕਰ ਲਿਆ।" 'ਉਹਨਾਂ' ਤੋਂ ਭਾਵ ਉਹਨੂੰ ਚੋਣਾਂ ਵਿਚ ਖੜ੍ਹਾ ਕਰਨ ਵਾਲੇ ਦੋਸਤਾਂ ਤੋਂ ਸੀ।

"ਮੈਂ ਤਾਂ ਬੜੇ ਫ਼ਿਕਰ ਵਿਚ ਹਾਂ ਕਿ ਕਿਤੇ...!"

"ਓ ਸੰਧੂ! ਤੂੰ ਫ਼ਿਕਰ ਨਾ ਕਰ। ਤੇਰੀ ਪਿੱਠ ਨਹੀਂ ਲੱਗਦੀ। ਹੁਣ ਤਾਂ ਬੇੜਾ ਝਨਾਂ ਵਿਚ ਠੇਲ੍ਹ ਦਿੱਤਾ ਹੈ।"

ਮੈਨੂੰ ਖ਼ੁਸ਼ੀ ਸੀ ਕਿ ਉਹਨੂੰ ਆਪਣੀ ਜਿੱਤ-ਹਾਰ ਮੇਰੀ ਜਿੱਤ-ਹਾਰ ਵੀ ਲੱਗਦੀ ਸੀ। ਪਰ ਮੇਰਾ ਵਿਸਵਿਸਾ ਖ਼ਤਮ ਨਹੀਂ ਸੀ ਹੋਇਆ। ਉਹਦਾ ਦ੍ਰਿੜ੍ਹ ਨਿਸਚਾ ਵੇਖ ਕੇ ਮੈਨੂੰ ਸੋਹਣ ਸਿੰਘ 'ਸੀਤਲ' ਦੀਆਂ ਸਤਰਾਂ ਯਾਦ ਆਈਆਂ, *"ਦਾਈਆ ਸੂਰਮੇਂ ਦਾ ਸਿਰ ਦੇ ਨਲ ਹੁੰਦਾ, ਜਿੱਤ ਹਾਰ ਦੀ ਜਾਣੇ ਕਰਤਾਰ ਸਿੰਘਾ।"* ਖੈਰ ਔਲਖ ਉਹ ਚੋਣ ਜਿੱਤ ਗਿਆ। ਮੇਰੇ ਸਿਰ ਤੋਂ ਮਣਾਂ-ਮੂਹੀਂ ਭਾਰ ਲਹਿ ਗਿਆ। ਇਹ ਤਾਂ ਐਵੇਂ ਮੇਰੇ ਮਨ ਦਾ ਵਹਿਮ ਸੀ। ਉਹਦੀ ਕਲਾ ਦੇ ਆਸ਼ਕ ਉਹਨੂੰ ਹਾਰਨ ਕਿੱਥੇ ਦੇਣ ਲੱਗੇ ਸਨ। ਪ੍ਰਧਾਨਗੀ ਦੇ ਰੰਗ-ਢੰਗ ਵੇਖਣ ਤੋਂ ਬਾਅਦ ਆਖ਼ਰਕਾਰ ਉਹ ਮੇਰੇ ਨਾਲ ਸਹਿਮਤ ਹੋ ਗਿਆ ਸੀ ਕਿ ਇਸ 'ਪ੍ਰਧਾਨਗੀ 'ਚੋਂ 'ਕੱਢਣ-ਪਾਉਣ' ਨੂੰ ਕੁਝ ਨਹੀਂ ਸੀ! ਕੁਝ ਸਮੇਂ ਪਿੱਛੋਂ ਉਸਨੇ ਇਕ ਈਮੇਲ ਵਿਚ ਮੈਨੂੰ ਲਿਖਿਆ, "ਕੇਂਦਰੀ ਲੇਖਕ ਸਭਾ ਦਾ ਪ੍ਰਧਾਨ ਬਣਨ ਤੋਂ ਬਾਅਦ ਮੇਰਾ ਇਹਨਾਂ ਮੈਂਬਰੀਆਂ-ਸ਼ੈਂਬਰੀਆਂ ਤੇ ਅਹੁਦੇਦਾਰੀਆਂ ਤੋਂ ਮਨ ਫਿੱਕਾ ਹੀ ਪੈ ਗਿਆ ਹੈ ਤੇ ਨਾ ਹੀ ਮੈਂ ਆਪਣੇ ਆਪ ਨੂੰ ਇਹਨਾਂ ਦੇ ਯੋਗ ਸਮਝਦਾ ਹਾਂ।"

### ਗੁਰਸ਼ਰਨ ਸਿੰਘ ਤੇ ਅਜਮੇਰ ਸਿੰਘ ਔਲਖ ਦੀ ਸਾਂਝ ਤੇ ਫ਼ਰਕ

ਅਜਮੇਰ ਔਲਖ ਨੂੰ 2015 ਵਿਚ 'ਗੁਰਸ਼ਰਨ ਸਿੰਘ ਲੋਕ-ਕਲਾ ਸਲਾਮ ਕਾਫ਼ਲੇ' ਵੱਲੋਂ 'ਭਾਈ ਲਾਲੋ ਕਲਾ ਸਨਮਾਨ', ਭਰੇ-ਪੂਰੇ ਚਾਅ ਅਤੇ ਉਤਸ਼ਾਹ ਨਾਲ ਭਰੇ ਭਾਰੀ ਜਨਤਕ ਇਕੱਠ ਵਿਚ ਦੇ ਕੇ ਸਾਬਤ ਕਰ ਦਿੱਤਾ ਕਿ ਲੋਕਾਂ ਦੇ ਲੇਖਕ ਨੂੰ ਲੋਕ ਸਦਾ ਆਪਣੇ ਦਿਲ ਵਿਚ ਵਸਾ ਕੇ ਰੱਖਦੇ ਹਨ, ਕਿਉਂਕਿ, ਉਹਨਾਂ ਲੇਖਕਾਂ ਦਾ ਲਿਖਿਆ ਸ਼ਬਦ-ਸ਼ਬਦ ਉਹਨਾਂ ਦੇ ਆਪਣੇ ਹੀ ਦਿਲਾਂ ਦੀ ਆਵਾਜ਼ ਹੁੰਦਾ ਹੈ। ਇਸ ਸਨਮਾਨ ਨਾਲ ਭਾਈ ਲਾਲੋ ਅਤੇ ਗੁਰਸ਼ਰਨ ਸਿੰਘ ਦੇ ਨਾਵਾਂ ਦਾ ਜੁੜੇ ਹੋਣਾ ਇਸ

ਗੱਲ ਦਾ ਸੰਕੇਤ ਹੈ ਕਿ ਗੁਰਸ਼ਰਨ ਸਿੰਘ ਤੇ ਅਜਮੇਰ ਔਲਖ 'ਭਾਈ ਲਾਲੋਆਂ ਦੇ ਹੱਕਾਂ ਦੇ ਬੁਲਾਰੇ' ਅਤੇ ਇਕੋ ਰਾਹ ਦੇ ਪਾਂਧੀ ਸਨ। ਵੱਡੇ ਨੇ ਪੈੜਾਂ ਪਾਈਆਂ ਤੇ ਛੋਟੇ ਨੇ ਸਿਦਕ-ਦਿਲੀ ਤੇ ਦ੍ਰਿੜ੍ਹਤਾ ਨਾਲ ਉਹਨਾਂ ਪੈੜਾਂ 'ਤੇ ਤੁਰਦੇ ਰਹਿਣ ਦੀ ਕਰਾਮਾਤ ਕਰ ਵਿਖਾਈ। ਅਜਮੇਰ ਔਲਖ ਨੇ ਗੁਰਸ਼ਰਨ ਸਿੰਘ ਦੀ ਪੰਜਾਬੀ ਰੰਗ-ਮੰਚ ਨੂੰ ਇਤਿਹਾਸਕ ਦੇਣ ਬਾਰੇ ਸਲਾਮ ਕਰਦਿਆਂ ਲਿਖਿਆ ਸੀ, "ਇਸ ਵਿਚ ਸ਼ੱਕ ਨਹੀਂ ਕਿ ਗੁਰਸ਼ਰਨ ਸਿੰਘ ਭਾਅ ਜੀ ਨੇ ਪੰਜਾਬੀ ਨਾਟਕ ਨੂੰ ਆਮ ਲੋਕਾਂ ਤਕ ਪੁੱਜਦਾ ਕਰਨ ਲਈ ਇਕ ਵੱਡੀ ਸੰਸਥਾ ਵਾਂਗ ਕੰਮ ਕੀਤਾ ਹੈ। ਉਹਨਾਂ ਨੇ ਪੰਜਾਬ ਵਿਚ ਨਾਟਕ ਤੇ ਰੰਗ-ਮੰਚ ਦੀ ਲਹਿਰ ਪੈਦਾ ਕਰਨ ਲਈ ਇਤਿਹਾਸਕ ਮਹੱਤਵ ਵਾਲਾ ਇਕ ਆਗੂ ਰੋਲ ਨਿਭਾਇਆ ਹੈ। ਮੇਰੇ ਵਰਗੇ ਜੋ ਪੰਜਾਬ ਦੇ ਪਿੰਡਾਂ ਵਿਚ ਜਾ ਕੇ ਥੋੜ੍ਹਾ-ਬਹੁਤਾ ਰੰਗਮੰਚ ਕਰ ਰਹੇ ਹਨ ਤਾਂ ਉਹਨਾਂ ਤੋਂ ਮਿਲੀ ਪ੍ਰੇਰਨਾ ਸਦਕਾ ਹੀ ਕਰਨ ਲੱਗੇ ਹਨ।"

ਔਲਖ ਦੇ ਇਹ ਬੋਲ ਮਹਾਨ ਧਨੁਖਧਾਰੀ ਅਰਜਨ ਵੱਲੋਂ ਆਪਣੇ ਗੁਰੂ ਦ੍ਰੋਣਾਚਾਰੀਆ ਦੇ ਚਰਨਾਂ ਵਿਚਕਾਰ ਨਮਸਕਾਰ ਵਜੋਂ ਸੁੱਟੇ ਤੀਰ ਵਰਗੇ ਹਨ। ਵੱਡੇ ਨੇ ਮੁਹੱਬਤਾਂ ਦਾ ਗੁਸਲਦਸਤਾ ਭੇਟ ਕੀਤਾ ਤੇ ਛੋਟੇ ਨੇ ਸੀਸ ਨਿਵਾ ਕੇ ਬੁੱਕ ਵਿਚ ਸੰਭਾਲ ਕੇ ਸੀਨੇ ਨਾਲ ਲਾ ਲਿਆ। ਇਸ ਗੁਲਦਸਤੇ ਦੇ ਫੁੱਲਾਂ ਵਿਚ ਵਿਚਾਰਧਾਰਕ ਖ਼ੁਸ਼ਬੂ ਵੀ ਸੀ ਤੇ ਕਲਾ ਦਾ ਰੰਗ ਵੀ। ਅਜਮੇਰ ਔਲਖ ਨੇ ਗੁਰਸ਼ਰਨ ਸਿੰਘ ਦੀ ਦਿੱਤੀ ਇਸ ਖ਼ੁਸ਼ਬੂ ਨੂੰ ਲੰਮੇ ਸਾਹ ਲੈ ਕੇ ਅੰਦਰ ਵਸਾ ਲਿਆ ਤੇ ਕਲਾ ਦੇ ਸੱਤੇ ਰੰਗ ਆਪਣੀ ਰੂਹ ਵਿਚ ਘੋਲ ਲਏ। ਦੋਵੇਂ ਗੁਰੂ-ਚੇਲਾ ਧੰਨ ਹੋ ਗਏ। ਇਕ ਹੋ ਗਏ। ਕੋਈ ਵੱਡਾ-ਛੋਟਾ ਨਾ ਰਿਹਾ।

ਨਿਰਸੰਦੇਹ ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਨੂੰ ਪੰਜਾਬ ਦੇ ਪਿੰਡਾਂ ਦੇ ਵਿਹੜਿਆਂ ਅਤੇ ਸੱਥਾਂ ਵਿਚ ਲੈ ਕੇ ਜਾਣ ਦੀ ਇਤਿਹਾਸਕ ਦੇਣ ਤੋਂ ਕੋਈ ਮੁਨਕਰ ਹੋ ਹੀ ਨਹੀਂ ਸਕਦਾ। ਜਦੋਂ ਗੁਰਸ਼ਰਨ ਸਿੰਘ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੇ ਬੈਨਰ ਹੇਠ ਅੰਮ੍ਰਿਤਸਰ ਦੇ ਓਪਨ ਏਅਰ ਥੀਏਟਰ ਵਿਚ ਹਰ ਮਹੀਨੇ ਨਵਾਂ ਨਾਟਕ ਕਰਦੇ ਸਨ ਤਾਂ ਅਸੀਂ ਉਚੇਚੇ ਤੌਰ 'ਤੇ ਆਪਣੇ ਪਿੰਡਾਂ ਤੋਂ ਚੱਲ ਕੇ ਰਾਤ ਨੂੰ ਹੋਣ ਵਾਲੇ ਇਹ ਨਾਟਕ ਵੇਖਣ ਜਾਂਦੇ। ਨਾਟਕ ਵੇਖਣ ਤੋਂ ਬਾਅਦ ਰਾਤ ਕਿਸੇ ਸਸਤੇ ਹੋਟਲ ਵਿਚ ਕੱਟਦੇ। ਗੁਰਸ਼ਰਨ ਸਿੰਘ ਦੀਆਂ ਨਾਟਕੀ ਪੇਸ਼ਕਾਰੀਆਂ ਸੁਨੇਹੇ ਦੇ ਨਾਲ-ਨਾਲ ਕਲਾ ਦੀਆਂ ਸਿਖ਼ਰਾਂ ਛੋਹਣ ਵਾਲੀਆਂ ਸਨ। ਪਰ ਪਿੰਡਾਂ ਤੋਂ ਨਾਟਕ ਵੇਖਣ ਆਉਣ ਵਾਲਿਆਂ ਲਈ ਰਾਤ ਰਹਿਣ ਦੀ ਸਮੱਸਿਆ ਹੋਣ ਕਰ ਕੇ 'ਸਾਡੇ ਵਰਗਿਆਂ' ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ। ਬਹੁਤੇ ਦਰਸ਼ਕ ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਤ ਹੁੰਦੇ ਤੇ ਉਹਨਾਂ ਨੂੰ ਨਾਟਕ ਵੇਖਣ ਲਈ ਪਾਸ ਮੁਹੱਈਆ ਕਰਵਾਏ ਜਾਂਦੇ ਸਨ। ਗੁਰਸ਼ਰਨ ਸਿੰਘ ਦਾ ਨਾਟਕ ਵੇਖਣ ਲਈ ਅੰਮ੍ਰਿਤਸਰ ਆਉਣ ਦਾ ਤਰੱਦਦ ਸਾਡੇ ਵਰਗੇ ਖ਼ਬਤੀ ਲੋਕ ਤਾਂ ਕਰ ਸਕਦੇ ਸਨ, ਪਰ, ਆਮ ਪੰਜਾਬੀ ਦਰਸ਼ਕ ਇਹਨਾਂ ਨਾਟਕਾਂ ਤੋਂ ਵਾਂਝੇ ਰਹਿ ਜਾਂਦੇ। ਕੁਝ ਸਮੇਂ ਬਾਅਦ ਗੁਰਸ਼ਰਨ ਸਿੰਘ ਨੇ ਖ਼ੁਦ ਹੀ ਮਹਿਸੂਸ ਕੀਤਾ ਕਿ ਉਹਦੇ ਨਾਟਕਾਂ ਦੇ ਸੁਨੇਹੇ ਦਾ ਅਸਲ ਅਧਿਕਾਰੀ ਦਰਸ਼ਕ ਤਾਂ ਪਿੰਡਾਂ ਵਿਚ ਵੱਸਦਾ ਹੈ। ਸਾਡੇ ਮਨ ਦੀ ਰੀਝ ਪੂਰੀ ਹੋ ਗਈ। ਗੁਰਸ਼ਰਨ ਸਿੰਘ ਦੀ ਟੀਮ ਪਿੰਡ-ਪਿੰਡ ਨਾਟਕ ਕਰਨ ਲੱਗੀ।

ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਕੁਝ ਵਿਸ਼ੇਸ਼ ਦਰਸ਼ਕਾਂ ਦੇ ਦਾਇਰੇ ਵਿਚੋਂ ਕੱਢ ਕੇ ਪੰਜਾਬ ਦੇ ਲੋਕ-ਮਨਾਂ ਤਕ ਆਪਣਾ ਸੁਨੇਹਾ ਪਹੁੰਚਾਉਣ ਦਾ ਮਹਾਨ ਕਾਰਜ ਕੀਤਾ। ਸਾਡੇ ਇਹ ਵੀ ਵੇਖਣ ਵਿਚ ਆਇਆ ਕਿ ਆਪਣੀ ਉਮਰ ਦੇ ਪਿਛਲੇ ਸਾਲਾਂ ਵਿਚ ਉਹਨਾਂ ਦੇ ਨਾਟਕਾਂ ਵਿਚਲਾ 'ਸੁਨੇਹਾਂ' ਏਨਾ ਪ੍ਰਮੁੱਖ ਹੋ ਗਿਆ ਕਿ ਕਈ ਵਾਰ ਕਲਾ-ਧਰਮ ਤੋਂ ਵੀ ਵਿਜੋਗਿਆ ਜਾਂਦਾ ਤੇ ਨਿਰੋਲ 'ਭਾਸ਼ਨੀ ਨਾਹਰੇ' ਤਕ ਵੀ ਸਿਮਟ ਜਾਂਦਾ ਰਿਹਾ। ਪਰ ਉਹਦੀਆਂ ਪੈੜਾਂ 'ਤੇ ਤੁਰਨ ਵਾਲੇ ਅਜਮੇਰ ਔਲਖ ਦੀ ਸਦਾ ਵਿਸ਼ੇਸ਼ਤਾ ਰਹੀ ਕਿ ਉਹਨੇ ਆਪਣੇ ਨਾਟਕਾਂ ਵਿਚ ਸਦਾ ਕਲਾ-ਧਰਮ ਨੂੰ ਨਿਭਾਇਆ। ਨਾਟਕ ਨੂੰ ਕਦੀ ਵੀ ਨਾਹਰਾ ਨਾ ਬਣਨ ਦਿੱਤਾ। ਇਸ ਪੱਖੋਂ ਉਹ ਗੁਰਸ਼ਰਨ ਸਿੰਘ ਵਰਗਾ ਹੋ ਕੇ ਵੀ ਉਸਤੋਂ ਥੋੜ੍ਹਾ ਕੁ ਵੱਖਰਾ ਸੀ।

ਦੂਜੇ ਪਾਸੇ ਖ਼ੁਦ ਗੁਰਸ਼ਰਨ ਸਿੰਘ ਨੇ, ਇਕਤਰ੍ਹਾਂ ਨਾਲ ਸਾਡੇ ਕਥਨ ਦੀ ਹੀ ਤਸਦੀਕ ਕਰਦਿਆਂ ਲਿਖਿਆ ਸੀ, "ਅਜਮੇਰ ਔਲਖ ਦਾ ਪੇਂਡੂ ਰੰਗ ਮੰਚ ਵਿਸ਼ਵ ਪੱਧਰ ਦਾ ਹੈ। ...ਉਹਦੇ

ਨਾਟਕਾਂ ਦੀ ਉਸਾਰੀ ਪੂਰੀ ਵਿਉਂਤ ਨਾਲ ਚੱਲਦੀ ਹੈ। ਉਹਨਾਂ ਦਾ ਸ਼ੁਰੂ ਹੈ, ਦਰਮਿਆਨ ਹੈ ਅਤੇ ਸਿਖਰ ਹੈ। ਇਕ ਸਫ਼ਲ ਕਾਰੀਗਰ ਵਾਂਗ ਉਹ ਜਾਣਦਾ ਹੈ ਕਿ ਉਹਨੇ ਵਿਸ਼ੇ ਨੂੰ ਕਿਸਤਰ੍ਹਾਂ ਇਕ ਉੱਤਮ ਕਲਾ ਕ੍ਰਿਤ ਵਿਚ ਬਦਲਣਾ ਹੈ।" ਅਜਮੇਰ ਔਲਖ ਖ਼ੁਦ ਵਿਚਾਰਧਾਰਾ ਅਤੇ ਕਲਾ ਦੀ ਰਿਸ਼ਤਗੀ ਬਾਰੇ ਬੜਾ ਸਪੱਸ਼ਟ ਸੀ, "ਜੇ ਲੇਖਕ ਆਪਣੀ ਨਿੱਜੀ ਜੀਵਨ-ਦ੍ਰਿਸ਼ਟੀ ਨੂੰ ਆਪਣੇ ਸਾਹਿਤ ਵਿਚ ਬਿੰਬਤ ਹੁੰਦੀ ਦ੍ਰਿਸ਼ਟੀ ਨਾਲੋਂ ਵੱਧ ਮਹੱਤਵ ਦੇ ਕੇ ਉਸ ਦੇ ਪ੍ਰਚਾਰ ਕਰਨ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਨਿਸ਼ਚੇ ਹੀ ਉਸ ਦੀ ਰਚਨਾ ਪੇਤਲੇਪਣ ਦਾ ਸ਼ਿਕਾਰ ਹੋਵੇਗੀ ਤੇ ਉਸ ਉੱਤੇ ਪ੍ਰਚਾਰ ਦਾ ਦੋਸ਼ ਲਾਉਣਾ ਵੀ ਅਨੁਚਿਤ ਨਹੀਂ ਠਹਿਰਾਇਆ ਜਾ ਸਕੇਗਾ।" ਇੰਝ ਰਾਜਨੀਤਕ ਜਾਗ੍ਰਿਤੀ ਦੇ ਥੀਏਟਰ ਨੂੰ ਸਮਰਪਤ ਹੋਣ ਦੇ ਬਾਵਜੂਦ ਔਲਖ ਨੇ ਆਪਣੇ ਨਾਟਕਾਂ ਨੂੰ ਕਲਾ ਦੇ ਦਾਇਰੇ ਅੰਦਰ ਹੀ ਰੱਖਿਆ ਤੇ ਉਹਨਾਂ ਨੂੰ ਕਦੀ 'ਪ੍ਰਚਾਰ' ਨਾ ਬਣਨ ਦਿੱਤਾ।

**ਰੀੜ੍ਹ ਦੀ ਹੱਡੀ ਨਿਰੀ ਸਰੀਰ 'ਚ ਨਹੀਂ, ਸਗੋਂ ਜ਼ਮੀਰ 'ਚ ਹੁੰਦੀ ਹੈ।**

ਮਾਹਿਰ ਡਾਕਟਰਾਂ ਦੀ ਰਾਇ ਸੀ ਕਿ ਬੀਮਾਰੀ ਏਨੀ ਖ਼ਤਰਨਾਕ ਹੱਦ ਤਕ ਵਧ ਚੁੱਕੀ ਹੈ ਕਿ ਉਹ ਮਸਾਂ ਛੇ ਮਹੀਨੇ ਤੇ ਜੇ ਇਲਾਜ ਬਹੁਤ ਹੀ ਚੰਗੀ ਤਰ੍ਹਾਂ ਕਰਵਾਇਆ ਜਾਵੇ ਤਾਂ ਵੱਧ ਤੋਂ ਵੱਧ ਦੋ ਢਾਈ ਸਾਲ ਕੱਢ ਸਕਦਾ ਹੈ। ਪਰ ਹੈਰਾਨ ਹੋਈਦਾ ਹੈ ਕਿ ਉਹਨੇ ਡਾਕਟਰਾਂ ਨੂੰ ਇਕ ਵਾਰ ਤਾਂ ਝੂਠਾ ਸਾਬਤ ਕਰ ਦਿੱਤਾ। ਕਬੱਡੀ ਦੇ ਚੰਗੇ ਧਾਕੜ ਧਾਵੀ ਵਾਂਗ ਉਹ ਹਰ ਵਾਰ ਧਾਵਾ ਕਰ ਕੇ ਜੱਫਾ ਮਾਰਨ ਲਈ ਅੱਗੇ ਵਧੀ ਆਉਂਦੀ ਮੌਤ ਨੂੰ ਝਕਾਨੀ ਦੇ ਕੇ ਨਿਕਲ ਜਾਂਦਾ ਜਾਂ ਚਪੇੜਾਂ ਮਾਰ ਕੇ ਧੌਣ ਪਰਨੇ ਸੁੱਟ ਦਿੰਦਾ ਤੇ ਹੰਨੇ ਪਾਰ ਕਰ ਜਾਂਦਾ। ਲਗਪਗ ਪੂਰੇ ਦਸ, ਸਾਢੇ ਦਸ ਸਾਲ ਤਕ ਮੌਤ ਉਹਨੂੰ ਜੱਫਾ ਨਾ ਮਾਰ ਸਕੀ। ਇਹਨਾਂ ਸਾਲਾਂ ਵਿਚ ਬੀਮਾਰੀ ਦੇ ਸਾਰੇ ਫ਼ਿਕਰ, ਖ਼ਰਚੇ ਤੇ ਦੁੱਖਾਂ ਦਾ ਭਾਰ ਭੈਣ ਮਨਜੀਤ ਚੁੱਕਦੀ ਰਹੀ ਤੇ ਔਲਖ ਨਾਟਕ ਲਿਖਦਾ ਰਿਹਾ, ਖੇਡਦਾ ਰਿਹਾ, ਵਿਦੇਸ਼ਾਂ ਵਿਚ ਜਾ ਕੇ ਨਾਟਕ ਵਰਕਸ਼ਾਪਾਂ ਲਾ ਕੇ ਪਰਵਾਸੀ ਨੌਜਵਾਨਾਂ ਤੇ ਬੱਚਿਆਂ ਵਿਚ ਨਾਟਕ ਦੇ ਬੀਜ ਬੋਂਦਾ ਰਿਹਾ। ਕਮਾਲ ਦਾ ਸੀ ਉਹਦਾ ਸਿਦਕ, ਸਿਰੜ ਤੇ ਸੂਰਮਗਤੀ।

ਕੈਂਸਰ ਮੌਤ ਬਣ ਕੇ ਲਲਕਾਰੇ ਮਾਰਦਾ ਰੀੜ੍ਹ ਦੀ ਹੱਡੀ ਵੱਲ ਤੁਰਿਆ ਆ ਰਿਹਾ ਸੀ। ਪਰ ਅਜਮੇਰ ਔਲਖ ਬੇਪ੍ਰਵਾਹ ਹੋ ਕੇ ਆਪਣੀ ਤੋਰੇ ਤੁਰਿਆ ਜਾ ਰਿਹਾ ਸੀ। ਨਾਟਕ ਖੇਡਦਾ। ਕਲਾਕਾਰਾਂ ਤੇ ਯਾਰਾਂ ਦੋਸਤਾਂ ਨਾਲ ਹੱਸਦਾ ਖੇਡਦਾ। ਮੌਤ ਤਾਂ ਲੱਗਦਾ ਸੀ, ਉਹਦੇ ਚਿੱਤ-ਖ਼ਿਆਲ ਵਿਚ ਨਾ ਹੋਵੇ! ਸਿਖਰ 'ਤੇ ਪਹੁੰਚੀ ਬੀਮਾਰੀ ਦੇ ਦਿਨੀਂ, ਜਦੋਂ ਉਹਦੇ ਪੈਰਾਂ ਨੇ ਖੜ੍ਹਨੋਂ ਤੇ ਤੁਰਨੋਂ ਵੀ ਇਨਕਾਰ ਕਰ ਦਿੱਤਾ ਸੀ ਤੇ ਉਹਦਾ ਮੰਜੇ ਉੱਤੇ ਸਿੱਧਾ ਲੰਮੇ ਪੈਣਾ ਵੀ ਔਖਾ ਹੋ ਗਿਆ ਤੇ ਉਹ ਵਾਰ-ਵਾਰ ਪਾਸੇ ਬਦਲਣ ਤਕ ਮਹਿਦੂਦ ਹੋ ਕੇ ਰਹਿ ਗਿਆ ਸੀ, ਉਹਨੂੰ 'ਸੁੱਖ-ਸਾਂਦ' ਪੁੱਛਣ ਲਈ ਜਦ ਵੀ ਫ਼ੋਨ ਕੀਤਾ ਤਾਂ ਉਹਦੀ ਆਵਾਜ਼ ਵਿਚ ਸਦਾ ਬਹਾਰ ਗੜ੍ਹਕਾ ਹੁੰਦਾ। ਸ਼ਾਇਦ ਉਹ ਆਪਣੇ ਯਾਰਾਂ-ਦੋਸਤਾਂ, ਪਾਠਕਾਂ ਤੇ ਦਰਸ਼ਕਾਂ ਨੂੰ ਦਸਸਣਾ ਚਾਹੁੰਦਾ ਸੀ ਕਿ ਰੀੜ੍ਹ ਦੀ ਹੱਡੀ ਨਿਰੀ ਸਰੀਰ 'ਚ ਨਹੀਂ, ਸਗੋਂ, ਜ਼ਮੀਰ 'ਚ ਹੁੰਦੀ ਹੈ। ਉਂਝ ਇਹ ਤਾਂ ਨਹੀਂ ਸੀ ਕਿ ਮੌਤ ਉਹਨੂੰ ਨੇੜੇ, ਹੋਰ ਨੇੜੇ, ਆਉਂਦੀ ਦਿਸਦੀ ਨਹੀਂ ਸੀ, ਜਾਂ ਇਸ ਰੰਗਲੇ ਜਹਾਨ ਤੋਂ ਤੁਰ ਜਾਣ ਦੀ ਪੀੜ 'ਤੇ ਉਦਾਸੀ ਉਹਦੇ ਅੰਦਰ ਗੂੰਜਦੀ ਨਹੀਂ ਸੀ। ਪਰ ਉਹ ਜਾਣਦਾ ਸੀ ਕਿ ਆਪਣੀ ਇਸ ਪੀੜ ਲਈ ਉਹਨੂੰ ਆਪੇ ਹੀ ਹੂੰਗਣਾ ਪੈਣਾ ਸੀ ਜਾਂ ਉਹਦੀ ਪਤਨੀ ਮਨਜੀਤ 'ਤੇ ਪਿਆਰੀਆਂ ਧੀਆਂ ਨੇ ਉਹਦੇ ਦੁੱਖ ਦਾ ਪਹਾੜ ਕਈ ਸਾਲ ਆਪਣੇ ਸਿਰ 'ਤੇ ਚੁੱਕੀ ਰੱਖਣਾ ਸੀ। ਉਹਨਾਂ ਨੇ ਉਹਦੇ 'ਤਾਪ' ਚੜ੍ਹਨ 'ਤੇ ਉਮਰ ਭਰ ਲਈ ਹੂੰਗਦੇ ਰਹਿਣਾ ਸੀ।

ਅਸੀਂ ਰੂਸੀ ਲੇਖਕਾਂ ਦੀਆਂ ਅਜਿਹੀਆਂ ਲਿਖਤਾਂ ਦੇ ਕਾਇਲ ਰਹੇ ਹਾਂ ਜਿਨ੍ਹਾਂ ਵਿਚ ਨਾਵਲਾਂ ਦੇ ਉਹਨਾਂ ਪਾਤਰਾਂ ਦੀ ਸੱਚੀ ਕਹਾਣੀ ਨੂੰ ਬਿਆਨ ਕੀਤਾ ਹੁੰਦਾ ਸੀ, ਜਿਨ੍ਹਾਂ ਨੇ ਆਪਣੇ ਸਰੀਰ ਦੀ ਬਹੁਤ ਹੀ ਮਾਂਦੀ ਅਵਸਥਾ ਵਿਚ ਵੀ ਹੌਂਸਲਾ ਨਹੀਂ ਸੀ ਹਾਰਿਆ। ਉਹਨਾਂ ਨੇ ਵੱਡੇ ਤੋਂ ਵੱਡੀ ਬੀਮਾਰੀ ਤੇ ਅਸਹਿ ਪੀੜਾ ਦੇ ਬਾਵਜੂਦ ਦਿਲ ਨਹੀਂ ਸੀ ਹਾਰਿਆ, ਸਗੋਂ ਬੀਮਾਰੀ ਨਾਲ ਤੇ

ਵਿਰੋਧੀ ਹਾਲਾਤ ਨਾਲ ਜੂਝਦੇ ਹੋਏ ਬੜੀ ਸਿਦਕ ਦਿਲੀ ਨਾਲ ਲੜਾਈ ਜਾਰੀ ਰੱਖੀ ਸੀ। ਅਜਿਹੀਆਂ ਦੋ ਲਿਖਤਾਂ ਮੇਰੇ ਚੇਤੇ ਵਿਚ ਲਿਸ਼ਕ ਆਈਆਂ ਹਨ। ਇਕ ਤਾਂ ਹੈ ਨਿਕੋਲਾਈ ਆਸਤ੍ਰੋਵਸਕੀ ਦੀ "ਸੂਰਮੇ ਦੀ ਸਿਰਜਣਾ' ਅਤੇ ਦੂਜੀ ਹੈ ਬੋਰਸ ਪੋਲਵੋਈ ਦੀ 'ਅਸਲੀ ਇਨਸਾਨ ਦੀ ਕਹਾਣੀ'। ਸਾਡੇ ਸਾਹਿਤ ਦੇ ਇਤਿਹਾਸ ਵਿਚ ਅਜਿਹਾ ਹੀ ਸੂਰਮਾ ਤੇ ਅਸਲੀ ਇਨਸਾਨ ਅਜਮੇਰ ਅਲਖ ਹੋ ਗੁਜ਼ਰਿਆ ਹੈ।

ਕਾਸ਼! ਸਾਡਾ ਕੋਈ ਲੇਖਕ ਸਾਡੇ ਇਸ ਮਹਾਨ ਲੇਖਕ ਬਾਰੇ ਅਜਿਹਾ ਹੀ ਯਾਦਗਾਰੀ ਨਾਵਲ ਲਿਖ ਸਕੇ ਤਾਕਿ ਆਉਣ ਵਾਲੀਆਂ ਪੀੜ੍ਹੀਆਂ ਜਾਣ ਸਕਣ ਕਿ ਸਾਡਾ ਅਜਮੇਰ ਔਲਖ ਕਿਸੇ ਵੀ 'ਸੂਰਮੇ ਤੇ ਅਸਲੀ ਇਨਸਾਨ' ਨਾਲੋਂ ਘੱਟ ਨਹੀਂ ਸੀ।

**ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ!**

ਜਦੋਂ ਅਜਮੇਰ ਔਲਖ ਦੀ ਜਾਨ-ਲੇਵਾ ਤੇ 'ਮਹਿੰਗੀ' ਬੀਮਾਰੀ ਬਾਰੇ ਉਹਦੇ ਪਾਠਕਾਂ-ਦਰਸ਼ਕਾਂ ਨੂੰ ਪਤਾ ਲੱਗਾ ਤਾਂ ਉਹ, ਉਹਨੂੰ 'ਤੱਤੀ ਵਾ ਨਾ ਲੱਗੇ!', ਇਹ ਸੋਚ ਕੇ ਪਹਾੜ ਬਣ ਕੇ ਉਹਦੇ ਪਿੱਛੇ ਆਣ ਖਲੋਤੇ। ਔਲਖ ਨੇ ਉਹਨਾਂ ਦੀ ਮੁਹੱਬਤ ਵਿਚ ਸਰਸ਼ਾਰ ਹੋ ਕੇ ਉਹਨਾਂ ਨੂੰ 'ਕਿਰਤੀ ਦੇਵਤੇ', 'ਧਰਤੀ ਦੇ ਜਾਏ' ਤੇ 'ਧਰਤ ਦੇ ਰੱਬ' ਆਖ ਕੇ ਵਡਿਆਇਆ ਸੀ। ਉਹਨਾਂ ਸਭਨਾਂ ਨੂੰ ਮੁਖ਼ਾਤਬ ਹੁੰਦਿਆਂ ਔਲਖ ਨੇ ਇਕ ਨਜ਼ਮ ਲਿਖੀ ਸੀ, "ਮੈਂ ਆਵਾਂਗਾ..."। ਉਸ ਨਜ਼ਮ ਦੀਆਂ ਆਖ਼ਰੀ ਸਤਰਾਂ ਸਨ:

*ਹੇ ਕਿਰਤ! ਮੈਂ ਆ ਰਿਹੈਂ*
*ਤੇਰੇ ਬਖ਼ਸ਼ੇ ਵਿਸ਼ਵਾਸ ਤੇ ਸ਼ਕਤੀ ਦੇ ਸਿਰ 'ਤੇ!*
*ਹੇ ਸਿਰਜਣਾ! ਮੈਂ ਆ ਰਿਹੈਂ*
*ਆਪਣੀਆਂ ਅੱਖਾਂ ਵਿਚ ਟਪਕਦੇ*
*ਹੰਝੂਆਂ ਦੇ ਸਿਰ 'ਤੇ!*
*ਹੇ ਜ਼ਿੰਦਗੀ! ਮੈਂ ਆ ਰਿਹੈਂ*
*ਮੇਰੇ ਸਿਰ ਚੜ੍ਹਿਆ ਤੇਰਾ ਕਰਜ਼ਾ*
*ਉਤਾਰਨ ਵਾਸਤੇ!*
*ਮੈਂ ਆਵਾਂਗਾ ਮੇਰੀਓ ਸਕੀਓ ਭੈਣੋ*
*ਆਪਣੇ ਹਿੱਸੇ ਦੀ ਜ਼ਿੰਦਗੀ ਜਿਊਣ ਵਾਸਤੇ*
*ਆਪਣੇ ਰਹਿੰਦੇ ਕਾਰਜ ਨਿਭਾਉਣ ਵਾਸਤੇ*

ਆਪਣਿਆਂ ਵੱਲੋਂ ਧਿਰ ਬਣ ਕੇ ਨਾਲ ਖਲੋਣ ਕਾਰਨ ਤੇ ਆਪਣੀ ਦ੍ਰਿੜ੍ਹਤਾ ਤੇ ਸਿਦਕ ਸਦਕਾ ਉਹ ਬੀਮਾਰੀ ਨਾਲ ਅੰਤਲੇ ਸਾਹਾਂ ਤਕ ਲੜਦਾ ਰਿਹਾ। ਓਨਾ ਚਿਰ ਤੁਰਦਾ ਰਿਹਾ, ਨਾਟਕ ਖੇਡਦਾ-ਖਿਡਾਉਂਦਾ ਰਿਹਾ, ਜਿੰਨਾ ਚਿਰ ਤਕ ਬੀਮਾਰੀ ਨੇ ਉਹਨੂੰ ਮੂਲੋਂ ਹੀ ਹਿੱਲਣ ਜੋਗਾ ਨਾ ਛੱਡਿਆ। ਉਹ ਆਪਣੇ ਲੋਕਾਂ ਦਾ ਆਪਣੇ ਸਿਰ ਚਾੜ੍ਹਿਆ ਕਰਜ਼ਾ ਲਗਾਤਾਰ ਮੋੜਦਾ ਰਿਹਾ।

ਇਸ ਨਜ਼ਮ ਵਿਚ ਉਸਨੇ ਜਿਊਂਦੇ ਰਹਿਣ ਦਾ ਜਿਹੜਾ ਵਚਨ ਆਪਣੇ ਮੁਹੱਬਤੀਆਂ ਨੂੰ ਦਿੱਤਾ ਸੀ, ਉਹ ਵਚਨ ਅਜੇ ਵੀ ਕਾਇਮ-ਦਾਇਮ ਹੈ। ਉਹਦੀਆਂ ਲਿਖਤਾਂ ਅਜੇ ਵੀ ਬੋਲਦੀਆਂ ਹਨ, ਇਹ ਲਿਖਤਾਂ ਅਜੇ ਵੀ ਜਿਊਂਦੀਆਂ ਹਨ। ਇਹ ਲਿਖਤਾਂ ਅਜਮੇਰ ਸਿੰਘ ਔਲਖ ਨੂੰ ਕਦੀ ਮਰਨ ਨਹੀਂ ਦੇਣ ਲੱਗੀਆਂ। ਅਸੀਂ ਉਹਦੇ ਸਕੇ ਭਰਾ ਤੇ ਸਕੀਆਂ ਭੈਣਾਂ ਉਹਨੂੰ ਵਿਸ਼ਵਾਸ ਦਿਵਾਉਂਦੇ ਹਾਂ, "ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ। ਤੂੰ ਤਾਂ ਸਦਾ ਸਾਡੇ ਅੰਗ-ਸੰਗ ਏਂ। ਤੂੰ ਤਾਂ ਸਾਡੇ ਦਿਲਾਂ ਵਿਚ ਵੱਸਦਾ ਏਂ!" 000

***(5 Lisa Street, Suite-505, 2Brampton, On L6T 4T4 Canada***
***Phone: +1-637-535-1539 Email: waryamsandhu@gmail.com)***

# ਸੁੱਚੀ ਲੋਕ ਗਾਇਕੀ ਦਾ ਮਹਿਕਵੰਤਾ ਬਿਰਖ: ਅਮਰਜੀਤ ਗੁਰਦਾਸਪੁਰੀ: ਗੁਰਭਜਨ ਗਿੱਲ

ਜਿਸ ਮਹਿਕਦੇ ਬਿਰਖ ਦੀ ਛੇ ਸੱਤ ਦਹਾਕੇ ਮਹਿਕਦੀ ਸੰਘਣੀ ਛਾਂ ਮਾਣੀ ਹੋਵੇ, ਉਸਨੂੰ ਹੈ ਤੋਂ ਸੀ ਕਹਿਣਾ ਆਸਾਨ ਨਹੀਂ ਹੁੰਦਾ। ਮੇਰੇ ਮਨ ਦੀ ਹਾਲਤ ਵੀ ਲਗਪਗ ਏਹੋ ਜਿਹੀ ਹੈ। ਪਿਛਲੀ ਫਰਵਰੀ, ਜਦੋਂ ਅਮਰਜੀਤ ਗੁਰਦਾਸਪੁਰੀ ਇਸ ਸੰਸਾਰ ਤੋਂ ਵਿਦਾਅ ਹੋਇਆ, ਉਦੋਂ ਤੋਂ ਇਹ ਹਾਲਤ ਬਣੀ ਹੋਈ ਹੈ। ਅਮਰਜੀਤ ਗੁਦਾਸਪੁਰੀ ਮੇਰੇ ਬਚਪਨ ਵੇਲੇ ਬਹੁਤ ਹੀ ਵੱਡੀ ਸਮਰੱਥਾ ਨਾਲ ਸਮਾਜ ਦੀ ਸਮਾਜਵਾਦੀ ਤਰਜ਼ ਦੀ ਉਸਾਰੀ ਅਤੇ ਸਭਿਆਚਾਰਕ ਇਨਕਲਾਬ ਦਾ ਪਾਂਧੀ ਬਣ ਚੁੱਕਿਆ ਸੀ। ਮੈਂ ਮਈ 1953 ਨੂੰ ਜੰਮਿਆ ਤੇ ਉਹ ਉਦੋਂ 22 ਸਾਲ ਦੀ ਉਮਰ ਵਿਚ ਨਵੇਂ ਸਮਾਜ ਦੀ ਉਸਾਰੀ ਦੇ ਸੁਪਨਿਆਂ ਨੂੰ ਪਰਨਾਇਆ ਜਾ ਚੁੱਕਿਆ ਸੀ।

ਮੇਰੇ ਪਿੰਡ ਬਸੰਤਕੋਟ ਤੋਂ ਗੁਰਦਾਸਪੁਰੀ ਦੇ ਪਿੰਡ ਉਦੋਵਾਲੀ ਕਲਾਂ ਜਾਣਾ ਹੋਵੇ ਤਾਂ ਪੈਦਲ ਇਕ ਘੰਟਾ ਪਰ ਸਾਇਕਲ 'ਤੇ ਪੰਦਰਾਂ ਮਿੰਟ ਹੀ ਲੱਗਦੇ ਨੇ। ਨਿਖਾਸੂ ਬਰਸਾਤੀ ਨਾਲੇ ਦੇ ਕੰਢੇ 'ਤੇ ਹੀ ਹੈ ਉਦੋਵਾਲੀ ਕਲਾਂ ਦੀਆਂ ਪੈਲ਼ੀਆਂ 'ਚ ਅਮਰਜੀਤ ਗੁਦਾਸਪੁਰੀ ਦਾ ਡੇਰਾ। ਤਪੱਸਵੀਆਂ ਵਾਂਗ ਏਥੇ ਹੀ ਉਸ ਪੂਰਾ ਜਨਮ ਗੁਜ਼ਾਰਿਆ। ਜ਼ੈਲਦਾਰ ਹਰਨਾਮ ਸਿੰਘ ਰੰਧਾਵਾ ਦਾ ਪੋਤਰਾ ਤੇ ਸ. ਰਛਪਾਲ ਸਿੰਘ ਦਾ ਪੁੱਤਰ ਅਮਰਜੀਤ ਗੁਰਦਾਸਪੁਰੀ ਬਹੁਤੇ ਸਿੱਧਮ ਸਿੱਧੇ ਰਾਹਾਂ ਦਾ ਪਾਂਧੀ ਨਹੀਂ ਸੀ। ਉਸਨੂੰ ਬਿਖੜੇ ਪੈਂਡੇ ਚੰਗੇ ਲੱਗਣ ਲੱਗ ਪਏ ਸਨ।

ਤੇਰਾ ਸਿੰਘ ਚੰਨ, ਜਸਵੰਤ ਸਿੰਘ ਰਾਹੀ, ਨਰਿੰਦਰ ਦੁਸਾਂਝ, ਸੁਰਿੰਦਰ ਕੌਰ, ਮਹਿੰਦਰ ਨਵਤੇਜ ਸਿੰਘ, ਰਜਵੰਤ ਕੌਰ ਮਾਨ, ਪ੍ਰੋ. ਨਿਰੰਜਨ ਸਿੰਘ ਮਾਨ, ਪ੍ਰੋ. ਜੋਗਿੰਦਰ ਸਿੰਘ ਸੋਢੀ, ਹੁਕਮ ਚੰਦ ਖਲੀਲੀ, ਜਗਦੀਸ਼ ਫਰਿਆਦੀ ਅਤੇ ਜੋਗਿੰਦਰ ਬਾਹਰਲਾ ਦਾ ਸਾਥੀ ਬਣ ਕੇ ਉਸਨੇ ਬੰਬਈ ਕਲਕੱਤੇ ਤੀਕ ਪੰਜਾਬੀ ਲੋਕ ਸੁਰਾਂ ਵਿਚ ਲਪੇਟੇ ਇਨਕਲਾਬੀ ਗੀਤਾਂ ਦੀ ਛਹਿਬਰ ਲਾਈ। ਇਸ ਇਨਕਲਾਬੀ ਸਫਰ ਦੌਰਾਨ ਉਸਦੀ ਸਹਿ ਗਾਇਕਾ ਪੰਜਾਬ ਦੀ ਕੋਇਲ ਵਜੋਂ ਜਾਣੀ ਜਾਂਦੀ ਪੰਜਾਬੀ ਸੰਗੀਤ ਦੀ ਦੇਵੀ ਸੁਰਿੰਦਰ ਕੌਰ ਸੀ, ਜਿਸ ਨੇ ਇਪਟਾ ਦੀਆਂ ਸਟੇਜਾਂ 'ਤੇ ਉਸਦਾ ਲੰਮਾ ਸਾਥ ਨਿਭਾਇਆ। ਤੇਰਾ ਸਿੰਘ ਚੰਨ ਦੇ ਲਿਖੇ ਗੀਤ ਨਾਟਕ 'ਅਮਰ ਪੰਜਾਬ', 'ਨੀਲ ਦੀ ਸ਼ਹਿਜ਼ਾਦੀ' ਅਤੇ 'ਲੱਕੜ ਦੀ ਲੱਤ' ਵਿਚ ਵਿਸ਼ਵ ਅਮਨ ਲਹਿਰ ਨੂੰ ਸਮਰਪਤ ਗੀਤਾਂ ਦਾ ਪਰਾਗਾ ਅਮਰਜੀਤ ਗੁਰਦਾਸਪੁਰੀ ਦੇ ਕੰਠ ਨੂੰ ਛੋਹ ਕੇ ਹੀ ਪਉਣਾਂ ਵਿਚ ਘੁਲ਼ਿਆ। ਅਮਨ ਲਹਿਰ ਦੇ ਪ੍ਰਸੰਗ ਵਿਚ ਹੀ ਤੇਰਾ ਸਿੰਘ ਚੰਨ ਦਾ ਲਿਖਿਆ ਗੀਤ *'ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ'* , ਜੋ ਬਹੁਤ ਸੁਰੀਲੀ ਲੰਮੀ ਹੇਕ ਨਾਲ ਗਾਇਆ ਵਿਸ਼ਾਲ ਲੋਕ ਇਕੱਠਾਂ ਵਿਚ ਦਹਾਕਿਆਂ ਤਕ ਸੁਣਿਆ ਜਾਂਦਾ ਰਿਹਾ, ਅਮਰਜੀਤ ਗੁਰਦਾਸਪੁਰੀ ਦੀ ਗਾਇਕੀ ਦੀ ਪਛਾਣ ਬਣ ਗਿਆ ਸੀ।

ਰਸ ਭਰਪੂਰ ਵਾਰਤਕ ਦੇ ਲਿਖਾਰੀ ਅਤੇ ਉਸਤਾਦ ਲਾਲ ਚੰਦ ਯਮਲ਼ਾ ਜੱਟ ਦੇ ਸ਼ਾਗਿਰਦ ਨਿੰਦਰ ਘੁਗਿਆਣਵੀ ਨੇ 2010 ਵਿਚ ਅਮਰਜੀਤ ਗੁਰਦਾਸਪੁਰੀ ਦੇ ਜੀਵਨ 'ਤੇ ਆਧਾਰਤ ਇਕ ਟੈਲੀ ਫਿਲਮ ਬਣਾਈ ਤਾਂ ਉਸ ਵਿਚ ਗੁਰਦਾਸਪੁਰੀ ਦੀਆਂ ਜੀਵਨ ਯਾਦਾਂ ਅਤੇ ਲੋਕ ਗਾਇਕੀ ਦੇ ਕੁਝ ਨਮੂਨੇ ਵੀ ਅੰਕਤ ਕੀਤੇ ਸਨ। ਇਸ ਫਿਲਮ ਵਿਚ ਅਮਰਜੀਤ ਗੁਰਦਾਸਪੁਰੀ ਦਾ ਜੀਵਨ ਭਰ ਕੀਤਾ ਸੰਘਰਸ਼ ਭਾਵੇਂ ਕਿਣਕਾ ਮਾਤਰ ਹੀ ਅੰਕਤ ਹੋ ਸਕਿਆ, ਪਰ ਇਸ ਖ਼ੂਬਸੂਰਤ ਯਤਨ ਲਈ ਪੰਜਾਬੀ ਭਾਈਚਾਰਾ ਘੁਗਿਆਣਵੀ ਦਾ ਸਦਾ ਰਿਣੀ ਬਣਿਆ ਰਹੇਗਾ। ਇਹ ਫਿਲਮ ਆਮ ਬੰਦਿਆਂ ਲਈ ਤਾਂ ਬਹੁਤੀ ਦਿਲਚਸਪੀ ਦਾ ਕੇਂਦਰ ਨਾ ਬਣ ਸਕੀ ਪਰ ਇਤਿਹਾਸ ਦੇ ਵਾਕਫਕਾਰਾਂ ਲਈ ਸੰਭਾਲਣਯੋਗ ਵਿਰਾਸਤੀ ਤੋਹਫਾ ਅਵੱਸ਼ ਬਣ ਗਈ। ਗੁਰਪ੍ਰੀਤ ਸਿੰਘ ਤੂਰ ਅਤੇ ਪਿਰਥੀਪਾਲ

ਸਿੰਘ ਹੇਅਰ ਨੇ ਮੇਰੇ ਸਮੇਤ ਇਸ ਦੇ ਨਿਰਮਾਣ ਤੇ ਵਿਤਰਣ ਦਾ ਜ਼ਿੰਮਾ ਲਿਆ ਅਤੇ ਇਸਦੇ ਪਾਸਾਰ ਦੀ ਜ਼ਿੰਮੇਵਾਰੀ ਨਿਭਾਈ। *ਬਾਬਾਣੀਆਂ ਕਹਾਣੀਆ ਪੁੱਤ ਸਪੁੱਤ ਕਰੇਨਿ* ।

ਸ਼ਬਦੀਸ਼ ਅਤੇ ਅਨੀਤਾ ਸ਼ਬਦੀਸ਼ ਵੱਲੋਂ ਭਾਅ ਜੀ ਗੁਰਸ਼ਰਨ ਸਿੰਘ ਬਾਰੇ ਬਣਾਈ ਗਈ ਦਸਤਾਵੇਜ਼ੀ ਫਿਲਮ ਵਿਚ ਇਪਟਾ ਦੇ ਜ਼ਿਕਰ ਵੇਲ਼ੇ ਜਦੋਂ ਅਮਰਜੀਤ ਗੁਰਦਾਸਪੁਰੀ ਦੀ ਤਸਵੀਰ ਵੇਖੀ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ ਮਿਰਜ਼ਾ ਸਾਹਿਬਾਂ ਗਾਉਂਦਿਆਂ ਦੀ, ਤਾਂ ਇੰਝ ਲੱਗਿਆ ਜਿਵੇਂ ਅਮਰਜੀਤ ਗੁਰਦਾਸਪੁਰੀ ਨੂੰ ਢਿੱਡੋਂ ਪਿਆਰ ਕਰਨ ਵਾਲਾ ਗੁਰਸ਼ਰਨ ਸਿੰਘ ਤਾਂ ਚਲਾ ਗਿਆ ਪਰ ਨਵੀਂ ਪੀੜ੍ਹੀ ਨੂੰ ਉਸਦੇ ਗੁਣਾਂ ਬਾਰੇ ਦੱਸਣ ਦੀ ਜ਼ਿੰਮੇਵਾਰੀ ਨਿਭਾਅ ਗਿਆ।

1931 ਦੇ ਸਾਉਣ ਮਹੀਨੇ ਦੀ 26 ਤਾਰੀਖ ਨੂੰ ਅਮਰਜੀਤ ਨੇ ਸਰਦਾਰ ਰਛਪਾਲ ਸਿੰਘ ਦੇ ਘਰ ਬੀਬੀ ਹਰਬੰਸ ਕੌਰ ਦੀ ਕੁੱਖੋਂ ਪਿੰਡ ਉਦੋਵਾਲੀ (ਗੁਰਦਾਸਪੁਰ) ਵਿਚ ਜਨਮ ਲਿਆ। ਸਿਰਫ 32 ਸਾਲ ਦੀ ਉਮਰ ਹੰਢਾ ਕੇ ਪਿਤਾ ਸ. ਰਛਪਾਲ ਸਿੰਘ ਇਸ ਸੰਸਾਰ ਨੂੰ ਅਲਵਿਦਾਅ ਕਹਿ ਗਿਆ। ਅਮਰਜੀਤ ਗੁਰਦਾਸਪੁਰੀ ਨੂੰ ਨਾਨਕਿਆਂ ਨੇ ਸਹਾਰਾ ਦਿੱਤਾ। ਲਸ਼ਕਰੀ ਨੰਗਲ਼ ਵਾਲੇ ਨਾਨਕਾ ਪਰਿਵਾਰ ਨੂੰ ਉਹ ਆਖਰੀ ਦਮ ਤੀਕ ਹਰ ਪਲ ਚੇਤਿਆਂ 'ਚ ਵਸਾਈ ਬੈਠਾ ਰਿਹਾ।

ਉਦੋਂ ਅਮਰਜੀਤ ਗੁਰਦਾਸਪੁਰੀ ਦੇ ਪਿੰਡ ਵਿਚ ਰਹਿੰਦਾ ਇਕ ਨੌਜੁਆਨ ਸਾਧੂ ਬਾਬਾ ਦਰਸ਼ੋ ਅਕਸਰ ਗਲ਼ੀਆਂ ਵਿਚ ਵਾਰਿਸ ਸ਼ਾਹ ਦੀ 'ਹੀਰ', ਪੀਲੂ ਦਾ 'ਮਿਰਜ਼ਾ' ਅਤੇ ਕਾਦਰ ਯਾਰ ਦਾ 'ਪੂਰਨ ਭਗਤ' ਗਾਉਂਦਾ ਫਿਰਦਾ। ਪਿੰਡ ਦੇ ਮੁੰਡੇ ਉਸਦੀ ਆਵਾਜ਼ ਨਾਲ ਸੁਰ ਮਿਲਾਉਣ ਦੀ ਕੋਸ਼ਿਸ਼ ਕਰਦੇ ਉਸਦੇ ਮਗਰ ਮਗਰ ਗਾਉਂਦੇ। ਅਮਰਜੀਤ ਵੀ ਉਹਨਾਂ ਮੁੰਡਿਆਂ ਵਿਚੋਂ ਇਕ ਹੁੰਦਾ। ਉਸਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਇਹੀ ਸ਼ੌਕ ਉਸ ਲਈ ਜ਼ਿੰਦਗੀ ਦਾ ਵੱਡਮੁੱਲਾ ਗਹਿਣਾ ਬਣ ਜਾਵੇਗਾ। ਬਾਬਾ ਦਰਸ਼ੋ ਰਵਾਇਤੀ 'ਮਿਰਜ਼ਾ ਸਾਹਿਬਾਂ' ਤੋਂ ਅਲੱਗ ਲੋਕ ਰੰਗ ਵਿਚ ਰੰਗੇ 'ਮਿਰਜ਼ੇ' ਦੇ ਬੋਲ ਵੀ ਅਲਾਪਦਾ। ਇਸ ਦੇ ਸਿਰਜਕ ਦਾ ਹੁਣ ਤੀਕ ਠੀਕ ਪਤਾ ਨਹੀਂ ਲੱਗ ਸਕਿਆ:

*ਨੀ ਦਿੱਲੀਏ ਕਾਗਾਂ ਹਾਰੀਏ, ਨੀ ਤੇਰਾ ਸੂਹਾ ਨੀ ਚੰਦਰੀਏ ਬਾਣਾ.....*

ਇਸ ਵਿਚ ਉਹ 360 ਬਲਦ ਲੱਦ ਕੇ ਲੂਣ ਦਾ ਵਪਾਰ ਕਰਨ ਵਾਲੇ ਲੁਬਾਣੇ ਦਾ ਵੀ ਜ਼ਿਕਰ ਕਰਦਾ ਜਿਸ ਵਿਚ ਉਸਦੀ ਲੁਬਾਣੀ ਦੀ ਮੌਤ ਦਾ ਵੀ ਪ੍ਰਸੰਗ ਹੁੰਦਾ। ਮਿਰਜ਼ੇ ਦੀ ਸਾਹਿਬਾਂ ਨੂੰ ਉਹ ਲੁਬਾਣਾ ਆਪਣੇ ਨਾਲ ਵਿਆਹ ਕਰਵਾਉਣ ਦੀ ਗੱਲ ਕਰਦਾ ਪਰ ਸਾਹਿਬਾਂ ਆਪਣੇ ਮਿਰਜ਼ੇ ਦੀ ਮੌਤ ਦਾ ਵੇਰਵਾ ਕਰਦੀ। ਇਸ ਵਿਚ ਅੰਤਲਾ ਬੰਦ ਇਹੀ ਹੁੰਦਾ ਕਿ ਸਾਹਿਬਾਂ ਆਪਣੇ ਮਹਿਬੂਬ ਮਿਰਜ਼ੇ ਦੀ ਮੌਤ ਨੂੰ ਦੱਸਦੀ-ਦੱਸਦੀ ਆਪਣੇ ਆਪ ਨੂੰ ਵੀ ਸਰਵਾਹੀ ਭਾਵ ਤਲਵਾਰ ਨਾਲ ਖਤਮ ਕਰ ਲੈਂਦੀ ਹੈ। ਇਸ ਵਿਚਲਾ ਦਰਦ ਜਦੋਂ ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਵਿਚ ਘੁਲ਼ ਕੇ ਪੇਸ਼ ਹੁੰਦਾ ਹੈ ਤਾਂ ਉਹ ਦ੍ਰਿਸ਼ ਜਾਗਦਿਆਂ ਤਾਂ ਕੀ ਸੁੱਤਿਆਂ ਸੁੱਤਿਆਂ ਵੀ ਅੱਖਾਂ ਅੱਗੋਂ ਨਹੀਂ ਜਾਂਦਾ।

ਇਹ ਪਹਿਲਾ ਗੀਤ ਸੀ ਜਿਸ ਨੇ ਅਮਰਜੀਤ ਨੂੰ ਗਾਇਕੀ ਦੇ ਰਾਹ ਤੋਰਿਆ। ਤੇਜਾ ਸਿੰਘ ਸੁਤੰਤਰ, ਗੋਪਾਲ ਸਿੰਘ ਠੱਠਾ,ਦਲੀਪ ਸਿੰਘ ਟਪਿਆਲਾ, ਡਾ. ਹਰਸਰਨ ਸਿੰਘ ਏਕਲਗੱਡਾ, ਵਾਸਦੇਵ ਸਿੰਘ ਝੰਗੀ, ਮੱਖਣ ਸਿੰਘ ਤਰਸਿੱਕਾ, ਫਜ਼ਲਾਬਾਦ ਦੇ ਹਰਭਜਨ ਸਿੰਘ, ਕਿਰਪਾਲ ਸਿੰਘ, ਬਲਜੀਤ ਸਿੰਘ ਵਰਗੇ ਵੱਖ ਵੱਖ ਪੱਧਰਾਂ ਉੱਤੇ ਵਿਚਰਦੇ ਸਭ ਕਾਮਰੇਡਾਂ ਨਾਲ ਅਮਰਜੀਤ ਦੀ ਦੋਸਤੀ ਨੇ ਅਜਿਹਾ ਸੂਹਾ ਰੰਗ ਚਾੜ੍ਹਿਆ ਕਿ ਉਹ ਆਪ ਇਸ ਰਸਤੇ ਦਾ ਪੱਕਾ ਪਾਂਧੀ ਬਣ ਗਿਆ। 1952 ਵਿਚ ਉਸ ਨੇ ਫਜ਼ਲਾਬਾਦ ਵਿਖੇ ਹੋਈ ਕਿਸਾਨ ਕਾਨਫਰੰਸ ਵਿਚ ਪਹਿਲੀ ਵਾਰ ਮੰਚ 'ਤੇ ਖਲੋ ਕੇ ਇਹ ਗੀਤ ਗਾਇਆ:

*ਅੱਗੇ ਨਾਲ਼ੋਂ ਵਧ ਗਈਆਂ ਹੋਰ ਮਜਬੂਰੀਆਂ,*
*ਹੁਣ ਨਹੀਉਂ ਹੁੰਦੀਆਂ ਸਬਰ ਸਬੂਰੀਆਂ।*

ਇਹ ਗੀਤ ਗਾਉਣ ਤੋਂ ਪਹਿਲਾਂ ਉਹ ਸਿਰਫ ਪਿੰਡ ਦਾ ਜਵਾਈ ਭਾਈ ਸੀ, ਜਿਸ ਨੂੰ ਉਸ ਦੇ ਰਿਸ਼ਤੇਦਾਰ ਮੁੰਡਿਆਂ ਨੇ ਇਹ ਕਹਿ ਕੇ ਸਟੇਜ 'ਤੇ ਚਾੜ੍ਹ ਦਿੱਤਾ ਸੀ ਕਿ ਸਾਡਾ ਪ੍ਰਾਹੁਣਾ ਵੀ

ਗਾਉਂਦਾ, ਇਹਨੂੰ ਸੁਣੋ। ਇਸ ਤੋਂ ਬਾਅਦ ਅਮਰਜੀਤ ਗੁਰਦਾਸਪੁਰੀ ਵਿਸ਼ਾਲ ਲੋਕ ਸਮੂਹ ਦਾ ਚਹੇਤਾ ਗਵੱਈਆ ਬਣ ਗਿਆ।

ਸੋਲ਼ਾਂ ਸਾਲ ਦਾ ਸੀ ਜਦ ਦੇਸ਼ ਵੰਡਿਆ ਗਿਆ। ਬਚਪਨ ਦੇ ਹਾਣੀ ਤੇ ਦਿਲਾਂ ਦੇ ਜਾਨੀ ਮੁਨੀਰ ਵਰਗੇ ਰਾਵੀਉਂ ਪਾਰ ਚਲੇ ਗਏ। ਮੁਸਲਮਾਨ ਪਰਿਵਾਰਾਂ ਦੀਆਂ ਧੀਆਂ ਵਾਲੇ ਮਾਪੇ ਜਦ ਵੰਡ ਵੇਲ਼ੇ ਫਿਕਰਮੰਦੀ 'ਚ ਡੁੱਬਣ ਲੱਗੇ ਤਾਂ ਗੁਰਦਾਸਪੁਰੀ ਦੇ ਵੱਡਿਆਂ ਨੇ ਜਵਾਨ ਮੁੰਡਿਆਂ ਨੂੰ ਵੰਗਾਰਿਆ ਤੇ ਕਿਹਾ ਕਿ ਮੁਸਲਮਾਨ ਕੁੜੀਆਂ ਤੁਹਾਡੀਆਂ ਭੈਣਾਂ ਨੇ, ਇਨ੍ਹਾਂ ਨੂੰ ਮਿਲਟਰੀ ਕੈਂਪਾਂ 'ਚ ਆਪ ਛੱਡ ਕੇ ਆਉ। ਅਮਰਜੀਤ ਗੁਰਦਾਸਪੁਰੀ ਉਹਨਾਂ ਗੱਭਰੂਆਂ 'ਚ ਮੋਹਰੀ ਸੀ ਜੋ ਮੁਸਲਮਾਨ ਧੀਆਂ ਭੈਣਾਂ ਨੂੰ ਪਿੰਡੋਂ ਮਿਲਟਰੀ ਕੈਂਪਾਂ ਤੀਕ ਪੁਚਾ ਕੇ ਆਏ। ਇਸ ਦਾ ਜ਼ਿਕਰ ਨੇ ਉਸ ਨੇ ਖੁਦ ਸਾਂਵਲ ਧਾਮੀ ਦੇ 'ਸੰਤਾਲ਼ੀਨਾਮਾ' ਵਿਚ ਕੀਤਾ ਹੈ। ਸ਼ਾਇਦ ਏਸੇ ਚੀਸ ਨੂੰ ਚੇਤੇ ਕਰਕੇ ਅਹਿਮਦ ਰਾਹੀ ਦਾ ਇਹ ਗੀਤ ਉਸਦੀ ਰੂਹ 'ਚ ਭਿੱਜ ਗਿਆ। ਵਜਦ ਵਿਚ ਆ ਕੇ ਉਹ ਅਕਸਰ ਇਹ ਦਰਦੀਲਾ ਗੀਤ ਸੁਣਾਉਂਦਾ ਜਿਸਦੇ ਕੁਝ ਬੰਦ ਇੰਝ ਹਨ:

*ਮੇਰੀ ਚੁੰਨੀ ਲੀਰ ਕਤੀਰਾਂ, ਵੇ ਭੈਣਾਂ ਦਿਉ ਵੀਰੋ*

*ਬੁਝੀਆਂ ਖਿੱਤੀਆਂ ਡੁੱਬ ਗਏ ਤਾਰੇ*
*ਰਾਤ ਹਨੇਰੀ ਖਿੱਲੀਆਂ ਮਾਰੇ*
*ਸਹਿਕ ਰਹੀਆਂ ਤਕਦੀਰਾਂ, ਵੇ ਭੈਣਾਂ ਦਿਉ ਵੀਰੋ*

*ਟੁੱਟੇ ਸਾਰੇ ਹੱਦਾਂ ਬੰਨੇ*
*ਇੱਥੇ ਸਾਰੇ ਹੋ ਗਏ ਅੰਨ੍ਹੇ*
*ਭੈਣਾਂ ਲੁੱਟੀਆਂ ਵੀਰਾਂ, ਵੇ ਭੈਣਾਂ ਦਿਉ ਵੀਰੋ*

*ਭੈਣ ਕਿਸੇ ਦੀ ਪਈ ਕੁਰਲਾਵੇ*
*ਖੁੰਝਿਆ ਵੇਲ਼ਾ ਹੱਥ ਨਾ ਆਵੇ*
*ਕਰ ਲਉ ਕੁਝ ਤਦਬੀਰਾਂ, ਵੇ ਭੈਣਾਂ ਦਿਉ ਵੀਰੋ*

ਆਜ਼ਾਦੀ ਦੇ ਨਾਮ 'ਤੇ ਹੋਈ ਬਰਬਾਦੀ ਨੂੰ ਚੇਤੇ ਕਰ ਕੇ ਸਾਰੀ ਉਮਰ ਉਹ ਉਦਾਸ ਰਿਹਾ। ਲੋਕ ਸੰਘਰਸ਼ਾਂ, ਕਿਸਾਨੀ ਮੋਰਚਿਆਂ ਤੇ ਹਰ ਜਬਰ ਜ਼ੁਲਮ ਨਾਲ ਟੱਕਰ ਵੇਲ਼ੇ ਉਹ ਲੋਕਾਂ ਨਾਲ ਖਲੋਂਦਾ।

ਕਿਸਾਨ ਮੋਰਚਾ ਸਿਖਰ 'ਤੇ ਸੀ। ਸਿਆਲ਼ੂ ਦਿਨ ਸਨ ਸ਼ਾਇਦ ਦਸੰਬਰ। ਗੁਰਦਾਸਪੁਰੀ ਦਾ ਫੋਨ ਆਇਆ, 'ਗੁਰਭਜਨ, ਮੇਰਾ ਜੀਅ ਕਰਦੈ ਕਿ ਮੈਂ ਸਿੰਘੂ ਬਾਰਡਰ ਜਾਂ ਟਿਕਰੀ ਮੋਰਚੇ 'ਤੇ ਨਾ ਜਾ ਆਵਾਂ?' ਇਹ ਕਹਿੰਦਿਆਂ ਉਸਨੂੰ ਖੰਘ ਛਿੜ ਪਈ। ਵਾਹਵਾ ਜ਼ੋਰ ਦੀ। ਕੁਝ ਸੰਭਲ਼ਿਆ ਤਾਂ ਮੈਂ ਕਿਹਾ, 'ਗੁਰਦਾਸਪੁਰੀ ਜੀ, ਉੱਥੇ ਤੋੜ ਤੀਕ ਸਵਾਰੀ ਨਹੀਂ ਜਾਂਦੀ, ਚੋਖਾ ਪੈਦਲ ਤੁਰਨਾ ਪੈਂਦੈ। ਤੁਹਾਡੀ ਸਿਹਤ ਵੀ ਗੜਬੜ ਲੱਗਦੀ ਏ ਤੇ ਉਮਰ ਵੀ ਸਿਆਣੀ ਏਂ। ਗੋਡੇ ਵੀ ਨਹੀਂ ਚੱਲਦੇ। ਇੱਥੋਂ ਹੀ ਕੋਈ ਗੀਤ ਰੀਕਾਰਡ ਕਰਾ ਕੇ ਹਲਾਸ਼ੇਰੀ ਦੇ ਦਿਉ। ਮੈਂ ਵੀ ਗੋਡੇ ਦੀ ਸਮੱਸਿਆ ਕਾਰਨ ਨਹੀਂ ਜਾ ਸਕਿਆ ਪਰ ਘਰ 'ਚ ਹੀ ਮੋਰਚਾ ਲਾਈ ਬੈਠਾ ਹਾਂ। ਕਿਸਾਨ ਸੰਘਰਸ਼ ਨਾਲ ਸੰਬੰਧਤ ਕਵਿਤਾਵਾਂ ਸੰਭਾਲ਼ ਕੇ ਪੰਜਾਬੀ ਕਵਿਤਾ ਡਾਟ.ਕਾਮ ਵਾਲੇ ਸੰਗਰੂਰ ਵਾਸੀ ਵੀਰ ਕਰਮਜੀਤ ਸਿੰਘ ਗਠਵਾਲਾ ਦੇ ਸਹਿਯੋਗ ਨਾਲ ਟਾਈਪ ਕਰ ਕਰ ਕੇ ਜਮ੍ਹਾਂ ਕਰੀ ਜਾ ਰਿਹਾਂ। 'ਧਰਤ ਵੰਗਾਰੇ ਤਖ਼ਤ ਨੂੰ ਨਾਮ ਹੇਠ ਪੰਜ ਸੌ ਸਫੇ ਦੀ ਕਿਤਾਬ ਛਾਪਾਂਗੇ। ਚੋਣਵੀਆਂ ਲਿਖਤਾਂ ਕੱਢ ਕੇ। ਤੁਸੀਂ ਵੀ ਵੱਖਰਾ ਮੋਰਚਾ ਸੰਭਾਲ਼ੋ, ਇੱਥੇ ਹੀ ਉਦੋਵਾਲੀ 'ਚ। ਤੁਹਾਡੀ ਉਮਰ ਬਾਬਾ ਬੂਝਾ ਸਿੰਘ ਦੀ ਉਮਰ ਤੋਂ ਵੀ ਦਸ ਸਾਲ ਉੱਤੇ ਹੈ।' ਮੋੜਵਾਂ ਉੱਤਰ ਸੀ, '*ਭੱਜ ਜਾਣਾ ਮਰਦਾਂ ਨੂੰ ਮਿਹਣਾ, ਡੁੱਬਾ ਜਾਣਾ*

*ਮੱਛੀਆਂ ਨੂੰ।'* ਫਿਰ ਰਤਾ ਰੁਕ ਕੇ ਬੋਲਿਆ, 'ਚੱਲ ਨਹੀਂ ਜਾਂਦਾ, ਪਰ ਮਨ ਓਥੇ ਹੀ ਹੈ।' ਪੰਜਵੇਂ ਸੱਤਵੇਂ ਦਿਨ ਪਤਾ ਲੱਗਾ ਕਿ ਉਹ ਸਿਹਤ ਵਿਗੜਨ ਕਾਰਨ ਮੋਰਚੇ 'ਚ ਤਾਂ ਨਹੀਂ ਸੀ ਜਾ ਸਕਿਆ ਪਰ ਇਲਾਕੇ 'ਚੋਂ ਜਾਂਦੀਆਂ ਟਰਾਲੀਆਂ ਨੂੰ ਜ਼ਰੂਰ ਹਿੱਸੇ ਬਹਿੰਦਾ ਤੇਲ ਪਾਣੀ ਘੱਲਦਾ ਰਿਹਾ।

ਮੈਨੂੰ ਯਾਦ ਆਇਆ ਮੇਰੇ ਬਚਪਨ ਵੇਲੇ ਇਕ ਅਸੈਂਬਲੀ ਚੋਣ ਸੀ ਕੋਈ। ਡੇਰਾ ਬਾਬਾ ਨਾਨਕ ਵਾਲਾ ਕਮਿਊਨਿਸਟ ਆਗੂ ਤੇ ਕਵੀ ਜਸਵੰਤ ਸਿੰਘ ਰਾਹੀ ਉਮੀਦਵਾਰ ਸੀ। ਟਰਾਲੀ ਵਿਚ ਸਟੇਜ ਲਾ ਕੇ ਪਿੰਡੋ ਪਿੰਡੀਂ ਅਮਰਜੀਤ ਗੁਰਦਾਸਪੁਰੀ ਤੇ ਹੋਰ ਕਲਾਕਾਰ ਚੋਣ ਪਰਚਾਰ ਕਰ ਰਹੇ ਸਨ। ਗਾ ਰਹੇ ਸਨ ਇਹ ਗੀਤ:

*ਗੌਰਮਿੰਟ ਨੇ ਝੱਗਾ ਦਿੱਤਾ, ਪਾ ਲਉ ਲੋਕੋ ਪਾ ਲਉ।*
*ਅੱਗਾ ਪਿੱਛਾ ਹੈ ਨਹੀਂ ਜੇ, ਤੇ ਬਾਹਵਾਂ ਆਪ ਲਵਾ ਲਉ।*

ਇਕ ਹੋਰ ਗੀਤ ਸੀ ਉਸ ਵੇਲੇ ਦੇ ਮੁਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਕੈਰੋਂਸ਼ਾਹੀ ਦੇ ਖਿਲਾਫ: *ਪੁੱਤ ਚੋਰ ਭਤੀਜਾ ਡਾਕੂ, ਬਈ ਕੈਰੋਂ ਤੇਰਾ ਰਾਜ ਵੇਖਿਆ ।*

ਅਮਰਜੀਤ ਗੁਰਦਾਸਪੁਰੀ ਭਾਵੇਂ ਜ਼ੈਲਦਾਰਾਂ ਦਾ ਪੁੱਤਰ ਸੀ ਪਰ ਉਸਦੀ ਰੂਹ ਵਿਚ ਫਕੀਰੀ ਸਮਾਈ ਹੋਈ ਸੀ। ਉਸਦੀ ਮੁਹੱਬਤ ਲੋਕਾਈ ਨਾਲ ਸੀ। ਸੱਤਾ ਤੇ ਕੁਰਸੀ ਦੋਵੇਂ ਉਸ ਨੇ ਗ਼ੁਲਾਮ ਬਣਾ ਕੇ ਰੱਖੀਆਂ। ਅਲਬੇਲੇ ਪੰਜਾਬੀ ਸ਼ਾਇਰ ਪ੍ਰੋ. ਪੂਰਨ ਸਿੰਘ ਦੇ ਨਮੂਨੇ ਦਾ ਪੰਜਾਬੀ ਜਵਾਨ ਸੀ ਉਹ, ਜੋ ਕਿਸੇ ਦੀ ਟੈਂ ਨਹੀਂ ਸੀ ਮੰਨਦਾ।

ਉਸ ਦੇ ਗਾਏ ਗੀਤਾਂ 'ਚੋਂ ਅਸਲ ਪੰਜਾਬ ਝਲਕਦਾ ਹੈ। ਉਸ ਨੇ ਪਹਿਲੇ ਵੇਲ਼ਿਆਂ ਦੇ ਵੱਡੇ ਸ਼ਾਇਰਾਂ ਵਾਰਿਸ ਸ਼ਾਹ, ਬੁਲ੍ਹੇ ਸ਼ਾਹ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖਸ਼, ਪੀਰ ਫਜ਼ਲ ਹੁਸੈਨ ਗੁਜਰਾਤੀ ਤੋਂ ਲੈ ਕੇ ਵੀਹਵੀਂ ਸਦੀ ਦੇ ਉਸਤਾਦ ਦਾਮਨ, ਅਹਿਮਦ ਰਾਹੀ, ਅੰਮ੍ਰਿਤਾ ਪ੍ਰੀਤਮ, ਤੇਰਾ ਸਿੰਘ ਚੰਨ, ਕਰਤਾਰ ਸਿੰਘ ਬਲੱਗਣ, ਸ਼ਿਵ ਕੁਮਾਰ, ਅਮਰ ਚਿੱਤਰਕਾਰ ਤੇ ਕਈ ਹੋਰ ਸ਼ਾਇਰਾਂ ਦਾ ਕਲਾਮ ਗਾਇਆ। ਮੈਨੂੰ ਵੀ ਮਾਣ ਹੈ ਕਿ ਮੇਰੇ ਗੀਤ ਨੂੰ ਵੀ ਗੁਰਦਾਸਪੁਰੀ ਨੇ ਕੰਠ ਛੁਹਾਇਆ:

*ਸਾਨੂੰ ਮੋੜ ਦਿਉ ਰੰਗਲਾ ਪੰਜਾਬ,*
*ਅਸੀਂ ਨਹੀਂ ਕੁਝ ਹੋਰ ਮੰਗਦੇ*

ਅਸਲ 'ਚ ਇਹ ਗੀਤ ਮੈਂ ਲਿਖਿਆ ਹੀ ਗੁਰਦਾਸਪੁਰੀ ਜੀ ਦੇ ਕਹਿਣ 'ਤੇ ਸੀ। ਇਪਟਾ ਦੀ 50ਵੀਂ ਸਾਲਗ੍ਰਹ ਉਪਰ। ਕੈਫੀ ਆਜ਼ਮੀ, ਸ਼ੌਕਤ ਆਜ਼ਮੀ ਸਮੇਤ ਮੁੰਬਈ ਤੋਂ ਕਲਾਕਾਰਾਂ ਦਾ ਵੱਡਾ ਕਾਫਲਾ ਪੰਜਾਬੀ ਭਵਨ ਲੁਧਿਆਣਾ ਵਿਖੇ ਆਇਆ ਹੋਇਆ ਸੀ। ਏਸੇ ਸਮੇਂ ਮੁੰਬਈ ਦੇ ਪ੍ਰਸਿੱਧ ਸੰਗੀਤਕਾਰ ਕੁਲਦੀਪ ਸਿੰਘ ਦੇ ਸੰਗੀਤ ਵਿਚ ਤਾਰਾ ਸਿੰਘ ਦੀ ਰਚਨਾ ਨੂੰ ਸੁਰਬੱਧ ਕੀਤਾ ਗਿਆ:

*ਕਾਹਨੂੰ ਬਾਲ਼ਦੈਂ ਬਨੇਰਿਆਂ 'ਤੇ ਮੋਮਬੱਤੀਆਂ*
*ਲੰਘ ਜਾਣ ਦੇ ਬਾਜ਼ਾਰ 'ਚੋਂ ਹਵਾਵਾਂ ਤੱਤੀਆਂ*

ਅਮਰਜੀਤ ਗੁਰਦਾਸਪੁਰੀ ਬੋਲਿਆ ਕੜਕ ਕੇ, ਕਿ 'ਅਸੀਂ ਪੰਜਾਬੀ ਤੱਤੀਆਂ ਹਵਾਵਾਂ ਨੱਥਣਾ ਜਾਣਦੇ ਹਾਂ। ਹੁਣ ਸਾਡੇ ਮੁੰਡੇ ਗੀਤ ਲਿਖਣਗੇ,, ਅਸੀਂ ਗਾਵਾਂਗੇ ਗਲ਼ੀ ਗਲ਼ੀ, ਗਲ਼ੀ ਮੁਹੱਲੇ।' ਉਸ ਜਾਨ ਦੀ ਪਰਵਾਹ ਕੀਤੇ ਬਿਨਾਂ ਥਾਂ ਥਾਂ ਇਹੋ ਜਿਹੇ ਅਨੇਕਾਂ ਗੀਤ ਗਾਏ। 1986 ਵਿਚ ਪੰਜਾਬੀ ਭਵਨ ਲੁਧਿਆਣਾ ਵਿਚ ਕੈਫੀ ਆਜ਼ਮੀ ਦੀ ਸਦਾਰਤ ਹੇਠ ਹੋਏ ਏਸੇ ਸਮਾਗਮ ਵਿਚ ਹੋਰ ਕਲਾਕਾਰਾਂ ਦੇ ਇਲਾਵਾ ਅਮਰਜੀਤ ਗੁਰਦਾਸਪੁਰੀ ਨੂੰ ਵੀ ਸਨਮਾਨਤ ਕੀਤਾ ਗਿਆ। 'ਪੰਜਾਬ ਸੰਤਾਪ' ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਹਿੰਦੂ ਇਸ ਸੂਬੇ ਨੂੰ ਛੱਡ ਕੇ ਹਰਿਆਣਾ, ਦਿੱਲੀ ਤੇ ਹੋਰ ਸੂਬਿਆਂ ਵਿਚ ਵਸਣ ਲਈ ਜਾ ਰਹੇ ਸਨ। ਮਾਝੇ ਦਾ ਇਲਾਕਾ ਇਸ ਦਰਦ ਨੂੰ ਸਭ ਤੋਂ ਵੱਧ ਸਹਿ ਰਿਹਾ ਸੀ। ਇਸ ਪੀੜ ਨੂੰ ਅਮਰਜੀਤ ਗੁਰਦਾਸਪੁਰੀ ਨੇ ਪੰਜਾਬੀ ਭਵਨ ਦੇ ਬਲਰਾਜ ਸਾਹਨੀ ਮੰਚ 'ਤੇ ਵਾਰਿਸ ਸ਼ਾਹ ਦੀ ਹੀਰ ਦੇ ਹਵਾਲੇ ਨਾਲ ਇਉਂ ਪੇਸ਼ ਕੀਤਾ:

*ਵੀਰਾ ਅੰਮੜੀ ਜਾਇਆ ਜਾਹ ਨਾਹੀਂ,*
*ਸਾਨੂੰ ਨਾਲ ਫਿਰਾਕ ਦੇ ਮਾਰ ਨਾਹੀਂ।*

*ਭਾਈ ਮਰਨ ਤੇ ਪੌਂਦੀਆਂ ਭੱਜ ਬਾਹਾਂ,*
*ਭਾਈਆਂ ਗਿਆਂ ਜੇਡੀ ਕਾਈ ਹਾਰ ਨਾਹੀਂ।*

ਦਰਦ ਭਿੱਜੇ ਇਹਨਾਂ ਬੋਲਾਂ ਨੂੰ ਦਸ ਹਜ਼ਾਰ ਤੋਂ ਵੱਧ ਸਰੋਤਿਆਂ ਨੇ ਸਾਹ ਰੋਕ ਕੇ ਸੁਣਿਆ। ਇਹ ਗੀਤ ਮੁੱਕਣ ਸਾਰ ਕੈਫੀ ਆਜ਼ਮੀ ਦੀ ਜੀਵਨ ਸਾਥਣ ਤੇ ਇਪਟਾ ਲਹਿਰ ਦੀ ਮਜ਼ਬੂਤ ਥੰਮ ਰਹੀ ਸ਼ੌਕਤ ਆਜ਼ਮੀ ਇਕ ਦਮ ਮੰਚ 'ਤੇ ਆਈ ਅਤੇ ਬੋਲੀ, 'ਐ ਪੰਜਾਬ ਵਾਲੋ, ਇਤਨਾ ਕੀਮਤੀ ਹੀਰਾ ਛੁਪਾਏ ਬੈਠੇ ਹੋ! ਮੇਰਾ ਸਬ ਕੁਛ ਲੇ ਲੋ, ਮੁਝੇ ਅਮਰਜੀਤ ਗੁਰਦਾਸਪੁਰੀ ਦੇ ਦੋ। ਇਸ ਨੇ ਅਭੀ ਜੋ ਪੰਜਾਬ ਕਾ ਦਰਦ ਗਾਇਆ ਹੈ, ਕਾਸ਼ ਵੋਹ ਮੇਰਾ ਹਿੱਸਾ ਬਨ ਜਾਏ ਔਰ ਵੋਹ ਦਿਨ ਕਭੀ ਨਾ ਆਏ ਜਬ ਹਿੰਦੂ ਭਾਈਉਂ ਕੇ ਜਾਨੇ ਕਾ ਰੁਦਨ ਅਮਰਜੀਤ ਗੁਰਦਾਸਪੁਰੀ ਜੈਸੇ ਕਲਾਕਾਰੋਂ ਕੋ ਫਿਰ ਕਰਨਾ ਪੜੇ।' ਮੇਰੇ ਨਾਲ ਬੈਠੇ ਜਗਦੇਵ ਸਿੰਘ ਜੱਸੋਵਾਲ ਅਤੇ ਰਾਮ ਸਰੂਪ ਅਣਖੀ ਇਸ ਗੱਲ ਦੀ ਗਵਾਹੀ ਦੇ ਸਕਦੇ ਸਨ ਪਰ ਉਹ ਸਾਥੋਂ ਕਈ ਸਾਲ ਪਹਿਲਾਂ ਵਿਛੜ ਚੁੱਕੇ ਹਨ। ਉਸ ਰਾਤ ਸਾਡਾ ਸਾਰਿਆਂ ਦਾ ਟਿਕਾਣਾ ਜੱਸੋਵਾਲ ਦੇ ਗੁਰਦੇਵ ਨਗਰ ਵਾਲੇ ਆਲ੍ਹਣੇ ਵਿਚ ਸੀ। ਏਥੇ ਹੀ ਰਾਮ ਸਰੂਪ ਅਣਖੀ ਨੂੰ ਅਮਰਜੀਤ ਗੁਰਦਾਸਪੁਰੀ ਨੇ ਆਪਣੇ ਗੀਤਾਂ ਨਾਲ ਕੀਲਿਆ। ਬਰਨਾਲੇ ਪਰਤਕੇ ਉਸਨੇ 'ਜੱਗਬਾਣੀ' ਅਖਬਾਰ ਵਿਚ ਗੁਰਦਾਸਪੁਰੀ ਬਾਰੇ ਲਿਖਿਆ ਵੀ।

ਅਮਰਜੀਤ ਗੁਰਦਾਸਪੁਰੀ ਰੇਡੀਉ ਤੋਂ ਲੰਮਾ ਸਮਾਂ ਦੇਸ਼ ਉਸਾਰੀ, ਵਿਰਾਸਤ ਤੇ ਅਗਾਂਹਵਧੂ ਸੋਚ ਦੇ ਗੀਤ ਗਾਉਂਦਾ ਰਿਹਾ। ਉਸਦੇ ਰੇਡੀਉ ਆਰਟਿਸਟ ਬਣਨ ਦੀ ਕਹਾਣੀ ਵੀ ਬੜੀ ਵਚਿੱਤਰ ਹੈ। ਉਸ ਨੇ ਆਡੀਸ਼ਨ ਦਾ ਫਾਰਮ ਵੀ ਆਪ ਨਹੀਂ ਸੀ ਭਰਿਆ। ਰੇਡੀਉ 'ਚ ਕੰਮ ਕਰਨ ਵਾਲੇ ਕਵੀ ਸੱਤਪਾਲ ਤਾਲਿਬ (ਦਿਹਾਤੀ ਪ੍ਰੋਗਰਾਮ ਵਾਲੇ ਫੌਜਾ ਸਿੰਘ) ਨੇ ਹੀ ਉਸ ਦਾ ਫਾਰਮ ਭਰਿਆ, ਦਸਖਤ ਕੀਤੇ ਤੇ ਫੀਸ ਪੱਲਿਉਂ ਤਾਰੀ।

ਅਮਰਜੀਤ ਗੁਰਦਾਸਪੁਰੀ ਸਾਹਿਤ ਸਿਰਜਣਾ ਦੇ ਸਮਾਨਾਂਤਰ ਤੁਰਦਾ ਉਹ ਉੱਚ ਕਲਾਕਾਰ ਸੀ ਜਿਸ ਨੇ ਸ਼ਿਵ ਕੁਮਾਰ ਤੋਂ ਲੈ ਕੇ ਮੇਰੇ ਵਰਗੇ ਅਨੇਕਾਂ ਲੋਕਾਂ ਨੂੰ ਸਾਹਿਤ ਸਿਰਜਣਾ ਲਈ ਥਾਪੜਾ ਦਿੱਤਾ। ਸ਼ਿਵ ਕੁਮਾਰ ਨੇ *'ਕਾਲ਼ੀ ਦਾਤਰੀ ਚੰਦਨ ਦਾ ਦਸਤਾ, ਲੱਛੀ ਕੁੜੀ ਵਾਢੀਆਂ ਕਰੇ'* ਗੀਤ ਅਮਰਜੀਤ ਗੁਰਦਾਸਪੁਰੀ ਦੀ ਬੰਬੀ ਦੀ ਮੌਣ 'ਤੇ ਉਦੋਵਾਲੀ ਦੀਆਂ ਪੈਲ਼ੀਆਂ 'ਚ ਬਹਿ ਕੇ ਲਿਖਿਆ ਸੀ। ਸ਼ਿਵ ਕੁਮਾਰ ਨੂੰ ਅੰਮ੍ਰਿਤਸਰ ਦੀਆਂ ਸਾਹਿਤਕ ਮਹਿਫਲਾਂ ਵਿਚ ਪਹਿਲੀ ਵਾਰ ਅਮਰਜੀਤ ਗੁਰਦਾਸਪੁਰੀ ਹੀ ਲੈ ਕੇ ਗਿਆ। ਜਿਸਦਾ ਵੇਰਵਾ ਪ੍ਰੋਫੈਸਰ ਹਰਬੰਸ ਲਾਲ ਅਗਨੀਹੋਤੀ ਨੇ ਆਪਣੀ 'ਜੀਵਨ ਗਾਥਾ' ਵਿਚ ਬੜੇ ਮਾਣ ਨਾਲ ਦਿੱਤਾ ਹੈ ਕਿ ਕਿਵੇਂ ਸ਼ਿਵ ਕੁਮਾਰ ਨੂੰ ਅਮਰਜੀਤ ਗੁਰਦਾਸਪੁਰੀ ਪਹਿਲੀ ਵਾਰ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਸਥਿਤ ਤੇਜ ਪ੍ਰਿੰਟਿੰਗ ਪ੍ਰੈੱਸ 'ਤੇ ਲੈ ਕੇ ਆਇਆ, ਜੋ ਉਨ੍ਹੀਂ ਦਿਨੀਂ ਸਾਹਿਤਕ ਸਭਿਆਚਾਰਕ ਸਰਗਰਮੀਆਂ ਦਾ ਮੁਖ ਕੇਂਦਰ ਸੀ। ਸ਼ਿਵ ਕੁਮਾਰ ਦੀ ਕਰਤਾਰ ਸਿੰਘ ਬਲੱਗਣ ਨਾਲ ਮੁਲਾਕਾਤ ਵੀ ਅਮਰਜੀਤ ਗੁਰਦਾਸਪੁਰੀ ਨੇ ਕਰਵਾਈ, ਜੋ ਉਸ ਵੇਲੇ ਮਾਸਕ ਪੱਤਰ 'ਕਵਿਤਾ' ਦਾ ਸੰਪਾਦਕ ਸੀ। ਸ਼ਿਵ ਕੁਮਾਰ ਤੋਂ ਪਹਿਲਾਂ ਦੀ ਕਾਵਿ ਪਰੰਪਰਾ ਵਿਚ ਸਭ ਤੋਂ ਵਧੀਆ ਗੀਤਕਾਰੀ ਨਾਮ ਕਰਤਾਰ ਸਿੰਘ ਬਲੱਗਣ ਦਾ ਸੀ, ਜਿਸ ਨੇ ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਲਈ ਕਈ ਵਿਸ਼ੇਸ਼ ਗੀਤ ਲਿਖੇ। ਮਿਸਾਲ ਦੇ ਤੌਰ 'ਤੇ ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਨਾਲ ਜੁੜ ਚੁੱਕੇ ਇਹਨਾਂ ਦੋ ਗੀਤਾਂ ਦੇ ਮੁਖੜੇ ਵੇਖੋ:

*ਚਿੱਟੀ ਚਿੱਟੀ ਪਗੜੀ ਤੇ ਘੁੱਟ ਘੁੱਟ ਬੰਨ੍ਹ*
*ਭਲਾ ਵੇ ਮੈਨੂੰ ਤੇਰੀ ਸਹੁੰ ਈ,*
*ਵਿਚ ਵੇ ਗੁਲਾਬੀ ਫੁੱਲ ਟੰਗਿਆ ਕਰ।*

*ਵੇ ਮੁੜ ਆ ਲਾਮਾਂ ਤੋਂ, ਸਾਨੂੰ ਘਰੇ ਬੜਾ ਰੁਜ਼ਗਾਰ।*
*ਕਣਕਾਂ ਨਿੱਸਰ ਪਈਆਂ, ਵੇ ਤੂੰ ਆ ਕੇ ਝਾਤੀ ਮਾਰ।*

ਅਮਰਜੀਤ ਗੁਰਦਾਸਪੁਰੀ ਨੂੰ ਪੰਜਾਬੀ ਸਾਹਿਤ ਸਭਾ ਧਿਆਨਪੁਰ ਦੇ ਬਾਨੀ ਪ੍ਰਧਾਨ ਵਜੋਂ

ਜ਼ਿਲ੍ਹਾ ਗੁਰਦਾਸਪੁਰ ਦੀ ਸਾਹਿਤਕ ਲਹਿਰ ਨੂੰ ਅਗਵਾਈ ਦੇਣ ਦਾ ਵੀ ਮਾਣ ਮਿਲਿਆ। ਮੈਂ ਉਸ ਦਾ ਪਹਿਲਾ ਜਨਰਲ ਸਕੱਤਰ ਸਾਂ। ਅਮਰਜੀਤ ਗੁਰਦਾਸਪੁਰੀ ਦੀ ਅਗਵਾਈ ਕਰਕੇ ਹੀ ਸੁਜਾਨ ਸਿੰਘ, ਮੋਹਨ ਕਾਹਲੋਂ, ਵਰਿਆਮ ਸੰਧੂ, ਜਸਵੰਤ ਸਿੰਘ ਰਾਹੀ, ਪ੍ਰੇਮ ਗੋਰਖੀ, ਸੁਖਵਿੰਦਰ ਕੰਬੋਜ, ਵਰਿੰਦਰ ਵਾਲੀਆ ਵਰਗੇ ਵੱਡੇ ਵੱਡੇ ਲੇਖਕ ਪੱਤਰਕਾਰ ਇਸ ਸਭਾ ਵਿਚ ਆਉਂਦੇ ਰਹੇ।

ਮੈਨੂੰ ਉਹ ਦਿਨ ਵੀ ਯਾਦ ਹੈ ਜਦ ਅਜੇ ਦੂਰਦਰਸ਼ਨ ਕੇਂਦਰ ਜਲੰਧਰ ਨਹੀਂ ਸੀ ਬਣਿਆ। ਪੰਜਾਬ ਵਿਚ ਸਿਰਫ ਉਦੋਂ ਅੰਮ੍ਰਿਤਸਰ ਤੋਂ ਹੀ ਖਬਰਾਂ ਦਾ ਬੁਲੇਟਿਨ ਤਿਆਰ ਹੁੰਦਾ ਸੀ। ਇਕ ਸ਼ਾਮ ਅਮਰਜੀਤ ਗੁਰਦਾਸਪੁਰੀ ਦੇ ਅੰਗ ਸੰਗ ਮੈਂ ਦੂਰਦਰਸ਼ਨ ਦੇ ਨਿੱਕੇ ਜਿਹੇ ਕੋਠੀ ਨੁਮਾ ਦਫਤਰ ਗਿਆ, ਜਿੱਥੇ ਉਦੋਂ ਗੋਵਰਧਨ ਖਬਰ ਵਾਚਕ ਸੀ, ਕਰਮਜੀਤ ਖਬਰਾਂ ਦਾ ਸਕਰਿਪਟ ਰਾਈਟਰ ਸੀ ਤੇ ਹਰਜੀਤ ਸਿੰਘ ਪਾਰਟ ਟਾਈਮ ਗ੍ਰਾਫਿਕ ਕਲਾਕਾਰ ਸੀ। ਚਾਹ ਦਾ ਪਿਆਲਾ ਪੀਂਦਿਆਂ ਸਾਰਿਆਂ ਨੇ ਯੋਜਨਾ ਬਣਾਈ ਕਿ ਅਮਰਜੀਤ ਗੁਰਦਾਸਪੁਰੀ ਦੀ ਟੈਲੀਵੀਯਨ ਲਈ ਦਿੱਲੀ ਵਾਲਿਆਂ ਨੂੰ ਆਖ ਕੇ ਰੀਕਾਰਡਿੰਗ ਕਰਵਾਈਏ। ਲਗਪਗ 32 ਵਰ੍ਹੇ ਬੀਤਣ ਦੇ ਸਮੇਂ ਦੌਰਾਨ ਉਹੀ ਗੋਵਰਧਨ ਸ਼ਰਮਾ ਦੂਰਦਰਸ਼ਨ ਕੇਂਦਰ ਦਾ ਸਟੇਸ਼ਨ ਡਾਇਰੈਕਟਰ ਬਣਿਆ, ਕਰਮਜੀਤ ਸਿੰਘ 'ਪੰਜਾਬੀ ਟ੍ਰਿਬਿਊਨ' ਦੇ ਸਹਾਇਕ ਸੰਪਾਦਕ ਵਜੋਂ ਸੇਵਾਮੁਕਤ ਹੋਇਆ, ਹਰਜੀਤ ਸਿੰਘ ਵੀ ਦੂਰਦਰਸ਼ਨ ਦੀ ਉਚੇਰੀ ਕੁਰਸੀ ਨੂੰ ਸੇਵਮੁਕਤੀ ਦੀ ਉਮਰੋਂ ਪਹਿਲਾਂ ਤਿਆਗ ਕੇ ਜਲੰਧਰ 'ਚ ਫਿਲਮ ਨਿਰਦੇਸ਼ਨ ਕਰ ਰਿਹੈ। ਪਰ ਅਮਰਜੀਤ ਗੁਰਦਾਸਪੁਰੀ ਨੂੰ ਕੋਈ ਵੀ ਦੂਰਦਰਸ਼ਨ ਦੀ ਸਕਰੀਨ ਦਾ ਹਿੱਸਾ ਨਾ ਬਣਾ ਸਕਿਆ। ਹਾਂ ਇਕ ਵਾਰ ਕਿਸੇ ਹੈਂਕੜਬਾਜ਼ ਪ੍ਰੋਡਿਊਸਰ ਨੇ ਉਸਨੂੰ ਬੁਲਾ ਲਿਆ ਪਰ ਆਪਣੇ ਨਾਲ ਸਾਜ਼ਿੰਦੇ ਨਾ ਲਿਆਣ ਕਾਰਨ ਤਲਖ ਕਲਾਮੀ ਕੀਤੀ, ਜਿਸਦੇ ਵਿਰੋਧ ਵਜੋਂ ਗੁਰਦਾਸਪੁਰੀ ਨੇ ਰੀਕਾਰਡਿੰਗ ਕਰਾਉਣ ਤੋਂ ਇਨਕਾਰ ਕਰ ਦਿੱਤਾ। ਪਿੰਡ ਪਰਤਕੇ ਮੈਨੂੰ ਫੋਨ ਕਰਕੇ ਦੱਸਿਆ, 'ਮੈਂ ਸੁੱਚੇ ਮੂੰਹ ਪਰਤ ਆਇਆ ਹਾਂ। ਮੂਡ ਹੀ ਖਰਾਬ ਕਰ ਦਿੱਤਾ ਸੀ ਮਸ਼ੀਨੀ ਜਿਹੇ ਬੰਦੇ ਨੇ।' ਬਹੁਤ ਦੇਰ ਬਾਅਦ ਗੌਰੀ ਦੱਤ ਸ਼ਰਮਾ ਤੇ ਡਾ. ਲਖਵਿੰਦਰ ਜੌਹਲ ਨੇ ਸਾਡੀ ਪ੍ਰੇਰਨਾ ਨਾਲ ਉਸਨੂੰ ਪੇਸ਼ ਕੀਤਾ। ਸਵੈਮਾਣ ਅਤੇ ਆਪਣੇ ਆਦਰਸ਼ ਉੱਤੇ ਪਹਿਰਾ ਦਿੰਦਿਆਂ ਅਮਰਜੀਤ ਗੁਰਦਾਸਪੁਰੀ 1962 ਤੋਂ ਲਗਾਤਾਰ ਆਕਾਸ਼ਵਾਣੀ ਜਲੰਧਰ ਦਾ ਏ ਗਰੇਡ ਕਲਾਕਾਰ ਰਿਹਾ। ਉਸ ਦੇ ਗਾਏ ਗੀਤਾਂ ਨੂੰ ਆਕਾਸ਼ਵਾਣੀ ਤੋਂ ਬਿਨਾਂ ਹੋਰ ਕਿਤਿਉਂ ਨਹੀਂ ਸੁਣਿਆ ਜਾ ਸਕਦਾ ਕਿਉਂਕਿ ਵਪਾਰਕ ਕੰਪਨੀਆਂ ਨਾਲ ਉਸ ਨੇ ਸਮਝੋਤਾ ਕੀਤਾ ਨਹੀਂ ਅਤੇ ਦੂਰਦਰਸ਼ਨ ਦੀ ਲਾਲ ਫੀਤਾਸ਼ਾਹੀ ਨੂੰ ਉਸ ਨੇ ਕਦੇ ਪੱਠੇ ਨਹੀਂ ਸੀ ਪਾਏ।

ਅਮਰਜੀਤ ਗੁਰਦਾਸਪੁਰੀ ਦੇ ਪ੍ਰਭਾਵ ਸਦਕਾ ਹੀ ਉਸਦੇ ਇਲਾਕੇ ਵਿਚ ਸੰਗੀਤ ਨੂੰ ਵੀ ਅਜਿਹੇ ਸੁਰੀਲੇ ਲੋਕ ਮਿਲੇ ਜਿਨ੍ਹਾਂ ਨੇ ਅਸਲੀਲ ਬੋਲਾਂ ਨੂੰ ਕਦੇ ਆਪਣੇ ਕੰਠ 'ਤੇ ਨਹੀਂ ਆਉਣ ਦਿੱਤਾ। ਮੈਂ ਇਹ ਗੱਲ ਚੇਤੇ ਕਰ ਕੇ ਆਪਣੇ ਆਪ ਨੂੰ ਵਡਿਆ ਲੈਂਦਾ ਹਾਂ ਕਿ ਮੇਰਾ ਇਕ ਪੁਰਖਾ ਅਮਰਜੀਤ ਗੁਰਦਾਸਪੁਰੀ ਹੈ ਜਿਸਦੇ ਗੀਤਾਂ ਨੂੰ ਬਚਪਨ ਤੋਂ ਸੁਣਦਿਆਂ ਸੁਣਦਿਆਂ ਆਪਣੇ ਅੰਦਰ ਉਹ ਨਿਜ਼ਾਮ ਉਸਾਰ ਲਿਆ ਹੈ ਜਿਸਨੂੰ ਲੋਕ ਸੰਗੀਤ ਸੂਝ ਆਖਦੇ ਨੇ।

92 ਬਹਾਰਾਂ ਤੇ ਪੱਤਝੜਾਂ ਹੰਢਾ ਕੇ ਉਹ ਸਾਨੂੰ ਸਦੀਵੀ ਅਲਵਿਦਾਅ ਕਹਿ ਗਿਆ। ਨਿੱਕੇ ਪੁੱਤਰ ਨਵਨੀਤ ਤੇ ਪਰਮ ਸੁਨੀਲ ਦੀ ਮੌਤ ਨੇ ਉਸਨੂੰ ਵਿੰਨ੍ਹ ਸੁੱਟਿਆ ਸੀ। ਪਰ ਉਹ ਹਰ ਮੌਸਮ ਨੂੰ ਖਿੜੇ ਮੱਥੇ ਸਹਾਰਦਾ ਸਾਥੋਂ ਬਹੁਤ ਦੂਰ ਤੁਰ ਗਿਆ। ਜੈਕਸਨ, ਅਮਰੀਕਾ ਵਸਦੇ ਉਸਦੇ ਪੁਤਰ ਤੇਜ ਵਿਕਰਮ ਸਿੰਘ ਰੰਧਾਵਾ ਦਾ ਕਹਿਣਾ ਹੈ, 24 ਫਰਵਰੀ ਤੀਕ ਮੇਰੇ ਲਈ ਭਾਰਤ 'ਚੋਂ ਦੋ ਸੂਰਜ ਚੜ੍ਹਦੇ ਸਨ, ਇਕ ਲੋਕਾਂ ਵਾਲਾ ਤੇ ਦੂਜਾ ਮੇਰੇ ਬਾਬਲ ਵਾਲਾ। ਇਕ ਸੂਰਜ ਡੁੱਬਣ ਨਾਲ ਸਾਡਾ ਸੰਸਾਰ ਹਨੇਰਾ ਹੋ ਗਿਆ ਹੈ। 000

***(113 ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ***
***ਫੋਨ: +91-98726-31199)***

## ਪੂਰਾ ਆਦਮੀ: ਕਹਾਣੀ: ਸਾਂਵਲ ਧਾਮੀ

ਲਗਪਗ ਤੇਈ-ਚਵੀ ਵਰ੍ਹਿਆਂ ਬਾਅਦ…

ਇਕ ਗੁਆਚੀ ਆਵਾਜ਼ ਮੈਡਮ ਜਸਵੀਰ ਦੇ ਕੰਨਾਂ 'ਚ ਪਈ। ਉਹ ਧੁਰ ਅੰਦਰ ਤਕ ਹਲੂਣੀ ਗਈ। ਦਿਲ ਦੀ ਧੜਕਣ ਤੇਜ਼ ਹੋ ਗਈ। ਮੱਥੇ 'ਤੇ ਪਸੀਨਾ ਆ ਗਿਆ। ਡੌਰ-ਭੌਰ ਹੋਈ ਨੇ ਚੁਫ਼ੇਰੇ ਨਜ਼ਰ ਘੁੰਮਾਈ। ਬੱਸ 'ਚ ਟੂਰ 'ਤੇ ਜਾ ਰਹੀਆਂ ਵਿਦਿਆਰਥਣਾਂ ਸਨ, ਮੰਚ ਦੇ ਦੋ ਅਹੁਦੇਦਾਰ ਸਨ ਤੇ ਉਹਦੀ ਕੁਲੀਗ ਕਿਰਨ ਸੀ।

…ਤੇ ਉਹ?

ਗੁਆਚੀ ਆਵਾਜ਼ ਵਾਲਾ ਉਹ ਸ਼ਖ਼ਸ ਤਾਂ ਕਿਤੇ ਵੀ ਨਹੀਂ ਸੀ।

'ਉਹ ਇੱਥੇ ਹੋ ਵੀ ਕਿਵੇਂ ਸਕਦਾ?' ਖੁਦ ਨੂੰ ਖ਼ਾਮੋਸ਼ ਸਵਾਲ ਕਰਦਿਆਂ ਜਸਵੀਰ ਨੇ ਸੁੱਖ ਦਾ ਸਾਹ ਲਿਆ।

ਉਹ ਆਵਾਜ਼ ਤਾਂ ਹਾਲੇ ਵੀ ਆ ਰਹੀ ਸੀ। ਉਹਨੇ ਹੋਰ ਵੀ ਗਹੁ ਨਾਲ਼ ਸੁਣਿਆ। ਕੁੜੀਆਂ ਦੇ ਚੀਕ-ਚਿਹਾੜੇ ਤੋਂ ਪਾਰ ਉਸ ਆਵਾਜ਼ ਨੂੰ ਸਾਫ਼-ਸਾਫ਼ ਪਛਾਣਿਆ ਜਾ ਸਕਦਾ ਸੀ।

ਉਹਨੇ ਸ਼ੀਸ਼ੇ 'ਚੋਂ ਦੀ ਬਾਹਰ ਦੂਰ ਤਕ ਵੇਖਿਆ।

ਅਤੀਤ ਦੇ ਧੁੰਦਲਕੇ 'ਚ ਗੁਆਚਾ ਇਕ ਚਿਹਰਾ ਉਹਦੇ ਸਾਹਮਣੇ ਸੀ। ਉਹ ਸ਼ਖ਼ਸ ਕਾਰ ਦੀ ਡਰਾਈਵਿੰਗ ਸੀਟ 'ਤੇ ਬੈਠਾ, ਮੂੰਹ ਉਠਾਈ ਬਸ-ਡਰਾਇਵਰ ਨੂੰ ਕੁਝ ਸਮਝਾ ਰਿਹਾ ਸੀ।

ਜਸਵੀਰ ਦੀ ਦੇਹ ਕੰਬ ਉੱਠੀ। ਉਹਨੂੰ ਲੱਗਿਆ ਕਿ ਇਹ ਕੰਬਾਹਟ ਉਹਦੀ ਦੇਹ ਦੀ ਹੱਦ ਉਲੰਘ ਜਾਏਗੀ ਤੇ ਅਗਲੇ ਪਲ ਦੁਨੀਆਂ ਦੀ ਹਰ ਸ਼ੈਅ ਪੱਤਿਆਂ ਵਾਂਗ ਡੋਲਣ ਲੱਗ ਜਾਏਗੀ। ਖ਼ੌਫ਼ 'ਚ ਅੱਖਾਂ ਮੁੰਦਦਿਆਂ, ਉਹ ਡੂੰਘੇ-ਡੂੰਘੇ ਸਾਹ ਲੈਣ ਲੱਗੀ।

"ਮੈਡਮ, ਠੀਕ ਹੋ ਤੁਸੀਂ?" ਕਿਰਨ ਦਾ ਸਵਾਲ ਸੁਣਦਿਆਂ ਉਹ ਹੋਸ਼ 'ਚ ਆ ਗਈ। ਦੇਹ 'ਚੋਂ ਕੰਬਣੀਆਂ ਰੁਖ਼ਸਤ ਹੋ ਗਈਆਂ ਪਰ ਕੋਈ ਬੇਪਛਾਣ ਜਿਹਾ ਖ਼ੌਫ਼ ਉਹਦੇ ਦਿਲੋ-ਦਿਮਾਗ 'ਤੇ ਛਾ ਗਿਆ।

'ਰੱਬ ਕਰੇ, ਇਹ ਉਹੋ ਹੋਵੇ!' ਉਹਦੇ ਧੁਰ ਅੰਦਰੋਂ ਹੂਕ ਨਿਕਲੀ।

'ਲੱਗਦਾ ਤਾਂ ਬਿਲਕੁਲ ਉਹੀਓ ਏ ਪਰ ਉਹ ਕਾਰ ਕਿਵੇਂ ਡਰਾਈਵ ਕਰ ਸਕਦਾ?' ਉਹ ਇਸ ਸਵਾਲ 'ਚ ਉਲਝੀ ਰਹੀ ਕਿ ਬੱਸ ਤੁਰ ਪਈ। ਜਦੋਂ ਕੁੜੀਆਂ ਨੇ ਗੀਤ ਛੋਹਿਆ ਤਾਂ ਉਹਨੂੰ ਹੋਸ਼ ਆਈ।

'ਅਪਾਹਜ ਬੰਦੇ ਨਾਲ ਬੰਦਾ ਖੁਦ ਅਪਾਹਜ ਹੋ ਜਾਂਦਾ! ਜ਼ਿੰਦਗੀ ਦਾ ਵੀ ਕੋਈ ਭਰੋਸਾ ਨਹੀਂ ਰਹਿ ਜਾਂਦਾ। ਮੰਜਾ ਮੱਲਿਆ ਨਈਂ ਤੇ ਮੌਤ ਦੀ ਪੁੱਠੀ ਗਿਣਤੀ ਸ਼ੁਰੂ ਹੋਈ ਨਈਂ! ਤੁਸੀਂ ਚੰਗਾ ਕੀਤਾ ਜੋ ਰਿਸ਼ਤਾ ਤੋੜ ਦਿੱਤਾ!' ਉਹਦੇ ਕੰਨਾਂ 'ਚ ਮਾਸਟਰ ਬਚਿੱਤਰ ਦੇ ਬੋਲ ਗੂੰਜ ਉੱਠੇ।

'ਦੂਸਰਿਆਂ ਲਈ ਭਵਿੱਖ-ਬਾਣੀਆਂ ਕਰਦਾ ਆਪ ਤੁਰਦਾ ਬਣਿਆਂ!' ਜਸਵੀਰ ਦੇ ਚਿਹਰੇ 'ਤੇ ਕੌੜੀ ਜਿਹੀ ਮੁਸਕਾਨ ਫੈਲ ਗਈ।

'…ਤੇ ਉਹ? ਉਹ ਤਾਂ ਬੜਾ ਸੋਹਣਾ। ਸਗੋਂ ਪਹਿਲਾਂ ਨਾਲੋਂ ਵੀ ਤਰੋ-ਤਾਜ਼ਾ! ਲੋਕ-ਸੇਵਾ 'ਚ ਪੂਰੀ ਤਰ੍ਹਾਂ ਮਸਰੂਫ਼!' ਜਸਵੀਰ ਦੀਆਂ ਅੱਖਾਂ ਮੱਲੋ-ਜ਼ੋਰੀ ਮੁੰਦੀਆਂ ਗਈਆਂ। ਉਹਨੇ ਕੁਦਰਤ ਦਾ ਸ਼ੁਕਰੀਆ ਅਦਾ ਕੀਤਾ।

"ਪਿਆਰੇ ਵਿਦਿਆਰਥੀਓ, ਸਾਡੇ…" ਚੱਲਦੀ ਬੱਸ ਦੇ ਸ਼ੋਰ ਤੇ ਵਿਦਿਆਰਥਣਾਂ ਦੇ ਰੌਲ਼ੇ-

ਰੱਪੇ ਕਾਰਨ ਮੰਚ ਦੇ ਅਹੁਦੇਦਾਰ ਨੇ ਉੱਚੀ ਆਵਾਜ਼ 'ਚ ਗੱਲ ਸ਼ੁਰੂ ਕੀਤੀ। ਕੁੜੀਆਂ ਚਾਣਚੱਕ ਚੁੱਪ ਹੋ ਗਈਆਂ ਤੇ ਜਸਵੀਰ ਵੀ ਖ਼ਿਆਲਾਂ ਦੀ ਦੁਨੀਆਂ 'ਚੋਂ ਬਾਹਰ ਆ ਗਈ।

"...ਇਸ ਦੋ ਰੋਜ਼ਾ ਟੂਰ 'ਚ ਅਸੀਂ ਤੁਹਾਨੂੰ ਕਈ ਅਹਿਮ ਥਾਵਾਂ ਵਿਖਾਵਾਂਗੇ। ਅੱਜ ਪਹਿਲਾਂ ਅਸੀਂ ਰੋਜ਼ ਗਾਰਡਨ ਅਤੇ ਹਾਈ ਕੋਰਟ ਜਾਵਾਂਗੇ। ਫਿਰ ਹਰਿਆਣਾ ਅਤੇ ਪੰਜਾਬ ਦੀ ਵਿਧਾਨ-ਸਭਾ ਵੇਖਾਂਗੇ। ਓਥੋਂ ਰਾਕ-ਗਾਰਡਨ ਜਾਵਾਂਗੇ। ਸ਼ਾਮ ਨੂੰ ਪੰਜਾਬ ਯੂਨੀਵਰਸਿਟੀ ਦੇ ਲਾਅ-ਆਡੀਟੋਰੀਅਮ 'ਚ ਕੁਝ ਲੈਕਚਰ ਹੋਣਗੇ। ਹਰੇਕ ਵਿਦਿਆਰਥਣ ਨੂੰ ਇਕ-ਇਕ ਨੋਟ-ਬੁੱਕ ਤੇ ਪੈੱਨ ਦਿੱਤਾ ਜਾਏਗਾ। ਤੁਸੀਂ ਜੋ ਵੀ ਮਹਿਸੂਸ ਕਰੋ ਨਾਲ਼-ਨਾਲ਼ ਨੋਟ ਕਰੀ ਜਾਣਾ। ਘਰ ਜਾ ਕੇ ਇਨ੍ਹਾਂ ਗੱਲਾਂ ਨੂੰ ਵਿਸਥਾਰ ਨਾਲ਼ ਲਿਖ ਲੈਣਾ। ਟੂਰ ਤੋਂ ਹਫ਼ਤਾ ਕੁ ਬਾਅਦ ਅਸੀਂ ਤੁਹਾਡੇ ਸਕੂਲ ਆਵਾਂਗੇ। ਤੁਹਾਡਾ ਲਿਖਿਆ ਅਸੀਂ ਤੁਹਾਡੇ ਨਾਲ ਆਏ ਅਧਿਆਪਕਾਂ ਕੋਲੋਂ ਆਪੇ ਲੈ ਲਵਾਂਗੇ। ਅੱਜ ਦੀ ਰਾਤ ਅਸੀਂ ਅੱਠ ਸੈਕਟਰ ਦੇ ਗੁਰਦੁਵਾਰਾ ਸਾਹਿਬ 'ਚ ਠਹਿਰਾਂਗੇ। ਕੱਲ੍ਹ ਅਸੀਂ ਫਤਿਹਗੜ੍ਹ ਸਾਹਿਬ ਦੇ ਗੁਰਦਵਾਰਿਆਂ ਦੇ ਦਰਸ਼ਣ ਕਰਾਂਗੇ ਤਾਂ ਜੋ ਤੁਸੀਂ ਛੋਟੇ ਸਾਹਿਬਜ਼ਾਦਿਆਂ ਦੀ ਦ੍ਰਿੜਤਾ ਤੇ ਅਡੋਲਤਾ ਨੂੰ ਮਹਿਸੂਸ ਕਰ ਸਕੋ। ਕੱਲ੍ਹ ਸ਼ਾਮ ਤਕ ਅਸੀਂ ਵਾਪਸ ਘਰਾਂ ਨੂੰ ਮੁੜ ਜਾਵਾਂਗੇ!" ਏਨਾ ਆਖ ਉਹ ਚੁੱਪ ਹੋ ਗਿਆ।

"ਇਕ ਜ਼ਰੂਰੀ ਗੱਲ ਹੋਰ...", ਉਹਦੇ ਸਾਥੀ ਨੇ ਬੋਲਣਾ ਸ਼ੁਰੂ ਕੀਤਾ।

"...ਸਾਡਾ ਮੰਚ ਕੋਈ ਢਾਈ ਸੌ ਵਿਦਿਆਰਥੀਆਂ ਦੀ ਪੜ੍ਹਾਈ ਦਾ ਖਰਚ ਚੁੱਕ ਰਿਹਾ! ਜੇ ਕਿਸੇ ਵਿਦਿਆਰਥਣ ਦੀ ਕੋਈ ਆਰਥਿਕ ਸਮੱਸਿਆ ਹੋਵੇ ਤਾਂ ਬੇਝਿਜਕ ਲਿਖ ਦੇਣਾ। ਤੁਹਾਡਾ ਲਿਖਿਆ ਸਾਡੇ ਮੰਚ ਦੇ ਕਰਤਾ-ਧਰਤਾ ਸ੍ਰੀ ਦਰਬਾਰਾ ਸਿੰਘ ਹੀ ਪੜ੍ਹਨਗੇ।..."

'ਦਰਬਾਰਾ ਸਿੰਘ' ਸੁਣਦਿਆਂ ਜਸਵੀਰ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਾ।

'ਹਾਏ! ਮੈਂ ਕਿਵੇਂ ਸਾਹਮਣਾ ਕਰਾਂਗੀ ਇਹਦਾ!' ਉਹ ਪਛਤਾਉਣ ਲੱਗੀ।

'ਕਾਸ਼! ਮੈਂ ਇਸ ਟੂਰ 'ਤੇ ਨਾ ਆਉਂਦੀ!' ਉਹਦਾ ਚਿੱਤ ਕਾਹਲ਼ਾ ਪੈ ਗਿਆ।

ਉਹਦਾ ਦਿਲ ਕੀਤਾ ਕਿ ਉਹ ਬੱਸ ਰੁਕਵਾ ਕੇ ਉਤਰ ਜਾਏ ਤੇ ਮੋੜਵੀਂ ਬੱਸ ਫੜ ਕੇ ਘਰ ਮੁੜ ਜਾਏ। ਪਰ ਹੁਣ ਇਹ ਸੰਭਵ ਨਹੀਂ ਸੀ। ਬੇਵਸੀ ਕਾਰਨ ਉਹ ਪਛਤਾਵਾ ਨਿਰੰਤਰ ਸੰਘਣਾ ਹੁੰਦਾ ਗਿਆ। ਇਸ ਰੂਹ-ਪਿੰਜਣੇ ਅਹਿਸਾਸ 'ਚੋਂ ਉੱਭਰਨ ਲਈ ਉਹਨੇ ਅਤੀਤ ਦੇ ਧੁੰਦਲਕੇ 'ਚ ਗੁਆਚਣਾ ਕਬੂਲ ਕਰ ਲਿਆ।

ਜਸਵੀਰ ਨੂੰ ਫੁੱਫੜ ਠਾਕੁਰ ਸਿੰਘ ਯਾਦ ਆਇਆ, ਜਿਹਨੇ ਇਹਦੇ ਲਈ ਪਹਿਲਾ ਰਿਸ਼ਤਾ ਲੱਭਿਆ ਸੀ। ਮੁੰਡਾ ਕਲਰਕ ਸੀ। ਸ਼ਹਿਰ ਦੇ ਕਿਸੇ ਪਾਰਕ 'ਚ ਦੋਵਾਂ ਦੀ ਮੁਲਾਕਾਤ ਦਾ ਇੰਤਜ਼ਾਮ ਕੀਤਾ ਗਿਆ ਸੀ।

"ਤੁਸੀਂ ਆਪਣੇ ਸਰਟੀਫਿਕੇਟ ਨਈਂ ਲੈ ਕੇ ਆਏ!" ਜਸਵੀਰ ਦੇ ਸੱਖਣੇ ਹੱਥਾਂ ਵੱਲ ਵੇਖਦਿਆਂ ਉਹ ਬੋਲਿਆ ਸੀ।

"ਉਹ ਕਿਉਂ ਜੀ?" ਜਸਵੀਰ ਨੇ ਹੈਰਾਨ ਹੁੰਦਿਆਂ ਪੁੱਛਿਆ ਸੀ।

"ਤ੍ਹਾਨੂੰ ਨਈਂ ਪਤਾ ਕਿ ਮੈਂ ਪੱਕੀ ਨੌਕਰੀ ਕਰਦਾਂ? ਸਰਕਾਰੀ!" ਮੱਥੇ 'ਤੇ ਤਿਊੜੀ ਪਾਉਂਦਿਆਂ ਉਹ ਮਾਣ 'ਚ ਬੋਲਿਆ ਸੀ।

ਜਸਵੀਰ ਚੁੱਪ ਰਹੀ ਸੀ।

"ਮੇਰੇ ਕੁਝ ਸਵਾਲਾਂ ਦੇ ਜਵਾਬ ਦਿਓ!" ਉਹ ਕਾਹਲ਼ੀ-ਕਾਹਲ਼ੀ ਬੋਲਿਆ ਸੀ, ਜਿਉਂ ਉਹਦੇ ਕੋਲ਼ ਵਕਤ ਬਹੁਤ ਘੱਟ ਹੋਵੇ।

ਅੱਠਵੀਂ ਕਦੋਂ ਕੀਤੀ? ਕਿੱਥੋਂ ਕੀਤੀ? ਕੁੱਲ ਅੰਕ ਕਿੰਨੇ ਸਨ? ਕਿੰਨੇ ਅੰਕ ਪ੍ਰਾਪਤ ਕੀਤੇ? ਕਿੰਨੇ ਪ੍ਰਤੀਸ਼ਤ ਬਣੇ? ਫਿਰ ਦਸਵੀਂ, ਸੀਨੀਅਰ ਸੈਕੰਡਰੀ, ਬੀ.ਐੱਸ-ਸੀ ਤੇ ਆਖ਼ਰ ਬੀ.ਐੱਡ. ਬਾਰੇ ਵੀ ਇਹੀ ਪੰਜ-ਪੰਜ ਸਵਾਲ ਪੁੱਛੇ ਗਏ।

"ਬੀ.ਐੱਡ. ਦਾ ਨਤੀਜਾ ਤਾਂ ਹਾਲੇ ਆਉਣਾ!" ਜਸਵੀਰ ਨੇ ਥੋੜ੍ਹਾ ਘਬਰਾ ਕੇ ਜਵਾਬ ਦਿੱਤਾ ਸੀ।

"ਬੰਦੇ ਨੇ ਜੋ ਲਿਖਿਆ ਹੁੰਦਾ, ਉਦ੍ਹਾ ਮਾੜਾ-ਮੋਟਾ ਅੰਦਾਜ਼ਾ ਤਾਂ ਹੁੰਦਾ ਹੀ ਆ!" ਉਹ ਘੋਖਵੀਆਂ ਨਜ਼ਰਾਂ ਜਸਵੀਰ ਦੇ ਚਿਹਰੇ 'ਤੇ ਟਿਕਾਉਂਦਿਆਂ ਬੋਲਿਆ ਸੀ।

'ਮਨੋਰੋਗੀ!' ਇਹ ਸੋਚਦਿਆਂ ਜਸਵੀਰ ਉਹਦੇ ਕੋਲ਼ੋਂ ਉੱਠ ਆਈ ਸੀ।

ਫਿਰ ਉਹ ਦਿਨ!

ਜਸਵੀਰ ਦੇ ਮਾਮੇ ਦਾ ਘਰ। ਘਰ ਦੀ ਰਸੋਈ। ਰਸੋਈ ਦੀ ਗਰਿੱਲ ਤੇ ਓਸ ਗਰਿੱਲ 'ਚੋਂ ਇਕ ਰੋਹਬਦਾਰ ਚਿਹਰੇ ਦੀ ਪਹਿਲੀ ਝਲਕ। ਜਸਵੀਰ ਦੇ ਅੰਦਰੋਂ ਕਿਸੇ ਚਸ਼ਮੇ ਵਾਂਗ ਕੋਈ ਚਾਅ ਜਿਹਾ ਆਪ-ਮੁਹਾਰੇ ਫੁੱਟ ਤੁਰਿਆ ਸੀ! ਪਰ ਨਾਲ ਹੀ ਉਹਦੇ ਮਨ-ਮਸਤਕ ਵਿਚ ਇਕ ਖੌਫ਼ ਜਿਹਾ ਵੀ ਉੱਗ ਆਇਆ ਸੀ।

'ਮੈਨੂੰ ਤਾਂ ਮਰੀਅਲ ਜਿਹੇ ਕਲਰਕ ਨੇ ਵੀ ਪਸੰਦ ਨਹੀਂ ਕੀਤਾ। ਦਰਬਾਰਾ ਸਿੰਘ ਜਿਹਾ ਉੱਚਾ-ਲੰਮਾ, ਹੈਂਡਸਮ ਤੇ ਵਧੀਆ ਨੌਕਰੀ ਕਰਦਾ ਮੁੰਡਾ ਮੈਨੂੰ ਕਿੱਥੇ 'ਹਾਂ' ਆਖਣ ਲੱਗਾ।' ਜਸਵੀਰ ਦੀ ਦੇਹ ਕੰਬਣੀਆਂ 'ਚ ਡੁੱਬ ਗਈ ਸੀ।

"ਨੌਕਰੀ ਤਾਂ ਸ਼ੈਤ ਛੇਤੀਂ ਮਿਲ ਜਾਊ।" ਜਸਵੀਰ ਨੇ ਵਿਚਾਰਿਆਂ ਵਾਂਗ ਆਖਿਆ ਸੀ।

"ਨਾ ਵੀ ਮਿਲੀ ਤਾਂ ਕਿਹੜੀ ਗੱਲ ਆ ਜੀ!...." ਦਰਬਾਰਾ ਸਿੰਘ ਨੇ ਮੁਸਕਰਾਉਂਦਿਆ ਗੱਲ ਸ਼ੁਰੂ ਕੀਤੀ ਸੀ। ਪੂਰੀ ਅਪਣੱਤ ਅਤੇ ਕਮਾਲ ਦੇ ਸਲੀਕੇ ਨਾਲ਼।

"...ਮੈਂ ਲੋੜ ਜੋਗੇ ਰੁਪਏ ਕਮਾਉਂਦਾਂ। ਆਪਣਾ ਰੋਟੀ ਪਾਣੀ ਬੜਾ ਸੋਹਣਾ ਚੱਲੀ ਜਾਣਾ। ਮੇਰੇ ਕੋਈ ਵੱਡੇ ਸੁਪਨੇ ਨਈਂ, ਪਰ ਤੁਹਾਡਾ?..." ਉਹ ਛਿਣ ਕੁ ਲਈ ਚੁੱਪ ਹੋਇਆ ਸੀ।

"...ਪਤਾ ਨਈਂ ਜੀ ਮੈਨੂੰ!ਮੈਂ...ਮੈਂ..ਮੈਂ ਤਾਂ..." ਗੱਲ ਸ਼ੁਰੂ ਕਰਦਿਆਂ ਜਸਵੀਰ ਦੀ ਜ਼ੁਬਾਨ ਥਥਲਾ ਗਈ ਸੀ।

"...ਬਹੁਤ ਸਿੰਪਲ ਆਂ ਸਗੋਂ! ਸਾਡੇ ਘਰਾਂ 'ਚ ਪਤਾ ਈ ਆ ਤੁਾਨੂੰ ਕਿ ਕੋਈ ਕਿਵੇਂ ਪੜ੍ਹਦਾ। ਵੱਡੇ ਸੁਪਨੇ ਤਾਂ ਉਹ ਵੇਖਣ ਜਿਨ੍ਹਾਂ ਦੀਆਂ ਛੋਟੀਆਂ-ਛੋਟੀਆਂ ਖ਼ਾਹਸ਼ਾਂ ਪੂਰੀਆਂ ਹੋ ਗਈਆਂ ਹੋਣ!"

ਜਸਵੀਰ ਦੀ ਇਸ ਗੱਲ ਨਾਲ਼ ਦਰਬਾਰਾ ਸਿੰਘ ਕੀਲਿਆ ਗਿਆ ਸੀ।

"ਮੈਨੂੰ ਪਸੰਦ ਆ ਜੀ ਕੁੜੀ!" ਉਹਨੇ ਉਸੀ ਵਕਤ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

ਜਸਵੀਰ ਦੀਆਂ ਅੱਖਾਂ 'ਚ ਅੱਥਰੂ ਛਲਕ ਆਏ ਸਨ। ਉਸ ਛਿਣ ਉਹਦਾ ਦਿਲ ਕੀਤਾ ਸੀ ਕਿ ਉਹ ਉੱਠ ਕੇ ਦਰਬਾਰਾ ਸਿੰਘ ਦੇ ਮੋਢਿਆਂ 'ਤੇ ਸਿਰ ਰੱਖ ਦਏ।

ਫਿਰ ਵਕਤ ਨੇ ਅਜੀਬ ਕਰਵਟ ਲਈ! ਉਹ ਹਾਦਸਾ...! 'ਨੌਕਰੀ ਨਾ ਮਿਲਦੀ ਤਾਂ ਸ਼ਾਇਦ ਮੈਂ ਇਹ ਰਿਸ਼ਤਾ ਕਦੇ ਨਾ ਤੋੜ ਸਕਦੀ। ਚਲੋ ਜੋ ਹੋਇਆ, ਸੋ ਹੋਇਆ। ਮੈਂ ਕੋਈ ਜੱਗੋਂ ਬਾਹਰੀ ਗੱਲ ਵੀ ਨਈਂ ਸੀ ਕੀਤੀ! ਮੇਰੇ ਥਾਂ ਕੋਈ ਹੋਰ ਹੁੰਦੀ, ਉਹਨੇਂ ਵੀ ਏਹੋ ਫ਼ੈਸਲਾ ਲੈਣਾ ਸੀ।' ਇਹ ਸੋਚਦਿਆਂ ਜਸਵੀਰ ਨੇ ਖ਼ੁਦ ਨੂੰ ਚੜ੍ਹਦੀ ਕਲਾ 'ਚ ਮਹਿਸੂਸ ਕੀਤਾ।

'ਪਰ...' ਅਗਲੇ ਪਲ ਉਹਦੀ ਸੋਚ ਨੇ ਯੂ-ਟਰਨ ਲੈ ਲਿਆ।

'...ਉਹ ਜੋ ਵੀ ਸੀ, ਇਸ ਸੱਚੇ-ਸੁੱਚੇ ਇਨਸਾਨ ਨਾਲ ਧੋਖਾ ਸੀ! ਹੋਰ ਸੱਚ ਕਹਾਂ ਤਾਂ ਉਹ ਮੇਰੀ ਕਮੀਨਗੀ ਸੀ।' ਉਹ ਮੁੜ ਤੋਂ ਉਦਾਸੀ 'ਚ ਡੁੱਬ ਗਈ। ਰੰਗ-ਬਿਰੰਗੀਆਂ ਸੋਚਾਂ ਦੀਆਂ ਲੜੀਆਂ ਟੁੱਟ-ਟੁੱਟ ਜੁੜਦੀਆਂ ਤੇ ਜੁੜ-ਜੁੜ ਟੁੱਟਦੀਆਂ ਰਹੀਆਂ।

'ਉਸ ਗੁਨਾਹ ਦੀ ਸਜ਼ਾ ਮੈਂ ਅੱਜ ਤਕ ਭੁਗਤ ਰਹੀ ਹਾਂ! ਹੁਣ ਤਾਂ ਇਕੋ ਅਰਦਾਸ ਹੈ ਕਿ ਮੈਨੂੰ ਉਹ ਪਛਾਣੇ ਨਾ! ਉਂਝ ਏਨੇ ਸਾਲਾਂ ਬਾਅਦ ਪਛਾਣਨ ਵੀ ਕਿੱਥੇ ਲੱਗਾ! ਜਦੋਂ ਮਿਲ਼ੇ ਸਾਂ, ਜੋਬਨ ਦੀ ਰੁੱਤ ਸੀ। ਹੁਣ ਇਸ ਜ਼ਿੰਦਗੀ 'ਤੇ ਪੱਤਝੜ ਦਾ ਪਹਿਰਾ ਏ। ਨਾ ਉਹ ਚਿਹਰਾ ਰਿਹਾ, ਨਾ ਮੁਸਕਾਨ। ਨਾ ਉਹ ਨਖ਼ਰਾ ਰਿਹਾ, ਨਾ ਚਾਲ! ਉਹ ਛਮਕ ਜਿਹੀ ਮੁਟਿਆਰ ਹੁਣ ਨੱਬੇ ਕਿੱਲੋ ਦਾ

ਭੜੋਲਾ ਬਣੀ ਬੈਠੀ ਏ! ਸ਼ਾਇਦ ਚੰਗਾ ਹੀ ਹੋਇਆ ਕਿ ਵਕਤ ਨੇ ਰੱਜ ਕੇ ਬੇਪਛਾਣ ਕਰ ਦਿੱਤਾ ਏ ਮੈਨੂੰ!' ਵਿਗੜੀ ਸੂਰਤ ਦੇ ਅਹਿਸਾਸ ਨੇ ਜਸਵੀਰ ਨੂੰ ਥੋੜ੍ਹਾ ਸਕੂਨ ਬਖ਼ਸ਼ਿਆ ਸੀ।

"ਬੱਚੀਓ...ਸ੍ਰੀ ਦਰਬਾਰਾ ਸਿੰਘ ਜੀ ਬਾਰੇ ਮੈਂ ਦੱਸ ਦਿਆਂ...", ਮੰਚ ਵਾਲਾ ਪਹਿਲਾ ਜਵਾਨ ਫਿਰ ਤੋਂ ਬੋਲ ਪਿਆ।

"...ਇਹ ਚੰਡੀਗੜ੍ਹ ਪੁਲਿਸ 'ਚ ਸਬ-ਇੰਸਪੈਕਟਰ ਨੇ। ਯੂ.ਐੱਨ.ਓ. ਵੱਲੋਂ ਪੀਸ ਮਿਸ਼ਨ ਤਹਿਤ ਇਹ ਬੋਸਨੀਆਂ ਵਿਖੇ ਤਾਇਨਾਤ ਸਨ। ਓਥੇ ਇਨ੍ਹਾਂ ਦੀ ਪੁਲਿਸ-ਟੁਕੜੀ 'ਤੇ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ ਸੀ। ਇਹ ਗੱਲ ਸੰਨ..." ਹਾਦਸੇ ਦਾ ਸਹੀ ਵਰ੍ਹਾ ਸੋਚਣ ਵਾਸਤੇ ਉਹ ਬਿੰਦ ਕੁ ਲਈ ਰੁਕਿਆ।

"ਚੁਰਾਨਵੇਂ!" ਮੈਡਮ ਜਸਬੀਰ ਦੇ ਮੂੰਹੋਂ ਚਾਣਚੱਕ ਨਿਕਲ ਗਿਆ।

"...ਸਤੰਬਰ ਚੁਰਾਨਵੇਂ ਦੀ ਏ।.."

ਮੈਡਮ ਕਿਰਨ ਨੇ ਉਹਨੂੰ ਹੈਰਾਨੀ ਨਾਲ਼ ਵੇਖਿਆ।

"...ਜ਼ਿੰਦਗੀ ਬਚਾਉਣ ਲਈ ਡਾਕਟਰਾਂ ਨੂੰ ਇਨ੍ਹਾਂ ਦੀਆਂ ਦੋਵੇਂ ਲੱਤਾਂ ਕੱਟਣੀਆਂ ਪਈਆਂ। ਉਦੋਂ ਇਨ੍ਹਾਂ ਦੀ ਉਮਰ ਚਵ੍ਹੀ ਸਾਲ ਸੀ। ਇਨ੍ਹਾਂ ਵਿਆਹ ਨਾ ਕਰਵਾਉਣ ਦਾ ਫੈਸਲਾ ਕੀਤਾ ਤੇ..."

'ਹੈਂਅ! ਸੱਚੀਂ!!' ਮੈਡਮ ਜਸਵੀਰ ਨੇ ਇਕ ਲੰਮਾ-ਠੰਢਾ ਹਉਕਾ ਭਰਿਆ। ਉਹਨੂੰ ਆਪਣੇ-ਆਪ 'ਤੇ ਗ਼ੁੱਸਾ ਆਇਆ। ਚਾਣਚੱਕ ਅੱਖਾਂ ਭਰ ਆਈਆਂ। ਸ਼ਾਲ 'ਚ ਮੂੰਹ ਲੁਕਾਉਂਦਿਆਂ ਉਹਨੇ ਮਲਕੜੇ ਜਿਹੇ ਅੱਥਰੂ ਪੂੰਝ ਲਏ।

"...ਇਨ੍ਹਾਂ ਆਪਣੀ ਜ਼ਿੰਦਗੀ ਸਰਕਾਰੀ ਸਕੂਲਾਂ 'ਚ ਪੜ੍ਹਦੇ ਗ਼ਰੀਬ ਬੱਚਿਆਂ ਨੂੰ ਸਮਰਪਿਤ ਕਰ ਦਿੱਤੀ। ਇਹਦੇ ਪਿੱਛੇ ਵੀ ਇਕ ਕਹਾਣੀ ਏ। ਜਦੋਂ ਇਹ ਵਿਦਿਆਰਥੀ ਸਨ ਤਾਂ ਇਨ੍ਹਾਂ ਦੇ ਸਕੂਲੋਂ ਟ੍ਰਿੱਪ ਗਿਆ ਸੀ। ਸਿਰਫ਼ ਅਠਾਰਾਂ ਰੁਪਏ ਚਾਹੀਦੇ ਸਨ। ਗ਼ਰੀਬੀ ਐਨੀ ਸੀ ਕਿ ਉਹ ਵੀ ਨਈਂ ਸਨ ਜੁੜੇ। ਬੇਵਸੀ ਦਾ ਉਹ ਅਹਿਸਾਸ ਇਨ੍ਹਾਂ ਨੂੰ ਇਸ ਮਿਸ਼ਨ ਤਕ ਲੈ ਕੇ ਆਇਆ। ਖ਼ੁਦ ਇਹ ਬੜੀ ਸਾਧਾਰਨ ਜ਼ਿੰਦਗੀ ਜਿਉਂਦੇ ਨੇ। ਆਪਣੀ ਕੁੱਲ ਤਨਖ਼ਾਹ ਲੋੜਵੰਦ ਵਿਦਿਆਰਥੀਆਂ 'ਤੇ ਖਰਚ ਦਿੰਦੇ ਨੇ।" ਏਨਾ ਆਖ ਅਹੁਦੇਦਾਰ ਕਿਸੇ ਮਾਣ ਜਿਹੇ 'ਚ ਚੁੱਪ ਹੋ ਗਿਆ।

'ਅਸੀਂ ਤਾਂ ਕਦੇ ਕੌਡੀ ਦੀ ਵੀ ਮੱਦਦ ਨਈ ਕੀਤੀ। ਡਾਕਟਰ ਸਾਹਿਬ ਦੀ ਕਾਰ ਤਾਂ ਦੂਸਰੇ ਸਾਲ ਬਦਲ ਜਾਂਦੀ ਏ!...' ਮੈਡਮ ਜਸਵੀਰ ਨੂੰ ਆਪਣੇ ਪਤੀ ਦਾ ਖ਼ਿਆਲ ਆਇਆ।

'...ਮੈਨੂੰ ਤਾਂ ਬੈਂਕਾਂ ਦੀਆਂ ਕਿਸ਼ਤਾਂ ਭਰਨ ਲਈ ਰੱਖਿਆ ਹੋਇਆ!' ਉਹਨੂੰ ਖ਼ੁਦ ਨਾਲ ਘਿਰਣਾ ਜਿਹੀ ਮਹਿਸੂਸ ਹੋਈ। ਮਨ ਫਿਰ ਤੋਂ ਪਛਤਾਵੇ ਨਾਲ ਭਰ ਗਿਆ। ਇਸ ਵਾਰ ਪਛਤਾਵੇ ਦਾ ਰੰਗ ਥੋੜ੍ਹਾ ਵੱਖਰਾ ਸੀ। ਇਸ ਦੀ ਵਜ੍ਹਾ ਦਰਬਾਰਾ ਸਿੰਘ ਨਹੀਂ ਸਗੋਂ ਉਹਦੇ ਵੱਲੋਂ ਹੰਢਾਈ ਜਾ ਰਹੀ ਜ਼ਿੰਦਗੀ ਸੀ।

ਉਹਨੂੰ ਕੁਝ ਦਿਨ ਪਹਿਲਾਂ ਦੀ ਗੱਲ ਯਾਦ ਆਈ। ਨੌਵੀਂ ਜਮਾਤ ਦੀ ਇਕ ਵਿਦਿਆਰਥਣ ਨੇ ਜਸਵੀਰ ਨੂੰ ਖ਼ਤ ਲਿਖਿਆ ਸੀ। ਉੱਘੜ-ਦੁੱਘੜ ਹਰਫ਼ਾਂ ਵਾਲੇ ਉਸ ਖ਼ਤ 'ਚ ਉੱਘੜ-ਦੁੱਘੜ ਜ਼ਿੰਦਗੀ ਦੀ ਉੱਘੜ-ਦੁੱਘੜ ਕਹਾਣੀ ਕੈਦ ਸੀ। ਜਸਵੀਰ ਉਹ ਖ਼ਤ ਘਰ ਲੈ ਆਈ ਸੀ।

"ਕੋਈ ਮਦਦ ਤਾਂ ਕਰੀਏ ਇਸ ਵਿਚਾਰੀ ਦੀ।" ਪਤੀ ਨੂੰ ਪੂਰੀ ਕਹਾਣੀ ਸੁਣਾਉਣ ਤੋਂ ਬਾਅਦ ਉਹਨੇ ਆਖਿਆ ਸੀ।

"ਏਥੇ ਤਾਂ ਹਰ ਦੂਜੇ ਬੰਦੇ ਨੇ ਠੂਠਾ ਫੜਿਆ ਹੋਇਆ। ਜੇ ਇਨ੍ਹਾਂ ਕੋਲ਼ ਜੀਊਣ ਦੇ ਵਸੀਲੇ ਨਈਂ ਤਾਂ ਖ਼ੁਦਕੁਸ਼ੀ ਕਰ ਲੈਣ! ਪਰ ਨਹੀਂ। ਇਹ ਤਾਂ ਦੂਸਰਿਆਂ ਨੂੰ ਡਿਸਟਰਬ ਕਰਨਾ ਆਪਣਾ ਜਨਮ-ਸਿੱਧ ਅਧਿਕਾਰ ਸਮਝਦੇ ਨੇ!" ਡਾਕਟਰ ਕਈ ਦੇਰ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਰਿਹਾ ਸੀ।

'ਅਫ਼ਸੋਸ ਤਾਂ ਇਸ ਗੱਲ ਦਾ ਏ ਕਿ ਐਡਾ ਸੈਲਫ਼-ਸੈਂਟਰਡ ਬੰਦਾ ਮੇਰੀਆਂ ਧੀਆਂ ਦਾ ਬਾਪ

ਏ!' ਜਸਵੀਰ ਨੇ ਕੁੜੱਤਣ ਨਾਲ ਸੋਚਿਆ।

'ਪਰ ਹੁਣ ਮੈਂ ਇਸ ਸਵੈ-ਜੰਜਾਲ ਤੋਂ ਬਾਹਰ ਆ ਜਾਣਾ। ਮੇਰਾ ਵੀ ਆਪਣੀ ਕਮਾਈ 'ਤੇ ਹੱਕ ਆ ਕੋਈ। ਮੈਂ ਟੁੱਟ-ਟੁੱਟ ਮਰਾਂ ਤੇ ਉਹ...। ਜੇ ਉਹਨੂੰ ਐਸ਼ੋ ਇਸ਼ਰਤ 'ਤੇ ਰੁਪਏ ਉਡਾਉਣ ਦੀ ਖੁੱਲ੍ਹ ਆ ਤਾਂ ਮੈਂ ਕੋਈ ਭਲੇ ਦਾ ਕੰਮ ਨਈਂ ਕਰ ਸਕਦੀ? ਆਪਣੇ ਲਈ ਤਾਂ ਸਾਰੇ ਜੀਊਂਦੇ ਨੇ ਪਰ ਇਨਸਾਨ ਕਹਾਉਣ ਦਾ ਹੱਕ ਸਿਰਫ਼ ਦਰਬਾਰਾ ਸਿੰਘ ਵਰਗਿਆਂ ਨੂੰ ਏ। ਮੈਂ ਹਰ ਮਹੀਨੇ ਇਨ੍ਹਾਂ ਦੇ ਮੰਚ ਨੂੰ ਕੁਝ ਰੁਪਏ ਜ਼ਰੂਰ ਭੇਜਿਆ ਕਰਾਂਗੀ! ਏਸ ਸ਼ੁੱਭ ਕੰਮ ਲਈ ਮੈਨੂੰ ਕਿਸੇ ਕੋਲ਼ੋਂ ਇਜਾਜ਼ਤ ਲੈਣ ਦੀ ਜ਼ਰੂਰਤ ਨਈਂ!' ਇਹ ਫ਼ੈਸਲਾ ਲੈਂਦਿਆਂ ਜਸਵੀਰ ਨੇ ਖੁਦ ਨੂੰ ਹਲਕਾ-ਹਲਕਾ ਜਿਹਾ ਮਹਿਸੂਸ ਕੀਤਾ।

'ਜਿਸ ਦਿਨ...' ਕੌੜੀਆਂ ਕੁਸੈਲ਼ੀਆਂ ਯਾਦਾਂ ਤੋਂ ਪੱਲਾ ਛੁਡਵਾਉਣ ਲਈ ਉਹ ਮੁੜ ਤੋਂ ਦਰਬਾਰਾ ਸਿੰਘ ਬਾਰੇ ਸੋਚਣ ਲੱਗੀ।

'...ਮੈਂ ਦਰਬਾਰਾ ਸਿੰਘ ਨੂੰ ਪਹਿਲੀ ਵਾਰ ਵੇਖਿਆ ਸੀ। ਦਸੰਬਰ ਦੀ ਧੁੰਦਲੀ ਜਿਹੀ ਦੁਪਹਿਰ ਸੀ ਉਹ! ਮੈਂ ਤਾਂ ਸਵੈਟਰ 'ਚ ਵੀ ਕੰਬ ਰਹੀ ਸਾਂ ਪਰ ਦਰਬਾਰਾ ਸਿੰਘ ਹਾਫ਼ ਸਲੀਵ ਸ਼ਰਟ ਪਾਈ ਮੇਰੇ ਮੂਹਰੇ ਅਡੋਲ ਬੈਠਾ ਸੀ। ਉਹ ਫ਼ੌਲਾਦੀ ਦੇਹ! ਉਹ ਕਣਕਵੰਨਾ ਚਿਹਰਾ! ਸਭ ਗੱਲਾਂ ਕਰਦੇ ਰਹੇ ਤੇ ਇਹ ਚੁੱਪ ਚਾਪ ਮੁਸਕਰਾਉਂਦਾ ਰਿਹਾ। ਮੈਨੂੰ ਤਾਂ ਸ਼ੱਕ ਹੋਣ ਲੱਗ ਪਿਆ ਸੀ ਕਿ ਕਿਤੇ ਇਹ ਗੂੰਗਾ ਤਾਂ ਨਈਂ। ਫਿਰ ਸਾਨੂੰ ਦੋਹਾਂ ਨੂੰ ਗੱਲ ਕਰਨ ਦਾ ਮੌਕਾ ਮਿਲਿਆ। ਤੋਬਾ! ਤੋਬਾ!! ਤੋਬਾ!!! ਕਿੰਨਾ ਬੜਬੋਲਾ ਸੀ ਇਹ, ਮੈਂ ਬੜਾ ਝਿਜਕ ਰਹੀ ਸਾਂ ਪਰ ਇਹਦੀਆਂ ਗੱਲਾਂ ਨਾਲ਼ ਮੇਰਾ ਸਾਰਾ ਡਰ ਹਵਾ ਹੋ ਗਿਆ ਸੀ! ਇਹਨੇ ਇਕ ਵੀ ਗੱਲ ਦੋ-ਅਰਥੀ ਨਹੀਂ ਸੀ ਕੀਤੀ। ਘਰ, ਪਰਿਵਾਰ ਤੇ ਸਮਾਜ ਦੀਆਂ ਗੱਲਾਂ ਕਰਦਾ ਰਿਹਾ ਸੀ!

ਜਾਣ ਲੱਗਿਆਂ ਇਹਨੇ ਮੇਰੇ ਕੋਲ਼ੋਂ ਕਾਗ਼ਜ਼ ਮੰਗਿਆ ਸੀ। ਮੈਂ ਕਾਹਲ਼ੀ-ਕਾਹਲ਼ੀ **ਮੇਜ਼ ਤੋਂ** ਨੋਟ-ਬੁੱਕ ਚੁੱਕ ਲਿਆਈ ਸਾਂ। ਪਤਾ ਲਿਖਣ ਤੋਂ ਬਾਅਦ ਇਹ ਆਪਣਾ ਪੈੱਨ ਵੀ ਉਸ ਨੋਟ-ਬੁੱਕ 'ਚ ਭੁੱਲ ਗਿਆ ਸੀ! ਸ਼ਾਇਦ ਜਾਣ-ਬੁਝ ਕੇ ਛੱਡ ਗਿਆ ਹੋਵੇ। ਬੇਸ਼ਕੀਮਤੀ ਨਿਸ਼ਾਨੀ ਸੀ ਉਹ। ਅਫ਼ਸੋਸ! ਮੈਥੋਂ ਉਹ ਸੰਭਾਲ਼ੀ ਨਾ ਗਈ।

ਮੈਡੀਸਨ ਕੰਪਨੀਆਂ ਦੇ ਏਜੰਟ ਕਿਸੇ ਤਿਉਹਾਰ 'ਤੇ ਸਾਡੇ ਘਰ ਨੂੰ ਤੋਹਫ਼ਿਆਂ ਨਾਲ਼ ਭਰ ਦਿੰਦੇ ਨੇ। ਅੱਜ ਤਕ ਤਾਂ ਮੈਂ ਵੀ ਖ਼ੁਸ਼ ਹੁੰਦੀ ਰਹੀ। ਭਾਵੇਂ ਇਹ ਵੀ ਪਤਾ ਸੀ ਕਿ ਉਹ ਤੋਹਫ਼ੇ ਗ਼ਰੀਬਾਂ ਦੇ ਲਹੂ ਵੱਟੇ ਮਿਲ ਰਹੇ ਨੇ। ਅੱਜ ਮੈਂ ਆਪਣੀ ਭੁੱਲ ਨੂੰ ਕਬੂਲ ਕਰ ਰਹੀ ਹਾਂ! ਮੈਨੂੰ ਮੁਆਫ਼ ਕਰ ਦਈਂ ਦਰਬਾਰਾ ਸਿਆਂ!'

"ਆਹ ਲਓ ਮੈਡਮ..." ਮੰਚ ਦਾ ਅਹੁਦੇਦਾਰ ਬੋਲਿਆ।

ਜਸਵੀਰ ਦੀ ਦੇਹ ਇਉਂ ਕੰਬੀ, ਜਿਉਂ ਉਹ ਕਿਸੇ ਹੋਰ ਦੁਨੀਆਂ ਤੋਂ ਪਰਤੀ ਹੋਵੇ।

ਮੰਚ ਵਾਲੇ ਨੌਜਵਾਨ ਨੇ ਦੋਹਾਂ ਮੈਡਮਾਂ ਨੂੰ ਵੀ ਇਕ-ਇਕ ਨੋਟ-ਬੁੱਕ ਤੇ ਇਕ-ਇਕ ਪੈੱਨ ਦੇ ਦਿੱਤਾ।

"ਹਾਏ! ਸਾਨੂੰ ਵੀ ਲਿਖਣਾ ਪੈਣਾ?" ਉਹਦੇ ਕੰਨ ਕੋਲ਼ ਮੂੰਹ ਕਰਦਿਆਂ ਕਿਰਨ ਨੇ ਘਬਰਾਈ ਆਵਾਜ਼ 'ਚ ਪੁੱਛਿਆ।

"ਲਿਖਣ ਨੂੰ ਕੀ ਏ? ਲਿਖ ਦੇਵਾਂਗੇ ਦੋ-ਦੋ ਅੱਖਰ ਅਸੀਂ ਵੀ!" ਏਨਾ ਆਖ ਜਸਵੀਰ ਮੁੜ ਤੋਂ ਸ਼ਾਲ ਦੀ ਬੁੱਕਲ 'ਚ ਮੂੰਹ-ਸਿਰ ਲੁਕਾਉਂਦਿਆਂ ਚੁੱਪ ਹੋ ਗਈ।

'ਪਰ ਕੀ ਲਿਖਾਂਗੀ ਮੈਂ...?' ਖੁਦ ਨੂੰ ਸਵਾਲ ਕਰਦਿਆਂ ਉਹ ਤੜਫ਼ ਉੱਠੀ। ਦਸੰਬਰ ਦੇ ਆਖ਼ਰੀ ਦਿਨਾਂ ਵਿਚ ਵੀ ਉਹਦੀ ਦੇਹ ਨੂੰ ਮੁੜ੍ਹਕਾ ਆ ਗਿਆ। ਉਹ ਆਪਣੀ ਸੋਚ ਨੂੰ ਕੁੜੀਆਂ ਦੇ ਰੌਲ਼ੇ-ਰੱਪੇ ਤੋਂ ਪਾਰ ਲਿਜਾਣ ਦੀ ਕੋਸ਼ਿਸ਼ 'ਚ ਰੁੱਝ ਗਈ।

'...ਰੱਬ-ਸਬੱਬੀ ਬਹਾਨਾ ਮਿਲਿਆ! ਮੈਨੂੰ ਕੁਝ ਨਾ ਕੁਝ ਤਾਂ ਜ਼ਰੂਰ ਲਿਖਣਾ ਚਾਹੀਦਾ! ਹੋਰ

ਨਹੀਂ ਤਾਂ ਮੁਆਫ਼ੀ ਜ਼ਰੂਰ ਮੰਗ ਲੈਣੀ ਚਾਹੀਦੀ ਏ। ਮੇਰੇ ਚੰਦ ਸ਼ਬਦਾਂ ਨਾਲ ਪਹਾੜ ਨਈਂ ਡਿੱਗਣ ਲੱਗਾ। ਨਾਲ਼ੇ ਮੈਂ ਕਿਹੜਾ ਦਰਬਾਰਾ ਸਿੰਘ ਨੂੰ ਪਹਿਲੀ ਵਾਰ ਖਤ ਲਿਖਣਾ!'

ਉਹਨੂੰ ਆਪਣਾ ਪਹਿਲਾ ਖ਼ਤ ਯਾਦ ਆਇਆ। ਜਦੋਂ ਜਸਵੀਰ ਉਸ ਖ਼ਤ ਨੂੰ ਲਿਖਣ ਬੈਠੀ ਸੀ ਤਾਂ ਚੁਫ਼ੇਰੇ ਲੱਖਾਂ ਅੱਖਾਂ ਉੱਗ ਆਈਆਂ ਸਨ। ਹਰਫ਼-ਬ-ਹਰਫ਼ ਉਹਦੇ ਦਿਲ ਦੀ ਧੜਕਣ ਤੇਜ਼ ਹੁੰਦੀ ਗਈ ਸੀ।

'ਕੈਸੇ ਦਿਨ ਸਨ ਉਹ!' ਉਹ ਅੰਦਰੋਂ-ਅੰਦਰੀਂ ਹੱਸ ਪਈ।

'ਜੇ ਡਾਕਟਰ ਸ਼ਰ੍ਹੇਆਮ ਮਾਲਤੀ ਨੂੰ ਮਿਲ ਸਕਦਾ ਤਾਂ ਮੈਂ ਦਰਬਾਰਾ ਸਿੰਘ ਲਈ ਚੰਦ ਸ਼ਬਦ ਵੀ ਨਈਂ ਲਿਖ ਸਕਦੀ? ਲਿਖਾਂਗੀ। ਇਕ ਖਤ ਤਾਂ ਜ਼ਰੂਰ ਲਿਖਾਂਗੀ! ਆਖ਼ਰੀ ਖਤ...!'

ਉਹਨੇ ਅੱਖਾਂ ਮੀਟ ਲਈਆਂ ਤੇ ਖ਼ਿਆਲਾਂ 'ਚ ਸੰਭਾਵੀ ਖ਼ਤ ਦੀ ਇਬਾਰਤ ਉਕਰਨ ਲੱਗੀ।

'ਮੇਰੇ। ਨਹੀਂ, ਨਹੀਂ! ਮੇਰੇ ਨਹੀਂ! ਮੇਰੇ ਕਿਸ ਤਰ੍ਹਾਂ ਹੋਏ? ਸਤਿਕਾਰਯੋਗ ਦਰਬਾਰਾ ਸਿੰਘ ਠੀਕ ਰਹੇਗਾ। ਸਤਿ ਸ੍ਰੀ ਅਕਾਲ! ਮੈਂ ਤੁਹਾਡੀ। ਨਹੀਂ..., ਨਹੀਂ..., ਤੁਹਾਡੀ ਨਹੀਂ! ਕਦੇ ਦੋ ਚਾਰ ਵਾਰ ਇਉਂ ਵੀ ਲਿਖਿਆ ਹੋਏਗਾ। ਉਹ ਵਕਤ ਹੋਰ ਸੀ। ਉਮਰ ਹੋਰ ਸੀ। ਰਿਸ਼ਤਾ ਹੋਰ ਸੀ। ਹੁਣ ਤਾਂ ਸਿੱਧਾ-ਸਿੱਧਾ ਤੇ ਸਾਫ਼-ਸਾਫ਼ ਲਿਖਾਂਗੀ ਕਿ ਮੈਂ ਸਾਧੋਵਾਲ ਵਾਲੀ ਜੱਸੀ ਆਂ। ਪਰ ਉਹ ਜੱਸੀ ਹੁਣ ਕਿੱਥੇ? ਉਸ ਜੱਸੀ ਨੂੰ ਤਾਂ ਵਕਤ ਨੇ ਕਦੋਂ ਦਾ ਕੁੰਜ ਵਾਂਗ ਏਸ ਦੇਹ ਤੋਂ ਲਾਹ ਸੁੱਟਿਆ ਏ। ਕਦੋਂ ਦਾ!' ਇਹ ਸੋਚਦਿਆਂ ਉਹ **ਸ਼ਰਮਾਈ**।

ਮੰਚ ਦੇ ਅਹੁਦੇਦਾਰਾਂ ਨੇ ਵਿਦਿਆਰਥਣਾਂ ਨੂੰ ਫ਼ਰੂਟ ਵੰਡਣਾ ਸ਼ੁਰੂ ਕੀਤਾ ਤਾਂ ਬੱਸ ਸ਼ੋਰ ਨਾਲ ਭਰ ਗਈ। ਜਸਵੀਰ ਦੀਆਂ ਸੋਚਾਂ ਦੀ ਲੜੀ ਵੀ ਟੁੱਟ ਗਈ।

'ਹਾਂ, ਇਉਂ ਠੀਕ ਰਹੇਗਾ ...' ਕੁਝ ਪਲ ਉਖੜਨ ਤੋਂ ਬਾਅਦ ਉਹਦੀ ਸੋਚ ਫਿਰ ਤੋਂ ਬੀਤੇ ਨਾਲ ਜਾ ਜੁੜੀ।

'...ਮੈਂ ਜਸਵੀਰ ਹਾਂ।...' ਉਹਨੇ ਖ਼ਤ ਲਿਖਣਾ ਸ਼ੁਰੂ ਕੀਤਾ।

'...ਜਸਵੀਰ ਕੌਰ ਬੱਧਣ! ਮਿਸਿਜ਼ ਬੱਧਣ। ਸੀ.ਐੱਮ.ਓ. ਡਾ. ਸ਼ਲਿੰਦਰ ਕੁਮਾਰ ਬੱਧਣ ਦੀ ਪਤਨੀ। ਮੈਂ ਕਦੇ ਤੁਹਾਡੇ ਬਾਰੇ ਸੋਚਦੀ ਜ਼ਰੂਰ ਰਹੀ ਆਂ! ਨਹੀਂ..ਨਹੀਂ! ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਲਿਖਣੀ! ਹੁਣ ਦੋ ਮੁਟਿਆਰ ਧੀਆਂ ਦੀ ਮਾਂ ਆਂ ਮੈਂ। ਤੁਹਾਨੂੰ ਵਰ੍ਹਿਆਂ ਬਾਅਦ ਦੇਖਿਆ। ਬਹੁਤ ਚੰਗਾ ਲੱਗਿਆ। ਨਹੀਂ, ਨਹੀਂ, ਨਹੀਂ! ਇਹ ਬਿਲਕੁਲ ਨਹੀਂ ਲਿਖਣਾ। ਇਹ ਤਾਂ ਬੜੀ ਰੋਮੈਂਟਿਕ ਜਿਹੀ ਗੱਲ ਏ। ਹੁਣ ਤਾਂ ਇਸ ਤਰ੍ਹਾਂ ਸੋਚਦਿਆਂ ਵੀ ਸ਼ਰਮ ਆਉਂਦੀ ਏ। ਹਾਂ, ਇਉਂ ਠੀਕ ਰਹੇਗਾ। ਕੇਡੀ ਇਤਫ਼ਾਕ ਦੀ ਗੱਲ ਹੈ ਕਿ ਤੁਸੀਂ ਮੈਨੂੰ ਪੂਰੇ ਤੇਈ ਵਰ੍ਹਿਆਂ ਬਾਅਦ ਦਿਖਾਈ ਦਿੱਤੇ। ਜਦੋਂ ਤੁਸੀਂ ਪਹਿਲੀ ਵਾਰ ਮਿਲੇ ਸੀ, ਉਦੋਂ ਤੁਹਾਡੀ ਉਮਰ ਤੇਈ ਸਾਲ ਹੀ ਸੀ। ਇਕ ਇਤਫ਼ਾਕ ਹੋਰ ਵੀ ਹੈ। ਤੁਸੀਂ ਭੁੱਲ ਗਏ ਹੋਵੋਂ ਸ਼ਾਇਦ। ਉਹ ਵੀ ਦਸੰਬਰ ਦਾ ਆਖ਼ਰੀ ਹਫ਼ਤਾ ਸੀ। ਤਰੀਕ? ਤਰੀਕ ਵੀ ਸ਼ਾਇਦ ਅੱਜ ਵਾਲ਼ੀ ਹੀ ਹੋਵੇ!'

"ਆਹ ਲਓ, ਤੁਸੀਂ ਵੀ ਖਾਓ!..." ਜਸਵੀਰ ਨੂੰ ਕਿੰਨੂ ਤੇ ਸੇਬ ਫੜਾਉਂਦਿਆਂ ਮੈਡਮ ਕਿਰਨ ਬੋਲੀ।

"...ਤੁਹਾਨੂੰ ਸੁੱਤਿਆਂ ਵੇਖ, ਮੈਨੂੰ ਫੜਾ ਗਏ ਸੀ! ਵੇਖੋ, ਕਿੰਨਾ ਖਰਚ ਕਰ ਰਹੇ ਨੇ!" ਜਸਵੀਰ ਨੇ ਮੁਸਕਾ ਕੇ ਸਹਿਮਤੀ ਪ੍ਰਗਟਾਈ ਤੇ ਅੱਖਾਂ ਮੀਟਦਿਆਂ ਅਧੂਰਾ ਖ਼ਤ ਲਿਖਣ ਲੱਗੀ।

'ਤੁਹਾਨੂੰ ਵੇਖਦਿਆਂ ਮੈਨੂੰ ਅੱਜ ਕਈ ਵਰ੍ਹੇ ਪਹਿਲਾਂ ਕੀਤੀ ਭੁੱਲ ਦਾ ਅਹਿਸਾਸ ਹੋਇਆ ਏ। ਬੜਾ ਪਛਤਾ ਰਹੀ ਆਂ ਮੈਂ। ਅੱਜ ਮੈਂ ਸੱਚੋ-ਸੱਚ ਲਿਖਣਾ ਚਾਹੁੰਦੀ ਹਾਂ ਜਾਂ ਇਉਂ ਸਮਝ ਲਓ ਕਿ ਆਪਣਾ ਗੁਨਾਹ ਕਬੂਲਣਾ ਚਾਹੁੰਦੀ ਹਾਂ। ਤੁਹਾਨੂੰ ਛੱਡਣ ਦਾ ਫੈਸਲਾ ਸਿਰਫ ਤੇ ਸਿਰਫ ਮੇਰਾ ਸੀ। ਤੁਹਾਨੂੰ ਤਾਂ ਸ਼ਾਇਦ ਏਹੋ ਦੱਸਿਆ ਗਿਆ ਹੋਵੇ ਕਿ ਮੇਰੇ ਪਾਪਾ ਜੀ ਨਹੀਂ ਮੰਨਦੇ। ਇਹ ਸਰਾਸਰ ਝੂਠ ਸੀ। ਉਹ ਵਿਚਾਰੇ ਤਾਂ ਮੈਨੂੰ ਕਈ ਦਿਨ ਮਨਾਉਂਦੇ ਰਹੇ ਸੀ। ਮੇਰੇ ਮਾਮਾ ਜੀ, ਜਿਹੜੇ ਸਾਡੇ

ਵਿਚੋਲੇ ਵੀ ਸਨ, ਤੁਹਾਨੂੰ ਯੂ.ਐੱਨ. ਵੱਲੋਂ ਮਿਲੇ ਲੱਖਾਂ ਰੁਪਈਆਂ ਦੀਆਂ ਗੱਲਾਂ ਦੱਸਦੇ ਰਹੇ ਸੀ। ਮਾਂ ਵੀ ਨਹੀਂ ਸੀ ਚਾਹੁੰਦੀ ਕਿ ਮੈਂ ਇਹ ਰਿਸ਼ਤਾ ਤੋੜਾਂ। ਉਹ ਵੀ ਕਈ ਦਿਨ ਤੁਹਾਡੀ ਪੈਨਸ਼ਨ ਤੇ ਤਨਖ਼ਾਹ ਦੀ ਦੂਹਰੀ ਕਮਾਈ ਦੇ ਵਾਸਤੇ ਪਾਉਂਦੀ ਰਹੀ ਸੀ। ਫਿਰ ਇਕ ਦਿਨ ਮੈਨੂੰ ਮਨਾਉਣ ਲਈ ਉਹ ਸਾਰੇ ਇੱਕਠੇ ਹੋਏ ਸਨ। ਕੋਈ ਵੀ ਤੁਹਾਨੂੰ ਛੱਡਣ ਲਈ ਤਿਆਰ ਨਹੀਂ ਸੀ। ਆਖ਼ਰ ਮੈਂ ਆਪਣਾ ਫੈਸਲਾ ਸੁਣਾ ਦਿੱਤਾ ਸੀ। ਮੇਰੇ ਬੋਲ ਸਨ-ਉਸ ਨਾਲ ਮੈਂ ਤੁਰਨਾ ਏ, ਤੁਸੀਂ ਨਈਂ। ਮੇਰੀ ਗੱਲ ਸੁਣ ਕੇ ਸਾਰਿਆਂ ਨੂੰ ਸੱਪ ਸੁੰਘ ਗਿਆ ਸੀ। ਉਹ ਸਾਰੇ ਤਾਂ ਉਦਾਸ ਹੋ ਗਏ ਸਨ ਪਰ ਇਸ ਫ਼ੈਸਲੇ ਨਾਲ ਮੇਰੇ ਦਿਲੋ-ਦਿਮਾਗ਼ 'ਤੋਂ ਮਣਾਂ-ਮੂੰਹੀਂ ਭਾਰ ਲੱਥ ਗਿਆ ਸੀ। ਕਈ ਦਿਨਾਂ ਬਾਅਦ ਸੁੱਖ ਦਾ ਸਾਹ ਲਿਆ ਸੀ ਮੈਂ।'

"ਛਿਲੜ ਲਿਫ਼ਾਫੇ 'ਚ ਪਾਓ ਨੀਂ ਕੁੜੀਓ!" ਮੈਡਮ ਕਿਰਨ ਦੀ ਹਿਦਾਇਤ ਨੇ ਜਸਵੀਰ ਦੀਆਂ ਸੋਚਾਂ ਦੀ ਲੜੀ ਫਿਰ ਤੋਂ ਤੋੜ ਦਿੱਤੀ ਪਰ ਇਸ ਵਾਰ ਉਹਨੇ ਅੱਖਾਂ ਨਹੀਂ ਸਨ ਖੋਹਲੀਆਂ।

'...ਜਦੋਂ ਡਾਕਟਰ ਬੱਧਣ ਨਾਲ਼ ਮੇਰਾ ਰਿਸ਼ਤਾ ਹੋਇਆ ਤਾਂ ਮੈਂ ਬਹੁਤ ਖ਼ੁਸ਼ ਹੋਈ। ਭਾਵੇਂ ਕਿ ਮੇਰੀ ਜ਼ਿੰਦਗੀ ਨੂੰ ਕਿਸੇ ਵੀ ਤਰ੍ਹਾਂ ਖ਼ੁਸ਼ਨੁਮਾ ਨਹੀਂ ਕਿਹਾ ਜਾ ਸਕਦਾ ਪਰ ਤੁਹਾਨੂੰ ਛੱਡਣਾ ਮੈਨੂੰ ਕਦੇ ਵੀ ਆਪਣੀ ਭੁੱਲ ਨਹੀਂ ਸੀ ਲੱਗਿਆ। ਜੇ ਸੱਚ ਕਹਾਂ ਤਾਂ ਮੈਂ ਕਦੇ ਮੁੜ ਤੁਹਾਡੇ ਬਾਰੇ ਬਹੁਤਾ ਸੋਚਿਆ ਹੀ ਨਹੀਂ। ਅੱਜ ਤੁਹਾਨੂੰ ਤੇ ਤੁਹਾਡੇ ਮਹਾਨ ਕਾਰਜ ਨੂੰ ਵੇਖਦਿਆਂ, ਮੈਂ ਖ਼ੁਦ ਨੂੰ ਗੁਨਾਹਗਾਰ ਜਿਹਾ ਮਹਿਸੂਸ ਕਰਨ ਲੱਗ ਪਈ ਹਾਂ। ਜਿਉਂ ਵਕਤ ਨੇ ਸ਼ੀਸ਼ਾ ਵਿਖਾਇਆ ਹੋਵੇ ਮੈਨੂੰ! ਆਪ-ਮੁਹਾਰੇ ਤੁਹਾਡੀ ਤੁਲਨਾ ਡਾਕਟਰ ਸਾਹਿਬ ਨਾਲ਼ ਹੋਈ ਜਾਂਦੀ ਏ। ਤੁਸੀਂ ਦੂਜਿਆਂ ਲਈ ਜਿਉਣ ਨੂੰ ਆਪਣਾ ਮਕਸਦ ਬਣਾ ਲਿਆ ਹੈ ਤੇ ਸਾਡੇ ਘਰ...!'

"ਤੁਸੀਂ ਸੌਂ ਗਏ ਮੈਡਮ?" ਕਿਰਨ ਨੇ ਉਹਨੂੰ ਮੋਢੇ ਤੋਂ ਹਲੂਣਿਆ ਤਾਂ ਉਹ ਤ੍ਰਭਕ ਉੱਠੀ।

"ਹਾਂ...ਨਈਂ..ਹਾਂ! ਅੱਖ ਲੱਗ ਗਈ ਸੀ!!" ਜਸਵੀਰ ਨੇ ਡਰੇ ਦਿਲ ਨਾਲ ਉੱਤਰ ਦਿੱਤਾ।

"ਤੁਸੀਂ ਦਰਬਾਰਾ ਸਿੰਘ ਬਾਰੇ ਪਹਿਲਾਂ ਵੀ ਕਦੇ ਸੁਣਿਆ?" ਮੈਡਮ ਕਿਰਨ ਨੇ ਸਵਾਲ ਕੀਤਾ।

"ਨਹੀਂ...ਸ਼ਾਇਦ!" ਮੈਡਮ ਜਸਵੀਰ ਬੌਂਦਲ਼ ਗਈ।

"ਕੁਝ ਦਿਨ ਹੋਏ ਟੀ.ਵੀ. 'ਤੇ ਇਨ੍ਹਾਂ ਦੀ ਇੰਟਰਵਿਊ ਆ ਰਹੀ ਸੀ!" ਕਿਰਨ ਨੇ ਸਹਿਵਨ ਗੱਲ ਸ਼ੁਰੂ ਕੀਤੀ। ਮੈਡਮ ਜਸਵੀਰ ਦੇ ਮਨ ਅੰਦਰ ਜਗਿਆਸਾ ਦੇ ਸੈਆਂ ਪਰਿੰਦੇ ਉੱਡਣ ਲੱਗੇ। ਉਹ ਦਰਬਾਰਾ ਸਿੰਘ ਵੱਲੋਂ ਦਿੱਤਾ ਹਰ ਜਵਾਬ ਸੁਣਨਾ ਚਾਹੁੰਦੀ ਸੀ। ਬਿੰਦ ਕੁ ਲਈ ਉਹਨੂੰ ਇਉਂ ਵੀ ਲੱਗਿਆ ਕਿ ਉਹ ਵਰ੍ਹਿਆਂ ਪੁਰਾਣੀ 'ਸਾਂਝ' ਸਾਰੀ ਦੁਨੀਆਂ 'ਚ ਨਸ਼ਰ ਹੋ ਚੁੱਕੀ ਏ। ਉਹਨੇ ਚੋਰ ਅੱਖ ਨਾਲ ਕਿਰਨ ਦੇ ਚਿਹਰੇ ਨੂੰ ਘੋਖਿਆ ਪਰ ਓਥੇ ਸ਼ੰਕਾ ਜਿਹਾ ਕੁਝ ਵੀ ਨਹੀਂ ਸੀ।

'ਇਹ ਤਾਂ ਤੇਈ ਵਰ੍ਹੇ ਪਹਿਲਾਂ ਦੀ ਕਹਾਣੀ ਏ। ਇਹ ਹੋਈਆਂ-ਬੀਤੀਆਂ ਤਾਂ ਕੱਲ੍ਹ ਤਕ ਮੈਂ ਖ਼ੁਦ ਵੀ ਭੁਲਾਈ ਬੈਠੀ ਸਾਂ। ਕਿਸੇ ਹੋਰ ਨੂੰ ਇਸ ਬਾਰੇ ਕੀ ਪਤਾ ਹੋ ਸਕਦਾ?' ਉਹਨੇ ਆਪਣੇ-ਆਪ ਨੂੰ ਹੌਸਲਾ ਦਿੱਤਾ।

"ਫਿਰ ਇੰਟਰਵਿਊ 'ਚ ਇਨ੍ਹਾਂ ਕੀ ਕਿਹਾ?" ਜਸਵੀਰ ਨੇ ਸਵਾਲ ਕੀਤਾ।

"ਆਪਣੇ ਮਿਸ਼ਨ ਬਾਰੇ ਦੱਸ ਰਹੇ ਸੀ ਕਿ ਇਹ ਰਸਤਾ ਕਿਉਂ ਚੁਣਿਆ!" ਕਿਰਨ ਦੇ ਸਹਿਜਤਾ-ਭਰੇ ਜਵਾਬ ਨੇ ਉਹਦਾ ਭਰਮ ਮੂਲੋਂ ਦੂਰ ਕਰ ਦਿੱਤਾ।

"ਕਿਉਂ ਚੁਣਿਆ?" ਜਸਵੀਰ ਨੇ ਸਿਰ ਝੁਕਾਉਂਦਿਆਂ ਪੁੱਛਿਆ।

"ਦੱਸ ਰਹੇ ਸਨ ਕਿ ਮੈਂ ਗ਼ਰੀਬੀ 'ਚ ਬਚਪਨ ਗੁਜ਼ਾਰਿਆ! ਜੇ ਸਵੇਰ ਦੀ ਰੋਟੀ ਮਿਲ ਜਾਣੀ ਤਾਂ ਰਾਤ ਦੀ ਨਾ ਮਿਲਣੀ। ਬਾਪੂ ਨਾਲ਼ ਦਿਹਾੜੀਆਂ 'ਤੇ ਜਾਣਾ ਪੈਂਦਾ। ਬੜੀ ਮੁਸ਼ਕਲ ਨਾਲ ਬੀ.ਏ. ਕੀਤੀ। ਨੌਕਰੀ ਮਿਲੀ ਤਾਂ ਜ਼ੋਖ਼ਮ ਉਠਾਉਂਦਿਆਂ ਮੌਤ ਨਾਲ ਦਸਤਪੰਜਾ ਲਿਆ। ਲੱਤਾਂ ਗੰਵਾਈਆਂ ਤਾਂ ਸਭ ਨੂੰ ਦਿਸਦੀਆਂ ਨੇ। ਪਰ ਕਿਸੇ ਨੂੰ ਕੀ ਪਤਾ ਕਿ ਮੈਂ ਇਸ ਹਾਦਸੇ ਨਾਲ਼ ਹੋਰ

ਬਹੁਤ ਕੁਝ ਗੰਵਾਇਆ ਏ। ਜਦੋਂ ਲੋਕ ਇਹ ਕਹਿਣ ਲੱਗ ਪਏ ਕਿ ਹੁਣ ਇਸ ਤੋਂ ਆਪਣੇ ਲਈ ਵੀ ਜੀਅ ਨਹੀਂ ਹੋਣਾ। ਉਦੋਂ ਮੈਂ ਸੋਚਿਆ ਕਿ ਇਸ ਗੱਲ ਦਾ ਜਵਾਬ ਬੋਲ ਕੇ ਨਹੀਂ ਕੁਝ ਕਰ ਕੇ ਦਿੱਤਾ ਜਾਵੇ। ਮੈਂ ਲੋਕਾਂ ਲਈ ਜੀਣ ਦਾ ਫ਼ੈਸਲਾ ਕਰ ਲਿਆ। ਅੰਤ ਵਿਚ ਇਨ੍ਹਾਂ ਬਹੁਤ ਸੋਹਣੀ ਗੱਲ ਕਹੀ। ਜ਼ਿੰਦਗੀ ਦਾ ਅਰਥ ਦੂਜਿਆਂ ਲਈ ਜਿਉਣਾ ਹੁੰਦਾ ਹੈ।" ਗੱਲ ਮੁਕਾਉਂਦਿਆਂ ਕਿਰਨ ਮੈਡਮ ਚੋਹਲ-ਮੋਹਲ ਕਰਦੀਆਂ ਕੁੜੀਆਂ ਵੱਲ ਵੇਖਣ ਲੱਗ ਪਈ।

'ਹੋਰ ਬਹੁਤ ਕੁਝ ਗੰਵਾਇਆ!' ਇਹ ਸ਼ਬਦ ਮੈਡਮ ਜਸਵੀਰ ਨੂੰ ਧੁਰ-ਅੰਦਰ ਤਕ ਵਲੂੰਧਰ ਗਏ।

'ਕੀ ਇਸ 'ਹੋਰ ਬਹੁਤ ਕੁਝ' 'ਚ ਮੈਂ ਵੀ ਸ਼ਾਮਿਲ ਹਾਂ?' ਉਹਨੇ ਖ਼ੁਦ ਨੂੰ ਸਵਾਲ ਕੀਤਾ।

'ਜਾਂ ਫਿਰ ਸਿਰਫ਼ ਤੇ ਸਿਰਫ਼ ਮੈਂ ਹੀ ਸ਼ਾਮਿਲ ਹਾਂ!' ਉਹਨੇ ਗੱਲ ਦਾ ਦੂਸਰਾ ਪੱਖ ਵੀ ਸੋਚਿਆ।

ਉਹਦਾ ਪਛਤਾਵਾ ਚਾਣਚੱਕ ਉੱਗ ਆਏ ਇਸ ਨਵੇਂ ਸੰਦੇਹ ਨਾਲ਼ ਜ਼ਰਬ ਖਾ ਗਿਆ। ਮਨ ਅੰਦਰਲੀ ਕੜਵਾਹਟ ਹੋਰ ਵਧ ਗਈ। ਇਸ ਕੈਫ਼ੀਅਤ ਤੋਂ ਪਾਰ ਜਾਣ ਲਈ ਉਹਨੂੰ ਫਿਰ ਤੋਂ ਖ਼ਤੋ-ਕਿਤਾਬਤ ਵਾਲਾ ਦੌਰ ਯਾਦ ਕਰਨਾ ਪਿਆ। ਉਹਨੇ ਮੁੜ ਤੋਂ ਅੱਖਾਂ ਮੀਟ ਲਈਆਂ ਤੇ ਦਰਬਾਰਾ ਸਿੰਘ ਦਾ ਜਵਾਬੀ ਖਤ ਪੜ੍ਹਨ ਲੱਗੀ।

'ਸਮਝ ਨਹੀਂ ਆ ਰਹੀ ਕਿ ਮੈਂ ਤੈਨੂੰ ਜੱਸੀ ਲਿਖਾਂ ਕਿ ਜਸਵੀਰ...!' ਇਹ ਦਰਬਾਰਾ ਸਿੰਘ ਦਾ ਪਹਿਲਾ ਖਤ ਸੀ। ਕਿੰਨਾ ਚਾਅ ਚੜ੍ਹਿਆ ਸੀ ਜਸਵੀਰ ਨੂੰ। ਸਭ ਤੋਂ ਅੱਖ ਬਚਾ ਕੇ ਛੱਤ 'ਤੇ ਜਾ ਚੜ੍ਹੀ ਸੀ। ਖੋਲ੍ਹਣ ਤੋਂ ਪਹਿਲਾਂ ਖ਼ਤ ਨੂੰ ਪੰਜ ਵਾਰ ਚੁੰਮਿਆਂ ਸੀ। ਇਕ-ਇਕ ਵਾਕ ਨਾਲ਼ ਖ਼ੁਸ਼ੀ ਦੇ ਕਈ-ਕਈ ਅੱਥਰੂ ਵਹੇ ਸਨ।

"...ਚਲੋ ਜੱਸੀ ਠੀਕ ਏ! ਮੇਰੀ ਪਿਆਰੀ ਜੱਸੀ, ਸਤਿ ਸ੍ਰੀ ਅਕਾਲ! ਪਹਿਲੀ ਗੱਲ ਤਾਂ ਤੇਰਾ ਧੰਨਵਾਦ! ਪਤਾ ਕਾਦ੍ਹੇ ਲਈ? ਇਸ ਲਈ ਕਿ ਏਡੀ ਸੋਹਣੀ ਤੇ ਪੜ੍ਹੀ ਲਿਖੀ ਕੁੜੀ ਨੇ ਮੇਰੇ ਵਰਗੇ ਅਣਘੜ ਤੇ ਰੁਲ਼ੇ ਜਿਹੇ ਗ਼ਰੀਬ ਬੰਦੇ ਨੂੰ ਕਬੂਲ ਕਰ ਲਿਆ। ਉਸ ਦਿਨ ਮੈਂ ਅੰਦਰੋਂ ਬੜਾ ਡਰਿਆ ਹੋਇਆ ਸਾਂ। ਤੂੰ ਬਹੁਤ ਸਿਆਣੀ ਕੁੜੀ ਏਂ। ਮੈਨੂੰ ਤੇਰੀਆਂ ਚੰਦ ਗੱਲਾਂ ਤੋਂ ਤੇਰੀ ਸਿਆਣਪ ਦਾ ਸਬੂਤ ਮਿਲ ਗਿਆ ਸੀ। ਬਾਕੀ ਸਾਲ ਕੁ ਲਈ ਸਾਡਾ ਵਿਆਹ ਲੇਟ ਹੋ ਜਾਣਾਂ! ਮੈਂ ਯੂ.ਐੱਨ.ਓ. ਪੀਸ ਮਿਸ਼ਨ 'ਚ ਵਰਲਡ-ਫੋਰਸ ਲਈ ਚੁਣਿਆ ਗਿਆ ਹਾਂ! ਪ੍ਰਾਪਤੀ ਤਾਂ ਵੱਡੀ ਹੈ ਪਰ ਤੈਥੋਂ ਦੂਰ ਜਾਂਦਿਆਂ ਥੋੜ੍ਹਾ ਉਦਾਸ ਹਾਂ! ਵਿਆਹ 'ਚ ਦੇਰੀ ਲਈ ਤੈਥੋਂ ਤੇ ਤੇਰੇ ਘਰਦਿਆਂ ਕੋਲੋਂ ਮੁਆਫ਼ੀ ਚਾਹੁੰਦਾ ਹਾਂ! ਮੈਂ ਸਖ਼ਤੀ ਨਾਲ ਇਕ ਗੱਲ ਹੋਰ ਕਹਿਣੀ ਹੈ। ਮੈਂ ਸਮਾਜਕ ਕੁਰੀਤੀਆਂ ਦੇ ਖ਼ਿਲਾਫ ਖੜ੍ਹਨ ਤੇ ਲੜਨ ਵਾਲਾ ਬੰਦਾ ਹਾਂ! ਦਾਜ ਤਾਂ ਮੈਂ ਸੁਪਨੇ ਵਿਚ ਵੀ ਕਬੂਲ ਨਹੀਂ ਕਰ ਸਕਦਾ। ਹੁਣ ਇਹ ਗੱਲ ਸਾਰਿਆਂ ਨੂੰ ਤੂੰ ਹੀ ਸਮਝਾਉਣੀ ਏ! ਮੈਂ ਟ੍ਰੇਨਿੰਗ ਲਈ ਅਗਲੇ ਮਹੀਨੇ ਜਰਮਨੀ ਜਾ ਰਿਹਾਂ। ਖਤਾਂ ਰਾਹੀਂ ਗੱਲਬਾਤ ਹੁੰਦੀ ਰਹੇਗੀ। ਚੰਗਾ ਫਿਰ ਮਿਲਾਂਗੇ! ਤੇਰਾ ਆਪਣਾ...ਦਰਬਾਰਾ ਸਿੰਘ।'

ਜਸਵੀਰ ਸੋਚਦੀ ਹੁੰਦੀ ਸੀ ਕਿ ਉਹ ਉਸ ਬੰਦੇ ਨਾਲ਼ ਵਿਆਹ ਕਰਵਾਏਗੀ ਜੋ ਸਿਰਫ਼ ਤੇ ਸਿਰਫ਼ ਉਹਨੂੰ ਅਹਿਮੀਅਤ ਦੇਵੇਗਾ। ਅਜਿਹਾ ਸ਼ਖ਼ਸ ਉਹਨੂੰ ਮਿਲ ਗਿਆ ਸੀ। ਉਸ ਖ਼ਤ ਨੇ ਜਿਉਂ ਜਸਵੀਰ ਨੂੰ ਖੰਭ ਲਗਾ ਦਿੱਤੇ ਹੋਣ। ਉਹ ਨੱਚਦੇ ਕਦਮਾਂ ਨਾਲ਼ ਪੌੜੀਆਂ ਉੱਤਰੀ ਸੀ।

'ਫਿਰ ਉਹ ਆਖ਼ਰੀ ਖ਼ਤ!' ਉਹਨੂੰ ਯਾਦ ਆਇਆ।

ਉਦੋਂ ਤਕ ਜਸਵੀਰ ਨੂੰ ਨੌਕਰੀ ਮਿਲ ਚੁੱਕੀ ਸੀ। ਉਹ ਖ਼ਤ ਸਕੂਲ ਵਾਲੇ ਸਿਰਨਾਵੇਂ 'ਤੇ ਆਇਆ ਸੀ। ਪੂਰੀ ਛੁੱਟੀ ਵੇਲੇ ਕਲਰਕ ਨੇ ਉਹ ਖ਼ਤ ਫੜਾਇਆ ਤਾਂ ਖ਼ਤ ਦੀ ਪਿੱਠ 'ਤੇ ਦਰਬਾਰਾ ਸਿੰਘ ਦਾ ਨਾਂ ਪੜ੍ਹ ਕੇ ਉਹ ਗ਼ੁੱਸੇ ਨਾਲ਼ ਕੰਬ ਉੱਠੀ ਸੀ।

'ਹਾਲੇ ਵੀ ਖਹਿੜਾ ਨਈਂ ਛੱਡਦਾ!' ਉਹਨੇ ਘਿਰਣਾ ਨਾਲ ਸੋਚਿਆ ਸੀ।

ਜਸਵੀਰ ਉਸ ਮਨਹੂਸ ਖ਼ਤ ਦੀ ਇਬਾਰਤ ਯਾਦ ਕਰਨ ਲੱਗੀ। ਉਹਦਾ ਧੌਲ਼ਿਆਂ ਨਾਲ ਭਰਿਆ ਸਿਰ ਵਾਰ-ਵਾਰ ਕੰਬਿਆ। ਅੱਖਾਂ ਪੂਰੇ ਜ਼ੋਰ ਨਾਲ ਮੀਟਦਿਆਂ ਉਹਨੇ ਆਪਣੇ ਦੰਦ ਕਰੀਚੇ ਪਰ ਉਹਨੂੰ ਬੜੀ ਮੁਸ਼ਕਲ ਨਾਲ ਉਸ ਖ਼ਤ ਵਿਚਲੇ ਸ਼ਬਦ ਯਾਦ ਆਏ। ਮਗਰ ਜਦੋਂ ਯਾਦ ਆਏ ਤਾਂ ਪੂਰੇ ਦਾ ਪੂਰਾ ਖ਼ਤ ਉਹਦੀਆਂ ਅੱਖਾਂ ਮੂਹਰੇ ਖੁਲ੍ਹ ਗਿਆ।

'ਮੈਂ ਸੋਚਦਾਂ ਹਾਂ ਕਿ ਕਿਤੇ ਤੁਹਾਡੇ ਕੋਲ਼ੋਂ ਓਹਲਾ ਨਾ ਰੱਖਿਆ ਗਿਆ ਹੋਵੇ। ਸਿੱਧੀ ਤੇ ਸਪਸ਼ਟ ਗੱਲ ਇਹ ਹੈ ਕਿ ਮੇਰੀਆਂ ਦੋਵੇਂ ਲੱਤਾਂ ਕੱਟੀਆਂ ਗਈਆਂ ਨੇ। ਸੋ ਮੇਰੀ ਹਕੀਕਤ ਤੁਹਾਡੇ ਸਾਮ੍ਹਣੇ ਹੈ। ਤੁਸੀਂ ਮਾਪਿਆਂ, ਰਿਸ਼ਤੇਦਾਰਾਂ ਜਾਂ ਮੈਨੂੰ ਨਹੀਂ, ਖ਼ੁਦ ਨੂੰ ਮੱਦੇ-ਨਜ਼ਰ ਰੱਖਦਿਆਂ ਫ਼ੈਸਲਾ ਕਰਨਾ ਏ। ਸਿੱਧੀ ਤੇ ਸਪਸ਼ਟ ਗੱਲ ਕਰਨੀ! ਜੇ ਤੁਹਾਡਾ ਫ਼ੈਸਲਾ 'ਨਾਂਹ' 'ਚ ਹੋਇਆ ਤਾਂ ਮੈਂ ਕਦੇ ਕਿਸੇ ਨਾਲ ਕੋਈ ਜ਼ਿਕਰ ਨਹੀਂ ਕਰਾਂਗਾ। ਸਾਰੀ ਗੱਲ ਆਪਣੇ ਸਿਰ ਲੈ ਲਵਾਂਗਾ। ਕਹਿ ਦੇਵਾਂਗਾ ਕਿ ਮੇਰਾ ਵਿਆਹ ਕਰਵਾਉਣ ਦਾ ਕੋਈ ਇਰਾਦਾ ਨਹੀਂ। ਤੁਹਾਡੇ ਉੱਪਰ ਕਦੇ ਕੋਈ ਗੱਲ ਨਹੀਂ ਆਏਗੀ। ਇਕ ਗੱਲ ਯਾਦ ਰੱਖਣਾ ਮੈਡਮ ਜਸਵੀਰ ਜੀ। ਜੇ 'ਹਾਂ' ਹੋਵੇ ਤਾਂ ਉਹ ਤੁਹਾਡੇ ਵੱਲੋਂ ਹੋਵੇ ਤੇ ਜੇ 'ਨਾਂਹ' ਹੋਵੇ ਤਾਂ ਉਹ ਵੀ ਤੁਸੀਂ ਕਰੋਂ, ਕੋਈ ਹੋਰ ਨਹੀਂ।'

ਮੈਡਮ ਜਸਵੀਰ ਨੇ ਲੰਮਾ ਹਉਕਾ ਭਰਿਆ।

'ਮੈਂ ਤਾਂ 'ਨਾਂਹ' ਨੂੰ ਵੀ ਡਰਾਮਾ ਜਿਹਾ ਬਣਾ ਲਿਆ ਸੀ। ਸਾਰਾ ਦੋਸ਼ ਵਿਚਾਰੇ ਪਾਪਾ ਜੀ ਸਿਰ ਮੜ੍ਹ ਦਿੱਤਾ ਸੀ!' ਜਸਵੀਰ ਨੂੰ ਆਪਣਾ ਬਾਪ ਯਾਦ ਆਇਆ।

ਬਹੁਤ ਸਾਊ ਤੇ ਮਿਹਨਤੀ ਸੀ ਉਹ। ਖੱਡੀ ਉੱਤੇ ਕੱਪੜਾ ਬੁਣ ਕੇ ਉਹਨੇ ਆਪਣੀਆਂ ਤਿੰਨੋਂ ਧੀਆਂ ਨੂੰ ਪੜ੍ਹਾਇਆ ਸੀ। ਜਸਵੀਰ ਵੱਡੀ ਸੀ। ਪਿੰਡ ਦੇ ਮਿਡਲ ਸਕੂਲ ਤੋਂ ਬਾਅਦ ਉਹ ਜਦੋਂ ਨੇੜਲੇ ਕਸਬੇ ਦੇ ਸੈਕੰਡਰੀ ਸਕੂਲ 'ਚ ਦਾਖ਼ਲ ਹੋਈ ਤਾਂ ਪੂਰੇ ਪਿੰਡ 'ਚ ਇਹਦੇ ਪਿਉ ਦੀ ਬੇਅਕਲੀ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਸਨ। ਉਨ੍ਹਾਂ ਲਈ ਕੋਈ ਅਨੋਖੀ ਤੇ ਅਨਹੋਣੀ ਜਿਹੀ ਘਟਨਾ ਸੀ ਇਹ।

"ਇਹ ਗੱਲ ਤਾਂ ਜਚਦੀ ਨਈਂ ਤੋਤੇ ਰਾਮਾ?" ਇਹ ਵਿਹੜੇ ਦੇ ਮੋਹਤਬਰ ਜੱਗੂ ਠੇਕੇਦਾਰ ਦੇ ਬੋਲ ਸਨ।

"ਮੈਂ ਕੁਝ ਸਮਝਿਆ ਨਈਂ ਠੇਕੇਦਾਰਾ?" ਜਸਵੀਰ ਦੇ ਬਾਪੂ ਨੇ ਭੋਲ਼ੇ-ਭਾਅ ਪੁੱਛਿਆ ਸੀ।

"ਸੁਣਿਆ, ਤੂੰ ਜੱਸੀ ਨੂੰ ਪੜ੍ਹਨ ਵਾਸਤੇ ਮੰਡੀ ਭੇਜਦਾਂ!" ਇਹ ਕਹਿੰਦਿਆਂ ਠੇਕੇਦਾਰ ਦੀ ਆਵਾਜ਼ ਥੋੜ੍ਹੀ ਕੁਰਖ਼ੱਤ ਹੋ ਗਈ ਸੀ।

"ਜਦੋਂ ਵਿਹੜੇ ਦੀਆਂ ਕੁੜੀਆਂ ਦੂਰ-ਦੂਰ ਤਕ ਆਲੂ ਪੁੱਟਣ ਜਾਂਦੀਆਂ, ਉਹ ਗੱਲ ਜਚਦੀ ਆ ਠੇਕੇਦਾਰਾ?" ਤੋਤਾ ਰਾਮ ਦੀ ਟੁਣਕਾ ਕੇ ਕਹੀ ਗੱਲ ਸੁਣਦਿਆਂ ਠੇਕੇਦਾਰ ਉੱਠ ਤੁਰਿਆ ਸੀ।

'ਕਿੰਨਾ ਮਾਣ ਸੀ ਬਾਪੂ ਨੂੰ ਮੇਰੇ ਉੱਪਰ! ਮੈਂ ਵੀ ਉਹਦਾ ਮਾਣ ਬਰਕਰਾਰ ਰੱਖਿਆ! ਉਹਦੀ ਪੱਗ 'ਤੇ ਕੋਈ ਦਾਗ਼ ਨਈਂ ਲੱਗਣ ਦਿੱਤਾ। ਬਾਪੂ ਦੇ ਇਹ ਬੋਲ ਹਮੇਸ਼ਾ ਚੁੰਨੀ ਦੇ ਲੜ ਬੰਨ੍ਹ ਲਏ- 'ਧੀਏ ਸਾਡੇ ਵਿਹੜਿਆਂ 'ਚ ਸਦੀਆਂ ਤੋਂ ਜੰਮਿਆਂ ਨਰਕ ਏਸ ਵਿੱਦਿਆ ਨੇ ਹੀ ਚੁੱਕਣਾ! ਸੰਭਲ਼ ਕੇ ਪੈਰ ਰੱਖੀਂ। ਕਦੇ ਨਿਸ਼ਾਨਾ ਨਾ ਵਿਸਾਰੀਂ। ਪੜ੍ਹਾਈ ਲਈ ਪਿੰਡੋਂ ਬਾਹਰ ਜਾਣ ਵਾਲੀ ਤੂੰ ਵਿਹੜੇ ਦੀ ਪਹਿਲੀ ਕੁੜੀ ਏਂ! ਤੂੰ ਸਫ਼ਲ ਹੋਈ ਤਾਂ ਤੇਰੀਆਂ ਪੈੜਾਂ ਨੇ ਪਗਡੰਡੀਆਂ ਬਣ ਜਾਣਾ। ਪਰ ਜੇ ਤੇਰੇ ਪੈਰ ਉੱਖੜੇ ਤਾਂ ਵਿਹੜੇ ਵਾਲ਼ਿਆਂ ਨੇ ਪੜ੍ਹਨ ਵਾਸਤੇ ਮੁੜ ਕੋਈ ਕੁੜੀ ਮੰਡੀ ਨਈਂ ਭੇਜਣੀ। ਤੇਰੀ ਜ਼ਿੰਮੇਵਾਰੀ ਬਹੁਤ ਵੱਡੀ ਏ ਧੀਏ!' ਮੈਂ ਬਾਪੂ ਦੇ ਬੋਲਾਂ 'ਤੇ ਪਹਿਰਾ ਦਿੱਤਾ। ਸਿਰ ਸੁੱਟ ਕੇ ਪੜ੍ਹਾਈ ਕੀਤੀ। ਜਿਸ ਦਿਨ ਮੈਨੂੰ ਸਾਇੰਸ ਮਿਸਟ੍ਰੈਸ ਦੇ ਆਰਡਰ ਮਿਲੇ ਤਾਂ ਉਸ ਦਿਨ ਬਾਪੂ ਨੇ ਪੂਰੇ ਵਿਹੜੇ 'ਚ ਲੱਡੂ ਵੰਡੇ ਸਨ। ਠੇਕੇਦਾਰ ਲਈ ਮੇਰੇ ਹੱਥ ਵੱਖਰਾ ਡੱਬਾ ਭੇਜਿਆ ਸੀ। ਵਧਾਈ ਦਿੰਦਿਆਂ ਠੇਕੇਦਾਰ ਦੀ ਜ਼ੁਬਾਨ ਥਥਲਾ ਗਈ ਸੀ। ਸਭ ਕੁਝ ਤਾਂ ਠੀਕ-ਠਾਕ ਚੱਲ ਰਿਹਾ ਸੀ। ਰਿਸ਼ਤਾ ਵੀ ਵਧੀਆ ਮਿਲ ਗਿਆ ਸੀ ਪਰ! ਉਸ ਇਕ ਹਾਦਸੇ ਨੇ!'

ਜਸਵੀਰ ਦਾ ਬਾਪੂ ਉਹਨੂੰ ਕਈ ਦਿਨ ਦਿਲਾਸੇ ਦਿੰਦਾ ਰਿਹਾ ਸੀ। ਜਦੋਂ ਉਹਨੇ ਰਿਸ਼ਤਾ ਤੋੜਨ ਦੀ ਗੱਲ ਕੀਤੀ ਤਾਂ ਬਾਪੂ ਵਿਲਕ ਉੱਠਿਆ ਸੀ, "ਜੇ ਵਿਆਹ ਤੋਂ ਦੂਜੇ ਦਿਨ ਆਹ ਭਾਣਾ ਵਾਪਰ ਜਾਂਦਾ ਫਿਰ ਵੀ ਤਾਂ ਬਰਦਾਸ਼ਤ ਕਰਨਾ ਈ ਪੈਣਾ ਸੀ। ਇਉਂ ਨਾ ਕਰ ਮੇਰੀ ਧੀ-ਰਾਣੀ। ਡਾਢਾ ਨੇਕ ਮੁੰਡਾ ਏ ਦਰਬਾਰਾ ਸੂੰ। ਮੁੜ ਉਦ੍ਹੇ ਅਰਗਾ ਸ਼ੁੱਧ ਸੋਨਾ ਸਾਨੂੰ ਕਿੱਥੋਂ ਲੱਭ ਜਾਣਾ, ਬੈਠੇ-ਬਿਠਾਇਆਂ ਨੂੰ। ਰੱਬ ਨੇ ਤਾਂ ਉਹਦੇ ਉੱਤੇ ਪਹਿਲਾਂ ਹੀ ਬਹੁਤ ਕਹਿਰ ਢਾਹਿਆ ਏ। ਹੁਣ ਰੱਬ ਦੇ ਬੰਦੇ ਹੀ ਕੁਝ ਰਹਿਮ ਕਰਨ। ਉਹ ਤਾਂ ਅੱਗੇ ਹਾਰਿਆ ਪਿਆ। ਅਸੀਂ ਮੁੱਖ ਮੋੜਿਆ ਤਾਂ ਜਮ੍ਹਾਂ ਟੁੱਟ ਕੇ ਡਿੱਗ ਜਾਊਗਾ!" ਇਹ ਆਖ ਉਹ ਚਿੱਟੀ ਪੱਗ ਦੇ ਲੜ ਨਾਲ਼ ਅੱਖਾਂ ਪੂੰਝਣ ਲੱਗ ਪਿਆ ਸੀ।

ਉਸ ਹਾਦਸੇ ਤੋਂ ਬਾਅਦ ਉਹ ਕਈ ਦਿਨ ਪੜ੍ਹਾਉਣ ਨਹੀਂ ਸੀ ਗਈ। ਸਾਰਾ ਦਿਨ ਉਦਾਸ ਬੈਠੀ ਰਹਿੰਦੀ ਸੀ। ਜਦੋਂ ਦੁੱਖ ਸਬਰ ਦੀ ਹੱਦ ਟੱਪ ਜਾਂਦਾ ਤਾਂ ਰੋ ਲੈਂਦੀ ਸੀ। ਉਹਦੀ ਮਾਂ ਉਹਦਾ ਸਿਰ ਪਲੋਸਦੀ ਉਹਨੂੰ ਦਿਲਾਸੇ ਦਿੰਦੀ ਰਹਿੰਦੀ ਸੀ।

"ਮੈਂ ਆਪਣੀ ਸੋਨੇ ਅਰਗੀ ਧੀ ਨਈਂ ਤੋਰਨੀ ਓਸ ਲੂਲ੍ਹੇ-ਲੰਗੜੇ ਨਾਲ਼!" ਆਖ਼ਰ ਇਕ ਦਿਨ ਉਹਦੀ ਮਾਂ ਨੇ ਉੱਚੀ ਆਵਾਜ਼ 'ਚ ਇਹ ਘੋਸ਼ਣਾ ਕਰ ਦਿੱਤੀ ਸੀ।

ਖੱਡੀ 'ਤੇ ਬੈਠੇ ਤੋਤਾ ਰਾਮ ਦੇ ਹੱਥ ਥਾਏਂ ਰੁਕ ਗਏ ਸਨ। ਉਹ ਕੁਝ ਵੀ ਨਹੀਂ ਸੀ ਬੋਲਿਆ। ਉਹਦੀ ਉਦਾਸੀ ਦਾ ਰੰਗ ਥੋੜ੍ਹਾ ਹੋਰ ਗੂੜ੍ਹਾ ਹੋ ਗਿਆ ਸੀ।

ਉਸ ਰਾਤ ਜਸਵੀਰ ਨੂੰ ਉਹਦੇ ਬਾਪ ਨੇ ਇਕ ਕਹਾਣੀ ਸੁਣਾਈ ਸੀ।

'ਉੱਨੀਂ ਸੌ ਪੈਂਹਠ ਦੀ ਲੜਾਈ 'ਚ ਇਸ ਪਿੰਡ ਦੇ ਹੋਣ ਵਾਲੇ ਜਵਾਈ ਦੀ ਲੱਤ ਕੱਟੀ ਗਈ ਸੀ। ਕਈ ਮਹੀਨਿਆਂ ਬਾਅਦ ਮੁੰਡਾ ਹਸਪਤਾਲੋਂ ਘਰ ਆ ਗਿਆ ਪਰ ਵਿਆਹ ਲਈ ਨਹੀਂ ਸੀ ਮੰਨ ਰਿਹਾ। ਧੀ ਵਾਲਿਆਂ ਕਈ ਵਾਰ ਵਿਚੋਲੇ ਨੂੰ ਭੇਜਿਆ ਤੇ ਉਹ ਹਰ ਵਾਰ ਇਕੋ ਗੱਲ ਆਖਦਾ-ਮੈਂ ਅਪਾਹਜ ਬੰਦਾ! ਕੀ ਕਮਾਊਂਗਾ ਤੇ ਲੜ ਲੱਗੀ ਨੂੰ ਕੀ ਖਿਲਾਊਂਗਾ? ਮੈਥੋਂ ਤਾਂ ਆਪਣਾ ਬੋਝ ਨਹੀਂ ਚੁੱਕਿਆ ਜਾਣਾ। ਆਖ਼ਰ ਕੁੜੀ ਦਾ ਪਿਉ ਖੁਦ ਉਹਦੇ ਘਰ ਗਿਆ। ਉਹਨੇ ਆਖਿਆ-ਸੁਣ ਓਏ ਜਵਾਨਾ, ਰਿਸ਼ਤਾ ਤੋੜਨ ਲਈ ਸਾਡੀ ਕੁੜੀ ਨਈਂ ਮੰਨਦੀ। ਜੇ ਤੂੰ ਸਿਰ ਫੇਰ ਦਿੱਤਾ ਤਾਂ ਉਹ ਸਾਰੀ ਉਮਰ ਸਾਡੇ ਬੂਹੇ 'ਤੇ ਬੈਠੀ ਰਹੂਗੀ। ਇਹ ਗੱਲ ਨਹੀਂ ਕਬੂਲ ਸਾਨੂੰ। ਕੰਨ ਖੋਲ੍ਹ ਕੇ ਮੇਰੀ ਗੱਲ ਰਤਾ ਧਿਆਨ ਨਾਲ ਸੁਣ! ਜਿਹੜੇ ਪੰਜ-ਸੱਤ ਬੰਦੇ ਲੈ ਕੇ ਤੂੰ ਆਉਣਾ ਚਾਹੁੰਦਾਂ, ਉਹ ਲੈ ਕੇ ਆਉਂਦੇ ਐਤਵਾਰ ਨੂੰ ਵਕਤ ਸਿਰ ਸਾਡੇ ਪਿੰਡ ਪਹੁੰਚ ਜਾਈਂ। ਇਕ ਗੱਲ ਯਾਦ ਰੱਖੀਂ। ਜੇ ਤੂੰ ਐਤਵਾਰ ਨੂੰ ਨਾ ਆਇਆਂ ਤਾਂ ਸੋਮਵਾਰ ਨੂੰ ਮੈਂ ਆਵਾਂਗਾ। ਅਗਰ ਮੈਂ ਆਇਆਂ ਤਾਂ ਤੇਰੀ ਦੂਸਰੀ ਲੱਤ ਵੀ ਵੱਢ ਕੇ ਜਾਊਂਗਾਂ। ਲਓ ਜੀ, ਅਗਲੇ ਐਤਵਾਰ ਨੂੰ ਉਹ ਮੁੰਡਾ ਆਪਣੇ ਪਿਉ, ਚਾਚੇ ਤੇ ਪਿੰਡ ਦੇ ਲੰਬੜਦਾਰ ਨੂੰ ਨਾਲ ਲੈ ਕੇ ਬੱਸ 'ਤੇ ਚੜ੍ਹਿਆ ਤੇ ਸਰਾਂ ਵਾਲ਼ੇ ਅੱਡੇ 'ਤੇ ਪਹੁੰਚ ਗਿਆ। ਮੂਹਰੇ ਸਰਦਾਰ ਦੇ ਬੰਦੇ ਟਾਂਗਾ ਲੈ ਕੇ ਖੜ੍ਹੇ ਸਨ। ਸਦਕੇ ਜਾਈਏ, ਉਸ ਜਵਾਨ ਦੇ! ਉਹ ਟਾਂਗੇ 'ਤੇ ਨਾ ਚੜ੍ਹਿਆ। ਪੈਦਲ ਪਿੰਡ ਤਕ ਪਹੁੰਚਿਆ। ਲਾਵਾਂ ਹੋਈਆਂ। ਫਿਰ ਉਹ ਗੁਰਦੁਆਰੇ ਇਹ ਸ਼ੁਕਰਾਨਾ ਕਰਨ ਗਏ ਕਿ ਜੰਗ 'ਚ ਉਨ੍ਹਾਂ ਦੇ ਜਵਾਈ ਦੀ ਜਾਨ ਬਚ ਗਈ ਸੀ। ਬੜਾ ਸੋਹਣਾ ਵਸਦੇ ਨੇ ਉਹ। ਸੁੱਖ ਨਾਲ ਨਿਆਣਿਆਂ ਵਾਲੇ ਨੇ।'

ਕਹਾਣੀ ਮੁਕਾ ਕੇ ਜਸਵੀਰ ਦੇ ਬਾਪ ਨੇ ਬੁੱਢੀਆਂ ਉਦਾਸ ਅੱਖਾਂ ਉਹਦੇ ਚਿਹਰੇ 'ਤੇ ਟਿਕਾ ਦਿੱਤੀਆਂ ਸਨ।

"ਉਹ ਕੁੜੀ ਤਾਂ ਅਨਪੜ੍ਹ ਹੋਵੇਗੀ ਬਾਪੂ! ਮੈਂ ਤਾਂ ਨੌਕਰੀ ਕਰਦੀ ਆਂ!" ਜਸਵੀਰ ਨੇ ਦੋ-ਟੁੱਕ ਜਵਾਬ ਦੇ ਦਿੱਤਾ ਸੀ।

ਉਹਦਾ ਬਾਪੂ ਨਿਰ-ਉੱਤਰ ਹੋ ਗਿਆ ਸੀ।

ਹੁਣ ਉਹ ਉਦਾਸ-ਚੁੱਪ 'ਚ ਡੁੱਬਿਆ ਰਹਿੰਦਾ ਸੀ। ਕਦੇ-ਕਦੇ ਉਹ ਆਪਣੇ-ਆਪ ਨਾਲ ਗੱਲਾਂ ਕਰਨ ਲੱਗ ਜਾਂਦਾ। ਕੁਝ ਕੁ ਮਹੀਨਿਆਂ 'ਚ ਉਹਦੇ ਸਾਰੇ ਵਾਲ਼ ਬੱਗੇ ਹੋ ਗਏ ਸਨ। ਚਿਹਰੇ

ਦੀਆਂ ਝੁਰੜੀਆਂ ਵੀ ਨਿਰੰਤਰ ਡੂੰਘੀਆਂ ਤੇ ਗੂੜ੍ਹੀਆਂ ਹੁੰਦੀਆਂ ਗਈਆਂ ਸਨ। ਲਾਠੀ ਵਾਂਗ ਤਣ ਕੇ ਤੁਰਨ ਵਾਲੇ ਤੋਤਾ ਰਾਮ ਦੀ ਕੰਗਰੋੜ ਕਮਾਨ ਵਰਗੀ ਹੋ ਗਈ ਸੀ।

'ਬਾਪੂ ਨੂੰ ਮੇਰੇ ਫ਼ੈਸਲੇ ਨੇ ਲੈ ਲਿਆ ਸੀ!' ਇਹ ਸੋਚਦਿਆਂ ਜਸਵੀਰ ਦੇ ਦਿਲ ਦਾ ਰੁੱਗ ਭਰਿਆ ਗਿਆ। ਅੰਦਰਲੀ ਕੰਬਾਹਟ ਤੋਂ ਬਚਣ ਲਈ ਉਹਨੇ ਅੱਖਾਂ ਖੋਹਲ ਲਈਆਂ। ਨਾਲ ਬੈਠੀ ਕਿਰਨ ਊਂਘ ਰਹੀ ਸੀ ਤੇ ਕੁੜੀਆਂ ਹੱਸ-ਹੱਸ ਗੱਲਾਂ ਕਰ ਰਹੀਆਂ ਸਨ।

'ਸਿੱਧੀ-ਸਿੱਧੀ ਤੇ ਸਪਸ਼ਟ ਗੱਲ!' ਦਰਬਾਰਾ ਸਿੰਘ ਦੇ ਆਖ਼ਰੀ ਖ਼ਤ ਦੇ ਸ਼ੁਰੂਆਤੀ ਸ਼ਬਦ ਮਲਕੜੇ ਜਿਹੇ ਉਹਦੀ ਯਾਦ'ਚੋਂ ਨਿਕਲ ਕੇ ਪੂਰੀ ਬੱਸ 'ਚ ਗੂੰਜਣ ਲੱਗੇ।

'ਕੁਝ ਵੀ ਸਪਸ਼ਟ ਨਹੀਂ ਇੱਥੇ! ਹਰ ਤਰਫ਼ ਧੁੰਦਲਕਾ ਹੀ ਧੁੰਦਲਕਾ ਹੈ!' ਉਹਨੇ ਘੜੀ ਵੱਲ ਵੇਖਦਿਆਂ ਪਤੀ ਬਾਰੇ ਸੋਚਿਆ।

'ਉਹ ਹਸਪਤਾਲ 'ਚ ਪਹੁੰਚ ਗਿਆ ਹੋਣਾ ਤੇ...!' ਉਹਦੀ ਸੋਚ ਨਰਸ ਮਲਕਾ ਦੇਵੀ ਤਕ ਜਾ ਪਹੁੰਚੀ।

'ਪਤਾ ਨਈਂ ਉਹਨੇ ਸਾਡਾ ਖਹਿੜਾ ਕਦੋਂ ਛੱਡਣਾ!' ਉਹਦੀ ਦੇਹ ਗੁੱਸੇ 'ਚ ਕੰਬ ਉੱਠੀ।

'ਕੀ ਹਰ ਸ਼ੈਅ ਵਾਂਗ ਰਿਸ਼ਤਿਆਂ ਦੀ ਵੀ ਇਕ ਮਿਆਦ ਹੁੰਦੀ ਏ? ਕੀ ਮੁਹੱਬਤ ਨੇ ਵੀ ਆਪਣੀ ਅਉਧ ਹੰਢਾ ਕੇ ਮਰ-ਮੁੱਕ ਜਾਣਾ ਹੁੰਦਾ? ਕੀ ਹਰ ਪਤੀ ਕੁਝ ਦੇਰ ਬਾਅਦ ਪਤਨੀ ਤੋਂ ਉਕਤਾਉਣ ਲੱਗ ਜਾਂਦੈ? ਕੀ ਦਰਬਾਰਾ ਸਿੰਘ ਨੇ ਵੀ ਕੁਝ ਵਰ੍ਹਿਆਂ ਬਾਅਦ ਕਿਸੇ ਹੋਰ ਨੂੰ ਮੁਹੱਬਤ ਕਰਨ ਲੱਗ ਪੈਣਾ ਸੀ?'

ਉਹ ਜਾਣਦੀ ਸੀ ਕਿ ਇਨ੍ਹਾਂ ਸਵਾਲਾਂ ਦਾ ਹੁਣ ਕੋਈ ਮਤਲਬ ਨਹੀਂ ਸੀ ਰਹਿ ਗਿਆ। ਉਹ ਇਸ ਗੱਲ ਤੋਂ ਹੈਰਾਨ ਸੀ ਕਿ ਇਹ ਸੋਚਾਂ ਉਹਨੂੰ ਸਕੂਨ ਕਿਉਂ ਬਖ਼ਸ਼ ਰਹੀਆਂ ਨੇ।

'ਜ਼ਮਾਨੇ ਨੂੰ ਛੱਡੋ, ਦਰਬਾਰਾ ਸਿੰਘ 'ਤੇ ਤਾਂ ਯਕੀਨ ਕੀਤਾ ਜਾ ਸਕਦਾ ਸੀ। ਇਹਨੇ ਮੈਨੂੰ ਕਦੇ ਧੋਖਾ ਨਈਂ ਸੀ ਦੇਣਾ! ਮੈਂ ਇਹਨੂੰ ਪਹਿਲੇ ਦਿਨ ਹੀ ਪਛਾਣ ਲਿਆ ਸੀ। ਅੱਖ ਭਰ ਕੇ ਤਾਂ ਇਹਨੇ ਮੈਨੂੰ ਵੀ ਨਈਂ ਸੀ ਦੇਖਿਆ।' ਜਸਵੀਰ ਦਾ ਮਨ ਦਰਬਾਰਾ ਸਿੰਘ ਲਈ ਸਤਿਕਾਰ ਨਾਲ ਭਰ ਗਿਆ।

'...ਤੇ ਜਿਸ ਦਿਨ ਡਾਕਟਰ ਨਾਲ ਮੰਗਣੀ ਹੋਈ।' ਉਹਦੇ ਜ਼ਿਹਨ 'ਚ ਮੁੜ ਤੋਂ ਪਤੀ ਆਣ ਪ੍ਰਗਟ ਹੋਇਆ।

'ਤੋਬਾ! ਤੋਬਾ! ਤੋਬਾ! ਇਹ ਇਉਂ ਹਰਕਤਾਂ ਕਰਦਾ ਸੀ ਜਿਉਂ ਕੋਈ ਨਸ਼ਾ ਕੀਤਾ ਹੋਵੇ। ਮੇਰੀਆਂ ਛੋਟੀਆਂ ਭੈਣਾਂ ਨੂੰ ਆਪਣੇ ਸੱਜੇ ਖੱਬੇ ਬਿਠਾਉਂਦਿਆਂ, ਖੱਚਰੇ ਜਿਹੇ ਹਾਸੇ ਨਾਲ ਫੋਟੋਗਰਾਫਰ ਨੂੰ ਕਹਿਣ ਲੱਗਾ-ਖਿੱਚ ਬਈ ਸਾਲ਼ੀਆਂ ਨਾਲ ਮੇਰੀ ਵਧੀਆ ਜਿਹੀ ਫੋਟੋ! ਓਥੇ ਹਾਜ਼ਰ ਬਹੁਤੇ ਲੋਕ ਤਾਂ ਹਿੜ-ਹਿੜ ਕਰਨ ਲੱਗ ਪਏ ਸਨ ਪਰ ਮੈਨੂੰ ਤੇ ਮੇਰੇ ਬਾਪ ਨੂੰ ਉਹਦੀ ਇਹ ਹਰਕਤ ਬਹੁਤ ਚੁਭੀ ਸੀ।'

'ਪਰ...!' ਹੁਣ ਉਹਦੀ ਸੋਚ 'ਚ ਫਿਰ ਤੋਂ ਕੋਈ ਕੁੜੱਤਣ ਜਿਹੀ ਆਣ ਰਲ਼ੀ।

'...ਕਿਸੇ ਬਾਰੇ ਭਰੋਸੇ ਨਾਲ ਕੀ ਕਿਹਾ ਜਾ ਸਕਦਾ!' ਇਹ ਸੋਚਦਿਆਂ ਉਹਨੂੰ ਮਹਿਸੂਸ ਹੋਇਆ ਕਿ ਬੇਵਿਸ਼ਵਾਸੀ ਦਾ ਹਨੇਰਾ ਤਾਂ ਦੂਰ ਤਕ ਪੱਸਰਿਆ ਹੋਇਆ। ਦੂਰ ਤੇ ਹੋਰ ਦੂਰ ਤਕ...ਸੰਘਣਾ ਤੇ ਹੋਰ ਸੰਘਣਾ।

ਬੜੀ ਦੇਰ ਉਹ ਇਸੀ ਕੈਫ਼ੀਅਤ 'ਚ ਗੁਆਚੀ ਰਹੀ। ਫਿਰ ਕਿਤੇ ਦੂਰੋਂ, ਬਹੁਤ ਦੂਰੋਂ ਉਹਨੂੰ ਚਾਨਣ ਦੀ ਇਕ ਲਕੀਰ ਜਿਹੀ ਆਪਣੇ ਵੱਲ ਸਰਕਦੀ ਹੋਈ ਮਹਿਸੂਸ ਹੋਈ। ਉਹ 'ਲਕੀਰ' ਉਹਦੇ ਕੋਲ਼ ਤੇ ਹੋਰ ਕੋਲ਼ ਆਉਂਦੀ, ਨਿਰੰਤਰ ਫੈਲਦੀ ਗਈ! ਉਸ ਚਾਨਣ 'ਚੋਂ ਉਹਨੂੰ ਚੌੜੇ ਮੋਢਿਆ ਵਾਲਾ ਇਕ ਉੱਚਾ-ਲੰਮਾ ਆਦਮੀ, ਲੱਕੜ ਦੀਆਂ ਲੱਤਾਂ ਨਾਲ ਆਪਣੇ ਵੱਲ ਪੈਰ ਪੁੱਟਦਾ ਦਿਖਾਈ ਦਿੱਤਾ। ਉਹ ਕਦਮ-ਦਰ-ਕਦਮ ਨੇੜੇ ਤੇ ਹੋਰ ਨੇੜੇ ਹੁੰਦਾ ਗਿਆ! ਉਹੀ ਮੁਸਕਰਾਉਂਦਾ

ਕਣਕਵੰਨਾ ਗੋਲ਼ ਚਿਹਰਾ! ਉਵੇਂ ਜ਼ੰਦਗੀ ਨਾਲ ਨੱਕੋ-ਨੱਕ ਭਰਿਆ ਹੋਇਆ।

'ਕੇਡੀ ਮਾਣ ਵਾਲੀ ਗੱਲ ਹੈ ਕਿ ਮੈਂ ਦਰਬਾਰਾ ਸਿੰਘ ਵਰਗੇ ਸ਼ਖ਼ਸ ਨਾਲ ਬਾਵਸਤਾ ਰਹੀ ਹਾਂ!' ਇਸ ਖ਼ਿਆਲ ਨੇ ਮਨ-ਮਸਤਕ 'ਤੇ ਕਾਬਜ਼ ਸੰਸਿਆਂ ਦੇ ਝੁਰਮਟ ਨੂੰ ਛੰਡ ਦਿੱਤਾ ਤੇ ਉਹਦੇ ਉਦਾਸ ਚਿਹਰੇ 'ਤੇ ਜਲੌਅ ਜਿਹਾ ਫ਼ੈਲ ਗਿਆ।

"ਚੁੱਪ ਕਿਉਂ ਹੋ ਗਈਆਂ ਨੀਂ ਕੁੜੀਓ! ਕੋਈ ਗੀਤ ਈ ਗਾ ਲਓ, ਨੀਂ ਮਰ ਜਾਣੀਉਂ!" ਜਦੋਂ ਉਹ ਵਿਦਿਆਰਥਣਾਂ ਨੂੰ ਸੰਬੋਧਿਤ ਹੋਈ ਤਾਂ ਕਿਰਨ ਨੇ ਉਹਨੂੰ ਹੈਰਾਨੀ ਨਾਲ ਵੇਖਿਆ।

ਰੋਜ਼ ਗਾਰਡਨ ਮੂਹਰੇ ਬੱਸਾਂ ਰੁਕੀਆਂ ਤਾਂ ਵਿਦਿਆਰਥਣਾਂ ਨੂੰ ਕਤਾਰਾਂ 'ਚ ਖੜ੍ਹਾ ਕਰਵਾ ਕੇ ਦਰਬਾਰਾ ਸਿੰਘ ਵੱਲੋਂ ਕੁਝ ਜ਼ਰੂਰੀ ਹਿਦਾਇਤਾਂ ਦਿੱਤੀਆਂ ਗਈਆਂ। ਵਿਦਿਆਰਥਣਾਂ ਨਾਲ ਆਏ ਟੀਚਰ ਸਾਹਿਬਾਨ ਕਤਾਰਾਂ ਮੂਹਰੇ ਖੜ੍ਹ ਗਏ। ਜਸਵੀਰ ਕਿਰਨ ਦੇ ਪਿੱਛੇ ਖੜੋ ਗਈ। ਨਜ਼ਰਾਂ ਜ਼ਮੀਨ 'ਤੇ ਗੱਡੀ ਉਹਨੇ ਦਰਬਾਰਾ ਸਿੰਘ ਦੇ ਹਰ ਬੋਲ ਨੂੰ ਸ਼ਰਧਾ ਨਾਲ ਸੁਣਿਆ।

'ਪਿਆਰੇ ਵਿਦਿਆਰਥੀਓ! ਰੋਜ਼ ਗਾਰਡਨ ਵੇਖਣ ਲਈ ਤੁਹਾਨੂੰ ਸਿਰਫ ਡੇਢ ਘੰਟਾ ਦਿੱਤਾ ਜਾਂਦਾ ਏ। ਟੀਚਰ ਸਾਹਿਬਾਨ ਨੂੰ ਵੀ ਬੇਨਤੀ ਹੈ ਕਿ ਉਹ ਆਪੋ-ਆਪਣੇ ਸਕੂਲ ਦੀਆਂ ਵਿਦਿਆਰਥਣਾਂ ਦੇ ਨਾਲ਼ ਰਹਿਣ। ਤੁਸੀਂ ਸਾਰਿਆਂ ਨੇ..." ਦਰਬਾਰਾ ਸਿੰਘ ਨੇ ਇਕ ਨਜ਼ਰ ਗੁੱਟ 'ਤੇ ਬੱਧੀ ਘੜੀ ਵੱਲ ਵੇਖਿਆ।

"...ਠੀਕ ਸਾਢੇ ਦਸ ਵਜੇ ਬੱਸਾਂ 'ਚ ਆ ਕੇ ਬੈਠ ਜਾਣਾ ਏ! ਇਸ ਤੋਂ ਬਾਅਦ ਅਸੀਂ ਬਰੇਕ ਫਾਸਟ ਕਰ ਕੇ, ਹਾਈ ਕੋਰਟ ਪਹੁੰਚਣਾ ਏ।"

ਇਸ ਹਿਦਾਇਤ ਤੋਂ ਬਾਅਦ ਸਾਰੇ ਕਤਾਰਾਂ 'ਚ ਲੱਗ ਕੇ ਰੋਜ਼ ਗਾਰਡਨ ਦੇ ਗੇਟ ਵੱਲ ਤੁਰ ਪਏ।

ਕੁਝ ਕਦਮ ਪੁੱਟਣ ਤੋਂ ਬਾਅਦ ਜਸਵੀਰ ਨੇ ਮੂੰਹ ਘੁੰਮਾ ਕੇ ਵੇਖਿਆ।

ਦਰਬਾਰਾ ਸਿੰਘ ਕੱਲ-ਮੁਕੱਲਾ ਖੜ੍ਹਾ ਸੀ।

"ਮੈਡਮ ਤੁਸੀਂ ਚੱਲੋ, ਮੈਂ ਹੁਣੇ ਆਈ!" ਆਪਣੀ ਕੁਲੀਗ ਨੂੰ ਏਨਾ ਆਖ ਉਹ ਹੌਸਲਾ ਕਰ ਕੇ ਤੇਜ਼ ਕਦਮ ਤੁਰਦੀ ਦਰਬਾਰਾ ਸਿੰਘ ਦੇ ਬਰਾਬਰ ਆਣ ਖੜੋਤੀ।

"ਮੈਡਮ, ਤੁਸੀਂ ਨਈਂ ਗਏ ਬੱਚੀਆਂ ਨਾਲ!" ਉਹਨੂੰ ਕੋਲ਼ ਖੜੋਤੀ ਵੇਖ ਦਰਬਾਰਾ ਸਿੰਘ ਨੇ ਸਹਿਵਨ ਪੁੱਛਿਆ।

"ਉਨ੍ਹਾਂ ਨਾਲ ਦੂਜੇ ਮੈਡਮ ਹੈਗੇ ਨੇ! ਮੈਂ ..ਮੈਂ ...ਮੈਂ ਤਾਂ ਬਸ ਕੁਝ ਕਦਮ ਤੁਹਾਡੇ ਨਾਲ ਤੁਰਨਾ ਚਾਹੁੰਦੀ ਹਾਂ।" ਇਹ ਕਹਿੰਦਿਆਂ ਉਹਦੇ ਬੋਲ ਕੰਬ ਗਏ।

ਦਰਬਾਰਾ ਸਿੰਘ ਨੇ ਜਸਵੀਰ ਦੇ ਚਿਹਰੇ ਨੂੰ ਹੈਰਾਨੀ ਨਾਲ ਵੇਖਿਆ। ਉਹਦੀਆਂ ਭੂਰੀਆਂ ਅੱਖਾਂ ਚਮਕੀਆਂ ਤੇ ਛਿਣ ਕੁ ਬਾਅਦ ਬੁਝ ਗਈਆਂ। ਚਾਣਚੱਕ ਮੱਥੇ 'ਤੇ ਤਿਊੜੀ ਉੱਭਰੀ ਜੋ ਇਕ ਹਉਕੇ ਨਾਲ ਅਲੋਪ ਹੋ ਗਈ। ਆਖ਼ਰ ਉਹਦਾ ਕਣਕਵੰਨਾ ਗੋਲ਼ ਚਿਹਰਾ ਉਦਾਸ ਜਿਹੀ ਮੁਸਕਾਨ ਨੇ ਮੱਲ ਲਿਆ।

"ਆਓ! ਮੈਡਮ ਜੀ ਆਓ!!" ਦਰਬਾਰਾ ਸਿੰਘ ਕਦਮ ਪੁੱਟਦਿਆਂ ਬੋਲਿਆ।

ਉਹ ਹੌਲ਼ੀ-ਹੌਲ਼ੀ ਖਿੜੇ ਹੋਏ ਗੁਲਾਬਾਂ ਕੋਲ਼ ਦੀ ਗੁਜ਼ਰਨ ਲੱਗੇ।

ਦੋਹਾਂ 'ਚੋਂ ਕਿਸੇ ਨੇ ਕੋਈ ਗੱਲ ਨਾ ਕੀਤੀ।

ਮੈਡਮ ਜਸਵੀਰ ਨੇ ਮਹਿਸੂਸ ਕੀਤਾ ਕਿ ਉਹ ਜ਼ਿੰਦਗੀ 'ਚ ਪਹਿਲੀ ਵਾਰ ਕਿਸੇ ਪੂਰੇ ਆਦਮੀ ਨਾਲ ਤੁਰ ਰਹੀ ਏ। 000

***(ਪਿੰਡ ਸਿੰਗੜੀਵਾਲਾ, ਡਾਕਖਾਨਾ ਪਿੱਪਲ਼ਾਂਵਾਲਾ, ਜ਼ਿਲ੍ਹਾ ਹੁਸ਼ਿਆਰਪੁਰ-146 022***
***ਫ਼ੋਨ: +91-97818-43444)***

# ਪੱਕਾ ਟਿਕਾਣਾ: ਕਹਾਣੀ: ਗੁਰਸੇਵਕ ਸਿੰਘ ਪ੍ਰੀਤ

'ਜਗੀਰ ਸਿਆਂ, ਲੈ ਹੁਣ ਮੈਂ ਮਰਨ ਨੂੰ ਤਿਆਰ ਆਂ। ਰੱਬ ਭਾਵੇਂ ਹੁਣੇ ਸੱਦ ਲੈ, ਕੋਈ 'ਲਾਂਭਾ ਨੀਂ।' ਬਾਬਾ ਰਾਮ ਸਿੰਘ ਨੇ ਮੇਰੇ ਮੋਢੇ 'ਤੇ ਆਪਣਾ ਕੰਬਦਾ ਹੱਥ ਰੱਖ ਕੇ ਕਿਹਾ। ਮੈਂ ਹੈਰਾਨ ਹੋ ਗਿਆ। ਬਾਬਾ ਆਪਣੇ ਮਰਨ ਦੀ ਗੱਲ ਕਰ ਰਿਹਾ ਸੀ ਪਰ ਨਾ ਉਸਦੇ ਬੋਲ ਥਿੜਕ ਰਹੇ ਸੀ ਤੇ ਨਾ ਹੀ ਅੱਖਾਂ 'ਚ ਕੋਈ ਡਰ ਸੀ।

ਮੈਂ ਅਜੇ ਜਵਾਬ ਦੇਣ ਲਈ ਸ਼ਬਦ ਟੋਲ ਹੀ ਰਿਹਾ ਸੀ ਕਿ ਬਾਬਾ ਹੱਥ ਜੋੜਕੇ ਉਪਰ ਨੂੰ ਕਰਦੇ ਹੋਏ ਬੋਲਿਆ, 'ਲੈ ਬਈ ਮਾਰਾਜ ਸਾਲ ਭਰ 'ਚ ਦਾ ਟੈਮ ਦਿੱਤੈ ਤੈਨੂੰ, ਜਦ ਮਰਜ਼ੀ ਸੱਦ ਲੈ ਮੈਨੂੰ। ਆਈ ਐਮ ਰੈਡੀ।'

'ਬਾਬਾ ਜੀ ਗੱਲ ਸਮਝ ਨੀਂ ਆਈ, ਤੁਸੀਂ ਆਹ ਮਰਨ ਮਰਾਉਣ ਆਲੀਆਂ ਗੱਲਾਂ ਕਿਉਂ ਕਰਨ ਲੱਗਪੇ।' ਭਾਵੇਂ ਮੈਨੂੰ ਢੁਕਵਾਂ ਜਵਾਬ ਤਾਂ ਨਹੀਂ ਸੀ ਔੜਿਆ, ਇਸ ਲਈ ਮੈਂ ਮਹਿਜ਼ ਹੁੰਗਾਰਾ ਭਰਨ ਦੀ ਕੋਸ਼ਿਸ਼ ਕੀਤੀ।

'ਕੋਈ ਨਾ, ਤੂੰ ਆਈਂ ਮੇਰੇ ਕੋਲ ਕਿਸੇ ਦਿਨ, ਘਰੇ। ਤੈਨੂੰ ਮੈਂ ਦੱਸੂੰ ਸਾਰੀ ਗੱਲ। ਮੇਰੀ ਇੱਛਿਆ ਇਆ ਕਿ ਮੇਰੀ ਅੰਤਮ ਅਰਦਾਸ ਵੇਲੇ, ਇਹ ਜਨਮ ਤੁਮਾਰੇ ਲੇਖੇ, ਦਾ ਹੀ ਕੀਰਤਨ ਹੋਵੇ। ਬੜਾ ਸਹੀ ਸ਼ਬਦ ਇਆ।' ਕਹਿ ਕੇ ਵੱਡੀਆਂ ਮੁੱਛਾਂ 'ਚ ਹਲਕਾ ਜਿਹਾ ਮੁਸਕਰਾ ਕੇ ਕੰਬਦਾ-ਕੰਬਦਾ ਬਾਬਾ ਅਗਾਂਹ ਤੁਰ ਗਿਆ।

ਕਲੋਨੀ ਲਾਗਲੇ ਗੁਰਦੁਆਰੇ 'ਚ ਮਰਗ ਦਾ ਭੋਗ ਸੀ। ਰਾਗੀ ਬੜਾ ਵੈਰਾਗਮਈ ਕੀਰਤਨ ਕਰ ਰਹੇ ਸਨ। ਸ਼ਾਇਦ ਬਾਬਾ ਜੀ ਦੇ ਮਨ ਵੀ ਵੈਰਾਗ ਆ ਗਿਆ ਹੋਵੇ। ਤਾਂ ਹੀ ਮਰਨ ਦੀਆਂ ਗੱਲਾਂ ਕਰਦੇ ਨੇ। ਸੋਚਾਂ ਸੋਚਦਾ ਮੈਂ ਪਾਰਕ ਵੱਲ ਨੂੰ ਮੁੜ ਗਿਆ।

ਕਈ ਮਹੀਨੇ ਚੱਲੀ ਕਰੋਨਾ ਦੀ ਮਾਰੋ-ਮਾਰ ਕੁਝ ਘਟ ਗਈ ਸੀ। ਪਰ ਸਰਕਾਰ ਵੱਲੋਂ ਸਖ਼ਤੀ ਪੂਰੀ ਸੀ। ਬਜ਼ਾਰ ਦਿਨ ਵੇਲੇ ਹੀ ਖੁੱਲਦੇ। ਐਤਵਾਰ ਨੂੰ ਮੁਕੰਮਲ ਬੰਦ ਰਹਿੰਦੇ। ਸੀਮਤ ਗਿਣਤੀ ਅਤੇ ਨੇਮਾਂ ਦੀ ਪਾਲਣਾ ਹੇਠ ਵਿਆਹ-ਸ਼ਾਦੀ ਤੇ ਮਰਨੇ-ਜੰਮਣੇ ਹੋਣ ਲੱਗ ਪਏ ਸਨ। ਕਰੋਨਾ ਕਾਰਣ ਮਿਲੀ ਵਿਹਲ ਕਰਕੇ ਮੇਰੇ ਵਰਗੇ ਕੰਮ ਦੇ ਕੀੜਿਆਂ ਨੂੰ ਵੀ ਸੁਰਤ ਆ ਗਈ ਸੀ। ਨਹੀਂ ਤਾਂ ਅੱਖ ਖੁੱਲਦਿਆਂ ਹੀ ਦੁਕਾਨਦਾਰੀ ਸ਼ੁਰੂ ਹੋ ਜਾਂਦੀ ਤੇ ਸੌਣ ਵੇਲੇ ਤਕ ਚੱਲਦੀ ਰਹਿੰਦੀ। ਪਰ ਹੁਣ ਖੂਬ ਅਰਾਮ ਕਰੀਦਾ, ਤਾਸ਼ ਖੇਡੀਦੀ ਆ, ਟੀਵੀ ਵੇਖੀਦਾ ਤੇ ਸੈਰ ਕਰੀਦੀ ਆ। ਉਸ ਦਿਨ ਐਤਵਾਰ ਹੋਣ ਕਰਕੇ ਮੈਂ ਵੀ ਤਾਸ਼ ਖੇਡਣ ਲਈ ਪਾਰਕ ਵੱਲ ਜਾ ਰਿਹਾ ਸੀ ਕਿ ਬਾਬਾ ਰਾਮ ਸਿੰਘ ਆਪਣੇ ਮਰਨ ਦੀ ਗੱਲ ਆਪਣੇ ਮੂੰਹੋਂ ਕਰ ਕੇ ਹੋਰ ਈ ਬਾਜੀ ਚੱਲ ਗਿਆ।

ਸਾਡੀ ਕਲੋਨੀ ਸ਼ਹਿਰ ਤੋਂ ਜ਼ਰਾ ਕੁ ਪਾਸੇ ਹੈ। ਨਵੀਂ ਤੇ ਖੁੱਲੀ ਡੁੱਲ੍ਹੀ। ਬਾਹਲੀਆਂ ਕੋਠੀਆਂ ਪਿੰਡਾਂ ਵਾਲੇ ਜ਼ਿਮੀਦਾਰਾਂ ਦੀਆਂ ਹਨ ਜੋ ਆਪਣੇ ਪੁੱਤ-ਪੋਤਿਆਂ ਨੂੰ ਅੰਗਰੇਜ਼ੀ ਸਕੂਲਾਂ 'ਚ ਪੜ੍ਹਾਉਣ ਲਈ ਇਥੇ ਰਹਿਣ ਲੱਗੇ ਹਨ। ਕੁਝ ਨੌਕਰੀਪੇਸ਼ਾ ਵੀ ਹਨ। ਤੇ ਬਾਕੀ ਮੇਰੇ ਵਰਗੇ, ਫੈਕਟਰੀਆਂ, ਸ਼ੈਲਰਾਂ, ਆੜ੍ਹਤਾਂ ਤੇ ਦੁਕਾਨਾਂ ਵਾਲੇ। ਮੈਂ ਸ਼ਹਿਰ ਵਾਲਾ ਘਰ ਵੇਚ ਕੇ ਅਤੇ ਕਰਜ਼ਾ ਲੈ ਕੇ ਦੋ ਕੁ ਸਾਲ ਪਹਿਲਾਂ ਹੀ ਇਥੇ ਕੋਠੀ ਪਾਈ ਹੈ। ਚੰਗੀ-ਖਾਸੀ ਖੁੱਲ੍ਹੀ-ਡੁੱਲ੍ਹੀ। ਬਾਬਾ ਰਾਮ ਸਿੰਘ ਹੋਰੀਂ ਕਿਸੇ ਪਰਵਾਸੀ ਦੀ ਕੋਠੀ 'ਚ ਕਿਰਾਏ 'ਤੇ ਰਹਿੰਦੇ ਹਨ। ਕੱਲ੍ਹ ਤਕ ਬਾਬਾ ਮਰਨ ਦਾ ਨਾਂ ਨਹੀਂ ਸੀ ਲੈਂਦਾਤੇ ਹੁਣ ਮਰਨ ਨੂੰ ਕਾਹਲਾ ਹੋਇਆ ਫਿਰਦੈ, ਪਤਾ ਨਹੀਂ ਕਿਉਂ?

ਬਾਬਾ ਰਾਮ ਸਿੰਘ ਨਾਲ ਮੇਰਾ ਤੀਹ ਕੁ ਵਰ੍ਹਿਆਂ ਦਾ ਵਾਹ ਹੈ। ਮੈਂ ਉਦੋਂ 'ਠਾਰਾਂ-ਵੀਹ ਸਾਲਾਂ

ਦਾ ਹੋਵਾਂਗਾ ਜਦੋਂ ਬਾਬਾ ਰਾਮ ਸਿੰਘ ਦੀ ਕੱਪੜੇ ਦੀ ਹੱਟੀ 'ਤੇ ਥਾਨ ਲਪੇਟਣ ਲੱਗ ਪਿਆ ਸੀ। ਦਸ ਸਾਲ ਲਗਾਤਾਰ ਕੰਮ ਕੀਤਾ। ਭਲਾ ਵੇਲਾ ਸੀ। ਬਾਬਾ ਕੋਈ ਬਹੁਤੀ ਤਨਖਾਹ ਨਹੀਂ ਸੀ ਦਿੰਦਾ, ਪਰ ਖਵਾਉਣ ਪਿਆਉਣ ਨੂੰ ਖੁੱਲ੍ਹਾ ਸੀ। ਗੱਲਾਂ ਵੀ ਬਹੁਤ ਕਰਦਾ। ਲੁੱਚੀਆਂ-ਸੁੱਚੀਆਂ ਹਰ ਤਰ੍ਹਾਂ ਦੀਆਂ। ਮੈਨੂੰ ਸੁਖ ਜਿਹਾ ਪਿਆ ਹੋਇਆ ਸੀ। ਨਵੀਂ ਥਾਂ ਕੰਮ ਕਰਨ ਦੀ ਝਿਜਕ ਸੀ। ਜੇ ਕਦੇ ਮੈਂ ਮਨ ਬਣਾਉਂਦਾ ਤਾਂ ਬਾਬਾ ਕੋਈ ਨਾ ਕੋਈ ਕਹਾਣੀ ਪਾ ਕੇ ਮੈਨੂੰ ਰੋਕ ਲੈਂਦਾ। ਕਦੇ ਕਹਿੰਦਾ - ਮੈਂ ਤਾਂ ਕੰਮ ਛੱਡ ਦੇਣਾ ਤੂੰ ਹੀ ਸਾਂਭਣਾ। ਕਦੇ ਕਹਿੰਦਾ - ਮੈਂ ਤੈਨੂੰ ਆਪ ਕੰਮ ਕਰਾ ਕੇ ਦਊਂ। ਤੂੰ ਤਾਂ ਮੇਰੇ ਪੁੱਤਾਂ ਵਰਗਾ। ਪਰ ਕਰਨਾ ਕਰਾਉਣਾ ਉਹਨੇ ਕੁੱਝ ਨਹੀਂ ਸੀ, ਇਹ ਮੈਨੂੰ ਵੀ ਪਤਾ ਸੀ। ਉਹਦਾ ਤਾਂ ਆਪ ਮਸਾਂ ਡੰਗ ਸਰਦਾ ਸੀ। ਪਰ ਮੇਰੇ ਤੋਂ ਬਾਬੇ ਦੀ ਹੱਟੀ ਛੱਡ ਹੀ ਨਹੀਂ ਹੋਈ। ਅਖੀਰ ਮੇਰਾ ਵਿਆਹ ਵੀ ਉਸਦੀ ਹੱਟੀ 'ਤੇ ਕੰਮ ਕਰਦੇ ਦਾ ਹੀ ਹੋ ਗਿਆ। ਵਿਆਹ ਨੂੰ ਦੋ ਸਾਲ ਲੰਘਗੇ। ਘਰਵਾਲੀ ਵੀ ਭਗਤਣੀ ਸੀ, ਉਸਨੇ ਵੀ ਕਦੇ ਬਹੁਤੀ ਤਮਾਂ ਨਹੀਂ ਕੀਤੀ।

ਫੇਰ ਜਦੋਂ ਬੇਟੇ ਨੇ ਜਨਮ ਲਿਆ ਤਾਂ ਮੈਨੂੰ ਅਚਾਨਕ ਹੀ ਕਬੀਲਦਾਰੀ ਦਾ ਫਿਕਰ ਜਿਹਾ ਖੜ੍ਹਾ ਹੋ ਗਿਆ। ਮੈਂ ਬਿਨਾਂ ਬਾਬੇ ਨੂੰ ਦੱਸਿਆਂ-ਪੁੱਛਿਆਂ ਆਪਣਾ ਕੰਮ ਕਰ ਲਿਆ। ਉਦੋਂ ਬਾਬਾ ਮੇਰੇ ਨਾਲ ਬੜਾ ਲੜਿਆ। ਘਰ ਆ ਕੇ ਵੀ ਲੜਿਆ। ਦੁਕਾਨ 'ਤੇ ਆ ਵੀ ਲੜ ਕੇ ਗਿਆ। ਕਹਿੰਦਾ, 'ਤੂੰ ਮੈਨੂੰ ਦੱਸਿਆ ਨੀਂ ਹਟਣ ਲੱਗਿਆਂ। ਤੂੰ ਮੇਰਾ ਨਮਕ ਖਾ ਕੇ ਹਰਾਮ ਕੀਤਾ। ਤੂੰ ਮੇਰੇ ਰੁਜ਼ਗਾਰ 'ਚ ਲੱਤ ਮਾਰੀ ਆ। ਮਾਰਾਜ ਤੈਨੂੰ ਵੀ ਸੁਖੀ ਨੀਂ ਰਹਿਣ ਦਿੰਦਾ।' ਵਗੈਰਾ- ਵਗੈਰਾ।

ਪਰ ਮੈਂ ਜਵਾਬ ਨਹੀਂ ਦਿੱਤਾ। ਮੈਨੂੰ ਉਸਦੇ ਸੁਭਾਅ ਦਾ ਪਤਾ ਸੀ। ਮਿੰਟ 'ਚ ਮਰਨ ਮਰਾਉਣ 'ਤੇ ਆ ਜਾਂਦਾ ਤੇ ਮਿੰਟ 'ਚ ਵਰਾਉਣ 'ਤੇ। ਉਹੀ ਗੱਲ ਕੁਝ ਦਿਨਾਂ ਬਾਅਦ ਬਾਬਾ ਦੀ ਮੇਰੇ ਨਾਲ ਸੁਲ੍ਹਾ ਹੋ ਗਈ।

ਕਰਦੇ-ਕਰਦੇ ਮੈਂ ਕਿਰਾਏ ਦੀ ਦੁਕਾਨ ਤੋਂ ਮੁੱਲ ਦੀ ਦੁਕਾਨ ਬਣਾ ਲਈ। ਫੇਰ ਤਿੰਨ ਮੰਜ਼ਿਲਾ ਸ਼ੋਅ ਰੂਮ ਬਣਾ ਲਿਆ। ਦੁਨੀਆ ਭਰ ਦਾ ਕੱਪੜਾ ਪਾ ਲਿਆ। ਵਿਚੇ ਰੈਡੀਮੇਟ, ਵਿਚੇ ਰਜਾਈਆਂ-ਕੰਬਲ ਤੇ ਹੋਰ ਨਿੱਕ-ਸੁੱਕ। ਕੋਠੀ ਪਾ ਲਈ। ਕਾਰ ਲੈ ਲਈ। ਮੁੰਡਾ ਬਾਹਰ ਭੇਜ 'ਤਾ। ਕੁੜੀ ਡਾਕਟਰੀ ਕਰਨ ਲਾ 'ਤੀ। ਪਰ ਬਾਬਾ ਉਥੇ ਹੀ ਰਿਹਾ, ਜਿਹੋ ਜਿਹਾ ਪਿਛਲੇ ਪੰਜਾਹ ਸਾਲਾਂ ਦਾ ਸੀ। ਉਹੀ ਛੋਟੀ ਜਿਹੀ ਦੁਕਾਨ ਤੇ ਕਿਰਾਏ ਦਾ ਮਕਾਨ।

ਕਿਸੇ ਵੇਲੇ ਬਾਬੇ ਦਾ ਚੰਗਾ ਭਲਾ ਆਪਣਾ ਘਰ ਸੀ। ਪਰ ਵਿਆਹ ਤੋਂ ਕੁੱਝ ਸਮੇਂ ਬਾਅਦ ਹੀ ਬੇਬੇ ਨੇ ਘਰ ਵੇਚ ਕੇ ਕੋਠੀ ਲੈਣ ਦੀ ਜ਼ਿੱਦ ਫੜ ਲਈ। ਉਹ ਪਿੱਟ ਰਿਹਾ, ਆਪਣਾ ਘਰ ਆਪਣਾ ਹੀ ਹੁੰਦੈ, ਚੰਗਾ ਹੋਵੇ ਜਾਂ ਮਾੜਾ। ਪਰ ਨਹੀਂ ਬੇਬੇ ਤਾਂ ਆਪਣੇ ਸਟੇਟਸ 'ਤੇ ਅੜੀ ਬੈਠੀ ਸੀ। ਕਹਿੰਦੀ ਤੁਹਾਡੇ ਰਿਸ਼ਤੇਦਾਰਾਂ ਦੇ ਮਹਿਲਾਂ ਵਰਗੇ ਘਰ ਨੇ। ਜਹਾਜ਼ ਜਿੱਡੀਆਂ ਕਾਰਾਂ ਲਈ ਫਿਰਦੇ ਨੇ। ਜਦੋਂ ਮਿਲਣ ਆਉਂਦੇ ਨੇ ਬਸਤੀ ਦੀ ਗਲੀ ਵਿਚ ਕਾਰ ਨਹੀਂ ਵੜਦੀ। ਤੇ ਉਹਦੀ ਖਿਚ-ਖਿਚ ਹੋ ਜਾਂਦੀ ਆ। ਬਾਬੇ 'ਚ ਕੋਠੀ ਲੈਣ ਦੀ ਤਵੱਕੋਂ ਨਹੀਂ ਸੀ। ਅਖੀਰ ਬਾਬੇ ਨੇ ਮਕਾਨ ਵੇਚ ਕੇ ਕੋਠੀ ਗਹਿਣੇ ਲੈ ਲਈ। ਮਾਡਲ ਟਾਊਨ ਸੌ ਫੁਟੀ ਰੋਡ 'ਤੇ। ਇਸ ਤਰ੍ਹਾਂ ਕੁਝ ਹੀ ਵਰ੍ਹਿਆਂ 'ਚ ਗਹਿਣੇ ਦੀਆਂ ਕੋਠੀਆਂ ਸਾਰੇ ਗਹਿਣੇ ਖਾ ਗਈਆਂ। ਕੋਠੀਆਂ ਦੇ 'ਸਟੇਟਸ ਨੂੰ ਮੇਨਟੇਨ' ਰੱਖਦਿਆਂ ਪੈਸੇ ਖੁਰ ਗਏ। ਗਹਿਣਿਆਂ ਤੋਂ ਕਿਰਾਏ 'ਤੇ ਆ ਗਏ। ਫਿਰ ਤਾਂ ਚੱਲ ਸੋ ਚੱਲ ਹੋ ਗਈ। ਕਬੀਲਦਾਰੀ ਵੱਧਦੀ ਗਈ। ਸਾਲ-ਛੇ ਮਹੀਨੇ ਬਾਅਦ ਕੋਠੀ ਬਦਲਣੀ ਪੈਂਦੀ। ਮਾਲਕ ਕਿਰਾਇਆ ਐਡਵਾਂਸ ਮੰਗਦੇ ਉਹ ਮਹੀਨੇ ਬਾਅਦ ਵੀ ਤੋੜੀ ਰੱਖਦੇ। ਹੁਣ ਤਾਂ ਬਸਤੀ 'ਚ ਘਰ ਲੈਣ ਜੋਗੇ ਵੀ ਨਹੀਂ ਰਹੇ।

ਪਹਿਲਾਂ ਤਾਂ ਕੱਲੀ ਬੇਬੇ ਕੋਠੀਆਂ ਦੇ ਸੁਪਨੇ ਲੈਂਦੀ ਸੀ ਫਿਰ ਦੋ ਧੀਆਂ, ਤੀਜਾ ਪੁੱਤ ਤੇ ਚੌਥੀ ਨੂੰਹ ਵੀ ਰਲ ਗਏ। ਸਾਰਿਆਂ ਦੀ ਇਕੋ ਸੁਰ, ਕੋਠੀ ਲੈਣੀ ਆ ਜਦੋਂ ਲਈ। ਕਨਾਲ ਰਕਬਾ ਤੇ ਦੋ

ਮੰਜ਼ਿਲੀ। ਪਰ ਉਹਨਾਂ ਦੀ ਗੁੱਲੀ ਕਦੇ ਵੀ ਦਨ ਨਹੀਂ ਪਈ।

ਉਂ ਦੋਵੇਂ ਧੀਆਂ ਵਿਆਹੀਆਂ ਨੇ। ਵੱਡੀ ਤਾਂ ਸੁਖੀ ਹੈ ਪਰ ਛੋਟੀ ਰੀਂਅ ਰੀਂਅ ਕਰਦੀ ਰਹਿੰਦੀ ਆ। ਬਾਬਾ ਉਸਦੀ ਰੀਂ ਰੀਂ ਦਾ ਕੋਈ ਜਵਾਬ ਨਹੀਂ ਦਿੰਦਾ। ਨਾ ਹੂੰ, ਨਾ ਹਾਂ। ਨਾ ਚੰਗੀ ਨਾ ਮਾੜੀ। ਕੱਟਾ ਵੀ ਕਿੱਲੇ ਦੇ ਜ਼ੋਰ 'ਤੇ ਤਿੰਘਦੈ, ਉਹ ਹੁਣ ਕੀਹਦੇ ਆਸਰੇ ਬੋਲੇ। ਬੇਬੇ ਦੀ ਸ਼ੁਰੂ ਤੋਂ ਮੁਖਤਿਆਰੀ ਰਹੀ ਆ, ਉਹੀ ਹੁਣ ਵੇਖੇ।

ਕਦੇ-ਕਦੇ ਅੱਕਿਆ ਬਾਬਾ ਬੋਲਦਾ – ਬੱਸ ਵਡਿਆਈ ਦੀ ਭੁੱਖ ਲੈ ਕੇ ਬਹਿ ਗਈ ਬੇਬੇ ਨੂੰ, ਨਹੀਂ ਤਾਂ ਗੁਣਾਂ ਦੀ ਗੱਠੜੀ ਸੀ। ਵੱਡੇ ਰਿਸ਼ਤੇਦਾਰਾਂ ਦਾ ਮੁਕਾਬਲਾ ਕਰਦੀ-ਕਰਦੀ ਭੁੰਜੇ ਲਹਿਗੀ ਪਰ ਅੜੀ ਨੀਂ ਛੱਡੀ।

ਇਕ ਦਿਨ ਮੈਂ ਬਾਬੇ ਕੋਲ ਗਿਆ ਤਾਂ ਇਧਰ ਉਧਰ ਦੀਆਂ ਗੱਲਾਂ ਕਰਦਿਆਂ ਉਹਨੇ ਹੱਥ ਜੋੜ ਕੇ ਰੱਬ ਦਾ ਸ਼ੁਕਰ ਕਰਦਿਆਂ ਗੱਲ ਸ਼ੁਰੂ ਕੀਤੀ, 'ਚੱਲੋ ਕਿਵੇਂ ਵੀ ਆ ਤੇਰੀ ਬੇਬੇ, ਮੈਨੂੰ ਸਾਂਭੀ ਤਾਂ ਬੈਠੀ ਆ। ਨਹੀਂ ਤਾਂ ਐਡਵੋਕੇਟ ਬਸੰਤ ਸਿਓਂ ਨੂੰ ਵੇਖਲੇ ਕਾਰਾਂ-ਕੋਠੀਆਂ ਦੇ ਹੁੰਦਿਆਂ ਰੁਲਿਆ ਫਿਰਦੈ। ਹੋਰ ਵੀ ਬਥੇਰੇ ਨੇ। ਤੈਨੂੰ ਕਿਹੜਾ ਭੁੱਲ ਆ ਜਗੀਰ ਸਿਆਂ।'

ਕੁਝ ਪਲ ਚੁੱਪ ਰਹਿਕੇ ਹਉਂਕਾ ਭਰਦਿਆਂ ਫਿਰ ਬੋਲਿਆ, 'ਪਰ ਇਕ ਧੁੜਕੂ ਹਰ ਵੇਲੇ ਲੱਗਿਆ ਰਹਿੰਦੈ ਜਗੀਰ ਸਿਆਂ, ਬਈ ਐਧਰੋਂ ਮੇਰੀ ਜਾਨ ਨਿਕਲੂ ਤੇ ਓਧਰੋਂ ਮਾਲਕ ਕੋਠੀ ਖਾਲੀ ਕਰਨ ਨੂੰ ਕਹਿ ਦੇਣਗੇ। ਸਸਕਾਰ ਕਿਤੇ, ਸੱਥਰ ਕਿਤੇ ਤੇ ਭੋਗ ਕਿਤੇ। ਸਾਲਾ ਜਿਓਣ ਦਾ ਤਾਂ ਨਈਂ, ਮਰਨ ਦਾ ਵੀ ਸਵਾਦ ਨਈਂ ਆਉਣਾ। ਸਾਲੀ ਕੋਠੀਆਂ ਦੀ ਭੁੱਖ ਨੇ ਜਿਓਣ-ਮਰਨ ਦੀ ਭੁੱਖ ਮਾਰ 'ਤੀ। ਪਹਿਲਾਂ ਆਵਦਾ ਘਰ ਸੀ ਤਾਂ ਪੇਟੀਆਂ, ਪਲੰਘ ਤੇ ਵੱਡੀਆਂ-ਵੱਡੀਆਂ ਪਰਾਤਾਂ, ਵਲਟੋਹੀਆਂ ਸੀ। ਹੁਣ ਕਿਰਾਏ ਦੀਆਂ ਕੋਠੀਆਂ ਨੇ ਤਾਂ ਸਭ ਕੁਝ ਚੱਕਵਾਂ ਚੁੱਲ੍ਹੇ ਹਾਲ ਹੋ ਗਿਆ।'

ਬਾਬੇ ਨੂੰ ਕਿਰਾਏ ਦੀ ਕੋਠੀ ਦਾ ਭੂਤ ਹਰ ਵੇਲੇ ਚਿੰਬੜਿਆ ਰਹਿੰਦਾ ਸੀ ਤੇ ਜਦੋਂ ਜੀਅ ਕਰਦਾ ਬਣੀ ਬਣਾਈ ਖੇਡ ਵਿਗਾੜ ਦਿੰਦਾ ਸੀ।

ਅਸਲ ਵਿਚ ਬਾਬੇ ਦੀ ਛੋਟੀ ਕੁੜੀ ਦੇ ਵਿਆਹ ਵੇਲੇ ਇਹੀ ਹੋਇਆ ਸੀ। ਜਦੋਂ ਮੁੰਡੇ ਵਾਲੇ ਕੁੜੀ ਵੇਖਣ ਆਏ, ਪੱਕ-ਠੱਕ ਕੀਤੀ ਉਦੋਂ ਕੋਠੀ ਹੋਰ ਸੀ। ਦੋ ਕੁ ਮਹੀਨੇ ਬਾਅਦ ਵਿਆਹ ਵੇਲੇ ਹੋਰ। ਵਿਚੋਲਾ ਸਾਹਾ ਚਿੱਠੀ ਦੇਣ ਆਇਆ ਘਰ ਭਾਲਦਾ ਫਿਰੈ। ਉਹਨੂੰ ਪਤਾ ਹੀ ਉਦੋਂ ਲੱਗਿਆ ਕਿ ਆਲੀਸ਼ਾਨ ਕੋਠੀ ਤਾਂ ਕਿਰਾਏ ਦੀ ਹੈ। ਉਹ ਉਹਨੀ ਪੈਰੀਂ ਵਾਪਸ ਮੁੜ ਗਿਆ। ਕੁੜਮਾਂ ਨੂੰ ਦੱਸਿਆ। ਗੱਲ ਕੀ, ਰਿਸ਼ਤਾ ਟੁੱਟਣ ਕੰਢੇ ਹੀ ਸੀ ਕਿ ਬਾਬੇ ਨੇ ਆਪਣੇ ਵੱਡੇ ਭਾਈ ਪਰਮਾਰ ਸਿੰਘ ਮੱਕੜ ਦੀ ਮਿੰਨਤ ਕੀਤੀ। ਉਹਨਾਂ ਦੀਆਂ ਬਜਾਜੀ ਦੀਆਂ ਤਿੰਨ ਦੁਕਾਨਾਂ ਨੇ। ਨਾਂ ਚੱਲਦੈ ਪਰਮਾਰ ਸਿੰਘ ਮੱਕੜ ਦਾ। ਪਰਮਾਰ ਸਿੰਘ ਨੇ ਕੁੜਮਾਂ ਨੂੰ ਤਸੱਲੀ ਦਿੱਤੀ। ਚਾਰ ਗੱਲਾਂ ਵੱਧ ਘੱਟ ਕੀਤੀਆਂ। ਤਾਂ ਜਾ ਕੇ ਰਿਸ਼ਤਾ ਸਿਰੇ ਚੜ੍ਹਿਆ। ਹੁਣ ਇਹੀ ਕੁੜੀ ਰੀਂਅ ਰੀਂਅ ਕਰਦੀ ਆ। ਉਸਦੇ ਸਹੁਰਿਆਂ ਦੇ ਮਨ 'ਚ ਕਿਰਾਏ ਦੀ ਕੋਠੀ ਦੀ ਇਹੋ ਜਿਹੀ ਕੁੜੱਤਣ ਪਈ ਬਈ ਕੁੜੀ ਦੀ ਜ਼ਿੰਦਗੀ ਦਾ ਸੁਆਦ ਈ ਕੌੜਾ ਹੋ ਗਿਆ।

ਕੁੜੱਤਣ ਤਾਂ ਉਸ ਦਿਨ ਵੀ ਬਹੁਤ ਵਧੀ ਸੀ ਜਦੋਂ ਅਗਰਵਾਲ ਕਾਟਨ ਦੇ ਮਾਲਕ ਨੇ ਬਾਬੇ ਦੀ ਨੂੰਹ ਨਾਲ ਛੇੜਖਾਨੀ ਕੀਤੀ ਸੀ। ਅਗਰਵਾਲ ਦੀ ਕੋਠੀ 'ਚ ਕਿਰਾਏ 'ਤੇ ਰਹਿੰਦੇ ਸੀ ਬਾਬੇ ਹੋਰੀਂ, ਸਨਸ਼ਾਈਨ ਐਨਕਲੇਵ 'ਚ। ਕਿਰਾਇਆ ਟੁੱਟਿਆ ਰਹਿੰਦਾ ਸੀ। ਇਕ ਦਿਨ ਸਿਖਰ ਦੁਪਹਿਰੇ ਅਗਰਵਾਲ ਕਿਰਾਇਆ ਵਸੂਲਣ ਆ ਗਿਆ। ਨੂੰਹ ਨੇ ਰੌਲਾ ਪਾ 'ਤਾ। ਗੱਲ ਠਾਣੇ ਪੁੱਜਗੀ। ਅਗਰਵਾਲ ਕਹਿੰਦਾ ਕਿਰਾਇਆ ਦੇਣ ਦੇ ਮਾਰੇ ਮੇਰੇ 'ਤੇ ਤੂਹਮਤਾਂ ਲਾਉਂਦੇ ਨੇ। ਬਾਬਾ ਤਾਂ ਬੱਸ ਰੋਈ ਗਿਆ। ਨਾ ਅਗਰਵਾਲ ਨੂੰ ਕੁੱਝ ਕਿਹਾ ਨਾ ਨੂੰਹ ਨੂੰ। ਅਸੀਂ ਬਜਾਜੀ ਵਾਲੇ ਸਾਰੇ ਦੁਕਾਨਦਾਰ 'ਕੱਠੇ ਹੋਏ। ਪੰਚਾਇਤ ਨੇ ਫੈਸਲਾ ਕਰ 'ਤਾ ਅਗਰਵਾਲ ਕਿਰਾਇਆ ਛੱਡੇ ਤੇ ਬਾਬਾ

ਕੋਠੀ। ਹੁਣ ਜੇ ਕਦੇ ਬੇਬੇ ਛੋਟਾ-ਮੋਟਾ ਘਰ ਲੈਣ ਦੀ ਗੱਲ ਕਰਦੀ ਆ ਤਾਂ ਵੀ ਬਾਬਾ ਚੁੱਪ ਕਰ ਰਹਿੰਦੈ। ਛੋਟਾ ਘਰ ਵੀ ਉਸਦੀ ਪਹੁੰਚ 'ਤੋਂ ਬਾਹਰ ਹੋ ਗਿਆ ਸੀ।

ਇਕੋ ਮਾਂ ਦੇ ਢਿੱਡੋਂ ਜੰਮੇ ਪਰ ਲੇਖ ਨਾ ਇਕੋ ਜਿਹੇ ਲਿਖਾਏ। ਸਾਰੇ ਭਾਈ-ਭੈਣਾਂ ਨਿੱਤ ਗਾਹਾਂ ਵੱਧਦੇ ਜਾਂਦੇ। ਪਰ ਬਾਬਾ, ਕੋਹੜੀ, ਪਿੱਛੇ ਹੁੰਦਾ ਜਾਂਦਾ। ਆਖਰੀ ਉਮਰੇ ਬਾਬੇ ਦਾ ਇਕਲੌਤਾ ਮੁੰਡਾ ਗੋਗੀ ਮਰ ਗਿਆ। ਪਤਾ ਨਹੀਂ ਖੁਦਕਸ਼ੀ ਕੀਤੀ ਸੀ ਜਾਂ ਕਿਸੇ ਕਤਲ ਕੀਤਾ ਸੀ। ਬੱਸ ਕਿਸੇ ਗੱਡੀ ਦੀ ਫੇਟ ਨਾਲ ਮੋਟਰ ਸਾਇਕਲ ਸਣੇ ਫੁੜਕ ਗਿਆ। ਨਸ਼ੇ ਨੁਸ਼ੇ ਕਰਦਾ ਸੀ। ਚੰਗੇ-ਮਾੜੇ ਬੰਦਿਆਂ ਨਾਲ ਵੀ ਬਹਿਣ ਉਠਣ ਸੀ। ਦੁਕਾਨ 'ਤੇ ਵੀ ਉਹੀ ਬਹਿੰਦਾ ਸੀ। ਗੋਗੀ ਦੇ ਜਾਣ ਤੋਂ ਬਾਅਦ ਬਾਬੇ ਦਾ ਪੋਤਾ ਰਿੰਕੂ ਬਹਿੰਦਾ ਹੈ ਦੁਕਾਨ 'ਤੇ। ਬਾਬਾ ਤਾਂ ਬੱਸ ਘਰ ਜੋਗਾ ਰਹਿ ਗਿਐ। ਉਹ ਵੀ ਕਿਰਾਏ ਦਾ।

ਹੁਣ ਜੀਹਦਾ ਆਪਣਾ ਘਰ ਹੀ ਨਾ ਹੋਵੇ ਉਹ ਕਿਥੇ ਜਾਵੇ। ਖਰਚਾ, ਸੰਭਾਲ, ਸਫਾਈ, ਬਿੱਲ ਆਪਣੇ, ਘਰ ਬੇਗਾਨਾ। ਆਹ ਬਾਬੇ ਵੀ ਕਥਾ ਕੀਰਤਨ ਕਰਦਿਆਂ ਬੇਗੁਰਿਆਂ ਬਾਰੇ ਤਾਂ ਬਥੇਰਾ ਕੁਝ ਕਹਿੰਦੇ ਨੇ ਪਰ ਬੇਘਰਿਆਂ ਬਾਰੇ ਕੁੱਝ ਨਹੀਂ ਬੋਲਦੇ। ਬਈ ਬੇਘਰਿਆਂ ਦਾ ਵੀ ਕੋਈ ਹੱਲ ਦੱਸੋ। ਉਹ ਕੀ ਕਰਨ। ਕੀਹਦੀ ਸ਼ਰਨ ਜਾਣ। ਬਾਬੇ ਦੇ ਦੁੱਖ ਨੂੰ ਮੈਂ ਢਿੱਡੋਂ ਜਾਣਦਾਂ। ਪਰ ਕਰ ਕੁਝ ਨਹੀਂ ਸਕਦਾ।

ਕਦੇ-ਕਦੇ ਮੈਂ ਬਾਬੇ ਨੂੰ ਕਹਿਣਾ ਤੂੰ ਇਹੋ-ਜਿਹੀ ਬੇਬੇ ਨਾਲ 'ਪੰਗਾ' ਹੀ ਕਿਉਂ ਲਿਆ। ਅੱਗੋਂ ਉਹਨੇ ਹੱਸ ਪੈਣਾ। ਜਿਸਦਾ ਤੱਤਸਾਰ ਇਹ ਸੀ ਕਿ ਬੇਬੇ ਨਾਲ ਉਹਨੇ ਘਰਦਿਆਂ ਤੋਂ ਵਾਅਰੇ ਹੋਕੇ ਵਿਆਹ ਕਰਵਾਇਆ ਸੀ। ਉਸਦਾ ਪਿਓ ਪਿੰਡਾਂ 'ਚ ਸਾਇਕਲ 'ਤੇ ਡੱਗੀ ਲਾਉਂਦਾ ਸੀ। ਬਾਬਾ ਵੀ ਨਾਲ ਚਲਾ ਜਾਂਦਾ। ਬੇਬੇ ਦੀ ਮਾਂ ਕੱਪੜੇ ਸਿਉਂਦੀ ਸੀ। ਬੜੀ ਸਚਿਆਰੀ ਜ਼ਨਾਨੀ ਸੀ ਨਾਲੇ ਸੋਹਣੀ ਵੀ। ਬਾਬੇ ਦੇ ਪਿਓ ਕੋਲੋਂ ਕੱਪੜਾ ਲੈ ਲੈਂਦੀ, ਉਧਾਰ-ਸੁਧਾਰ। ਬੇਬੇ ਜਿਹੜੀ ਉਦੋਂ ਅਮਰੋ ਸੀ, ਤਿਰਪਾਈਆਂ ਕਰਦੀ, ਸਲਵਾਰਾਂ ਸਿਉਂਦੀ ਤੇ ਪੌਂਚੇ ਬਣਾਉਂਦੀ। ਪਿਓ ਲੰਘਦਾ-ਟੱਪਦਾ ਉਨ੍ਹਾਂ ਦੇ ਘਰ ਸਾਹ ਲੈ ਲੈਂਦਾ। ਉਹ ਅਮਰੋ ਦੀ ਮਾਂ ਨਾਲ ਗੱਲੀਂ ਲੱਗ ਜਾਂਦਾ ਤੇ ਬਾਬਾ ਅਮਰੋ ਨਾਲ। ਅਮਰੋ ਦਾ ਪਿਓ ਹੈ ਨਹੀਂ ਸੀ।

ਬਾਬੇ ਦਾ ਪਿਓ ਕਦੇ-ਕਦੇ ਉਹਨੂੰ ਤੇ ਅਮਰੋ ਨੂੰ ਖੰਡ ਦੇ ਖੇਡਣੇ ਲੈਣ ਦੁਕਾਨ 'ਤੇ ਤੋਰ ਦਿੰਦਾ। ਬੱਸ ਇਹਨਾਂ ਖੇਡਣਿਆਂ ਨੇ ਹੀ ਜ਼ਿੰਦਗੀ ਨੂੰ ਖੇਡ ਬਣਾ ਕੇ ਰੱਖ ਦਿੱਤਾ।

ਤੇ ਫੇਰ ਜਦੋਂ ਬਾਬਾ ਆਪ ਡੱਗੀ ਲਾਉਣ ਲੱਗਿਆ ਤਾਂ ਉਹ ਆਪ ਅਮਰੋ ਨੂੰ ਖੰਡ ਦੇ ਖੇਡਣੇ ਲੈ ਕੇ ਦੇਣ ਲੱਗਿਆ ਸੀ। ਤੇ ਫੇਰ ਇਕ ਦਿਨ ਉਸ ਤੇ ਅਮਰੋ ਨਾਲ ਵਿਆਹ ਕਰਵਾ ਲਿਆ।

ਅਮਰੋ ਦੀ ਮਾਂ ਵੀ ਰਾਜੀ ਸੀ ਤੇ ਬਾਬੇ ਦਾ ਪਿਓ ਵੀ। ਪਰ ਬਾਬੇ ਦੀ ਮਾਂ ਦੀ ਤਿਉੜੀ ਨਹੀਂ ਸੀ ਖੁੱਲ੍ਹੀ। ਮਾਂ ਦੀ ਤਿਉੜੀ ਨੇ ਭਾਈਆਂ ਦੇ ਮਨਾਂ 'ਚ ਵੀ ਕਾਣ ਪਾ ਦਿੱਤੀ। ਉਹ ਛੱਲ ਨਾਲ ਪਾਣੀ ਤੋਂ ਬਾਹਰ ਡਿੱਗੀ ਮੱਛੀ ਵਾਂਗ ਤੜਪਦਾ ਰਿਹਾ। ਮਾਂ ਤੁਰ ਗਈ, ਪਿਓ ਤੁਰ ਗਿਆ। ਅਮਰੋ ਦੀ ਮਾਂ ਤੁਰ ਗਈ। ਪਰ ਬਾਬੇ ਦੇ ਭਰਾਵਾਂ ਨੇ ਉਸ ਨਾਲ ਮਨ ਨਾ ਮਿਲਾਇਆ। ਉਹ ਉਚੇ ਹੁੰਦੇ ਗਏ ਤੇ ਬਾਬਾ ਨੀਵਾਂ। ਪਰ ਉਚੇ ਹੋਣ ਦੀ ਤਾਂਘ 'ਚ ਬੇਬੇ ਅਮਰੋ ਨੇ ਉਡਾਰੀਆਂ ਮਾਰਨੀਆਂ ਨਾ ਛੱਡੀਆਂ।

ਦੁਖੀ ਬਾਬਾ ਆਪ ਉਡਾਰੀ ਮਾਰਨ ਦੀ ਸੋਚਦਾ ਸੀ।

ਬਾਬਾ ਕਹਿੰਦਾ ਰਹਿੰਦਾ ਉਸ ਖੇਡ ਦੀ ਹੁਣ ਸਮਝ ਆਈ ਆ। ਉਦੋਂ ਨਹੀਂ ਸੀ ਆਈ। ਉਦੋਂ ਤਾਂ ਬੱਸ ਉਸਨੂੰ ਅਮਰੋ ਦੀਆਂ ਗੱਲਾਂ ਦੀ ਸਮਝ ਸੀ ਜਾਂ ਉਸਦੀਆਂ ਗੱਲ੍ਹਾਂ ਵਿੱਚ ਪੈਂਦੇ ਟੋਇਆ ਦੀ। ਤੇ ਇਨ੍ਹਾਂ ਟੋਇਆਂ ਵਿਚ ਡਿੱਗਿਆ ਬਾਬਾ, ਬੇਬੇ ਦੀ ਕੋਈ ਗੱਲ ਨਹੀਂ ਸੀ ਮੋੜਦਾ। ਬੇਬੇ ਆਪਣੀਆਂ ਸਾਰੀਆਂ ਰੀਝਾਂ ਪੂਰੀਆਂ ਕਰਦੀ। ਸਰਦਾਰਨੀਆਂ ਵਰਗਾ ਰਹਿਣ-ਸਹਿਣ ਤੇ ਖਾਣ-

ਪੀਣ ਸੀ ਬੇਬੇ ਦਾ।

ਆਹ ਜਿਸ ਕੋਠੀ 'ਚ ਹੁਣ ਬਾਬਾ ਰਹਿੰਦੈ, ਇਸਦਾ ਮਾਲਕ ਦਵਿੰਦਰ ਸਿੰਘ ਗਿੱਲ ਆਸਟ੍ਰੇਲੀਆ ਗਿਆ ਹੋਇਆ, ਭਲੇ ਵੇਲਿਆਂ ਦਾ। ਕਹਿੰਦੇ ਆ, ਪਿੰਡ ਵਾਲੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਆਸਟ੍ਰੇਲੀਆ 'ਚ ਗੈਸ ਪੰਪ ਲਾ ਲਏ। ਘਰ ਬਾਰ ਬਣਾ ਲਿਆ। ਬੱਸ ਇਹ ਸ਼ਹਿਰ ਵਾਲੀ ਕੋਠੀ ਰੱਖੀ ਹੈ। ਕਿਸੇ ਰਿਸ਼ਤੇਦਾਰ ਦੇ ਦੁਖ ਸੁਖ ਵੇਲੇ ਆਉਂਦੇ ਨੇ ਤਾਂ ਇਥੇ ਰਹਿੰਦੇ ਨੇ।

ਬਾਬੇ ਦੇ ਆਪੂੰ ਮਰਨ ਦੀ ਕੀਤੀ ਗੱਲ ਮੇਰੇ ਮਨ 'ਚੋਂ ਨਿਕਲ ਨਹੀਂ ਸੀ ਰਹੀ। ਤੇ ਅਖੀਰ ਜੱਕਾ-ਤੱਕੀਂ ਕਰਦਾ ਇਕ ਦਿਨ ਮੈਂ ਤਾਸ਼ ਖੇਡਣ ਦੀ ਥਾਂ ਦੁਪਹਿਰ ਵੇਲੇ ਬਾਬੇ ਕੋਲ ਜਾ ਬੈਠਾ। ਦਸ ਕੁ ਮਿੰਟ ਇਧਰ-ਉਧਰ ਦੀਆਂ ਗੱਲਾਂ ਤੋਂ ਬਾਅਦ ਬਾਬਾ ਆਪ ਹੀ ਦੱਸਣ ਲੱਗਿਆ, 'ਜਗੀਰ ਸਿਆਂ, ਕਰੋਨਾ ਦੀ ਵਾਅ ਵਗਣ ਤੋਂ ਦੋ ਕੁ ਮਹੀਨੇ ਪਹਿਲਾਂ ਗਿੱਲ ਸਾਅਬ ਦਾ ਫੋਨ ਆਇਆ ਸੀ, ਆਸਟਰੇਲੀਆ ਤੋਂ। ਕਹਿੰਦਾ ਇੰਡੀਆ ਆਉਣੈ। ਕੋਠੀ ਖਾਲੀ ਕਰ ਦਿਓ। ਉਦੋਂ ਮੇਰੀ ਤਬੀਅਤ ਬਾਹਲੀ ਖਰਾਬ ਸੀ। ਤੈਨੂੰ ਪਤੈ ਗੋਗੀ ਦਾ, ਖਵਰੈ ਆਪੂੰ ਮਰਿਆ ਕਿ ਕਿਸੇ ਮਾਰਿਆ। ਮੇਰਾ ਜੀਣ ਦਾ ਕੋਈ ਹਾਲ ਥੋੜਾ। ਰੱਬ ਕੋਲੋਂ ਦੋਵੇ ਹੱਥ ਜੋੜ ਕੇ ਮੌਤ ਮੰਗਦਾਂ। ਪਰ ਜਦੋਂ ਗਿੱਲ ਸਾਅਬ ਦਾ ਫੋਨ ਆਇਆ, ਕੋਠੀ ਖਾਲ੍ਹੀ ਕਰਨ ਦਾ ਤਾਂ ਇਹੀ ਹੱਥ ਫੇਰ ਜੋੜੇ, ਹੈ ਵਾਖਰੂ ਹੁਣ ਮੌਤ ਟਾਲ। ਉਧਰੋਂ ਕੋਠੀ ਖਾਲੀ ਕਰਨ ਦਾ ਯੱਭ ਤੇ ਉਧਰੋਂ ਮੇਰਾ ਸਿੜੀ ਸਿਆਪਾ। ਸਾਲਾ ਨਾ ਮੈਨੂੰ ਮਰਨ ਦਾ ਸਵਾਦ ਆਉਣਾ ਤੇ ਨਾ ਘਰਦਿਆਂ ਨੂੰ ਫੂਕਣ ਦਾ।' ਬਾਬੇ ਦਾ ਗੱਚ ਭਰ ਆਇਆ ਸੀ।

ਤੇ ਫੇਰ ਸਾਹ ਲੈਂਦਿਆਂ ਬਾਬੇ ਨੇ ਵੱਡੀਆਂ ਮੁੱਛਾਂ ਵਿਚ ਹਲਕੀ ਜਿਹੀ ਮੁਸਕਰਾਹਟ ਲਿਆ ਕੇ ਕਿਹਾ, ਪੁੱਛਦਾ ਸੀ ਕਰੋਨਾ ਦਾ ਕੀ ਹਾਲ ਆ ਇੰਡੀਆ 'ਚ। ਮੈਂ ਕਿਹਾ ਜੀ ਬੜਾ ਮਾੜਾ। ਅਏਂ ਲੱਗਦਾ ਹੁਣ ਮਰੇ ਕਿ ਪਲ ਨੂੰ। ਅੱਗੋਂ ਕਹਿੰਦਾ ਐਧਰ ਵੀ ਇਹੀ ਕੁਸ਼ ਆ। ਹੁਣ ਤਾਂ ਅਸੀਂ ਐਪਰੋਕਸੀਮੈਟ ਦੋ ਤਿੰਨ ਸਾਲ ਇੰਡੀਆ ਨਹੀਂ ਆ ਸਕਦੇ। ਮੇਰੀ ਤਾਂ ਆਪਣੀ ਓਲਡ ਏਜ਼ ਏ। ਪਤਾ ਨਹੀਂ ਆਵਾਂਗਾ ਕਿ ਨਹੀਂ। ਰਾਮ ਸਿੰਘ ਜੀ ਤੁਸੀਂ ਬੇਫਿਕਰ ਹੋ ਕੇ ਰਹੋ ਕੋਠੀ 'ਚ। ਕਰਾਇਆ ਟੈਮ ਸਿਰ ਪਾ ਦਿਆ ਕਰੋ। ਜਿੰਨਾ ਚਿਰ ਕਰੋਨਾ ਕਰਕੇ ਕੰਮਕਾਰ ਬੰਦ ਆ ਓਨਾ ਚਿਰ ਅੱਧਾ ਕਿਰਾਇਆ ਦੇ ਦਿਆ ਕਰੋ... ਆਖਿਰ ਬੰਦਾ ਈ ਬੰਦੇ ਦਾ ਦਾਰੂ ਹੁੰਦੈ। ਬੱਸ, ਜਗੀਰ ਸਿਆਂ, ਉਦੋਂ ਤੋਂ ਹੀ ਮੈਂ ਹੱਥ ਜੋੜੀ ਜਾਨਣਾ, ਲੈ ਮਾਰਾਜ ਹੁਣ ਮੈਨੂੰ ਲੈ ਜਾ। ਮੈਨੂੰ ਤਾਂ ਮਰਨ ਦਾ ਵੀ ਚਾਅ ਜਿਹਾ ਚੜ੍ਹਿਆ ਪਿਆ। ਪੱਕੇ ਟਿਕਾਣੇ 'ਤੇ ਮਰਨ ਵਰਗਾ ਕੋਈ ਸੁਖ ਨਹੀਂ ਹੁੰਦਾ ਭਰਾਵਾ।'000

*(7533 ਨਾਮਦੇਵ ਨਗਰ, ਸ੍ਰੀ ਮੁਕਤਸਰ ਸਾਹਿਬ- 152 026*
*ਫੋਨ: +91-88472-98293)*

# ਚੌਂਹਟੇ ਚੱਕ: ਕਹਾਣੀ: ਹਰਪ੍ਰੀਤ ਸਿੰਘ ਚਨੂੰ

ਪਿੰਡ ਤੋਂ ਛਿਪਦੇ ਵੱਲ ਨੂੰ ਜਾਂਦੀ ਪੱਕੀ ਸੜਕ 'ਤੇ, ਇਕ ਕਿਲੋਮੀਟਰ ਕੁ ਦੀ ਵਿੱਥ ਉੱਤੇ ਇਕ ਵਗਦੇ ਖਾਲ਼ ਦੀ ਪੁਲੀ ਦੀਆਂ ਦੋਹੇਂ ਪਾਸੇ ਬਣੀਆਂ ਚੌਕੜੀਆਂ। ਖਾਲ਼ ਦੇ ਛਿਪਦੇ ਪਾਸੇ ਵਾਲੀ ਵੱਟ ਨਾਲ ਸੱਜੇ ਤੇ ਖੱਬੇ ਨੂੰ ਜਾਂਦੀਆਂ ਦੋ ਪਹੀਆਂ। ਖੱਬੇ ਹੱਥ ਵਾਲੀ ਪਹੀ ਦੇ ਸਾਈਨਬੋਰਡ 'ਤੇ ਲਿਖਿਆ, 'ਢਾਣੀ ਮੱਘਰ ਸਿੰਘ' ਤੇ ਸੱਜੇ ਹੱਥ ਵਾਲੇ ਪਾਸੇ, 'ਢਾਣੀਆਂ ਬੂਟਾ ਸਿੰਘ।'

ਕਈ ਦਿਨਾਂ ਦੀ ਮੀਂਹ ਝੜੀ ਤੇ ਬੱਦਲਵਾਈ ਪਿੱਛੋਂ ਪੁਲੀ ਦੀਆਂ ਚੌਕੜੀਆਂ 'ਤੇ ਸਿਆਲ਼ ਦੀ ਨਿੱਘੀ ਧੁੱਪ ਸੇਕਦੇ ਢਾਣੀਆਂ ਦੇ ਹਮ-ਉਮਰ ਬਾਸ਼ਿੰਦੇ, ਆਪਣੇ ਕਿਸੇ ਵਿੱਛੜ ਚੁੱਕੇ ਹਾਣੀ ਦੀਆਂ ਯਾਦਾਂ ਸਾਂਝੀਆਂ ਕਰ ਰਹੇ ਸਨ। ਛਿੰਦਰ ਆਂਹਦਾ; "ਯਾਰੋ, ਦਿਨ ਲੰਘਦਿਆਂ ਦਾ ਕੀ ਪਤਾ ਲਗਦੈ? ਚੜ੍ਹਿਆ-ਛਿਪਿਆ, ਛਿਪਿਆ-ਚੜ੍ਹਿਆ। ਲੈ ਕੱਲ੍ਹ ਪਰਸੋਂ ਦੀਆਂ ਗੱਲਾਂ ਐਂ, ਮੱਘਰ ਘੜੀ ਪਲ ਪੁਰਾਣਾ ਹੋਈ ਜਾਂਦਾ ਲਗਦੈ।"

ਭਿੰਦੇ ਨੇ ਦੂਰ ਤਕ ਨੀਝ ਲਾ ਕੇ ਆਖਿਆ;"ਮੇਰੇ ਤਾਂ ਯਾਰ ਚੇਤੇ 'ਚੋਂ ਹੀ ਨ੍ਹੀਂ ਵਿਸਰਦਾ। ਇਉਂ ਲਗਦੈ ਜਿਵੇਂ ਔਹ ਆਵਦੀ ਢਾਣੀ ਵਾਲੀ ਪਹੀ ਉੱਤੇ ਸਾਈਕਲ ਨਾਲ ਧੂੜਾਂ ਪੁੱਟੀ ਆਉਂਦਾ ਹੋਵੇ। ਪੈਡਲ ਦੀ ਕਿੱਲੀ ਚੇਨ-ਕਵਰ ਨਾਲ ਟੱਕ-ਟੱਕ ਵੱਜਦੀ ਆਉਂਦੀ ਹੋਵੇ। ਜਿਵੇਂ ਆਮ ਵਾਂਗ ਹੀ ਇੱਥੇ ਖ਼ਾਲੇ ਦੀ ਪੁਲੀ ਕੋਲ ਆ ਕੇ ਉੱਚੀ ਸਾਰੀ ਬੋਲੂ; 'ਓ ਸੁਣਾਓ ਭਗਤੋ, ਕਿਵੇਂ ਗੁਜ਼ਰਦੀ ਐ ਫੇਰ, ਕਾਟੋ ਫਲੂੰਮਣਾਂ 'ਤੇ ਖੇਡਦੀ ਐ ਕਿ ਖੁੱਥੜ ਜੇ ਆਲ੍ਹਣੇ 'ਚ ਲੁਕੀ ਬੈਠੀ ਐ? ਬਣਜੋ, ਬਣਜੋ ਅੰਦੋਲਨ ਦਾ ਹਿੱਸਾ, ਫੇਰ ਪਛਤਾਉਂਗੇ ਬਈ ਚੌਂਹਟੇ ਚੱਕ ਸੱਚ ਆਖਦਾ ਸੀ।।' ਫੇਰ ਅੱਖਾਂ ਜੀਆਂ ਝਮਕਾ ਕੇ ਹੱਸੂ। ਸਾਈਕਲ ਦੇ ਸਟੈਂਡ ਦੇ ਨਿਕਲੇ ਹੋਏ ਸਪਰਿੰਗ ਨੂੰ ਕਿੱਲੀ 'ਚ ਫਸਾਊ ਤੇ ਗਾਲ੍ਹ ਕੱਢੂ, 'ਇਹ ਸਾਲਾ ਦੋ ਮਿੰਟ ਨ੍ਹੀਂ ਖੜ੍ਹਦਾ, ਨਾਲੇ ਆਪ ਰੇਤੇ 'ਚ ਘਿਸਰਦਾ ਐ ਨਾਲੇ ਮੇਰੇ ਮੌਰ ਘੱਟੇ ਨਾਲ ਭਰਦਾ ਰਹਿੰਦਾ।' ਫੇਰ ਸਾਈਨ-ਬੋਰਡ ਦੇ ਫੱਟੇ ਨਾਲ ਸਾਈਕਲ ਟੇਢਾ ਕਰਕੇ ਖਲ੍ਹਾਰ ਦੇਊ ਤੇ ਹੈਂਡਲ ਦੀ ਹੁੱਕ ਵਿਚੋਂ ਗੋਲ ਪੂਣੀ ਕਰਕੇ ਵੱਟਿਆ ਅਖ਼ਬਾਰ ਕੱਢ ਕੇ, ਦੂਜੇ ਹੱਥ ਦੀ ਤਲੀ 'ਤੇ ਮਾਰ ਕੇ ਝਾੜੂ ਤੇ ਆਪਣੇ ਕੋਲ਼ ਪੁਲ਼ੀ ਦੀ ਪੱਕੀ ਡੌਲ਼ ਉੱਤੇ ਬਹਿ ਕੇ ਪੁਰਾਣੇ ਅਖ਼ਬਾਰ 'ਚੋਂ ਖ਼ਬਰਾਂ ਤੇ ਨਵੀਆਂ ਗੱਲਾਂ ਸੁਣਾਊ।"

"ਗੱਲ ਤਾਂ ਤੇਰੀ ਸੱਚੀ ਐ, ਬਈ ਜਦੋਂ ਆ ਕੇ, ਕਦੇ ਚੌਂਕੜੀ ਮਾਰ ਕੇ, ਕਦੇ ਪੈਰਾਂ ਭਾਰ ਬੈਠ ਕੇ, ਕਦੇ ਥੱਕ ਕੇ ਖਲੋ ਜਾਣਾ, ਪਰ ਗੱਲਾਂ ਦੀ ਲੜੀ ਨ੍ਹੀਂ ਟੁੱਟਣ ਦਿੰਦਾ ਸੀ। ਦੀਨ ਦੁਨੀਆਂ ਦੀ ਖ਼ਬਰ ਰੱਖਦਾ ਸੀ। ਉਹਦੇ ਬਿਨਾਂ ਤਾਂ ਯਾਰ ਆਪਣੀ ਪੁਲ਼ੀ ਵਾਲੀ ਚੌਂਕੜ ਹੀ ਟੁੱਟ ਗਈ, ਰਹਿ'ਗੇ ਢਾਕ ਕੇ ਤੀਨ ਪਾਤ, ਛਿੰਦਰ, ਭਿੰਦਰ ਤੇ ਜੱਗਰ, ਤੁਰ ਗਿਆ ਵੀਰ ਮੱਘਰ।"

"ਊਂ ਜੱਗਰਾ, ਮੱਘਰ ਦੀਆਂ ਗੱਲਾਂ 'ਚ ਦਮ ਹੁੰਦਾ ਸੀ। ਤੇ ਜੇ ਕਦੇ ਕਦਾਈਂ ਚੁੰਢੀ ਭੁੱਕੀ, ਜਾਂ ਮਾਵੇ ਦੀ ਮਾੜੀ ਮੋਟੀ ਡੋਜ਼ ਮਿਲੀ ਹੁੰਦੀ, ਫੇਰ ਤਾਂ ਰੰਗ ਹੀ ਬੰਨ੍ਹ ਦਿੰਦਾ ਸੀ। ਪਰ ਕੀ ਮਜਾਲ ਆਵਦੀ ਸਟੋਰੀ ਤੋਂ ਥਿੜਕ ਜਾਵੇ।"

"ਲੈ ਭਿੰਦਰ, ਜਾਮਣ ਸਾਰਿਆਂ ਨਾਲੋਂ ਕੱਚੀ ਲੱਕੜ ਹੁੰਦੀ ਐ। ਤੇ ਕੀ ਉਹ ਡਾਹਣੀ ਸੀ, ਮੇਰੀ ਬਾਂਹ ਵਰਗੀ ਸਹੁਰੀ। ਜੇ ਟੁੱਟ ਜਾਂਦੀ, ਉਹ ਥੱਲੇ ਡਿੱਗ ਪੈਂਦਾ। ਬੰਦੇ ਦਾ ਮਨ ਬਦਲ ਜਾਂਦੈ। ਖ਼ਵਰੇ ਵਿਚਾਰੇ ਦੀ ਜ਼ਿੰਦਗੀ ਬਚ ਹੀ ਜਾਂਦੀ। ਆਪਣੀ ਚੌਂਕੜ ਬਣੀ ਰਹਿੰਦੀ। ਪਰ ਟੈਮ, ਜਗ੍ਹਾ 'ਤੇ ਅਕਸਰ ਕੋਈ ਨਾ ਕੋਈ ਬਹਾਨਾ ਬਣਨਾ ਹੀ ਹੁੰਦਾ। ਪਤਾ ਨ੍ਹੀਂ ਮੱਘਰ ਦੇ ਕੀ ਵਰੋਲ਼ਾ ਉੱਠਿਆ ਹੋਊ?"

II

ਪੁਲ਼ੀ ਤੋਂ ਪੰਜ ਕੁ ਕਿੱਲੇ 'ਤੇ ਮੱਘਰ ਦੇ ਘਰ ਤੋਂ ਢਾਈ ਕਿੱਲਿਆਂ ਦੀ ਵਿੱਥ 'ਤੇ, ਦਰਮਿਆਨੇ ਜਿਹੇ ਕੱਦ ਪਰਿਵਾਰ ਵਾਲੀ ਹਰੀ ਭਰੀ ਜਾਮਣ ਮੱਘਰ ਤੇ ਰਮਣੇ ਦੀ ਸਾਂਝੀ ਵੱਟ ਉੱਤੇ ਅਹਿੱਲ ਖਲੋਤੀ ਸੀ। ਜਦੋਂ ਰਮਣੇ ਤੇ ਮੱਘਰ ਦੇ ਮੁੰਡੇ ਗਗਨੇ ਨੇ ਲਾਈ ਸੀ, ਤਾਂ ਮੱਘਰ ਨੇ ਕਿਹਾ ਸੀ, "ਓ ਭਲਿਓ! ਸਾਂਝੀ ਵੱਟ ਉੱਤੇ ਲਾਇਆ ਦਰਖ਼ਤ ਟੈਮ ਪਾ ਕੇ ਕਲੇਸ਼ ਦਾ ਘਰ ਬਣ ਜਾਂਦਾ ਹੁੰਦਾ ਐ। ਮੈਨੂੰ ਤਾਂ ਕੋਈ 'ਤਰਾਜ ਨ੍ਹੀਂ, ਕਿਤੇ ਤੁਸੀਂ ਨਾ ਆਪਸ 'ਚ ਕਦੇ ਮਰੋੜ ਖਾ ਜਾਇਓ।"

"ਲੈ ਵਾਹ ਉਏ ਤਾਇਆ ਤੇਰੇ! ਕੀ ਗੱਲ ਕਰਦੈਂ। ਵੇਖ ਜਾਮਣਾਂ ਖਾਣ ਨੂੰ ਇਹ ਆਪਣੀ ਸਾਂਝੀ ਤੇ ਜੇ ਕਦੇ ਤੇਰੇ ਚਿੱਤ 'ਚ ਏਸ ਨੂੰ ਵੇਚ-ਵੱਟ, ਪੱਟ ਪਟਾਈ ਕਰਨ ਦੀ ਗੱਲ ਆਵੇ, ਤਾਂ ਸਾਰੀ ਤੇਰੀ। ਲਿਆ ਵਹੀ, ਹੁਣੇ 'ਗੂਠਾ ਲਾਈਏ।"

ਤੇ ਮੱਘਰ ਨੇ ਹੱਸ ਕੇ ਕਿਹਾ ਸੀ, "ਠੀਕ ਐ, ਠੀਕ ਐ ਭਤੀਜ, ਮੈਂ ਤਾਂ ਥੋਨੂੰ ਐਵੇਂ ਜੋਹ ਕੇ ਵੇਂਹਦਾ ਸੀ।"

ਤੇ ਹੁਣ ਫੇਰ ਜਦੋਂ ਮੱਘਰ ਦੇ ਘਰ ਵਾਲੀ ਨਸੀਬੋ ਵਾਹੋ-ਦਾਹੀ ਜਾਮਣ ਵੱਲ ਭਜਦੀ ਹੋਈ ਲੇਰਾਂ ਮਾਰਦੀ ਜਾਂਦੀ ਸੀ; "ਨੀਂ ਔਸ ਜਾਏ ਖਾਣੀ ਜਾਮਣ ਨੇ, ਨੀਂ ਪੱਟ'ਤਾ ਸਾਡਾ ਘਰ।"

"ਛਿੰਦਰਾ, ਨਾ ਮੱਘਰ ਦਾ ਘਰਦਿਆਂ ਨਾਲ ਕੋਈ ਝਗੜਾ ਕਲੇਸ਼ ਹੋਇਆ, ਨਾ ਆਂਢੀ-ਗੁਆਂਢੀ, ਪਿੰਡ ਪੱਤੀ 'ਚ ਕੋਈ ਰਗੜਾ-ਝਗੜਾ, ਫੇਰ ਕੀ ਕਹਿ ਸਕਦੇ ਹਾਂ ਓਹਦੇ ਚਿੱਤ ਕੀ ਆਇਆ ਹੋਊ।"

"ਕਿਤੇ ਨਸ਼ੇ ਪਾਣੀ ਦੀ ਵਾਧ ਘਾਟ ਕਰਕੇ ਤਾਂ...?"

"ਨਾ-ਨਾ ਭਿੰਦਰਾ, ਉਹ ਇਉਂ ਨਸ਼ੇ ਦੇ ਥੱਲੇ ਨ੍ਹੀਂ ਲੱਗਿਆ ਸੀ, ਬਈ ਆਵਦੀ ਜਾਨ ਗਵਾ ਦਿੰਦਾ। ਊਂਅ ਹੂੰਅ ਉੱਕਾ ਈ ਨਹੀਂ।"

"ਉਹ ਤਾਂ ਸਗੋਂ ਆਹ ਨਵੀਂ ਅੱਗ-ਸਵਾਹ, ਚਿੱਟਾ, ਟੀਕੇ, ਗੋਲੀਆਂ, ਚਰਸ-ਚੁਰਸ ਦੇ ਉਲਟ ਪਿੰਡ 'ਚ ਹਰ ਗਲੀ-ਮੋੜ, ਚੌਂਕ ਚੌਂਹਟੇ 'ਚ ਤਵਾ ਲਾਈ ਰੱਖਦਾ ਸੀ, 'ਬਈ ਬਚ ਜਾਓ, ਬਚਾ ਲਓ ਆਵਦੇ ਜੁਆਕਾਂ ਨੂੰ। ਪੁਲਿਸ ਸਰਕਾਰ ਨ੍ਹੀਂ ਕੁਛ ਕਰਦੀ, ਆਵਦੀ ਹਿੰਮਤ ਕਰ ਕੇ ਬਚਾਉਣੇ ਪੈਣਗੇ ਭਰਾਵੋ।" ਹੁਣ ਤਾਂ ਸਗੋਂ ਦੋ ਕੁ ਮਹੀਨਿਆਂ ਦਾ, ਉਹ ਅਖਬਾਰ 'ਚੋਂ ਖ਼ਬਰਾਂ ਹੀ ਐਹੋ ਜੇਹੀਆਂ ਸੁਣਾਉਂਦਾ ਰਹਿੰਦਾ। 'ਬਈ ਹਾਰੀ-ਸਾਰੀ ਦੇ ਵੱਸ ਦਾ ਨਹੀਂ ਕਿ ਆਵਦੀ ਅਲਾਦ ਨੂੰ ਜਹਾਜ਼ ਚੜ੍ਹਾ ਦੇਵੇ। ਏਹ ਤਾਂ ਏਥੇ ਹੀ ਕੁਛ ਕਰਨਾ ਪਊ।'

ਤੇ ਸੱਚਮੁੱਚ ਹੁਣ ਤਾਂ ਜਦੋਂ ਦੀਆਂ ਪਾਊਡਰ ਵਾਲੇ ਨਸ਼ੇ ਨਾਲ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਦਿਨੋ ਦਿਨ ਵਧ ਰਹੀਆਂ ਸਨ, ਤੇ ਇਸ ਦੇ ਖ਼ਿਲਾਫ਼, ਸਮਝਦਾਰ ਡਾਕਟਰਾਂ, ਸਮਾਜਸੇਵੀਆਂ ਨੇ ਰੌਲ਼ਾ ਪਾਇਆ ਤੇ ਪੋਸਤ ਦੀ ਖੇਤੀ ਦਾ ਸੁਝਾਅ ਅਖ਼ਬਾਰਾਂ ਤੇ ਸੋਸ਼ਲ ਮੀਡੀਆ 'ਚ ਨਸ਼ਰ ਹੋਣ ਲੱਗਾ, ਤਾਂ ਪਿੰਡ 'ਚ ਉਹ ਅਖ਼ਬਾਰ ਸੁਣਾ ਸੁਣਾ ਕੇ ਉਨ੍ਹਾਂ ਦਾ ਝੰਡਾ-ਬਰਦਾਰ ਬਣ ਗਿਆ ਸੀ।

III

ਸੁਰੈਣਾਂ ਸਿਹੁੰ ਹਲ-ਵਾਹ ਜੱਟ ਸੀ। ਗਿਆਰਾਂ ਘੁਮਾਂ ਜੱਦੀ ਵੰਡ ਤੇ ਸੱਤ-ਅੱਠ ਘੁਮਾਂ ਰਹਿਨ ਗਹਿਣੇ ਲੈ ਕੇ ਵਾਹੁੰਦਾ ਸੀ। ਤਿੰਨਾਂ ਵਿਚੋਂ ਵੱਡੇ ਮੁੰਡੇ ਨੂੰ ਵਾਹੀ 'ਚ ਨਾਲ ਜੋੜ ਲਿਆ ਸੀ। ਵਿਚਕਾਰਲਾ ਲੈ ਦੇ ਕੇ ਦਸ ਜਮਾਤਾਂ ਪਾਸ ਕਰ ਕੇ ਰਾਜਸਥਾਨ ਰੋਡਵੇਜ਼ ਵਿਚ ਕੰਡਕਟਰ ਭਰਤੀ ਹੋ ਗਿਆ ਤੇ ਓਧਰੇ ਕਿਸੇ ਮੰਡੀ ਵਿਚ ਆਵਦਾ ਘਰ ਵਸਾ ਲਿਆ। ਛੋਟਾ ਮੱਘਰ ਵੀ ਪਿੰਡੋਂ ਪ੍ਰਾਇਮਰੀ ਪਾਸ ਕਰ ਕੇ ਸ਼ਹਿਰੋਂ ਹਾਈ ਸਕੂਲ ਵਿਚੋਂ ਦਸਵੀਂ ਨੂੰ ਹੱਥ ਪਾਉਣ ਲਈ ਟਪੂਸੀਆਂ ਮਾਰਦਾ ਰਿਹਾ, ਪਰ ਮੈਟ੍ਰਿਕ ਦਾ ਬਨੇਰਾ ਨਾ ਟੱਪ ਹੋਇਆ। ਅਖ਼ੀਰ 'ਚ ਨਾਲ ਦੇ ਪਿੰਡ ਦੇ ਸਕੂਲ ਦੇ ਸਾਥੀ, ਸੜਕ ਮਹਿਕਮੇ 'ਚ ਪੱਕੇ ਵਰਕ ਮੁਨਸ਼ੀ, ਪੰਡਤ ਸ਼ਾਮ ਲਾਲ ਨਾਲ ਕੱਚੇ ਵਰਕ ਮੁਨਸ਼ੀ ਵਜੋਂ ਕੰਮ ਕਰਦਾ ਰਿਹਾ। ਪੱਕਾ ਵਰਕ ਮੁਨਸ਼ੀ ਤਾਂ ਅਫ਼ਸਰਾਂ ਦੀ ਖ਼ੁਸ਼ਾਮਦ ਕਰਕੇ ਲੁੱਕ, ਬਜਰੀ ਤੇ ਸੀਮਿੰਟ ਦੀ ਵੇਚ

ਵੱਟਤ ਕਰਦਾ ਰਿਹਾ, ਪਰ ਜਦੋਂ ਮੱਘਰ ਦੀ ਮਹਿਕਮੇ ਦੇ ਬੇਲਦਾਰਾਂ ਵਿਚ ਪੜਤ ਬਣ ਗਈ ਤੇ ਉਹ ਲੁੱਕ ਵਾਲੇ ਦੋ ਖ਼ਾਲੀ ਡਰੰਮ ਦਾਰੂ ਕੱਢਣ ਵਾਲਿਆਂ ਨੂੰ ਚੁਕਾ ਬੈਠਾ ਤਾਂ ਉਹਦੇ ਨਾਲ ਪੰਡਤ ਨੇ ਪੰਗਾ ਖੜ੍ਹਾ ਕਰਕੇ ਜੇ.ਈ. ਤੋਂ ਲੈ ਕੇ ਐੱਸ.ਡੀ.ਓ. ਤਕ ਸ਼ਿਕਾਇਤ ਕਰ ਦਿੱਤੀ। ਮੱਘਰ ਸਿਹੁੰ ਨੇ ਸਾਹਬ ਅੱਗੇ ਬਥੇਰੇ ਤਰਲੇ ਕੀਤੇ, ਬਈ ਪੰਡਤ ਮੁਣਸ਼ੀ ਤਾਂ ਜੀ ਹੇਰਾ-ਫੇਰੀ ਤੋਂ ਬਿਨਾਂ ਕੁਛ ਕਰਦਾ ਹੀ ਨਹੀਂ ਸੀ। ਮੈਂ ਤੁਹਾਨੂੰ ਸਾਰੀਆਂ ਉਂਗਲਾਂ 'ਤੇ ਗਿਣ ਦਿੰਦਾ ਹਾਂ। ਮੇਰਾ ਕੰਮ ਤਾਂ ਤੁਸੀਂ ਜਨਾਬ ਵੇਖਿਆ ਈ ਹੈ। ਆਹ ਸੜਕ ਮੁੱਖ ਮੰਤਰੀ ਦੀ ਆਮਦ ਤੋਂ ਪਹਿਲਾਂ, ਐਸ ਚੌਂਹਟੇ 'ਚੋਂ ਪਿੰਡ ਦੀ ਸਾਰੀ ਫਿਰਨੀ ਤਕ ਦਸ ਦਿਨਾਂ ਵਿੱਚ ਪੱਕੀ ਬਣਾ ਦਿੱਤੀ ਸੀ। ਓਦੋਂ ਤੁਸੀਂ ਹੀ ਜਨਾਬ ਕਿਹਾ ਸੀ; 'ਬੱਲੇ ਓਏ ਤੇਰੇ ਮੱਘਰ ਸਿਹਾਂ, ਤੂੰ ਤਾਂ ਕੰਮ ਆਲ਼ੇ ਚੌਂਹਟੇ ਚੱਕ ਦਿੱਤੇ। ਤੈਨੂੰ ਤਾਂ ਮੈਂ ਪੱਕਾ ਕਰਵਾ ਕੇ ਹਟੂੰ। ਆਹ ਬਾਮ੍ਹਣ ਤਾਂ ਜਦੋਂ ਦਾ ਪੱਕਾ ਹੋਇਆ, ਮਟਰਗਸ਼ਤੀ 'ਤੇ ਹੀ ਰਹਿੰਦਾ ਐ। ਤੇ ਸਾਹਬ ਜੀ, ਹੁਣ ਤੁਸੀਂ ਓਸੇ ਪੰਡਤ ਦੇ ਆਖੇ ਮੈਨੂੰ ਨੌਕਰੀ ਤੋਂ ਜਵਾਬ ਦੇਈ ਜਾਂਦੇ ਹੋ। ਚਲੋ ਖਾਲੀ ਦੋ ਡਰੰਮ ਜੇ ਮੈਂ ਚੁਕਵਾ ਬੈਠਾ ਤਾਂ ਮੈਂ ਗਲਤੀ ਮੰਨਦਾ ਹਾਂ। ਮੈਂ ਥੋਨੂੰ ਜੀ ਭਰੇ ਭਰਾਏ ਲਿਆ ਦਿੰਦਾ ਹਾਂ। ਐਡਾ ਕੀ ਜੀ ਲੋਹੜਾ ਆ ਗਿਆ ?'

"ਮੱਘਰ ਸਿਹਾਂ, ਇਉਂ ਈ ਲੋਹੜਾ ਆਉਂਦਾ ਹੁੰਦਾ।" ਪੰਡਤ ਮੁਣਸ਼ੀ ਨੇ ਉਹਦੀ ਇਕ ਨਾ ਚੱਲਣ ਦਿੱਤੀ। ਤੇ ਮੱਘਰ ਸਿਹੁੰ ਸੜਕ ਮਹਿਕਮੇ 'ਚੋਂ, ਚੌਂਹਟੇ ਚੱਕ ਦਾ ਖ਼ਿਤਾਬ, ਪੁਰਾਣਾ ਸਾਈਕਲ ਤੇ ਅਖ਼ਬਾਰ ਚੁੱਕ ਕੇ ਘਰੇ ਆ ਗਿਆ। ਆਵਦੇ ਆਪ ਨੂੰ ਹੌਂਸਲਾ ਦਿੱਤਾ, 'ਚਲੋ ਕੇਸ ਲੜ ਕੇ ਵੇਖਾਂਗੇ, ਭਾਵੇਂ ਹਾਈਕੋਰਟ ਨਾ ਜਾਣਾ ਪਵੇ।' ਜਦੋਂ ਕੰਮ ਸੂਤ ਨਾ ਆਇਆ ਤਾਂ ਮਾਂ ਕਹਿੰਦੀ, 'ਪਨੀਰ ਪੁੱਤ ਦੁੱਧ 'ਚੋਂ ਨਿਕਲਦਾ ਹੁੰਦਾ, ਲੱਸੀ 'ਚੋਂ ਨਹੀਂ। ਨਾ ਪਾਣੀ 'ਚ ਮਧਾਣੀ ਪਾ। ਬਹਿ ਜਾ ਘਰੇ ਟਿਕ ਕੇ, ਜਵਾਕ ਜੱਲੇ ਨੂੰ ਸੰਭਾਲ, ਐਵੇਂ ਨਾ ਖਫ਼ਾ-ਖੂਨ ਹੁੰਦਾ ਫਿਰ।"

ਪੈਲ਼ੀਆਂ ਦੇ ਭਾਅ ਅਤੇ ਠੇਕੇ ਵਧਣ ਕਰ ਕੇ ਸੁਰੈਣ ਸਿਹੁੰ ਕੋਲੋਂ ਹੌਲੀ ਹੌਲੀ ਗਹਿਣੇ-ਰਹਿਨ ਕੀਤੀਆਂ ਪੈਲ਼ੀਆਂ ਛੁੱਟ ਗਈਆਂ। ਕਈਆਂ ਦੇ ਕੇਸ ਝਗੜੇ ਵੀ ਚੱਲੇ। ਜਿਹੜੇ ਚਾਰ ਛਿੱਲੜ ਮੁੰਡੇ ਕੁੜੀਆਂ ਵਿਆਹੁਣ ਪਿੱਛੋਂ ਜੁੜੇ ਸੀ, ਉਹ ਵੀ ਖੁਰ ਗਏ। ਉਮਰੋਂ ਵੀ ਥੱਕ ਚੁੱਕਾ ਸੀ। ਘਰ 'ਚ ਜੀਆਂ ਦੇ ਵਧਣ ਨਾਲ ਕਾਟੋ ਕਲੇਸ਼ ਵੀ ਵਧ ਗਿਆ। ਸੁਰੈਣਾ ਸਿਹੁੰ ਖਿੱਝਣ ਲੱਗ ਪਿਆ। ਅਖ਼ੀਰ 'ਚ ਵੱਡੇ ਮੁੰਡੇ ਬਲਰਾਜ ਦੇ ਟੱਬਰ ਨੂੰ ਆਵਦੇ ਨਾਲ ਰੱਖ ਲਿਆ, ਤਿੰਨ ਕਿੱਲੇ ਉਹਦਾ ਹਿੱਸਾ, ਤਿੰਨ ਕਿੱਲੇ ਕੰਡਕਟਰ ਦਾ ਹਿੱਸਾ ਤੇ ਦੋ ਕਿੱਲੇ ਆਵਦੇ ਦੋਹਾਂ ਜੀਆਂ ਦੀ, ਅੱਠ ਕਿੱਲਿਆਂ ਦੀ ਵਾਹੀ ਸੰਭਾਲ ਕੇ, ਮੱਘਰ ਨੂੰ ਤਿੰਨ ਕਿੱਲੇ ਦੇ ਕੇ ਅੱਡ ਕਰ ਦਿੱਤਾ। ਸਾਂਝੇ ਘਰ ਦੀ ਕੀਮਤ ਪਾ ਕੇ ਉਹਨੂੰ ਪੈਸੇ ਦੇ ਦਿੱਤੇ।

ਮੱਘਰ ਸਿਹੁੰ ਨੇ ਸਿਆਣਪ ਕੀਤੀ, ਪੈਸੇ ਘਰ ਵਾਸਤੇ ਥਾਂ ਖ਼ਰੀਦਣ 'ਤੇ ਨਹੀਂ ਗੁਆਏ। ਉਹਨੇ ਆਵਦੇ ਤਿੰਨ ਕਿੱਲਿਆਂ ਦੀ ਇਕ ਨੁਕਰੇ, ਪੱਕੇ ਖਾਲ਼ ਤੋਂ ਥੋੜ੍ਹਾ ਹਟਵਾਂ, ਕੋ ਕਮਰਿਆਂ ਦੇ ਮੂਹਰੇ ਵਰਾਂਡਾ, ਝਲਾਨੀ ਤੇ ਪਸ਼ੂਆਂ ਤੇ ਤੂੜੀ ਲਈ ਛੱਪਰ-ਛਤੜਾ ਛੱਤ ਲਿਆ। ਤੇ ਢਾਣੀ ਮੱਘਰ ਸਿਹੁੰ ਵਸ ਗਈ। ਬੰਦਾ ਵਿਉਂਤੀ ਸੀ। ਉਠ-ਬਲਦ ਦੇ ਹਲ ਜੋਗੀ ਜ਼ਮੀਨ ਹੈ ਨ੍ਹੀਂ ਸੀ, ਦੁੱਧ ਵਾਸਤੇ ਦੋ ਪਸ਼ੂ ਰੱਖ ਕੇ ਵਹਾਈ ਦਾ ਕੰਮ ਬੂਟੇ ਢਾਣੀ ਵਾਲੇ ਦੇ ਟਰੈਕਟਰ ਤੋਂ ਮੁੱਲ 'ਤੇ ਕਰਵਾ ਲੈਂਦਾ ਸੀ।

ਮੁੰਡਾ ਕੁੜੀ ਤੇ ਘਰ ਵਾਲੀ ਨਾਲ ਮੱਘਰ ਨੂੰ ਇਕ ਵਾਰੀ ਤਾਂ ਢਾਣੀ 'ਚ ਆ ਕੇ ਸੁਖ ਦਾ ਸਾਹ ਆਉਂਦਾ ਦਿੱਸਿਆ। ਖੁੱਲ੍ਹਾ-ਡੁੱਲ੍ਹਾ ਸਾਫ਼ ਹਵਾ-ਪਾਣੀ, ਤੜਕੇ ਉੱਠਣਸਾਰ ਹਰਿਆਵਲ ਮੱਥੇ ਲੱਗਣੀ। ਪਿੰਡੋਂ ਖੇਤ ਆਉਣ 'ਚ ਘੌਲ਼ ਹੋ ਜਾਂਦੀ ਸੀ। ਪਰ ਏਥੇ ਉੱਠਣਸਾਰ ਕੰਮ ਉੱਤੇ ਲੱਗ ਜਾਣਾ। ਮੁੰਡਾ ਕੁੜੀ ਪਿੰਡ ਸਕੂਲ ਪੜ੍ਹਨ ਜਾਂਦੇ, ਨਾਲੇ ਦੁੱਧ ਡੇਅਰੀ 'ਤੇ ਪਾਉਣ ਲਈ ਲੈ ਜਾਂਦੇ। ਮੱਘਰ ਦੇ ਘਰ ਵਾਲੀ ਨਸੀਬ ਕੁਰ ਘਰ ਦਾ ਕੰਮ ਮੁਕਾ ਕੇ ਉਹਦੇ ਕੋਲ਼ ਆ ਕੇ ਮੱਘਰ ਦੇ ਕੰਮ ਵਿਚ ਵੀ ਹੱਥ ਵਟਾ ਦਿੰਦੀ।

ਪਰ ਜਦੋਂ ਜੁਵਾਕ ਵੱਡੇ ਹੋਣ ਲੱਗ ਪਏ, ਨਰਮੇ ਨੂੰ ਕਦੇ ਸੁੰਡੀ, ਕਦੇ ਚਿੱਟੀ ਮੱਖੀ ਪੈਣ ਲੱਗ ਪਈ। ਜ਼ਹਿਰ ਦੀ ਸਪਰੇਅ ਪਿੱਛੋਂ ਸਪਰੇਅ ਹੋਣ ਲੱਗ ਪਈ। ਨਰਮੇ ਪਿੱਛੋਂ ਪਛੇਤੀ ਕਣਕ ਨੂੰ ਕਦੇ

ਤੇਲਾ, ਕਦੇ ਕੁੰਗੀ ਪੈਣ ਲੱਗ ਪਈ। ਖ਼ਰਚੇ ਵਧਣ ਤੇ ਆਮਦਨ ਘਟਣ ਲੱਗ ਪਈ। ਫੇਰ ਮੱਘਰ ਸਿਹੁੰ ਨੂੰ ਸਾਫ਼ ਅਸਮਾਨ, ਚਿੜੀਆਂ ਮੋਰਾਂ ਜਨੌਰਾਂ ਦੇ ਸੁਰੀਲੇ ਗਾਉਣ ਚੰਗੇ ਲੱਗਣੋਂ ਹਟ ਗਏ। ਸਪਰੇਆਂ ਦੀ ਬਦਬੂ ਦਾ ਸਾਰਾ ਟੱਬਰ ਹੌਲੀ ਹੌਲੀ ਆਦੀ ਹੋ ਗਿਆ।

ਮੱਘਰ ਸਪਰੇਅ ਕਰਦਾ, ਨਸੀਬੋ ਦਵਾਈ ਪਾਣੀ ਦੀ ਭਰੀ ਢੋਲਕੀ ਮੱਘਰ ਨੂੰ ਪਿੱਠ ਉੱਤੇ ਚੁਕਾਉਂਦੀ ਹੋਈ ਕਦੇ ਕਦੇ ਕਹਿੰਦੀ; "ਚੌਂਹਟੇ ਚੱਕਾ, ਇਉਂ ਕਿੰਨਾ ਕੁ ਚਿਰ ਚੱਲੂਗਾ? ਕਿਵੇਂ ਪੂਰੀ ਪਊਗੀ?"

"ਕੋਈ ਨ੍ਹੀਂ ਭਾਗਵਾਨੇ, ਦੁਨੀਆਂ ਦੇ ਨਾਲ ਈ ਹਾਂ। ਆਂਹਦੇ ਐ ਨਰਮੇ ਦੇ ਏਹੋ ਜੇਹੇ ਬੀ.ਟੀ. ਬੀਅ ਆ ਜਾਣਗੇ, ਜਿਨ੍ਹਾਂ ਨੂੰ ਸੁੰਡੀ ਬਿਮਾਰੀ ਪੈਂਦੀ ਹੀ ਨ੍ਹੀਂ। ਫੇਰ ਛੁੱਟੂ ਏਸ ਢੋਲਕੀ ਤੋਂ ਖਹਿੜਾ ਹੱਸ ਕੇ ਕਹਿੰਦਾ, "ਪਰ ਉਂਅ ਨਸੀਬ ਕੁਰੇ ਏਸ ਜ਼ਹਿਰ 'ਚ ਵੀ ਨਸ਼ਾ ਐ, ਲੋਰ ਬੱਝ ਜਾਂਦੀ ਐ। ਮੌਰਾਂ 'ਤੇ ਧਰੀ ਢੋਲਕੀ ਧੱਕੀ ਤੁਰੀ ਜਾਂਦੀ ਐ ਓਦੋਂ ਪਤਾ ਲਗਦਾ, ਜਦੋਂ ਵਾਹਣ ਦਾ ਅਗਲਾ ਸਿਰਾ ਆ ਜਾਂਦਾ।"

"ਵੇਖੀਂ ਕਿਤੇ ਚੰਦਰਿਆ, ਦਾਰੂ ਵਾਂਗੂੰ ਏਹਦੀ ਘੁੱਟ ਨਾ ਲਾਉਣ ਲੱਗ ਪਈਂ। ਦਫ਼ਾ ਕਰ ਏਹੋ ਜੇਹੀ ਲੋਰ-ਮਸਤੀ ਨੂੰ, ਤੈਨੂੰ ਮੈਂ ਦੱਸਾਂ।"

ਮੱਘਰ ਫੇਰ ਹੱਸਿਆ;"ਘੁੱਟ ਨਾਲ ਤਾਂ ਏਹ ਕਰ ਦਿੰਦੀ ਆ ਬੰਦੇ ਨੂੰ ਕਿਰਲੀ ਵਾਂਗ ਚਿੱਤ, ਪਰ ਜੇਹੜੇ ਰੋਜ਼ ਠੇਕੇ 'ਤੇ ਸਪਰੇ ਦੀਆਂ ਢੋਲਕੀਆਂ ਕਰਦੇ ਐ, ਗਰੀਬ-ਗੁਰਬੇ, ਜਦੋਂ ਓਹਨਾਂ ਨੂੰ ਕੋਈ ਹੋਰ ਨਸ਼ਾ ਪੱਤਾ ਨਾ ਮਿਲੇ, ਤਾਂ ਉਹ ਦਵਾਈ ਵਾਲੀ ਬੋਤਲ ਵਿੱਚੋਂ ਘਾਹ ਦਾ ਤਿਣਕਾ ਡੁਬੋ ਕੇ ਪਾਣੀ ਵਾਲੇ ਗਲਾਸ ਵਿਚ ਘੋਲ ਕੇ ਪੀ ਜਾਂਦੇ ਐ। ਵੇਖ ਲੈ ਸਹੁਰੇ ਮਰਨ ਤੋਂ ਨ੍ਹੀਂ ਡਰਦੇ।"

"ਬਸ ਕਰ, ਬਸ ਕਰ, ਜੁਆਕ ਜੱਲਿਆਂ ਵੰਨੀ ਵੇਖ, ਕਬੀਲਦਾਰੀ ਵੱਲ ਵੇਖ। ਦਫ਼ਾ ਕਰ ਨਰਮੇ ਕਪਾਹ ਨੂੰ, ਕੁਛ ਹੋਰ ਅਦਲ ਬਦਲ ਕਰ ਕੇ ਵੇਖ।"

IV

ਪਿਛਲੇ ਕਈ ਸਾਲਾਂ ਤੋਂ ਸਿਆਲ ਵਿਚ ਆ ਕੇ ਗੰਢੇ ਮਹਿੰਗੇ ਹੋ ਜਾਂਦੇ। ਕਈ ਵਾਰੀ ਤਾਂ ਸੇਬਾਂ ਤੋਂ ਵੀ ਮਹਿੰਗੇ ਹੋ ਜਾਂਦੇ।

"ਲੈ ਦੋ ਤਿੰਨ ਰਪੱਈਆਂ ਨੂੰ ਰੁਲਦਾ ਫਿਰਦਾ ਸੀ, ਅਖੇ ਅੱਸੀ ਰਪਈਏ ਕਿੱਲੋ। ਹੇਖਾਂ... ਗੰਢੇ ਨਾ ਹੋ ਗਏ ਕਿਤੇ...", ਨਸੀਬ ਕੁਰ ਇੱਕ ਦਿਨ ਚਾਹ ਪਿਆਉਂਦੀ, ਮੱਘਰ ਨੂੰ ਮੂੰਹ ਬਣਾ ਸਵਾਰ ਕੇ ਕਹਿੰਦੀ; "ਸੁਣ ਚੌਂਹਟੇ ਚੱਕਾ, ਛੱਡ ਪਰ੍ਹੇ ਪਛੇਤੀ ਕਣਕ ਨੂੰ, ਐਤਕੀਂ ਗੰਢਿਆਂ ਦੀ ਫੱਕ ਲਾ ਦੇ। ਐਸ ਘਰ ਨਾਲ ਦੇ ਖੇਤ ਵਿਚ ਬਰਸੀਮ ਨੂੰ ਛੱਡ ਕੇ ਬਾਕੀ ਸਾਰੀਆਂ ਛੀਏ ਕਨਾਲਾਂ ਗੰਢੇ ਲਾ ਕੇ ਵੇਖੀਏ। ਅੱਸੀ ਰਪੱਈਏ ਨਾ ਸਹੀ, ਵੀਹਾਂ ਨੂੰ ਤਾਂ ਵਿਕਣਗੇ ਹੀ। ਮੰਨ ਲੈ ਤੂੰ ਮੇਰੀ ਗੱਲ। ਸੁੱਖ ਨਾਲ ਸਾਰਾ ਟੱਬਰ ਬੈਠ ਕੇ ਗੁਡ ਪਾਇਆ ਕਰੂ।"

"ਵੇਖ ਲੈ 'ਸੀਬੋ, ਏਹ ਸਬਜ਼ੀ ਭਾਜੀ ਦਾ ਬਾਰੀਕੀ ਜਾਅ ਕੰਮ ਔਖਾ ਬਹੁਤ ਹੁੰਦਾ ਐ। ਮੈਂ ਤਾਂ ਕੱਲ੍ਹ ਨੂੰ ਮੰਡੀਓਂ ਗੰਢਿਆਂ ਦਾ ਬੀਅ ਲੈ ਆਉਂਦਾ ਹਾਂ।"

"ਤੂੰ ਮਖਿਆ ਚਿੰਤਾ ਨਾ ਕਰ। ਲਿਆ ਬੀਅ 'ਕੇਰਾਂ। ਏਹ ਅਦਲ ਬਦਲ ਤਾਂ ਕਰਨਾ ਹੀ ਪਊ। ਕਿੰਨਾ ਕੁ ਚਿਰ ਨਰਮੇ ਦੇ ਮੂੰਹ ਵੱਲ ਵੇਖੀ ਜਾਵਾਂਗੇ।"

ਨਰਮੇ ਪਿੱਛੋਂ ਪੈਲ਼ੀ ਵਾਹ-ਸੁਆਰ ਕੇ ਤਿਆਰ ਕਰ ਲਈ। ਘਰ ਦੀ ਰੂੜੀ-ਕੂੜਾ ਪਾ ਕੇ ਵਾਹ-ਸੁਹਾਗ ਕੇ ਕਿਆਰੀਆਂ ਬਣਾ ਦਿੱਤੀਆਂ। ਫੱਕ-ਪਨੀਰੀ ਤਿਆਰ ਸੀ।

"ਲੈ ਨਸੀਬ ਕੁਰੇ, ਗੰਢੇ ਤਾਂ ਲਏ ਆਪਾਂ ਲਾ। ਪਰ ਗੁਡ ਪਾਉਂਦਿਆਂ ਦੀ ਢੂਈ ਟੁੱਟ ਜਿਆ ਕਰੂ। ਮੇਰੀ ਮੰਨੇ ਤਾਂ ਦੋ ਸੇਰ ਥਿੰਦੇ ਦੀ ਪੰਜੀਰੀ ਰਲ਼ਾ ਲੈ, ਔਖੀ ਸੌਖੀ।"

"ਚੰਗਾ, ਵੇਖਦੀ ਹਾਂ ਘਿਉ ਕਿੰਨਾ ਕੁ ਜੁੜਿਆ ਪਿਆ।"

"ਲੈ ਪੁੱਤ ਗਗਨਿਆਂ, ਚਾਰ ਕੁ ਚੀਜ਼ਾਂ ਕਾਪੀ ਉੱਤੇ ਲਿਖ ਲੈ, ਸਕੂਲੋਂ ਆਉਂਦਾ ਪੰਡਤ ਦੀ

ਹੱਟੀ ਤੋਂ ਫੜੀ ਲਿਆਈਂ। ਇਉਂ ਕਰ, ਚੱਲ ਮਗਜਾਂ ਨੂੰ ਛੱਡ ਤੂੰ ਲਿਆਈਂ ਜਮੈਣ, ਖੋਪੇ ਦੀ ਠੂਠੀ, ਕਾਲੀਆਂ ਮਿਰਚਾਂ ਤੇ ਖਸ-ਖਸ। ਆਹ ਫੜ ਪੰਜਾਹਾਂ ਦਾ ਨੋਟ। ਬਚਿਆਂ 'ਚੋਂ ਕੁਛ ਖਾ ਪੀ ਲਈਂ, ਜੇ ਹੋਰ ਬਚੇ ਤਾਂ ਮੈਨੂੰ ਮੋੜ ਦੇਈਂ।"

ਹੱਟੀ ਵਾਲਾ ਪੰਡਤ ਪੰਜਾਹਾਂ ਦਾ ਨੋਟ ਤੇ ਚੀਜ਼ਾਂ ਦੀ ਲਿਸਟ ਵੇਖ ਕੇ ਹੱਸ ਪਿਆ।

"ਗਗਨਿਆਂ ਪੁੱਤ, ਤੂੰ ਮੁੰਡਾ ਵੀ ਚੌਂਹਟੇ ਚੱਕ ਦਾ ਐਂ, ਹੁਣ ਤੈਨੂੰ ਸ਼ੇਰਾ ਕੀ ਜਵਾਬ ਦੇਵਾਂ।"

ਓਹਨੇ ਇਕ ਖੋਪੇ ਦੀ ਠੂਠੀ ਤੇ ਦੋ ਪੁੜੀਆਂ ਜਵੈਣ ਤੇ ਕਾਲੀ ਮਿਰਚ ਦੀਆਂ ਬੰਨ੍ਹ ਦਿੱਤੀਆਂ।

"ਲੈ ਹੁਣ ਤੇਰੇ ਬਚ ਗਏ ਦਸ ਰਪੱਈਏ। ਖਸ-ਖਸ ਬਿਨਾਂ ਸਾਰ ਲਉਂਗੇ, ਕਿ ਦੇਵਾਂ?"

"ਵੇਖ ਲੈ ਬਾਬਾ, ਬੀਬੀ ਨੇ ਤਾਂ ਮੰਗਾਈ ਐ।"

"ਚੱਲ ਯਾਰ ਤੂੰ ਘਰ ਦਾ ਮੁੰਡਾ ਐਂ, ਪੋਤਰਿਆ, ਲੈ ਜਾ।"

ਉਹਨੇ ਦੋ ਚਮਚੇ ਖਸ-ਖਸ ਦੇ ਪਾ ਕੇ ਪੁੜੀ ਬੰਨ੍ਹ ਦਿੱਤੀ। ਗਗਨੇ ਨੂੰ ਦੋ ਪਤਾਸਿਆਂ ਦਾ ਰੂੰਗਾ ਦੇ ਦਿੱਤਾ।

ਚੱਲ੍ਹੇ 'ਤੇ ਕੜਾਹੀ ਚੜ੍ਹਾਈ ਬੈਠੀ, ਆਟਾ ਭੁੰਨਦੀ ਮਾਂ ਨੂੰ ਗਗਨੇ ਨੇ ਆ ਕੇ ਲਫਾਫੀ ਫੜਾ ਦਿੱਤੀ। ਜਵੈਣ ਦੀ ਪੁੜੀ ਖੋਲ੍ਹ ਕੇ ਤਲੀ 'ਤੇ ਮਲ ਕੇ ਫੂਕ ਮਾਰ ਕੇ ਸਾਫ਼ ਕਰਕੇ ਰੱਖ ਲਈ। ਕਾਲੀਆਂ ਮਿਰਚਾਂ ਚੁਗ ਕੇ ਸਾਫ਼ ਕਰ ਲਈਆਂ, ਖੋਪੇ ਦੀ ਠੂਠੀ ਧੋ ਸਵਾਰ ਕੇ ਬਾਰੀਕ ਕੱਟ ਕੇ ਰੱਖ ਲਈ। ਜਦੋਂ ਖਸ-ਖਸ ਦੀ ਪੁੜੀ ਖੋਲ੍ਹੀ ਤਾਂ ਦੰਗ ਰਹਿ'ਗੀ।

"ਵੇ ਆਹ ਚੂੰਢੀ ਭਰ ਖਸ-ਖਸ। ਪੰਜਾਹਾਂ ਦਾ ਨੋਟ ਦਿੱਤਾ ਸੀ ਤੈਨੂੰ, ਏਹ ਕੀ ਲਿਆਇਆਂ ਤੂੰ ਠੱਗ ਬਾਮ੍ਹਣ ਤੋਂ?"

"ਪੂਰੇ ਦਸਾਂ ਰੁਪਈਆਂ ਦੀ ਐ ਬੀਬੀ। ਪਹਿਲਾਂ ਤਾਂ ਕਹਿੰਦਾ ਸੀ ਏਨੇ ਦੀ ਆਉਂਦੀ ਨਹੀਂ, ਫੇਰ ਲਿਹਾਜ਼ ਕਰਕੇ ਦੇ ਦਿੱਤੀ।"

"ਆਉਂਦੀ ਨ੍ਹੀਂ, ਓਹਦੇ ਪਿਉ ਦਾ ਸਿਰ। ਦਸਾਂ ਦੀ ਤਾਂ ਆ ਜਾਂਦੀ ਲੱਪ ਭਰ ਕੇ।"

ਨਸੀਬੋ ਦਾ ਰੌਲਾ ਸੁਣ ਕੇ ਮੱਘਰ ਬਾਹਰੋਂ ਗੰਢਿਆਂ 'ਚੋਂ ਗੁਡ ਪਾਉਂਦਾ ਉੱਠ ਕੇ ਘਰੇ ਆ ਗਿਆ।"ਕਿਉਂ ਕਾਂਵਾਂ ਰੌਲੀ ਪਾਈ ਐ? ਕੀ ਹੋ ਗਿਆ?"

"ਆਹ ਵੇਖ ਲੈ ਦਸਾਂ ਦੀ ਖਸ-ਖਸ। ਹਰਾਮੀ ਨੇ ਜਵਾਕ ਵੇਖ ਕੇ ਲੁੱਟ ਲਿਆ।"

"ਚੁੱਪ ਕਰ। ਟਿਕ ਜਾਅ। ਆ ਜਾਂਦੀ ਸੀ, ਹੁਣ ਨ੍ਹੀਂ ਆਉਂਦੀ। ਭੁੱਕੀ ਤਾਂ ਪੰਜ ਹਜ਼ਾਰ ਨੂੰ ਹੋਈ ਪਈ ਐ, ਤੇ 'ਫੀਮ ਤਾਂ ਹੁਣ ਕਿਸੇ ਆਮ ਬੰਦੇ ਦੇ ਵੱਸ ਦੀ ਨਹੀਂ ਰਹੀ। ਤੇ ਤੈਨੂੰ ਹੋਰ ਦਸ ਰੁਪੱਈਆਂ 'ਚ ਉਹ ਖਸ-ਖਸ ਦਾ ਗੜਵਾ ਭਰ ਦਿੰਦਾ। ਏਹ ਚੀਜਾਂ ਕਮਲੀਏ ਹੁਣ ਤੇਰੇ ਮੇਰੇ ਅਰਗੇ ਦੇ ਮੁੱਲ ਲੈਣ ਦੀਆਂ ਨ੍ਹੀਂ ਰਹਿ ਗਈਆਂ। ਸੌ ਰੋਗਾਂ ਦੀ ਦਵਾਈ ਸੀ ਖਸ-ਖਸ, ਸਿਆਲ'ਚ ਖੰਘ-ਜੁਕਾਮ ਤੋਂ, ਮੋਢਾ-ਗੋਡਾ ਦੁਖਦੇ ਤੋਂ ਏਹੀ ਕੰਮ ਆਉਂਦੀ ਸੀ। ਪਰ ਹੁਣ ਇਹ ਆਵੇ ਕਿੱਥੋਂ?"

ਮੱਘਰ ਨੇ ਖਸ-ਖਸ ਦੀ ਪੁੜੀ ਵਿਚੋਂ ਚੁਟਕੀ ਭਰ ਲਈ ਤੇ ਬਾਹਰ ਨਿਕਲ ਗਿਆ। ਥੋੜ੍ਹਾ ਜਿਹਾ ਖਾ ਸੰਵਾਰ ਕੇ, ਵੱਤਰ ਮਿੱਟੀ 'ਚ ਚੂੰਢੀ ਖਸ-ਖਸ ਦੀ ਖਿਲਾਰ ਦਿੱਤੀ। ਰੋਜ਼ ਪਾਣੀ ਦਾ ਛਿੱਟਾ ਮਾਰਦਾ ਰਿਹਾ। ਖਸ-ਖਸ ਦੇ ਦਾਣੇ ਪੁੰਗਰ ਪਏ। ਪਨੀਰੀ ਤਿਆਰ ਹੋ ਗਈ।

ਗੰਢਿਆਂ ਦੇ ਖੇਤ ਦੀਆਂ ਵਿਚਕਾਰਲੀਆਂ ਵੱਟਾਂ ਉੱਤੇ ਉਹਨੇ ਪੋਸਤ ਦੀ ਪਨੀਰੀ ਦੇ ਬੂਟੇ ਬਣਾ ਸੰਵਾਰ ਕੇ ਲਾ ਦਿੱਤੇ। ਟਾਇਮ ਨਾਲ ਜਦੋਂ ਬੂਟਿਆਂ ਦੇ ਸੋਹਣੇ ਸੁਰਖ ਫੁੱਲ ਖਿੜੇ ਤਾਂ ਮੱਘਰ ਸਿਹੁੰ ਚੌਂਹਟੇ ਚੱਕ ਦਾ ਚਿੱਤ ਵੀ ਖਿੜ ਉੱਠਿਆ।

"ਚੌਂਹਟੇ ਚੱਕਾ! ਹਾਅ ਏਨੇ ਸੋਹਣੇ ਫੁੱਲ ਵੱਟਾਂ ਉੱਤੇ ਕਾਹਦੇ ਲੱਗੇ ਐ?"

ਗੰਢਿਆਂ ਦੀਆਂ ਕਿਆਰੀਆਂ 'ਚ ਪਾਥੀਆਂ ਦੀ ਸਵਾਹ ਦਾ ਛੱਟਾ ਮਾਰਦੀ ਨਸੀਬੋ ਨੇ ਇੱਕ ਦਿਨ ਮੱਘਰ ਨੂੰ ਪੁੱਛਿਆ, "ਓਦੋਂ ਹੱਟੀ ਆਲ਼ੇ ਪੰਡਤ ਨੂੰ ਐਵੇਂ ਗਾਲ੍ਹਾਂ ਕੱਢੀ ਜਾਂਦੀ ਸੀ, ਬਈ ਚੂੰਢੀ ਖਸ-ਖਸ ਦੀ ਦੇ ਕੇ ਮੁੰਡੇ ਨੂੰ ਠੱਗ ਲਿਆ। ਹੁਣ ਵੇਖੀਂ ਘਰ ਦੀ ਖਸ-ਖਸ ਦਾ ਨਜ਼ਾਰਾ। ਭਾਵੇਂ ਦੁੱਧ

'ਚ ਉਬਾਲ ਕੇ ਪੀ ਲਵੀਂ, ਭਾਵੇਂ ਪੰਜੀਰੀ ਜਮਾਉਣੇ ਰਲਾ ਲਈਂ ਤੇ ਭਾਵੇਂ ਠੰਡਿਆਈਆਂ ਘੋਟ ਘੋਟ ਪੀ ਲਈਂ, ਆਪਾਂ ਨੂੰ ਘਰ ਜੋਗੀ ਬਥੇਰੀ ਹੋ ਜਾਊਗੀ। ਬਚਦੇ ਬੂਟੇ, ਡੋਡਿਆਂ ਦੇ ਛਿੱਲੜ ਸਮੇਤ ਕੁੱਟ ਕੇ ਤੌੜੀ 'ਚ ਪਾ ਕੇ ਰੱਖ ਲਵਾਂਗੇ। ਹਾੜ੍ਹੀ ਵੱਢਣ ਵੇਲੇ ਕਈ ਤਲੀ ਲਾ ਲਿਆ ਕਰਾਂਗੇ। ਆਈ ਸਮਝ? ਪਰ ਏਸ ਪਾਸੇ ਕਿਸੇ ਓਪਰੇ ਨੂੰ ਨਾ ਵੜਣ ਦੇਈਂ, ਐਵੇਂ ਕੋਈ ਸ਼ਕੈਤੀਆਂ ਪੰਗਾ ਨਾ ਖੜ੍ਹਾ ਕਰ ਦੇਵੇ।"

"ਲੈ ਚੌਂਹਟੇ ਚੱਕਾ, ਆਪਾਂ ਕਿਹੜਾ ਇਹ ਮੰਡੀ ਲਿਜਾ ਕੇ ਵੇਚਣੀ ਐ, ਸੁੱਖ ਨਾਲ ਘਰੇ ਦੁਖਦੇ ਸੁਖਦੇ ਕੰਮ ਆਉਣ ਜੋਗੀ ਹੋ ਜਾਊ।"

ਵੱਟਾਂ ਉੱਤੇ ਬੂਟੇ ਜਦੋਂ ਲੱਕੋਂ ਉੱਚੇ ਹੋ ਗਏ, ਟੂਸਿਆਂ ਉੱਤੇ ਸੱਜਰੇ ਫੁੱਲ ਤੇ ਥੱਲੇ ਝੜ ਚੁੱਕੇ ਫੁੱਲਾਂ ਦੀ ਥਾਂ ਡੋਡੇ ਗੁਲਾਬ ਵਾਂਗ ਮਹਿਕਾਂ ਛੱਡਣ ਲੱਗ ਪਏ। ਦੂਰੋਂ ਖਾਲ਼ ਦੀ ਵੱਟ ਉੱਤੇ ਤੁਰੇ ਜਾਂਦੇ ਪਾਣੀ ਲਾਉਣ ਵਾਲਿਆਂ ਦੀ ਨਿਗ੍ਹਾ ਤੋਂ ਕਿਵੇਂ ਬਚਦੇ? ਭਾਵੇਂ ਨਸੀਬੋ ਤੇ ਮੱਘਰ ਨੇ ਕੱਖ-ਕੰਡੇ ਨਾਲ ਬਥੇਰਾ ਲੁਕੋਣ ਦਾ ਯਤਨ ਕੀਤਾ। ਕਦੇ ਕਿਸੇ ਪੱਕੇ ਹੋਏ ਡੋਡੇ ਨੂੰ ਮੱਘਰ ਨਹੁੰ ਦਾ ਪੱਛ ਲਾ ਦਿੰਦਾ ਤੇ ਅਗਲੇ ਦਿਨ ਤੜਕੇ ਗੁਲਾਬੀ-ਭੂਰਾ ਜਿਹਾ ਦੁੱਧ ਰਸ ਸਿੰਮ ਕੇ ਜੰਮਿਆ ਹੁੰਦਾ, ਜਿਹਨੂੰ ਖੁਰਚ ਕੇ ਉਹ ਚੱਟ ਲੈਂਦਾ ਤੇ ਉਹਦਾ ਸਰੀਰ ਹਵਾ 'ਚ ਹੁਲਾਰੇ ਲੈਂਦਾ ਹੋਇਆ ਹੌਲ਼ਾ ਹੋ ਜਾਂਦਾ। ਸੜਕ ਵਾਲੀ ਪੁਲ਼ੀ ਦੀ ਚੌਂਕੜ ਨੂੰ ਵੀ ਕਦੇ ਕਦਾਈਂ ਉਹ ਨਮੂਨਾ ਚਖਾ ਦਿੰਦਾ।

"ਕੰਮ ਤਾਂ ਯਾਰ ਚੌਂਹਟੇ ਚੱਕਾ ਕੋਈ ਮਾੜਾ ਨਹੀਂ, ਘਰ ਦੇ ਵਰਤਣ ਵਾਸਤੇ ਤਾਂ ਸਾਰਿਆਂ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ। ਪਰ ਭਰਾਵਾ ਚੁਗਲਖੋਰਿਆਂ ਤੋਂ ਬਚੀਂ।" ਜੱਗਰ ਛਿੰਦਰ ਹੁਰਾਂ ਨੇ ਮੱਤ ਦਿੱਤੀ।

"ਆਪਣੀ ਬਾਈ ਕਿਹੜਾ ਕਿਸੇ ਨਾਲ ਲਾਗ ਡਾਟ ਐ। ਨਾਲੇ ਸਾਰੇ ਵੀਹ ਤੀਹ ਤਾਂ ਬੂਟੇ ਐ। ਹੁਣ ਤਾਂ ਬੱਸ ਪੱਕੇ ਹੀ ਸਮਝੋ, ਪੁੱਟ ਕੇ ਪਰ੍ਹਾਂ ਕਰਾਂਗੇ।"

"ਸਹੀ ਗੱਲ ਐ ਬਾਈ, ਜਦੋਂ ਗੰਢੇ ਪੱਟੇਂਗਾ, ਤਾਂ ਤਲੀ ਲਾ ਕੇ ਹੀ ਕੰਮ ਨਿਬੜੂ। ਪੱਟਣੇ, ਛਾਂਟਣੇ, ਭੂਕਾਂ ਵੱਢਣੀਆਂ, ਕਿਤੇ ਥੋੜ੍ਹਾ ਕੰਮ ਹੁੰਦਾ ਐ।" ਭਿੰਦਰ ਨੇ ਆਵਦੀ ਸਹੀ ਪਾਈ।

ਪਰ ਚੁਗਲਖ਼ੋਰ ਨਾ ਚੁਗਲੀਓਂ ਬਾਜ਼ ਆਉਂਦੇ। ਸੜਕ 'ਤੇ ਜਾਂਦੇ, ਨਾਲ ਦੇ ਪਿੰਡ ਵਾਲੇ ਹੋਮਗਾਰਡੀਏ ਮੁੰਡੇ ਨੂੰ, ਕਿਸੇ ਚੁਗਲਖ਼ੋਰ ਨੇ ਦਿਨ ਛਿਪੇ ਜਿਹੇ, ਪੁਲ਼ੀ ਤੋਂ ਖੜ੍ਹੋ ਕੇ, ਮੱਘਰ ਕੇ ਗੰਢਿਆਂ ਵੱਲ ਇਸ਼ਾਰਾ ਕਰਕੇ ਕਿਹਾ;"ਔਹ ਵੇਖ ਹੌਲਦਾਰਾ, ਮੱਘਰ ਕੇ ਗੰਢਿਆਂ ਨੂੰ ਕੇਹੋ ਜੇਹੇ ਫੁੱਲ ਲੱਗੇ ਐ।"

ਹੋਮਗਾਰਡੀਏ ਨੇ ਰਤਾ ਗਹੁ ਤੇ ਨੀਝ ਲਾ ਕੇ ਵੇਖਿਆ ਤੇ ਕਿਹਾ; "ਹੂੰਅ, ਵੈਰੀ ਗੁੱਡ ਮੈਨ ਦੀ ਲਾਲਟੈਨ, ਗੈਰ ਕਾਨੂੰਨੀ ਕੰਮ ਦੀ ਪੜਤਾਲ ਤਾਂ ਕਰਨੀ ਪਊ। ਚਲੋ ਕਦੇ ਵੇਖਾਂਗੇ।" ਤੇ ਉਹ ਸਾਈਕਲ 'ਤੇ ਪੈਡਲ ਮਾਰ ਆਵਦੇ ਪਿੰਡ ਨੂੰ ਤੁਰ ਗਿਆ।

ਸ਼ੁੱਕਰਵਾਰ ਦਾ ਦਿਨ ਸੀ। ਜਵਾਕ ਸਕੂਲ ਅਤੇ ਮੱਘਰ ਖੁਰਪੀਆਂ ਰੰਬੀਆਂ ਦੀ ਮੁਰੰਮਤ ਕਰਵਾਉਣ ਪਿੰਡ 'ਚ ਮਿਸਤਰੀਆਂ ਦੇ ਵਰਕਸ਼ਾਪ ਵਾਲੇ ਹਾਤੇ ਗਿਆ ਹੋਇਆ ਸੀ, ਕਿ ਢਾਣੀ ਮੱਘਰ ਸਿਹੁੰ ਵਿਚ ਛਾਪਾ ਪੈ ਗਿਆ। ਇਕ ਛੋਟਾ ਥਾਣੇਦਾਰ, ਇਕ ਹੌਲਦਾਰ ਤੇ ਇਕ ਉਹੀ ਹੋਮਗਾਰਡੀਆ, ਦੋ ਮੋਟਰਸਾਈਕਲਾਂ 'ਤੇ ਸਵਾਰ ਆ ਧਮਕੇ।

"ਨਿੱਕਲ ਬਈ ਮੱਘਰ ਸਿਆਂ ਬਾਹਰ, ਚੱਕੀਏ ਚੌਂਹਟੇ, ਕਰੀਏ ਗੈਰਕਾਨੂੰਨੀ ਖੇਤੀ ਦੀ ਪੜਤਾਲ, ਗੰਢਿਆਂ ਦੀ ਕਰਦੈਂ ਕਿ 'ਫੀਮ ਦੀ? ਅਸ਼ਕੇ ਬਈ ਸ਼ਰ੍ਹੇਆਮ ਪੋਸਤ ਦੀ ਖੇਤੀ! ਸਰਕਾਰਾਂ ਤਾਂ ਨਸ਼ੇ ਖ਼ਤਮ ਕਰਨ ਲਈ ਗੁਟਕਿਆਂ ਦੀਆਂ ਸੌਹਾਂ ਖਾਂਦੀਆਂ ਫਿਰਦੀਆਂ ਤੇ ਏਥੇ ਏਡੀ ਬੇਪਰਵਾਹੀ। ਕਾਨੂੰਨ ਦਾ ਤਾਂ ਇਨ੍ਹਾਂ ਬਲੈਕੀਆਂ ਨੂੰ ਕੋਈ ਡਰ ਭਉ ਖ਼ੌਫ਼ ਹੀ ਨਹੀਂ ਰਿਹਾ।"

ਠਾਣੇਦਾਰ ਬੰਤਾ ਸਿਹੁੰ ਬੱਕਰੀਆਂ ਵਾਲਾ, ਮੱਘਰ ਦੇ ਬੂਹੇ ਮੂਹਰੇ ਖੜ੍ਹਾ ਲਗਾਤਾਰ ਉੱਚੀ ਅਵਾਜ਼ 'ਚ ਆਵਦੇ ਸਾਥੀਆਂ ਤੇ ਸਾਹਮਣੇ ਹੱਥ ਜੋੜੀ ਖੜ੍ਹੀ ਨਸੀਬੋ ਨੂੰ ਸੁਣਾ ਰਿਹਾ ਸੀ।

"ਨਹੀਂ ਜੀ, ਅਸੀਂ ਕਿਹੜੀ ਬਲੈਕ ਕਰਨੀ ਸੀ ਜੀ। ਅਸੀਂ ਤਾਂ ਘਰੇ ਖਸ-ਖਸ ਵਾਸਤੇ,

ਭੁੱਲ ਕੇ ਆਹ ਚਾਰ ਬੂਟੇ ਲਾ ਬੈਠੇ। ਮੈਂ ਥੋੜੇ ਪੈਰੀਂ ਚੁੰਨੀ ਧਰਦੀ ਹਾਂ ਜੀ, ਐਤਕੀਂ ਬਖਸ਼ ਦਿਓ, ਮੁੜ ਨ੍ਹੀਂ ਗਲਤੀ ਕਰਦੇ। ਸਾਨੂੰ ਕੀ ਪਤਾ ਸੀ, ਬੀ ਚਾਰ ਬੂਟਿਆਂ ਦਾ ਵੀ ਜੁਰਮ ਹੁੰਦਾ ਐ।"

ਬੰਤਾ ਸਿਹੁੰ ਥਾਣੇਦਾਰ ਹੱਸ ਪਿਆ। "ਜੁਰਮ, ਐਨ.ਡੀ.ਪੀ.ਸੀ ਦੀ ਧਾਰਾ ਦਾ ਤੁਹਾਨੂੰ ਹੁਣ ਪਤਾ ਲੱਗੂ, ਜਦੋਂ ਲੱਖ ਰੁਪਿਆ ਹੋਇਆ ਜੁਰਮਾਨਾ ਤੇ ਦਸ ਸਾਲ ਦੀ ਬਾਮੁਸ਼ੱਕਤ ਜੇਲ੍ਹ ਦੀ ਸਜ਼ਾ। ਚਲੋ ਬਈ ਮੋਬਾਈਲ 'ਤੇ ਫੋਟੋਆਂ ਖਿੱਚ ਲਉ ਗੈਰਕਾਨੂੰਨੀ ਖੇਤੀ ਦੀਆਂ। ਚੌਕੀਦਾਰ ਨੂੰ ਪਿੰਡੋਂ ਸੱਦ ਲਵੋ। ਮੱਘਰ ਨੂੰ ਪਿੰਡ ਜਾ ਕੇ ਗ੍ਰਿਫ਼ਤਾਰ ਕਰ ਲਉ। ਔਹ ਸਾਹਮਣਿਉਂ ਪ੍ਹਲੀ ਤੋਂ ਕਿਸੇ ਬੰਦੇ ਨੂੰ ਫੜ ਲਿਆਓ ਗਵਾਹੀ ਵਾਸਤੇ। ਛੇਤੀ ਕਰੋ। ਮੈਂ ਓਨਾ ਚਿਰ ਕਾਗਜ਼ ਪੱਤਰ ਤਿਆਰ ਕਰ ਲਵਾਂ।" ਥਾਣੇਦਾਰ ਨੇ ਹੌਲਦਾਰ ਨੂੰ ਹੁਕਮ ਕੀਤਾ ਤੇ ਆਪਣਾ ਬੈਗ ਮੰਜੇ ਉੱਤੇ ਰੱਖ ਕੇ ਖੋਲ੍ਹਣ ਲੱਗ ਪਿਆ।

"ਇਉਂ ਨਾ ਕਰੋ ਜੀ! ਮੇਹਰ ਕਰੋ! ਹੇ ਵਾਹਿਗੁਰੂ ਭਲੀ ਕਰ। ਤੁਸੀਂ ਜੀ, ਚਾਹ ਪਾਣੀ ਛਕ ਲਉ। ਮੈਂ ਸਾਹਮਣੀ ਢਾਣੀ ਵਾਲੇ ਘਰੋਂ ਕੋਈ ਬੰਦਾ ਭੇਜ ਕੇ, ਗਗਨੇ ਦੇ ਭਾਪੇ ਨੂੰ ਸੱਦ ਲੈਂਦੀ ਆਂ। ਬਿਲਕੁਲ ਜੀ, ਇਉਂ ਨਾ ਕਰੋ, ਮੇਰੀ ਗਰੀਬਣੀ ਦੀ ਵੀ ਅਰਜ਼ ਸੁਣ ਲਵੋ।"

"ਅਰਜ਼ ਤਾਂ ਮਾਈ, ਹੁਣ ਤੇਰੀ ਕਚਹਿਰੀ 'ਚ ਜੱਜ ਹੀ ਸੁਣੂੰ।"

"ਸਾਡੇ ਤਾਂ ਤੁਸੀਂ ਹੀ ਜੱਜ ਹੋ ਜੀ।"

ਹੌਲਦਾਰ ਤੇ ਥਾਣੇਦਾਰ ਮੋਬਾਈਲ ਫ਼ੋਨ ਲੈ ਕੇ ਗੰਢਿਆਂ 'ਚ ਜਾ ਵੜੇ। ਹੋਮਗਾਰਡੀਏ ਨੇ ਨਸੀਬੋ ਨਾਲ ਗਿਟ-ਮਿਟ ਕੀਤੀ।

"ਭਾਈ ਨਸੀਬ ਕੁਰੇ ਸੁਣ ਤੂੰ ਮੇਰੀ, ਐਡੀ ਸਜ਼ਾ ਥੋਨੂੰ ਬਰਬਾਦ ਕਰਕੇ ਰੱਖ ਦੇਊ। ਜੇ ਏਥੇ ਮੱਘਰ ਦੇ ਆਏ ਤੋਂ 'ਕੱਠ-ਵੱਠ ਹੋ ਗਿਆ ਤਾਂ ਗੱਲ ਵਧ ਜਾਊ। ਤੂੰ ਥਾਣੇਦਾਰ ਸਾਹਬ ਦੀ ਜੇਬ ਗਰਮ ਕਰ ਦੇ, ਮੈਂ ਆਪੇ ਮਨਾ ਲਊਂ, ਏਥੇ ਹੀ ਮੁੱਦਾ ਗੈਬ ਕਰ ਦਿੰਦੇ ਹਾਂ।"

"ਤੈਨੂੰ ਵੀਰਾ, ਪਤਾ ਤਾਂ ਹੈ। ਹੁਣ ਜ਼ਿਮੀਂਦਾਰਾਂ ਦਾ ਤਾਂ ਤੇਹਰਵਾਂ ਮਹੀਨਾ ਚਲਦਾ ਐ। ਹੁਣ ਸਾਡੇ ਕੋਲ਼ ਕਿਹੜੇ ਠੋਲ੍ਹ ਪਏ ਐ। ਤੂੰ ਵੀਰਾ ਚਾਹ-ਦੁੱਧ ਨਾਲ ਮੇਰਾ ਖਹਿੜਾ ਛੁਡਾਅ। ਤੇਰਾ ਸਾਰੀ ਉਮਰ ਗੁਣ ਨ੍ਹੀਂ ਗਵਾਉਂਦੀ। ਚੱਲ ਸੇਰ ਕੁ ਘਿਉ ਜੁੜਿਆ ਪਿਆ, ਉਹ ਤੂੰ ਲੈ ਜਾਈਂ, ਚੁੱਪ ਕਰਕੇ। ਮੇਰੀ ਮਿੰਨਤ ਮੰਨ ਲੈ।"

"ਲੈ ਕਮਲ਼ੀ ਨਾ ਹੋਵੇ ਤਾਂ, ਘਿਉ ਨਾਲ ਕਦੇ ਡਰੱਗ ਦੇ ਕੇਸ ਨਿੱਬੜਦੇ ਹੁੰਦੇ ਐ। ਤੂੰ ਕਿਸੇ ਟਰੰਕੀ ਵਿੱਚੋਂ ਨੋਟ ਕੱਢ ਕੇ ਲਿਆ ਜੇ ਖਹਿੜਾ ਛੁਡਾਉਣਾ ਹੈ ਤਾਂ।"

ਜਦੋਂ ਥਾਣੇਦਾਰ ਨੇ ਮੁੜ ਆ ਕੇ ਪੈੱਨ ਕੱਢ ਕੇ ਕਾਗਜ਼ ਫਰੋਲਣੇ ਸ਼ੁਰੂ ਕੀਤੇ ਤਾਂ ਵਾਹ ਨਾ ਜਾਂਦੀ ਵੇਖ ਕੇ ਨਸੀਬੋ ਨੇ ਹੋਮਗਾਰਡੀਏ ਨੂੰ ਸੈਨਤ ਨਾਲ ਇਕ ਪਾਸੇ ਸੱਦ ਕੇ ਕਿਹਾ: "ਤੂੰ ਐਥੇ ਖੜ੍ਹ ਭਰਾਵਾ, ਮੈਂ ਹੁਣੇ ਆਈ।" ਤੇ ਉਹ ਅੰਦਰੋਂ ਟਰੰਕੀ 'ਚੋਂ ਇਕ ਗੁਥਲੀ ਕੱਢ ਲਿਆਈ।

"ਲੈ ਵੀਰਾ, ਧਰਮ ਦੀ ਸਹੁੰ ਐ; ਆਹੀ ਐ ਮੇਰੇ ਕੋਲ ਤਾਂ ਘਰੇ। ਸਾਰੇ ਸਾਲ ਦੀਆਂ ਖਾਲੀ ਸਪਰੇਅ ਵਾਲੀਆਂ ਪੀਪੀਆਂ ਤੇ ਲੋਹੇ ਦੀ ਟੁੱਟ ਭੱਜ ਵੇਚੀ ਸੀ ਤੇ ਨਾਲੇ ਇਕ ਮੱਝ ਨਾਲੋਂ ਟਲਿਆ ਕੱਟਾ ਵੇਚਿਆ ਸੀ। ਏਹੀ ਸਾਰੀ ਰੂੰਡ-ਭੂੰਡ ਐ ਮੇਰੇ ਪੱਲੇ ਤਾਂ।"

ਹੋਮਗਾਰਡੀਏ ਨੇ ਪੈਸੇ ਹੱਥ 'ਚ ਲੈ ਕੇ ਗਿਣੇ, ਸਾਰੀ ਟੁੱਟ ਭੱਜ ਕੋਈ ਸੋਲਾਂ ਕੁ ਸੌ ਰੁਪਏ ਬਣੀ।

"ਚੰਗਾ ਤੂੰ ਸਾਹਬ ਹੁਰਾਂ ਨੂੰ ਕਾਲਾ-ਲੂਣ ਮਿਰਚ ਪਾ ਕੇ ਲੱਸੀ ਪਿਆ ਦੇ, ਮੈਂ ਗੱਲ ਕਰ ਕੇ ਵੇਖਦਾ ਹਾਂ, ਜੇ ਭਲਾ ਮੰਨ ਜਾਣ ਤਾਂ।"

"ਏਥੋਂ ਹੋਰ ਤਾਂ ਬਾਹਲਾ ਕੁਛ ਨ੍ਹੀਂ ਜੀ ਮਿਲਣਾ, ਆਹ ਰਪੱਈਏ ਐ ਜਾਂ ਸੇਰ ਘਿਉ ਐ। ਵੇਖ ਲਉ ਹੁਣ ਕਿਵੇਂ ਕਰਨਾ ਐ।"

ਬੰਤਾ ਸਿਹੁੰ ਥਾਣੇਦਾਰ ਕਹਿੰਦਾ, ਜੋ ਕਰਨਾ ਐ ਛੇਤੀ ਕਰੋ। ਏਥੇ ਬਹੁਤਾ ਟੈਮ ਲਾਉਣ 'ਚ ਫੈਦਾ ਨਹੀਂ।

"ਐਂਜ ਕਰਦੇ ਹਾਂ, 'ਮਾਲ' ਵੀ ਹੁਣ ਤਾਂ ਪੱਕਿਆ ਈ ਪਿਆ ਤਕਰੀਬਨ। ਸਾਰਾ ਉਹ ਪੁੱਟ ਲੈਂਦੇ ਹਾਂ ਤੇ ਬਾਕੀ ਆਹ ਪੈਸੇ। ਮਾਲ ਨਾਲ ਆਪਣੇ ਦੋ ਮਹੀਨੇ ਤੀਆਂ ਆਂਗੂੰ ਨਿਕਲ ਜਾਣਗੇ, ਘਿਉ ਦੀ ਮਾਰੋ ਢੂੰਈ।"

ਥਾਣੇਦਾਰ ਦੇ ਲੱਸੀ ਪੀਂਦਿਆਂ ਪੀਂਦਿਆਂ ਹੌਲਦਾਰ ਤੇ ਹੋਮਗਾਰਡੀਏ ਨੇ ਪੋਸਤ ਦੇ ਸਾਰੇ ਬੂਟੇ ਪੁੱਟ ਕੇ, ਦੋਹਾਂ ਮੋਟਰਸਾਈਕਲਾਂ ਨਾਲ ਲਮਕਦੇ ਬੈਗਾਂ ਵਿਚ ਤੁੰਨ ਲਏ। ਜਿਹੜੇ ਦੋ ਚਾਰ ਥੱਲੇ ਡਿੱਗ ਪਏ, ਉਹ ਕਾਹਲੀ ਨਾਲ ਪੈਰਾਂ ਥੱਲੇ ਮਧੋਲ ਜਿਹੇ ਦਿੱਤੇ ਤੇ ਮੁੱਦਾ ਗਾਇਬ ਕਰ ਦਿੱਤਾ।

"ਲੈ ਭਾਈ, ਅਸੀਂ ਤੇਰੀ ਮਿੰਨਤ ਮੰਨ ਲਈ। 'ਗਾਂਹ ਨੂੰ ਏਹੋ ਜਿਹਾ ਕੰਮ ਨਾ ਕਰਿਓ। ਤੇ ਨਾ ਕਿਸੇ ਕੋਲ਼ ਭੋਗ ਪਾਇਓ, ਬਈ ਏਥੇ ਕੋਈ ਛਾਪਾ ਪਿਆ, ਕੋਈ ਪੁਲਿਸ ਵਾਲਾ ਆਇਆ ਸੀ। ਜੇ ਕੋਈ ਪੁੱਛੇ ਵੀ ਤਾਂ ਆਖ ਦੇਈਂ, ਉਹ ਤਾਂ ਸਾਡੇ ਗੰਢੇ ਵੇਖਣ ਆਏ ਸੀ। ਬਚਾਰੇ ਲੱਸੀ ਪੀ ਕੇ ਤੁਰ ਗਏ।"

"ਚੰਗਾ ਜੀ, ਰੱਬ ਥੋਡਾ ਭਲਾ ਕਰੇ। ਪਰ ਜੀ ਥੋੜ੍ਹੇ ਜੇ ਬੂਟੇ ਤਾਂ ਸਾਨੂੰ ਛੱਡ ਜਾਂਦੇ। ਮਿੰਨਤ ਨਾਲ ਹੀ। ਚੌਂਹਟੇ ਚੱਕ ਨੇ ਬੜੀ ਆਸ ਨਾਲ ਪਾਲੇ ਸੀ।" ਨਸੀਬੋ ਨੇ ਚੁੰਨੀ ਦੇ ਪੱਲੇ ਦੀ ਝੋਲ਼ੀ ਬਣਾ ਕੇ ਅੱਡਦੇ ਹੋਏ ਕਿਹਾ।

"ਸਹੁਰੀ ਕਮਲ਼ੀ ਦੀ ਕਮਲ਼ੀ ਰਹੀ। ਮੂਰਖੇ ਮੁੱਦਾ ਤਾਂ ਗੈਬ ਕਰਨਾ ਐ। ਕੱਲ੍ਹ ਨੂੰ ਕੋਈ ਹੋਰ ਥੋਡੀਆਂ ਜੁੱਲੀਆਂ ਫਰੋਲਦਾ ਫਿਰੂ, ਤਲਾਸ਼ੀਆਂ ਲੈਂਦਾ ਫਿਰੂ। ਆਹ ਜੇਹੜੇ ਥੱਲੇ ਖਿੰਡੇ ਪਏ ਐ, ਚੁਗ ਕੇ 'ਕੱਠੇ ਕਰ ਲੈ।"

ਤੇ ਦੋਵੇਂ ਮੋਟਰਸਾਈਕਲ ਧੂੜ ਉਡਾਉਂਦੇ, ਸੜਕ ਵਾਲੀ ਪੁਲ਼ੀ ਤੋਂ ਓਝਲ ਹੋ ਗਏ।

ਸਭ ਕੁਝ ਲੁਟਾ ਕੇ ਨਸੀਬੋ ਭੁੰਜੇ ਖੁਰਲੀ ਨਾਲ ਢੋਅ ਲਾ ਕੇ ਬੈਠ ਗਈ ਤੇ ਲੁੱਟੇ ਗਏ ਨਸੀਬਾਂ ਦਾ ਮਨ ਹੀ ਮਨ ਕੀਰਨਾ ਪਾਉਂਦੀ ਰਹੀ।

ਜਦੋਂ ਮੱਘਰ ਘਰੇ ਮੁੜਿਆ ਤੇ ਨਸੀਬੋ ਨੇ ਘਰੇ ਚੱਲੇ ਡਰਾਮੇ ਦੀ ਸਾਰੀ ਕਥਾ-ਵਿਥਿਆ ਸੁਣਾਈ ਤਾਂ ਸੁਣ ਕੇ ਕਦੇ ਉਹਦਾ ਜੀਅ ਰੋਣ ਨੂੰ ਕਰੇ, ਕਦੇ ਰੋਹ ਨਾਲ ਭਰ ਕੇ ਚਿੱਤ 'ਚ ਆਵੇ, ਹੁੰਦੀ ਓਏ ਜੇ ਕਿਤੇ ਅੰਦਰ ਘੋੜੇ ਵਾਲੀ ਹੈਂਬਰ ਲੈੱਸ ਬਾਰਾਂ-ਬੋਰ, ਬਣ ਜਾਂਦਾ ਅੱਜ ਮੈਂ ਜਿਉਣਾ ਮੌੜ। ਕੋਈ ਨ੍ਹੀਂ ਲੱਗ ਜੂ ਪਤਾ, ਮੁਖਬਰੀ ਵਾਲੇ ਨੂੰ ਤਾਂ ਮੇਰੀ ਗੰਧਾਲੀ ਹੀ ਰਗੜ ਕੇ ਰੱਖ ਦੇਊ।

ਫੇਰ ਉਹ ਆਵਦੇ ਜੁੰਡੇ ਪੁੱਟਦਾ ਨਸੀਬੋ ਨੂੰ ਪੈ ਗਿਆ।

"ਸੁਡਲੇ, ਹੁਣ ਕਿਉਂ ਨੱਕ ਦੀ ਸੁਰੜ-ਸੁਰੜ ਲਾਈ ਐ, ਤੈਥੋਂ ਏਨਾ ਵੀ ਨਾ ਹੋਇਆ, ਬਈ ਜਦੋਂ ਪੈਸਿਆਂ ਦੀ ਗੁਥਲੀ ਫੜਾਤੀ ਸੀ, ਫੇਰ ਬੂਟੇ ਤਾਂ ਰੱਖ ਲੈਂਦੀ, ਮਾਂ ਯਾਅ... ਵੱਡੀ ਸਿਆਣੀ ਬਣਦੀ ਫਿਰੂ। ਭਾਲ਼ਦੀ ਐ ਖਸਖਸ, ਬਾਹਲ਼ੀ ਅਕਲ ਵਾਲੀ।"

"ਬਥੇਰਾ ਚੌਂਹਟੇ ਚੱਕਾ - ਲੇਲ੍ਹੜੀਆਂ ਕੱਢੀਆਂ ਸੀ। ਮੇਰੇ ਪਿਉ ਦੇ ਸਾਲੇ ਇਕ ਨਾ ਮੰਨੇ। ਤੇਰੇ 'ਤੇ ਕੇਸ ਬਨਣ ਤੇ ਜੁਰਮਾਨੇ ਜੇਲ੍ਹ ਦੇ ਡਰੋਂ ਹੀ ਮੇਰੀ ਤਾਂ ਮੱਤ ਮਾਰੀ ਗਈ। ਚੱਲ ਸਬਰ ਕਰ। ਐਵੇਂ ਜੱਗ ਹਸਾਈ, ਬਦਨਾਮੀਆਂ ਹੁੰਦੀਆਂ ਫਿਰਦੀਆਂ। ਨਾ ਸਰਿਆ ਤਾਂ ਮੁੱਲ ਲੈ ਲਈਂ।"

ਪੁਲੀ ਵਾਲੀ ਤਿੱਕੜੀ ਨੇ ਵੀ ਮੱਘਰ ਨੂੰ ਹੌਸਲਾ ਦਿੱਤਾ।

"ਕੀਤਾ ਤਾਂ ਮੇਰੇ ਪਤਿਔਰਿਆਂ ਨੇ ਹੱਦੋਂ ਮਾੜਾ ਕੰਮ, ਮੱਘਰ ਸਿਆਂ। ਕਈ ਦਿਨ ਹੋ ਗਏ ਇਹੀ ਹੋਮਗਾਰਡੀਆ, ਨਾਹਰੇ ਰੰਘੜ ਨਾਲ ਪਿੰਡੋਂ ਤੁਰਿਆ ਆਉਂਦਾ ਸੀ।"

"ਬਸ-ਬਸ ਭਿੰਦਰ ਏਹ ਰੰਘੜ ਦਾ ਹੀ ਕਾਰਾ ਲਗਦੈ। ਕੋਈ ਨ੍ਹੀਂ ਉਹ ਕਿਹੜਾ ਗੋਲੀਆਂ ਦੇ ਘੱਟ ਪੱਤੇ ਵੇਚਦਾ ਐ। ਅੜਿੱਕੇ ਆਇਆ ਲੈ, ਫੇਰ ਪੁੱਛਾਂਗੇ, ਕੀ ਭਾਅ ਵਿਕਦੀ ਐ?"

"ਚੱਲ ਹੋਣ ਵਾਲੀ ਹੋ ਗਈ, ਹੁਣ ਤੂੰ ਤਕੜਾ ਹੋ ਕੇ ਫਸਲ ਸੰਭਾਲ ਯਾਰ। ਰੱਬ ਬਥੇਰਾ ਦੇਊ। ਕਾਵਾਂ ਦੇ ਪਹੁੰਚੇ ਮਾਰਿਆਂ ਤੋਂ ਬਨੇਰੇ ਨ੍ਹੀਂ ਢਹਿੰਦੇ ਹੁੰਦੇ। ਰੱਬ ਤੇਰੀ ਗੰਢਿਆਂ ਨਾਲ ਹੀ ਧੰਨ ਧੰਨ ਕਰਾ ਦੇਊ। ਫਿਕਰ ਨਾ ਕਰ।"

V

ਜਦੋਂ ਪੀਲ਼ੀਆਂ ਪੈ ਕੇ ਭੂਕਾਂ ਦੇ ਘੁੰਡ ਮੁੜ ਗਏ ਤਾਂ ਮੱਘਰ ਨੇ ਕੁਝ ਗੰਢੇ ਪੁੱਟ ਕੇ ਵੇਖੇ। ਸ਼ਾਨਦਾਰ ਪਿਆਜ਼ੀ ਰੰਗ ਦੇ ਗੋਂਗਲੂ ਜਿੱਡੇ ਗੰਢਿਆਂ ਨੂੰ ਬੁੱਕ ਭਰ ਕੇ ਮੱਥੇ ਨਾਲ ਲਾਇਆ ਤੇ ਨਸੀਬੋ ਨੂੰ ਕਹਿੰਦਾ; "ਲੈ 'ਸੀਬੋ, ਆਹ ਅੱਡ ਢਕ ਸਮਾਰ ਕੇ ਰੱਖ ਦੇ, ਪਹਿਲਾਂ ਗੁਰਦਵਾਰੇ ਚੜ੍ਹਾ ਕੇ ਆਵਾਂਗੇ।"

"ਸਤ ਬਚਨ ਚੌਂਹਟੇ ਚੱਕਾ!"

ਫੇਰ ਕਈ ਦਿਨ ਮੱਘਰ ਸਾਈਕਲ 'ਤੇ ਚੜ੍ਹ ਕੇ ਨਾਲ ਦੀਆਂ ਸਬਜ਼ੀ ਮੰਡੀਆਂ 'ਚੋਂ ਆੜ੍ਹਤੀਆਂ ਨੂੰ ਪੁੱਛਦਾ ਫਿਰਿਆ। "ਕਿਉਂ ਸ਼ਾਹ ਜੀ, ਨਵੇਂ ਪਿਆਜ਼ ਦਾ ਭਲਾਂ ਜੀ ਕੀ ਰੇਟ ਚਲਦੈ?"

"ਭਾਅ ਸਰਦਾਰ ਜੀ ਕਈ ਐ। ਤੁਸੀਂ ਜੇ ਖਾਣ ਵਾਸਤੇ ਲੈਣੇ ਹਨ ਤਾਂ ਪੰਜਾਹ ਕਿੱਲੋ ਦਾ ਗੱਟਾ ਕੋਈ ਸਾਢੇ ਕੁ ਤਿੰਨ ਸੌ ਦਾ ਮਿਲ ਜਾਊ ਵਧੀਆ ਸੀਕਰ, ਰਾਜਸਥਾਨ ਦਾ ਮਿੱਠਾ ਪਿਆਜ਼। ਜੇ ਟਰਾਲੀ ਨਾਲ ਪਿੰਡ 'ਚ ਫੇਰੀ ਲਾਉਣੀ ਐ ਸੌ ਪੰਜਾਹ ਗੱਟੇ ਦਾ ਹੋਰ ਰੇਟ। ਦੜੇ ਦੇ ਟਰੱਕ ਦਾ ਹੋਰ ਰੇਟ। ਤੁਸੀਂ ਦੱਸੋ ਥੋਨੂੰ ਕੀ ਮਾਲ ਚਾਹੀਦਾ ਹੈ?"

ਸੇਠ ਦੇ ਏਨੇ ਸਵਾਲ ਸੁਣ ਕੇ ਮੱਘਰ ਭੁਚੱਕਾ ਜਿਹਾ ਰਹਿ ਗਿਆ।

"ਮੈਂ ਤਾਂ ਸੇਠ ਜੀ ਵੇਚਣੇ ਐ। ਗੰਢਾ ਮੇਰਾ ਬਹੁਤ ਵਧੀਆ ਐ। ਬੀਜ ਜਮਾਂ ਨਸਾਰੂ ਨਹੀਂ ਸੀ, ਕੋਈ ਨਰੜ੍ਹਾ ਨਹੀਂ ਫਰੜ੍ਹਾ ਨਹੀਂ। ਬੜਾ ਮੋਟਾ ਦਲ ਐ ਜੀ, ਜੀ ਕਰਦੈ ਖਾਈ ਜਾਈਏ। ਆਹ ਵੇਖ ਲਓ ਜੀ, ਨਮੂਨਾ," ਤੇ ਮੱਘਰ ਨੇ ਦੋ ਚਾਰ ਚੁਣੇ ਹੋਏ ਗੰਢੇ ਸੇਠ ਮੂਹਰੇ ਰੱਖ ਦਿੱਤੇ।

"ਇਉਂ ਐਂ ਭਾਈ ਸਾਹਬ, ਮੰਡੀ 'ਚ ਪਿਆਜ਼ ਚਲਦੈ ਨਾਸਿਕ ਸੀਕਰ ਦਾ। ਪਰ ਚਲੋ, ਤੁਹਾਡਾ ਕਿੰਨਾ ਕੁ ਹੋਊ?"

"ਛੀ ਕਨਾਲਾਂ ਸੀ ਜੀ, 'ਮੇਦ ਐ ਦੋ ਟਰਾਲੀਆਂ ਤਾਂ ਹੋ ਈ ਜਾਣਗੀਆਂ।"

"ਕੋਈ ਨਾ, ਜਦੋਂ ਥੋਡਾ ਦਿਲ ਕਰੇ, ਮੰਡੀ ਬੋਲੀ ਉੱਤੇ ਆਪਣੀ ਦੁਕਾਨ ਉੱਤੇ ਆਇਓ। ਭਾਅ ਤਾਂ ਜੀ ਕਰਮਾਂ ਦਾ, ਦੋ ਢਾਈ ਸੌ ਨੂੰ ਵੀ ਲੱਗ ਸਕਦੈ। ਪੰਜ ਰੁਪਏ ਸੈਂਕੜੇ ਦੀ ਆੜ੍ਹਤ ਲੱਗੂਗੀ। ਪੈਸੇ ਦੂਏ ਦਿਨ ਮਿਲ ਜਾਣਗੇ। ਇਹ ਸਬਜ਼ੀ ਮੰਡੀ ਦੀ ਧਾਰਾ ਐ ਜੀ।"

ਪੱਚੀ ਤੀਹ ਰੁਪੱਈਆਂ ਦੀ ਆਸ ਲਾਈ ਬੈਠਾ ਮੱਘਰ ਖਸਿਆਣਾ ਜਿਹਾ ਹੱਸ ਕੇ ਉੱਠ ਆਇਆ।

ਪੁਲ਼ੀ ਵਾਲੇ ਯਾਰਾਂ ਨਾਲ, ਪਿੰਡ ਦੀਆਂ ਹੱਟੀਆਂ ਵਾਲਿਆਂ ਨਾਲ, ਅਖ਼ਬਾਰ ਪੜ੍ਹਨ ਦੇ ਪੱਕੇ ਲਿਹਾਜ਼ੀ ਗੁਲਾਬ ਸਿਹੁੰ ਕਾਮਰੇਡ ਨਾਲ ਸਲਾਹ ਮਸ਼ਵਰਾ ਕੀਤਾ, ਪਰ ਤਾਣੀ ਸੁਲਝੀ ਨਾ। ਅਖ਼ੀਰ ਨਸੀਬੋ ਨੇ ਕਿਹਾ; "ਚੌਂਹਟੇ ਚੱਕਾ, ਤੂੰ ਮੇਰੀ ਮੰਨ ਇਕ ਵਾਰੀ ਫੇਰ। ਗੁਰਦਵਾਰੇ ਦੇ ਸਪੀਕਰ 'ਚੋਂ ਲੌਂਸਮੈਂਟ ਕਰਵਾ ਦੇ ਬਈ ਮੱਘਰ ਸਿੰਘ ਦੀ ਢਾਣੀ ਵਿਚੋਂ ਦੇਸੀ ਬਿਨਾਂ ਰੇਹ ਸਪਰੇਅ ਦੇ ਮੋਟੇ ਦਲ ਵਾਲੇ ਮਿੱਠੇ ਗੰਢੇ ਪੱਚੀ ਰਪੱਈਏ ਪਸੇਰੀ ਦੇ ਹਿਸਾਬ ਲਿਆ ਸਕਦੇ ਹੋ। ਵੇਖੀਂ, ਆਪਣੇ ਅੱਧੋਂ ਵੱਧ ਤਾਂ ਗਿੱਲੇ ਗਿੱਲੇ ਦਿਨਾਂ 'ਚ ਹੀ ਵਿਕ ਜਾਣਗੇ। ਨਾਲੇ ਮੰਡੀਆਂ 'ਚ ਰੁਲਣ ਨਾਲੋਂ ਜਿਹੜੀ ਚੀਜ਼ ਘਰੋਂ ਬਾਰੋਂ ਉੱਠ-ਤੁਲ ਜਾਵੇ, ਓਹਦੀ ਰੀਸ ਨ੍ਹੀਂ ਹੁੰਦੀ। ਬਚਦੇ ਤੂੜੀ ਵਾਲੇ ਛਤੜੇ 'ਚ ਹਵਾ ਹਾਰੇ ਰੱਖ ਦੇਵਾਂਗੇ। ਜਦੋਂ ਭਾਅ ਸਿਆਲ 'ਚ ਪੂਰਾ ਚੜ੍ਹ ਗਿਆ, ਓਦੋਂ ਟਪਾ ਦਿਆਂਗੇ।"

ਕੋਈ ਨਗਦ, ਕੋਈ ਉਧਾਰ, ਕਿਸੇ ਦੇ ਆ ਗਏ, ਕਿਸੇ ਦੇ ਰਹਿ ਗਏ, ਮੱਘਰ ਦੇ ਅੱਧੇ ਪਿਆਜ਼ ਵਿਕ ਗਏ। ਰਹਿੰਦੇ ਥੱਲੇ ਕੱਕਾ ਰੇਤ ਵਿਛਾ ਕੇ, ਉੱਤੇ ਤੂੜੀ ਦੀ ਰੀਣ ਦੀ ਤਹਿ ਵਿਛਾ ਕੇ ਛਤੜੇ ਵਿਚ ਸਾਂਭ ਦਿੱਤੇ। ਦੋ ਵਾਰੀ ਗਲੇ ਸੜੇ ਕੱਢ ਕੇ ਛਾਂਟ ਛਟਾਈ ਵੀ ਕਰ ਦਿੱਤੀ।

ਭਾਦੋਂ 'ਚ ਏਹੋ ਜੇਹੀ ਝੜੀ ਲੱਗੀ, ਬਈ ਇਕ ਰਾਤ ਨੂੰ ਛਤੜਾ ਚਿਉਂ ਗਿਆ। ਗੰਢਿਆਂ ਨੂੰ ਪਾਣੀ ਦੀ ਛਿੱਟ ਲੱਗ ਗਈ। ਉੱਤੋਂ ਦੁਪਹਿਰ ਦਾ ਤਾਅ। ਛਤੜੇ ਵਿਚੋਂ ਐਸੀ ਹਵਾੜ ਉੱਠੀ, ਘਰ

'ਚ ਨੱਕ ਖੁੱਲ੍ਹਾ ਰੱਖਣਾ ਔਖਾ ਹੋ ਗਿਆ। ਮੁੰਡਾ ਕੁੜੀ ਅੱਡ ਦੁਖੀ, ਨਸੀਬੋ ਦਾ ਨੱਕ ਬੰਨ੍ਹ ਕੇ ਗੰਢੇ ਛਾਂਟਦੀ ਦਾ ਗਰਮੀ 'ਚ ਪਿੰਡਾ ਉੱਠ ਖਲੋਤਾ। ਸੜੇ ਗੰਢਿਆਂ ਦੇ ਟੋਕਰੇ ਭਰ ਭਰ ਖਾਲ ਲਸੁੱਟਣ ਲੱਗ ਪਈ। ਖਾਲ ਉੱਤੇ ਪਾਣੀ ਲਾਉਣ ਵਾਲੇ ਨੱਕ 'ਤੇ ਮੜਾਸਾ ਬੰਨ੍ਹ ਕੇ ਲੰਘਦੇ, ਮੰਦਾ ਚੰਗਾ ਬੋਲਣ ਲੱਗ ਪਏ। ਜਦੋਂ ਮੁਸ਼ਕ ਹਵਾ ਦੇ ਰੁਖ ਪੁਲੀ ਤਕ ਵੀ ਅਪੜਣ ਲੱਗ ਪਿਆ, ਤਾਂ ਮੱਘਰ ਦੇ ਯਾਰ ਬੇਲੀਆਂ ਨੇ ਸਮਝਾਇਆ; "ਚੌਂਹਟੇ ਚੱਕਾ, ਕਿਉਂ ਸਾਰਾ ਟੱਬਰ ਬਿਮਾਰ ਕਰਦੈਂ। ਚੱਲ ਅਸੀਂ ਲਗਦੇ ਹਾਂ ਤੇਰੇ ਨਾਲ, ਆਹ ਜਿਹੜੇ ਬਾਹਰ ਸੁੱਟੇ ਆ, ਇਹ ਟੋਆ ਪੱਟ ਕੇ ਦੱਬ ਦਿੰਦੇ ਹਾਂ। ਜਿਹੜੇ ਬਚਦੇ ਐ, ਉਹ ਘਰ ਜੋਗੇ ਰੱਖ ਕੇ ਭਾਈ ਜਿਹੜੇ ਭਾਅ ਵਿਕਦੇ ਐ, ਵੇਚ ਕੇ ਖਹਿੜਾ ਛੁਡਾ। ਚੱਲ ਉੱਠ ਖੜ੍ਹਾ ਹੋ, ਲੱਗੀਏ ਕੰਮ। ਪਰ ਬਈ ਸਾਨੂੰ ਆਥਣੇ ਦਾਰੂ ਦੀ ਪਾਲਟੀ ਕਰਨੀ ਪਊ।"

ਨਸੀਬੋ ਨੇ ਛਤੜੇ ਨੂੰ ਸੰਭਰ-ਸੂਰ ਕੇ ਸਾਫ਼ ਕੀਤਾ। ਗੁਗਲ ਧੂਫ ਦੀ ਕਈ ਵਾਰੀ ਧੂਣੀ ਦਿੱਤੀ ਤੇ ਹਉਕਾ ਲੈ ਕੇ ਆਂਹਦੀ; "ਚੌਂਹਟੇ ਚੱਕਾ, ਭਲਾ ਹੋਇਆ ਮੇਰਾ ਚਰਖਾ ਟੁੱਟਿਆ, ਜਿੰਦ ਜਾਨ ਤਾਂ ਸੌਖੀ ਹੋਈ। ਚੱਲ ਹੌਂਸਲਾ ਨਾ ਹਾਰੀਂ, ਕੋਈ ਹੋਰ ਅਦਲ ਬਦਲ ਕਰਕੇ ਵੇਖਾਂਗੇ।"

ਪਿੰਡ ਵਾਲਿਆਂ ਦੀਆਂ ਟਿੱਚਰਾਂ, ਚਹੇਡਾਂ, ਮਸ਼ਕਰੀਆਂ ਅੱਡ ਸਹਿਣੀਆਂ ਪਈਆਂ।

"ਚੌਂਹਟੇ ਚੱਕਾ, ਯਾਰ ਐਤਕੀਂ ਸਬਜੀ ਵਾਲੀ ਭਿੰਡੀ ਲਾ ਕੇ ਵੇਖ ਅਗੇਤੀ। ਧਰਮ ਨਾਲ ਕੋਈ ਭਾਅ ਮਿਲਦਾ, ਦੁੱਖ ਟੁੱਟ ਜਾਂਦੇ ਐ। ਬਸ ਤੋੜਨ ਵੇਲੇ ਹੱਥਾਂ ਪੈਰਾਂ ਤੇ ਕੰਡ ਜ੍ਹੀ ਲੜਦੀ ਐ।"

"ਓਏ ਤਾਇਆ, ਐਤਕੀਂ ਮੱਕੀ ਬੀਜ ਕੇ ਵੇਖ, ਸਾਉਣ ਭਾਦੋਂ 'ਚ ਬੜੀ ਛੱਲੀ ਵਿਕਦੀ ਐ।"

"ਹਾਹੋ ਬਈ, ਨਾਲੇ ਐਥੇ ਪੁਲ਼ੀ 'ਤੇ ਬੈਠੀ ਨਸੀਬੋ ਭੁੰਨੀ ਜਾਇਆ ਕਰੂ। ਨੇਂਬੂ ਲਾ ਕੇ ਪੰਜਾਂ-ਪੰਜਾਂ ਦੀ ਵੇਚੀ ਜਾਇਆ ਕਰੂ।"

ਕੋਈ ਚੌਥਾ ਆਖਦਾ, "ਪੌਂਡੇ ਕਮਾਦ ਦੀਆਂ ਗਨੇਰੀਆਂ ਕਿਹੜਾ ਘੱਟ ਵਿਕਦੀਆਂ। ਤੇ ਜੇ ਜੂਸ ਕੱਢ ਕੇ ਪਿਆਉ ਤਾਂ ਨੋਟਾਂ ਦੇ ਢੇਰ ਲੱਗ ਜਾਣਗੇ।"

ਅੱਗੋਂ ਮੱਘਰ ਦਾ ਅੰਦਰ ਪੱਛਿਆ ਜਾਂਦਾ, ਪਰ ਹੱਸ ਕੇ ਆਖਦਾ; "ਕੋਈ ਨ੍ਹੀਂ, ਕੋਈ ਨ੍ਹੀਂ, ਬਥੇਰਾ ਕੁਛ ਕਰਨ ਵਾਲਾ ਪਿਆ। ਸਭ ਕੁਛ ਕਰਾਂਗੇ, ਐਂ ਹੁਣ ਹਰ ਥਾਂ ਤਾਂ ਮਾਰ ਨਾ ਪਈ ਜਾਊ। ਤੇ ਤੁਸੀਂ ਭਤੀਜ ਵਿਹਲੇ ਟੱਲੀਆਂ ਵਜਾਉਂਦੇ ਫਿਰਦੇ ਹੋ। ਤੁਸੀਂ ਵੀ ਮੋਦੀ ਦੇ ਆਖੇ ਪਕੌੜਿਆਂ ਵਾਲੀ ਰੇਹੜੀ ਲਾ ਲਓ, ਕੰਜਰੋ ਬੋਡੀ ਮਾਂ ਨੂੰ ਲੈ ਜਾਣ ਚੋਰ ਕੱਢ ਕੇ।"

VI

ਦੋ ਚਾਰ ਸਾਲ ਮੱਘਰ ਦੇ ਤੰਗੀ ਤੁਰਸ਼ੀ ਵਿਚ ਲਈਂਦੇ-ਦੇਈਂਦੇ ਲੰਘ ਗਏ। ਗਗਨਾ ਦਸ ਪਾਸ ਕਰ ਗਿਆ। ਕੁੜੀ ਦਸਵੀਂ ਵਿਚ ਪੜ੍ਹਦੀ ਸੀ। ਇਕ ਦਿਨ ਗੁਲਾਬ ਸਿਹੁੰ ਕਾਮਰੇਡ ਕੋਲ਼ ਬੈਠੇ, ਅਖਬਾਰਾਂ ਦੀਆਂ ਖ਼ਬਰਾਂ ਦੀਆਂ ਗੱਲਾਂ ਕਰਦੇ ਕਰਦੇ ਮੱਘਰ ਨੇ ਪੁੱਛਿਆ; "ਬਾਈ ਜੀ, ਕਾਮਰੇਡ ਸਾਹਬ, ਯਾਰ ਖਬਰਾਂ ਦੇ ਤਾਂ ਰੋਜ ਵਰਕੇ ਭਰੇ ਹੁੰਦੇ ਐ, ਬਈ ਸਾਰੀ ਨੌਜਵਾਨ ਪੀੜ੍ਹੀ, ਮੰਡ੍ਹੀਰ ਹੀ ਨਸ਼ਿਆਂ 'ਚ ਗਰੱਸੀ ਗਈ ਐ। ਰੋਜ਼ ਮੌਤਾਂ ਦੀਆਂ ਖਬਰਾਂ ਆਉਂਦੀਆਂ। ਚਾਰੇ ਪਾਸੇ ਥਲੀ ਦੇ ਰੇਤ ਵਾਂਗੂੰ 'ਚਿੱਟਾ ਹੀ ਚਿੱਟਾ' ਦਿਸਦਾ ਐ। ਗਗਨੇ ਦਾ ਕੀ ਕਰਾਂ, ਅਜੇ ਤਾਂਈਂ ਤਾਂ ਬਚਿਆ ਹੋਇਆ। ਕੁੜੀ ਵਿਆਹੁਣ ਵਾਲੀ ਹੁੰਦੀ ਜਾਂਦੀ ਐ। 'ਗਾਂਹ ਪੜ੍ਹਾਉਣ ਦੀ ਗੁੰਜਾਇਸ਼ ਨਹੀਂ ਦਿਸਦੀ। ਤੂੰ ਬਾਈ ਜੀ ਕਿਸੇ ਰਾਹ ਪਾ ਵੀ ਕੀ ਕਰੀਏ?"

"ਮੱਘਰਾ, ਏਨੀਂ ਛੋਟੀ ਵਾਹੀ 'ਚ ਗੁਜ਼ਾਰਾ ਤਾਂ ਔਖਾ ਹੀ ਹੋਣਾ। ਜੇ ਤੂੰ ਗਗਨੇ ਨੂੰ ਵਾਹੀ 'ਚ ਪਾ ਲਿਆ, ਫੇਰ ਇਹ ਗੁਆਇਆ ਜਾਊ। ਖੱਡੀ ਢਾਣੀ ਦੇ ਆਸੇ-ਪਾਸੇ ਖੇਤਾਂ ਵਾਲੇ ਮੁੰਡੇ ਨਸ਼ੇ ਨਾਲ ਵਿਗੜਦੇ ਜਾਂਦੇ ਐ। ਤੂੰ ਭਾਈ ਕੋਈ ਹੋਰ ਧੰਦ ਤੋਰ ਛੋਟਾ ਮੋਟਾ, ਗਗਨੇ ਨੂੰ ਚਾਰ ਪੈਸਿਆਂ ਦੀ ਕਮਾਈ ਦਾ ਭੁੱਸ ਪਵੇ। ਆਪਣੇ ਪਿੰਡ ਵਾਲਾ ਬੈਂਕ ਲੋਨ ਦੇ ਦਿੰਦਾ; ਕਿਸਮਤ ਵਾਲਾ ਹੋਇਆ ਤਾਂ ਰੰਗ ਲੱਗ ਜਾਣਗੇ। ਰਹੀ ਕੁੜੀ ਦੀ ਗੱਲ, ਮੁੰਡਾ ਭਾਈ ਪੰਚੈਤ ਸੈਕਟਰੀ ਲੱਗਿਆ, ਮੇਰੀ ਨਿਗ੍ਹਾ 'ਚ

ਹੈ। ਪੰਜ ਚਾਰ ਕਿੱਲੇ ਵੀ ਆਉਂਦੀ ਹੋਊ। ਆਪਾਂ ਦੋ ਚਾਰ ਕਨਾਲਾਂ ਏਧਰ-ਓਧਰ ਕਰਕੇ ਬਾਰੋਂ ਉਠਾ ਦਿਆਂਗੇ। ਮੇਰੇ ਪੁਰਾਣੇ ਜਮਾਤੀ ਦਾ ਮੁੰਡਾ ਐ। ਮੇਰੀ ਗੱਲ ਨ੍ਹੀਂ ਮੋੜਦੇ।"

ਮਨ ਹੌਲ਼ਾ ਫੁੱਲ ਵਰਗਾ ਕਰ ਕੇ, ਪੁਰਾਣਾ ਅਖ਼ਬਾਰ ਹੈਂਡਲ ਦੀ ਹੁੱਕ 'ਚ ਅੜਾ ਕੇ, ਅੱਖਾਂ ਵਿਚ ਕਿਸੇ ਕਾਰੋਬਾਰ ਦਾ ਸੁਪਨਾ ਭਰ ਕੇ, ਮੱਘਰ ਨੇ ਸਾਈਕਲ ਢਾਣੀ ਵੱਲ ਰੋੜ੍ਹ ਲਿਆ। ਪੈਡਲ ਦੀ ਕਿੱਲੀ ਚੈਨਕਵਰ ਨਾਲ ਵੱਜ ਕੇ ਟੱਕ-ਟੱਕ ਕਰਦੀ, ਸਟੈਂਡ ਧਰਤੀ ਉੱਤੇ ਘਸਰਦਾ ਹੋਇਆ, ਮੱਘਰ ਧੂੜਾਂ ਪੱਟੀ ਜਾਂਦਾ ਸੀ।

ਰਾਤ ਨੂੰ ਬਾਹਰ ਮੰਜਿਆਂ ਉੱਤੇ ਸਾਰਾ ਪਰਿਵਾਰ, ਚੰਨ ਦੀ ਚਾਨਣੀ ਵਿਚ, ਮੱਧਮ ਟਿਮਕਦੇ ਤਾਰਿਆਂ ਥੱਲੇ, ਹਵਾ ਦੇ ਰੁਮਕਦੇ ਬੁੱਲ੍ਹਿਆਂ ਵਿਚ, ਦੋ ਘੜੀ ਸੁਖ ਦਾ ਸਾਹ ਲੈ ਰਿਹਾ ਸੀ। ਜਦੋਂ ਮੱਘਰ ਨੇ ਕਿਹਾ; "ਕਿਉਂ ਬਈ ਜੁਆਕੋ, ਓ ਗਗਨਿਆਂ, ਸੁਣਦੇ ਹੋਂ ਕਿ ਸੌਂ ਗਏ ਸਾਰੇ ਹੀ?"

"ਨਹੀਂ ਭਾਪਾ ਸਾਰੇ ਹੀ ਜਾਗਦੇ ਪਏ ਹਾਂ।" ਨਸੀਬੋ ਨੇ ਵੀ ਪਾਸਾ ਲੈ ਕੇ ਮੂੰਹ ਚੌਂਹਟੇ ਚੱਕ ਵੱਲ ਕਰ ਲਿਆ।

"ਕਾਮਰੇਡ ਬਾਈ ਆਂਹਦਾ ਸੀ, ਬਈ ਗਗਨੇ ਨੂੰ ਕੋਈ ਕਿੱਤਾ ਵਿੱਢ ਕੇ ਦੇਈਏ। ਵਾਹੀਆਂ-ਵੂਹੀਆਂ 'ਚ ਕੁਛ ਨ੍ਹੀਂ ਪਿਆ।"

"ਤੋਰੇਂਗਾ ਕਾਹਦੇ ਨਾਲ? ਵੱਡਿਆ ਸਿਆਣਿਆਂ, ਤੈਨੂੰ ਪੰਜਾਹ ਵਾਰੀ ਆਖਿਆ; ਬਈ ਨਾ ਥੁੱਕੀਂ ਵੜੇ ਪਕਾਇਆ ਕਰ।"

"ਪਹਿਲਾਂ ਈਂ ਅੱਗਾ ਵਲ਼ ਕੇ ਬਹਿ ਜਾਂਦੀ ਐ, ਗੱਲ ਨ੍ਹੀਂ ਪੂਰੀ ਹੋਣ ਦਿੰਦੀ। ਕਾਮਰੇਡ ਆਖਦਾ ਸੀ, ਬਈ ਆਪਣੇ ਪਿੰਡ ਵਾਲੇ ਬੈਂਕ ਤੋਂ ਲੋਨ ਮਿਲ ਜਾਂਦਾ ਹੈ। ਭਾਵੇਂ ਕੋਈ ਹੱਟੀ ਪਾ ਲਵੇ, ਪਸੂ ਖਰੀਦ ਕੇ ਡੇਅਰੀ ਖੋਲ੍ਹ ਲਵੇ, ਕੋਈ ਛੋਟਾ ਆਟੋ ਟੈਂਪੂ ਲੈ ਲਵੇ। ਸਾਰਾ ਤਾਂ ਪਤਾ ਬੈਂਕ 'ਚੋਂ ਜਾ ਕੇ ਲੱਗੂ, ਪਰ ਕਾਮਰੇਡ ਕਈ ਕੰਮ ਦੱਸਦਾ ਸੀ।"

"ਠੀਕ ਐ ਭਾਪਾ, ਮੈਨੂੰ ਤਾਂ ਕਾਲਜ ਪੜ੍ਹਣਾ ਹੀ ਮੁਸ਼ਕਲ ਹੋਇਆ ਪਿਆ, ਬਾਹਰਲੇ ਮੁਲਕ ਕਿੱਥੋਂ ਜਾਊਂਗਾ। ਵਾਹੀ ਨਾਲੋਂ ਤਾਂ ਕੋਈ ਕਿੱਤਾ ਹੀ ਤੋਰ ਕੇ ਵੇਖ ਲੈਂਦੇ ਹਾਂ।"

"ਵੇਖ ਲਓ ਭਾਈ, ਕਿਤੇ ਗੰਢਿਆਂ ਵਾਲੀ ਨਾ ਹੋਵੇ, ਥੋਡੀ ਮਰਜੀ ਐ।"

"ਓਏ ਸੀਬੋ, ਤੂੰ ਚੰਗਾ ਸੋਚਿਆ ਕਰ।"

VII

ਗੁਲਾਬ ਸਿਹੁੰ ਕਾਮਰੇਡ ਜਦੋਂ ਮੱਘਰ ਨੂੰ ਲੈ ਕੇ ਬੈਂਕ ਦੇ ਮੈਨੇਜਰ ਕੋਲ਼ ਗਿਆ ਤਾਂ ਮੈਨੇਜਰ ਨੇ ਐਨਕ ਉੱਪਰੋਂ ਦੀ ਝਾਕ ਕੇ ਕਿਹਾ;"ਆਈਏ, ਆਈਏ ਕਾਮਰੇਡ ਸਾਹਿਬ, ਲਗਦੈ ਇਕੱਤੀ ਮਾਰਚ ਤੋਂ ਪਹਿਲਾਂ, ਦੋ ਚਾਰ ਐੱਫ-ਡੀਆਂ ਦੀ ਸੇਵਾ ਸਾਨੂੰ ਦੇਵੋਗੇ। ਆ ਜਾਓ ਭਾਈ ਸਾਹਬ ਤੁਸੀਂ ਵੀ ਬਿਰਾਜੋ ਕੁਰਸੀ ਉੱਤੇ, ਖਲੋਤੇ ਕਿਉਂ ਹੋ?" ਮੱਘਰ ਵੱਲ ਵੇਖਦੇ ਹੋਏ ਮੈਨੇਜਰ ਨੇ ਕਿਹਾ।

"ਬਾਊ ਜੀ, ਐੱਫ-ਡੀ-ਉਫ਼ਡੀ ਤਾਂ ਹੁੰਦੀ ਰਹੂ। ਕਰਵਾ ਦਿਆਂਗੇ, ਪਰ ਅੱਜ ਤਾਂ ਮੈਂ ਇਕ ਹੋਰ ਕੰਮ ਆਇਆ ਹਾਂ। ਆਹ ਬਾਈ ਮੱਘਰ ਸਿਹੁੰ ਬੜਾ ਇਮਾਨਦਾਰ ਤੇ ਕਾਮਾ ਬੰਦਾ ਐ ਜੀ। ਹੱਦ ਦਾ ਮਿਹਨਤੀ ਇਨਸਾਨ। ਏਹਦੀ ਮੱਦਦ ਕਰਨੀ ਐਂ ਜੀ। ਮੁੰਡਾ ਏਹਦਾ ਦਸ ਪਾਸ ਐ। ਨੌਕਰੀ ਨਾਕਰੀ ਤਾਂ ਅੱਜ ਕੱਲ੍ਹ ਮਿਲਦੀ ਨਹੀਂ, ਛੋਟੀ ਵਾਹੀ ਖੇਤੀ ਲਾਹੇਵੰਦੀ ਨਹੀਂ ਰਹੀ। ਏਸ ਕਰਕੇ ਸੋਚਦੇ ਹਾਂ ਜੀ ਮੁੰਡੇ ਨੂੰ ਕੋਈ ਕੰਮ ਧੰਦਾ ਕਰਵਾ ਦੇਈਏ। ਬੈਂਕ, ਸਰਕਾਰ ਦੀਆਂ ਤੁਸੀਂ ਕਈ ਸਕੀਮਾਂ ਦਸਦੇ ਸੀ। ਅੱਜ ਫੇਰ ਚਾਨਣਾ ਪਾਓ। ਲੋਨ ਵਗੈਰਾ ਪਾਸ ਕਰਕੇ, ਇਨ੍ਹਾਂ ਨੂੰ ਕਿੱਤੇ ਲਾਈਏ।"

ਬੈਂਕ ਮੈਨੇਜਰ ਨੇ ਫ਼ੀਲਡ ਅਫ਼ਸਰ ਨੂੰ ਕੋਲ਼ ਬੁਲਾ ਲਿਆ। "ਰਮੇਸ਼ ਜੀ, ਕਾਮਰੇਡ ਸਾਹਬ ਹੁਰਾਂ ਨੂੰ ਸਰਕਾਰ ਦੀਆਂ ਸਕੀਮਾਂ ਦੱਸੋ। ਨਾਲੇ ਲੋਨ ਬਾਰੇ ਜਾਣਕਾਰੀ ਦਿਓ।"

"ਕਿੰਨੀ ਕੁ ਪੈਲ਼ੀ ਐ ਸਰਦਾਰ ਜੀ ਆਪਣੇ ਕੋਲ਼?"

ਮੱਘਰ ਨੂੰ ਘੱਟ ਪੈਲੀ ਹੋਣ ਦਾ ਅਹਿਸਾਸ ਪਹਿਲੀ ਵੇਰ ਇੰਨਾ ਹੋਇਆ ਕਿ ਦੱਸਦੇ ਨੂੰ ਸ਼ਰਮ ਆਈ, ਬੁੱਲ੍ਹ ਕੰਬੇ। "ਜੀ ਹੈ ਤਾਂ ਤਿੰਨ ਕਿੱਲੇ, ਪਰ ਨਿਆਈਂ ਦੀ ਪੈਲ਼ੀ ਐ, ਨਹਿਰੀ ਸਾਰੀ ਰਪੱਈਏ ਕੀਮਤ ਵਾਲੀ।"

"ਅੱਛਾ, ਅੱਛਾ ਕੋਈ ਨਾ, ਕੋਈ ਨਾ ਠੀਕ ਐ ਜੀ।"

"ਤੇ ਪਹਿਲੋਂ ਕਿਤੇ ਰਹਿਣ, ਗਹਿਣੇ ਜਾਂ ਮਾਰਗੇਜ ਤਾਂ ਨਹੀਂ ਹੋਈ?"

"ਨਹੀਂ ਜੀ, ਸਾਰੀ ਫਰਦ ਸਾਫ਼ ਹੈ, ਦੁੱਧ ਵਾਂਗੂੰ, ਕਿਤੇ ਲਾਲ ਕਲਮ ਨ੍ਹੀਂ ਚੱਲੀ।"

"ਦੇਖੋ, ਸੱਤਰ ਕੁ ਹਜ਼ਾਰ ਫੀ ਕਿੱਲੇ ਦੇ ਇਵਜ਼ ਨਾਲ ਤੁਹਾਨੂੰ ਦੋ ਸਵਾ ਦੋ ਲੱਖ ਦਾ ਲੋਨ ਮਨਜ਼ੂਰ ਹੋ ਸਕਦਾ ਹੈ। ਤੇ ਕਾਮਰੇਡ ਸਾਹਬ ਸਕੀਮਾਂ ਵਿਚ ਇਹ ਦੁਧਾਰੂ ਪਸ਼ੂ ਲੈ ਕੇ ਡੇਅਰੀ ਦਾ ਕੰਮ ਕਰ ਸਕਦੇ ਐ। ਕੋਈ ਦੁਕਾਨ, ਵਰਕਸ਼ਾਪ, ਕੋਈ ਮਸ਼ੀਨਰੀ ਆਟੋ ਰਿਕਸ਼ਾ ਵਗੈਰਾ, ਆਟਾ ਚੱਕੀ ਵਗੈਰਾ ਵਗੈਰਾ...। ਪਰ ਇਹ ਕੰਮ ਪਿੰਡ 'ਚ ਕਈ ਉਦਮੀਆਂ ਨੇ ਕਰਕੇ ਵੇਖ ਲਏ ਹਨ। ਕਾਮਯਾਬੀ ਘੱਟ ਹੀ ਮਿਲੀ ਹੈ। ਇਕ ਕੰਮ ਹੋਰ ਵੀ ਹੈ ਜੇ ਮੁੰਡਾ ਲਗਨ ਨਾਲ ਕੰਮ ਕਰਨ ਵਾਲਾ ਤੇ ਡਿਊਟੀ ਦੇਣ ਵਾਲਾ ਹੋਵੇ। ਆਪਣੇ ਏਸ ਐਡੇ ਵੱਡੇ ਪਿੰਡ ਵਿਚ ਕਿਸੇ ਕੋਲ਼ ਟੈਂਟ ਦਾ ਕੰਮ ਹੈ ਨਹੀਂ। ਅੱਜ ਕੱਲ੍ਹ ਵਿਆਹ, ਮੰਗਣੇ, ਮਰਨੇ-ਪਰਨੇ, ਟੂਰਨਾਮੈਂਟ ਸਾਰੇ ਥਾਈਂ ਟੈਂਟ ਲਗਦੇ ਐ। 'ਕੇਰਾਂ ਲਘੂ ਰੂਪ ਵਿਚ ਕੰਮ ਚਲਾ ਲਓ, ਆਪੇ ਅੱਗੇ ਵਧਦੇ ਜਾਵੋਗੇ।"

"ਬਸ ਠੀਕ ਐ ਜੀ, ਏਸੇ ਦੀ ਸਲਾਹ ਕਰਕੇ ਵੇਖ ਲੈਂਦੇ ਹਾਂ।"

"ਆਹ ਕਾਗਜ਼ਾਂ ਪੱਤਰਾਂ ਦੀ ਲਿਸਟ ਹੈ ਕਾਮਰੇਡ ਸਾਹਬ, ਤੁਸੀਂ ਸਮਝਦਾਰ ਹੋ। ਇਹ ਸ਼ਰਤਾਂ ਵਗੈਰਾ ਪੂਰੀਆਂ ਕਰ ਦਿਓ। ਮਹੀਨੇ ਅੰਦਰ ਲੋਨ ਮੰਜੂਰ ਹੋ ਜਾਵੇਗਾ।"

ਮੱਘਰ ਨੂੰ ਬੈਂਕ ਦੀਆਂ ਪੌੜੀਆਂ ਉਤਰਦਿਆਂ 'ਕੇਰਾਂ ਤਾਂ ਕਰਜ਼ਾ ਸਾਹਮਣੇ ਬੈਠੇ ਮਾਰ ਖੁੰਡੇ ਝੋਟੇ ਵਰਗਾ ਲੱਗਿਆ। ਫੇਰ ਆਪ ਹੀ ਸੋਚਿਆ, ਆਪਾਂ ਕਿਹੜਾ ਮਾਰੂਤੀ ਖਰੀਦ ਕੇ ਝੂਟੇ ਲੈਣੇ ਐਂ। ਕਾਰੋਬਾਰ ਕਰਾਂਗੇ, ਕਿਸ਼ਤਾਂ ਭਰੀ ਜਾਵਾਂਗੇ। ਲੋਨ ਦੀ ਮਾਫ਼ੀ ਵੀ ਆ ਸਕਦੀ ਹੈ। ਤੇ ਉਸ ਨੂੰ ਪਿੰਡ ਵਿੱਚ ਹਰ ਥਾਂ ਆਵਦਾ ਰੰਗ-ਬਰੰਗਾ ਟੈਂਟ ਲੱਗਿਆ ਦਿਸਣ ਲੱਗ ਪਿਆ।

"ਮੇਰੇ ਨੌਹਰੇ ਦੀ ਸੜਕ ਵਾਲੀ ਬੈਠਕ ਵਿਹਲੀ ਪਈ ਐ। ਮਗਰਲੇ ਪਾਸੇ ਪਸੂਆਂ ਵਾਲਾ ਖਾਲੀ ਸ਼ੈੱਡ ਪਿਆ। ਬੈਠਕ 'ਚ ਭਾਂਡੇ ਟੀਂਡੇ ਤੇ ਕੀਮਤੀ ਸਮਾਨ ਰੱਖ ਲਵੀਂ, ਵੰਞ-ਬਾਂਸ, ਪਾਈਪਾਂ, ਮੇਜ਼ ਕੁਰਸੀਆਂ ਮੋਟਾ ਮਾਲ ਸ਼ੈੱਡ 'ਚ ਰੱਖ ਲਵੀਂ। 'ਕੇਰਾਂ ਕੰਮ ਚਲਾ ਯਾਰ। ਕੰਮ ਚੱਲੇ ਤੋਂ, ਜੋ ਤੇਰੇ ਤੋਂ ਸਰਿਆ, ਮੈਨੂੰ ਕਿਰਾਇਆ ਦੇ ਦਿਆ ਕਰੀਂ। ਪਰ ਅਜੇ ਕੋਈ ਜਰੂਰੀ ਨਹੀਂ। ਤੂੰ ਹਿੰਮਤ ਨਾਲ ਗਗਨੇ ਨੂੰ ਜੋੜ ਕੇ ਬਸ - ਪਾ ਦੇ ਪੰਜਾਲੀ 'ਕੇਰਾਂ।"

'ਗਗਨਦੀਪ ਟੈਂਟ ਹਾਊਸ' ਦਾ ਫਲੈਕਸ ਬੋਰਡ ਕਾਮਰੇਡ ਗੁਲਾਬ ਸਿਹੁੰ ਦੀ ਬੈਠਕ 'ਤੇ ਲੱਗ ਗਿਆ। ਸ਼ਹਿਰ ਦੇ ਟੈਂਟ 'ਤੇ ਪਿੰਡ ਦਾ ਕੰਮ ਕਰਦਾ ਮੁੰਡਾ ਹੈਲਪਰ ਵਜੋਂ ਰੱਖ ਲਿਆ। ਤੇ ਰੋੜ੍ਹਾ ਰੁੜ੍ਹ ਪਿਆ। ਜਿੱਥੇ ਸਵੇਰ ਵੇਲੇ ਕਾਮਰੇਡ ਤੇ ਮੱਘਰ ਸਿਹੁੰ ਪਹਿਲਾਂ ਅਖ਼ਬਾਰ ਫਰੋਲਣ ਦਾ ਝੱਸ ਪੂਰਾ ਕਰਦੇ। ਫੇਰ ਮੱਘਰ ਢਾਣੀ ਨੂੰ ਤੁਰ ਜਾਂਦਾ ਤੇ ਗਗਨਾ ਟੈਂਟ ਦੇ ਕੰਮ ਵਿਚ ਰੁੱਝ ਜਾਂਦਾ।

ਪਿੰਡ 'ਚ ਲੋੜਵੰਦਾਂ ਦਾ ਕੰਮ ਸਰਨ ਲੱਗ ਪਿਆ। ਦੋਹੇਂ ਪਿਉ ਪੁੱਤ ਕਦੇ ਕਿਸੇ ਦੇ, ਕਦੇ ਕਿਸੇ ਦੇ ਛੋਟੇ ਮੋਟੇ ਪ੍ਰੋਗਰਾਮ ਕਰਦੇ ਰਹੇ। ਵੱਡੇ ਕੰਮ ਤਾਂ ਭਾਵੇਂ ਅਜੇ ਵੀ ਮੰਡੀ ਵਾਲੇ ਕਰਦੇ ਸਨ, ਪਰ ਛੋਟੇ ਜਿਮੀਂਦਾਰ ਤੇ ਗਰੀਬ ਗੁਰਬੇ ਦੀ ਲੋੜ ਵਧੀਆ ਪੂਰੀ ਹੋਣ ਲੱਗ ਪਈ।

ਮੱਘਰ ਦੇ ਸਾਊ ਸੁਭਾਅ ਕਰਕੇ, ਕਈ ਵਾਰੀ ਪੇਮੈਂਟ ਮਿਲਣ ਵਿਚ ਦਿੱਕਤ ਆ ਜਾਂਦੀ, ਗਗਨਾ ਹਰਖ ਜਾਂਦਾ। ਪਰ ਮੱਘਰ ਠੰਡੇ ਪਾਣੀ ਦਾ ਛਿੱਟਾ ਮਾਰ ਦਿੰਦਾ।

"ਕੋਈ ਨ੍ਹੀਂ, ਆਪਣੇ ਵਰਗੇ ਸ਼ਰੀਕ ਭਰਾ ਐ, ਬਥੇਰੀ ਵਾਰੀ ਤੰਗੀ ਤੁਰਸ਼ੀ ਆ ਜਾਂਦੀ ਐ, ਚਾਰ ਦਿਨ ਠਹਿਰ ਕੇ ਆ ਜਾਣਗੇ। ਆਪਾਂ ਤੋਂ ਪੁੱਤ ਕਿਹੜਾ ਹਰ ਵਾਰੀ ਹਰ ਥਾਂ ਪੂਰਾ ਆਇਆ ਜਾਂਦਾ ਹੈ।"

ਕਈ ਵਾਰੀ ਬਹੁਤੇ ਲੋੜਵੰਦ ਤੇ ਗਰੀਬ ਨੂੰ ਉਹ ਛੱਡ ਵੀ ਦਿੰਦਾ। ਲੋਨ ਦੀਆਂ ਚਾਰ ਪੰਜ ਕਿਸ਼ਤਾਂ ਵੀ ਟਾਈਮ ਸਿਰ ਭਰੀਆਂ ਗਈਆਂ ਸਨ ਤੇ ਹੱਥ ਵੀ ਥੋੜ੍ਹਾ ਸੁਖਾਲ਼ਾ ਹੋ ਗਿਆ ਸੀ।

ਪਰ ਥੋੜ੍ਹੇ ਚਿਰ ਪਿੱਛੋਂ ਲੋਕ ਨਵੀਆਂ ਚਾਦਰਾਂ, ਨਵੇਂ ਭਾਂਡਿਆਂ, ਪਰਦਿਆਂ, ਗੱਦੇਦਾਰ ਕੁਰਸੀਆਂ ਦੀ ਮੰਗ ਵਧਾ ਦਿੰਦੇ।

"ਬਾਈ ਜੀ ਕਾਮਰੇਡ ਸਾਹਬ, ਏਹ ਤਾਂ ਖੂਹ ਦੀ ਮਿੱਟੀ ਖੂਹ 'ਚ ਹੀ ਲੱਗੀ ਜਾਂਦੀ ਐ। ਜਿਹੜੇ ਚਾਰ ਪੈਸੇ ਆਉਂਦੇ ਐ, ਉਹਦਾ ਸਮਾਨ ਪਾਉਣਾ ਪੈ ਜਾਂਦਾ ਹੈ। ਐਤਕੀਂ ਤਾਂ ਕਿਸ਼ਤ ਵੀ ਟੁੱਟ ਗਈ।" ਮੱਘਰ ਨੇ ਦੁਖਦੀ ਰਗ ਨਾਲ ਮੱਥੇ ਉੱਤੇ ਤਿਊੜੀ ਪਾ ਕੇ ਕਿਹਾ।

"ਜੇ ਹੁਣ ਨਵਾਂ ਮਾਲ ਨਹੀਂ ਪਾਉਂਦੇ ਤਾਂ ਗਾਹਕ ਟੁੱਟਦਾ ਹੈ, ਮੰਡੀ ਵੱਲ ਮੂੰਹ ਕਰ ਲੈਂਦੇ ਐ। ਅੱਗੋਂ ਨਾਹਰਾ ਸਗੋਂ ਹੋਰ ਮਾਰ ਦਿੰਦੇ ਆ 'ਬਈ ਏਹਨਾਂ ਕੋਲ਼ ਤਾਂ ਹੁਣ ਕੂੜ ਕਬਾੜ ਈ ਰਹਿ ਗਿਆ, ਚੱਜ ਦੀ ਤਾਂ ਇਕ ਵੀ ਚੀਜ਼ ਨਹੀਂ।'"

"ਓ ਹੋ, ਭਾਈ ਮੱਘਰ ਸਿਆਂ ਤੂੰ ਨ੍ਹੀਂ ਸਮਝੇਂਗਾ, ਇਹ ਪੂੰਜੀਵਾਦੀ ਬਜ਼ਾਰ ਦੀ ਖਪਤਵਾਦ ਦੀ ਨਵੀਂ ਲਹਿਰ ਐ। ਏਥੇ ਚੀਜ਼ ਦੀ ਚਮਕ-ਦਮਕ ਵੇਖ ਕੇ ਫ਼ੈਸਲੇ ਹੁੰਦੇ ਐ। ਮੁਕਾਬਲੇਬਾਜ਼ੀ ਦਾ ਜ਼ਮਾਨਾ ਐ।"

ਮੱਘਰ ਬੇਸਮਝਾ ਹੋ ਕੇ ਅਖਬਾਰ 'ਚੋਂ ਖ਼ਬਰਾਂ ਫਰੋਲਣ ਲੱਗ ਪੈਂਦਾ। ਐਨੇ ਐਕਸੀਡੈਂਟ, ਐਨੇ ਫਾਹੇ, ਨਵ-ਵਿਆਹੀਆਂ ਦਹੇਜ ਦੀ ਬਲੀ ਚੜ੍ਹੀਆਂ, ਲੀਡਰਾਂ ਪਾਰਟੀਆਂ ਦੇ ਲਾਰੇ...। ਉਹ ਕਾਮਰੇਡ ਨੂੰ ਸੁਣਾ ਕੇ, ਅਖਬਾਰ ਦੀ ਪੂਣੀ ਵੱਟ ਕੇ ਸਾਈਕਲ ਦੀ ਹੁੱਕ ਵਿਚ ਫਸਾ ਲੈਂਦਾ ਤੇ ਕਾਮਰੇਡ ਨੂੰ ਛੇੜਣ ਖਾਤਰ, 'ਚੰਗਾ ਕਾਮਰੇਡ ਸਾਹਬ ਇਨਕਲਾਬ ਜ਼ਿੰਦਾਬਾਦ' ਦਾ ਪੋਲਾ ਜਿਹਾ ਨਾਹਰਾ ਮਾਰ ਕੇ ਸਾਈਕਲ ਦੇ ਪੈਡਲ ਦੀ ਕਿੱਲੀ ਦੱਬ ਦਿੰਦਾ।

ਮਲੋਟ ਮੰਡੀ ਵਾਲੇ 'ਪੰਜਾਬ ਟੈਂਟ ਹਾਊਸ' ਦੇ ਮਾਲਕਾਂ ਨੇ ਮੈਰਿਜ ਪੈਲੇਸ ਬਣਾ ਲਿਆ। ਲੋਹੇ ਬਜ਼ਾਰ ਵਾਲਾ ਪੁਰਾਣਾ ਟੈਂਟ ਹਾਊਸ ਉਨ੍ਹਾਂ ਨੇ ਆਪਣੇ ਮੁਨੀਮ ਗੁਲਸ਼ਨ ਨੂੰ ਅੱਧ-ਖਰੀ 'ਚ ਵੇਚ ਦਿੱਤਾ। ਗੁਲਸ਼ਨ ਦੇ ਦੋ ਮੁੰਡੇ ਸੀ। ਇਕ ਨੇ ਲੋਹੇ ਬਜ਼ਾਰ ਵਾਲੀ ਦੁਕਾਨ ਸੰਭਾਲ ਲਈ। ਦੂਸਰਾ ਮੱਘਰ ਹੁਰਾਂ ਨੂੰ ਟੈਂਟ ਦੇ ਕੰਮ ਕਰ ਕੇ ਜਾਣਦਾ ਸੀ। ਉਸ ਨੇ ਗਗਨੇ ਨੂੰ ਸਲਾਹ ਦਿੱਤੀ;

"ਮੈਂ ਥੋਡੇ ਪਿੰਡ ਵਿਚ ਬਰਾਂਚ ਖੋਲ੍ਹ ਦਿੰਦਾ ਹਾਂ। ਜਿੱਡਾ ਵੱਡਾ ਮਰਜੀ ਪ੍ਰੋਗਰਾਮ ਹੋਵੇ, ਆਪਾਂ ਰਲ਼ ਕੇ ਕਰ ਲਿਆ ਕਰਾਂਗੇ। ਲੋਕ ਮੰਡੀ ਵੱਲ ਭੱਜਣੋ ਹਟ ਜਾਣਗੇ। ਛੋਟੇ ਮੋਟੇ ਪ੍ਰੋਗਰਾਮ ਆਪੋ ਆਪਣੇ ਕਰ ਲਿਆ ਕਰਾਂਗੇ। ਮੰਨ ਜਾ ਮੇਰੀ ਤੂੰ, ਕੰਮ ਦੀ ਹਨੇਰੀ ਲਿਆ ਦੇਵਾਂਗੇ। ਮੇਰਾ ਤੂੰ ਤਜਰਬਾ ਵੇਖੀਂ। ਸਹੁੰ ਮਾਤਾ ਸ਼ੇਰਾਂ ਵਾਲੀ ਦੀ।"

ਗਗਨੇ ਨੇ ਗੱਲ ਮੱਘਰ ਤੇ ਕਾਮਰੇਡ ਕੋਲ ਕੀਤੀ।

"ਵੇਖ ਲਓ ਭਾਈ, ਕੜਾ ਲੋਟ ਵੀ ਆ ਸਕਦਾ ਹੈ ਰਲ਼ ਕੇ ਚੱਲਣ ਨਾਲ ਤੇ ਮੁਕਾਬਲੇ ਬਾਜ਼ੀ ਵੀ ਹੋ ਸਕਦੀ ਐ। ਪਰ ਨਾਲੇ ਆਪਾਂ ਕਿਸੇ ਨੂੰ ਪਿੰਡ ਵਿਚ ਕੰਮ ਕਰਨੋ ਰੋਕ ਕਿਵੇਂ ਸਕਦੇ ਹਾਂ।" ਕਾਮਰੇਡ ਨੇ ਦੋਹਾਂ ਨੂੰ ਸਲਾਹ ਦਿੱਤੀ।

'ਨਿਊ ਪੰਜਾਬ ਟੈਂਟ ਹਾਊਸ' ਦੀ 'ਗਗਨਦੀਪ ਟੈਂਟ ਹਾਊਸ' ਨਾਲ ਕੰਮ ਦੀ ਯਾਰੀ ਸੇਠ ਓਨਾ ਚਿਰ ਪੁਗਾਉਂਦਾ ਰਿਹਾ, ਜਦੋਂ ਤਕ ਉਹਦੇ ਆਵਦੇ ਪੈਰ ਪਿੰਡ ਵਿਚ ਤੇ ਆਸੇ-ਪਾਸੇ ਦੀਆਂ ਢਾਣੀਆਂ ਪਿੰਡਾਂ ਵਿਚ ਪੱਕੇ ਨਾ ਹੋ ਗਏ। ਫੇਰ ਜਿਵੇਂ ਵੱਡੀ ਟਰਾਂਸਪੋਰਟ ਕੰਪਨੀ ਦੀ ਝਮਝਮ ਕਰਦੀ ਬੱਸ ਵਿਚ ਭਰੇ ਭਰਾਏ ਟੈਂਪੂ 'ਚੋਂ ਸਵਾਰੀਆਂ ਛਾਲ਼ ਮਾਰ ਕੇ ਚੜ੍ਹ ਜਾਂਦੀਆਂ, ਓਵੇਂ ਗਗਨੇ ਕਿਆਂ ਨਾਲ ਹੋਣ ਲੱਗ ਪਈ।

ਗੁਲਾਬ ਸਿੰਘ ਦੀ ਸਲਾਹ ਤੇ ਹੱਲਾ-ਸ਼ੇਰੀ ਨਾਲ ਮੱਘਰ ਨੇ ਹੰਭਲਾ ਮਾਰਿਆ ਤੇ ਧੀ ਨੂੰ ਬਾਰੋਂ ਉਠਾ ਦਿੱਤਾ। ਮੁੰਡਾ ਪੰਚਾਇਤ ਸੈਕਟਰੀ ਲੱਗਿਆ ਮਿਲ ਗਿਆ। ਨਸੀਬੋ ਨੇ ਖ਼ੁਸ਼ੀ ਖ਼ੁਸ਼ੀ ਆਪਣੇ ਗਲ਼ ਕੰਨਾਂ ਦੀਆਂ ਕੁਛ ਟੂੰਮਾਂ ਦੀ ਭੰਨ ਭਨਾਈ ਕਰ ਲਈ। ਲੀੜੇ ਕੱਪੜੇ ਤੇ ਹੋਰ ਸੌਦੇ-ਸੀਧੇ 'ਚ

ਸੁਰੈਣਾ ਸਿਹੁੰ ਤੇ ਮੱਘਰ ਦੇ ਭਰਾਵਾਂ ਅਤੇ ਕੁੜੀ ਦੇ ਨਾਨਕਿਆਂ ਨੇ ਮੱਦਤ ਕਰ ਦਿੱਤੀ। ਮੱਘਰ ਸਿਹੁੰ ਨੇ ਚਾਰ ਕਨਾਲਾਂ ਦਾ ਸੌਦਾ ਕਾਮਰੇਡ ਰਾਹੀਂ ਰਮਣੇ ਕਿਆਂ ਨਾਲ ਕਰ ਲਿਆ। ਤੇ ਨਾਲ ਇਹ ਗੱਲ ਵੀ ਮੁਕਾ ਲਈ, ਬਈ 'ਕੇਰਾਂ ਪੈਲ਼ੀ ਅਸੀਂ ਹੀ ਵਾਹਾਂਗੇ, ਤੈਨੂੰ ਬਣਦਾ ਸਰਦਾ ਠੇਕਾ ਦੇ ਦਿਆ ਕਰਾਂਗੇ, ਤਾਂ ਕਿ ਨਵੇਂ ਰਿਸ਼ਤੇਦਾਰਾਂ ਤੇ ਸ਼ਰੀਕੇ 'ਚ ਜਮੀਨ ਵੇਚਣ ਦੀ ਗੱਲ 'ਕੇਰਾਂ ਢਕੀ ਰਵ੍ਹੇ। ਅਗਲੀ ਫਸਲ 'ਤੇ ਬੈਂਕ ਦਾ ਕੰਮ ਨਬੇੜ ਕੇ ਤੇਰੇ ਨਾਂ ਰਜਿਸਟਰੀ ਕਰਵਾ ਦੇਵਾਂਗੇ। ਸੁਪਨਦੀਪ ਦਾ ਵਿਆਹ ਕਰਕੇ ਇਕ ਵਾਰੀ ਮੱਘਰ ਸਿਹੁੰ ਦਾ ਟੱਬਰ ਹੌਲ਼ਾ ਫੁੱਲ ਮਹਿਸੂਸ ਕਰਨ ਲੱਗ ਪਿਆ।

"ਲੈ ਗਗਨੇ ਨੂੰ ਤਾਂ ਮੈਂ ਚੁਟਕੀ ਮਾਰ ਕੇ ਵਿਆਹ ਲਊਂਗੀ। ਵੱਡਾ ਕੰਮ ਨਿੱਬੜ ਗਿਆ ਇਕ ਵਾਰੀ।" ਮੱਛਰੀ ਹਾਸੀ ਹਸਦੀ ਹੋਈ ਨਸੀਬ ਕੁਰ ਪਿੰਡ ਵਿਚ ਸ਼ਰੀਕੇ ਕਬੀਲੇ ਨੂੰ ਆਖ ਦਿੰਦੀ।

ਫੇਰ 'ਨਿਊ ਪੰਜਾਬ ਟੈਂਟ ਹਾਊਸ' ਨੇ ਗਗਨਦੀਪ ਟੈਂਟ ਨੂੰ ਮੈਦਾਨ ਵਿੱਚੋਂ ਇਉਂ ਭਜਾ ਦਿੱਤਾ, ਜਿਵੇਂ ਝੋਟਾ ਬਰਸੀਮ 'ਚੋਂ ਕੱਟੇ ਨੂੰ ਭਜਾ ਦਿੰਦਾ ਐ।

"ਨਸੀਬ ਕੁਰੇ, ਢਿੱਡ ਤਾਂ ਧਰਤ ਮਾਤਾ ਹੀ ਭਰੂਗੀ। ਲੈ ਹੁਣ ਫੇਰ ਵੜ ਜਾਈਏ ਏਸੇ 'ਚ ਵਰਮੀ ਵਾਂਗੂੰ।"

ਮੱਘਰ ਨੇ ਮਹਿੰਗੇ ਬੀ.ਟੀ. ਬੀਜ ਦਾ ਨਰਮਾ ਚੋਭਿਆਂ ਨਾਲ ਹੱਥੀਂ ਬੀਜ ਦਿੱਤਾ। ਸੁਣਿਆ ਸੀ, ਬਈ ਇਹ ਚਾਲੀ ਮਣ ਤਕ ਕਿੱਲੇ ਦਾ ਝਾੜ ਦੇ ਦਿੰਦਾ ਹੈ। ਮੱਘਰ ਦੇ ਕੁੜਮਾਂ ਨੇ ਪਿਛਲੇ ਸਾਲ ਏਹ ਫ਼ਾਇਦਾ ਉਠਾਇਆ ਸੀ।

ਮੱਘਰ ਖੇਤ ਵਿਚ ਰੁੱਝ ਗਿਆ ਤੇ ਗਗਨਾ ਟੈਂਟ ਹਾਊਸ ਤੋਂ ਕੰਨੀ ਕਤਰਾਉਣ ਲੱਗ ਪਿਆ। ਉਹਦੇ ਕੋਲ਼ ਹਾਣੀ-ਬੇਲੀ, ਮੁੰਡੇ ਖੁੰਡੇ ਬਹਿਣ ਲੱਗ ਪਏ। ਆਥਣੇ ਦਾਰੂ ਛਿੱਕਾ ਚੱਲਣ ਲੱਗ ਪਿਆ। ਭਾਵੇਂ ਗਗਨਾ ਪਿਉ ਤੋਂ ਡਰਦਾ-ਬਚਦਾ ਰਿਹਾ, ਪਰ ਜਦੋਂ ਕਦੇ ਬੈਂਕ ਵਾਲਿਆਂ ਦੀ ਕਿਸ਼ਤ ਦੀ ਚਿੱਠੀ ਆਉਂਦੀ, ਉਹ ਫ਼ਿਕਰ ਚਿੰਤਾ ਹੌਲ਼ੀ ਕਰਨ ਲਈ ਘੁੱਟ ਲਾ ਲੈਂਦਾ। ਵੱਸ ਲਗਦੇ ਮੱਘਰ ਨੂੰ ਪਤਾ ਨਾ ਲੱਗਣ ਦਿੰਦਾ।

ਇਕ ਦਿਨ ਮੱਘਰ ਜਦੋਂ ਦੁਕਾਨ ਤੋਂ ਅਖ਼ਬਾਰ ਚੁੱਕਣ ਆਇਆ, ਤਾਂ ਅਲਮਾਰੀ ਵਿਚ ਅਖ਼ਬਾਰ ਥੱਲਿਓਂ ਗੋਲੀਆਂ ਦਾ ਪੱਤਾ ਨਿਕਲ ਆਇਆ। ਮੱਘਰ ਨੂੰ ਨਸ਼ੇ ਵਾਲਾ ਪੱਤਾ ਵੇਖ, ਤਰੇਲੀ ਆ ਗਈ; ਧਰਤੀ ਪੈਰਾਂ ਹੇਠੋਂ ਖਿਸਕਦੀ ਜਾਂਦੀ ਲੱਗੀ। ਓਹਨੇ ਪੱਤਾ ਚੁੱਕ ਲਿਆ, ਪਰ ਬੋਲਿਆ ਕੁਛ ਨਾ। ਸਿੱਧਾ ਘਰ ਨੂੰ ਸਾਈਕਲ ਦਵੱਲ ਦਿੱਤਾ। ਜੋ ਕੁਝ ਉਟ-ਪਟਾਂਗ ਉਹ ਸੋਚਦਾ ਆਇਆ, ਉਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਸੀ।

"ਲੈ ਨੀ ਨਸੀਬੋ, ਇਹ ਤਾਂ ਜਿਹੜੀ ਗੱਲ ਦਾ ਡਰ ਸੀ, ਓਹੀ ਜਾਹ ਜਾਂਦੀ ਹੋ ਗਈ ਲਗਦੀ ਐ। ਕਿਹੜੇ ਨ੍ਹੀਂ ਚਾਨਣੀਆਂ ਕਨਾਤਾਂ ਦੇ ਧੰਦੇ ਕਿੱਤੇ, ਓਥੇ ਤਾਂ ਆਹ ਪੱਤੇ ਚੱਲਣ ਲੱਗ ਪਏ ਐ।"

ਸਾਰੀ ਰਾਮ ਕਥਾ ਸੁਣ ਕੇ ਨਸੀਬੋ ਨੇ ਚੁੰਨੀ ਦੇ ਪੱਲੇ ਨਾਲ ਮੂੰਹ ਦਾ ਮੁੜ੍ਹਕਾ ਪੂੰਝਿਆ।

"ਬਸ ਕਰ, ਬਸ ਕਰ, ਚੌਂਹਟੇ ਚੱਕਾ, ਜ਼ਬਾਨ ਨੂੰ ਲਗਾਮ ਦੇ। ਤੈਨੂੰ ਕੀ ਪਤਾ ਇਹ ਪੱਤਾ ਗਗਨੇ ਦਾ ਹੀ ਐ। ਓਥੇ ਵੀਹ ਲੰਡਰ ਆਉਂਦੇ ਐ। ਐਵੇਂ ਨਾ ਲੋਕਾਂ ਕੋਲ ਭਕਾਈ ਮਾਰਦਾ ਫਿਰੀਂ। ਕੱਲ੍ਹ ਨੂੰ ਪੁੱਤ ਵਿਆਹੁਣਾ ਐ। ਮਾੜੀ ਜੀ ਝੂਠੀ ਸੱਚੀ ਬਿੜਕ ਨਿਕਲ ਗਈ, ਮੁੰਡੇ ਨੂੰ ਸਾਕ ਨ੍ਹੀਂ ਹੋਣਾ। ਗਗਨੇ ਕੋਲ਼ ਤੈਨੂੰ ਕੁਛ ਕਹਿਣ ਦੀ ਲੋੜ ਨਹੀਂ। ਮੈਂ ਆਪੇ ਸਮਝਾਊਂਗੀ। ਜਾਹ ਜਾ ਕੇ ਅਰਾਮ ਨਾਲ ਨਰਮਾ ਗੁੱਡ।"

ਨਰਮਾ ਗੁਡਦੇ ਮੱਘਰ ਨੂੰ ਹਰ ਟੱਕ ਥੱਲਿਓਂ ਨਸ਼ੇ ਦਾ ਪੱਤਾ ਨਿਕਲਦਾ ਲਗਦਾ। 'ਹਾਏ ਓ ਰੱਬਾ, ਕਿੱਧਰ ਨੂੰ ਤੋਰੀ ਜਾਂਦੈਂ ਤੂੰ ਖਲਕਤ ਨੂੰ! ਏਦੂੰ ਤਾਂ ਖਸਖਸ ਹਜ਼ਾਰ ਗੁਣਾ ਚੰਗੀ ਐ। ਜੇ ਚਾਰ ਚੁਫੇਰੇ ਛਟੀਆਂ ਦਾ ਛੌਰ ਲਾ ਕੇ ਵਿਚਾਲੇ ਛੱਟਾ ਦੇ ਦੇਈਏ, ਫੇਰ ਨਾਹਰੇ ਰੰਘੜ ਹੋਰੀਂ ਕਿਥੋਂ ਭਾਲ ਲੈਣਗੇ। ਤੇ ਜੇ ਐਤਕੀਂ ਪੁਲਿਸ ਵਾਲੇ ਆ ਵੀ ਗਏ, ਫੇਰ ਦੋ ਹੱਥ ਮੈਂ ਕਰੂੰ। ਅੱਗੇ ਤਾਂ ਨਸੀਬੋ ਨੂੰ ਠੱਗ ਕੇ ਲੈ ਗਏ ਸੀ। ਇਸਤਗਾਸਾ ਨਾ ਕਰਵਾ ਦਿਆਂ ਤਾਂ।'

VIII

ਪੁਲ਼ੀ ਦੀ ਥੜ੍ਹੀ ਉੱਤੇ ਬੈਠਾ ਮੱਘਰ, ਭਿੰਦਰ ਹੁਰਾਂ ਨੂੰ ਉਡੀਕੀ ਜਾਂਦਾ ਸੀ। ਪਿਛਲੇ ਦਿਨ ਦੇ ਅਖ਼ਬਾਰ ਵਿੱਚੋਂ ਰੋਜ਼ ਰੁਟੀਨ ਦੀਆਂ ਖ਼ਬਰਾਂ ਪੜ੍ਹ-ਪੜ੍ਹ ਕੇ ਅੱਕੇ ਹੋਏ ਨੇ ਕਲਾਸੀਫ਼ਾਈਡ ਇਸ਼ਤਿਹਾਰ ਪੜ੍ਹਨੇ ਸ਼ੁਰੂ ਕਰ ਦਿੱਤੇ। ਵਿਆਹ ਸੰਬੰਧੀ ਰਿਸ਼ਤਿਆਂ ਦੇ, ਗੋਤ-ਜਾਤ ਦੇ ਹਿਸਾਬ ਤਰਤੀਬ ਨਾਲ, ਅਦਾਲਤੀ ਨੋਟਿਸ ਪੜ੍ਹਦੇ ਪੜ੍ਹਦੇ ਦੀ ਨਿਗ੍ਹਾ ਅਖ਼ੀਰ ਮੰਡੀਆਂ ਦੇ ਭਾਅ, ਜਿਣਸ, ਸੋਨਾ-ਚਾਂਦੀ ਬਜ਼ਾਰ, ਲੋਹਾ-ਧਾਤੂ, ਗੁੜ-ਚੀਨੀ-ਖੰਡਸਰੀ ਤੋਂ ਹੁੰਦਾ ਕਿਰਿਆਨੇ-ਮਸਾਲੇ 'ਤੇ ਜਾ ਖੜ੍ਹਿਆ। ਲੌਂਗ, ਇਲਾਇਚੀ, ਜੀਰਾ, ਕਾਲੀ ਮਿਰਚ, ਸੌਂਫ਼ ਅਜਵੈਣ ਤੇ ਖਸ-ਖਸ ਸਾਰਿਆਂ ਦੇ ਭਾਅ ਹਜ਼ਾਰਾਂ ਵਿਚ। 'ਕਮਾਲ ਹੈ ਯਾਰ, ਜਿਹੜੇ ਲੋਕ ਮਸਾਲਿਆਂ ਦੀ ਖੇਤੀ ਕਰਦੇ ਹੋਣਗੇ, ਉਹ ਤਾਂ ਨੋਟਾਂ 'ਚ ਖੇਡਦੇ ਹੋਣਗੇ। ਸੰਗਮਰਮਰ ਦੀਆਂ ਕੋਠੀਆਂ 'ਚ ਰਹਿੰਦੇ ਹੋਣਗੇ।' ਮੱਘਰ ਸੋਚੀ ਜਾ ਰਿਹਾ ਸੀ।

"ਕਿਵੇਂ ਮੱਘਰ ਸਿਆਂ, ਕਿਹੜੀ ਖਬਰ 'ਚ ਏਨਾਂ ਡੂੰਘਾ ਖੁੱਭਿਆ ਪਿਆ ਹੈਂ?"

"ਛਿੰਦਰਾ ਆਪਾਂ ਤਾਂ ਮੋਟੀਆਂ ਸੁਰਖੀਆਂ ਹੀ ਖੰਘਾਲੀ ਜਾਂਦੇ ਹਾਂ, ਲੈ ਤੈਨੂੰ ਬਰੀਕ ਅੱਖਰਾਂ ਵਾਲੀਆਂ ਸੁਣਾਵਾਂ। ਵੇਖ, ਕੁੱਲ ਚੀਜ਼ ਦੇ ਰੋਜ਼ਾਨਾ ਦੇ ਭਾਅ ਲਿਖੇ ਐ। ਬਾਣੀਏ ਦੁਕਾਨਦਾਰ ਸਭ ਤੋਂ ਪਹਿਲਾਂ, ਰਾਜਸੀ ਲੀਡਰਾਂ ਦੇ ਬਿਆਨ ਜਾਂ ਹੋਰ ਚਟਖਾਰਿਆਂ ਵਾਲੀਆਂ ਨਹੀਂ, ਸਗੋਂ ਆਹ ਪੜ੍ਹਦੇ ਹੋਣਗੇ। ਤਾਂ ਹੀ ਤਾਂ ਮਾਰ ਨ੍ਹੀਂ ਖਾਂਦੇ। ਤੜਕੇ ਉੱਠਣਸਾਰ ਹੀ ਪਤਾ ਲੱਗ ਜਾਂਦਾ ਐ, ਬਈ ਕਿਹੜੀ ਚੀਜ਼ ਕਿੰਨੀ ਮਹਿੰਗੀ ਹੋ ਗਈ ਤੇ ਕਿਹੜੀ ਐਨੀ ਸਸਤੀ ਹੋ ਗਈ, ਕਿਹੜਾ ਸੌਦਾ ਚੜ੍ਹ ਗਿਆ ਤੇ ਕਿਹੜਾ ਬੈਠ ਗਿਆ। ਆਪਾਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ, ਬੀ ਹੁਣ ਖਸਖਸ ਕਿੱਥੇ ਖੇਡਦੀ ਐ। ਐਵੇਂ ਪਿੰਡ 'ਚ ਹੱਟੀਆਂ ਵਾਲਿਆਂ ਨਾਲ ਝਗੜੀ ਜਾਂਦੇ ਹਾਂ।" ਮੱਘਰ ਨੇ ਸਾਰੀਆਂ ਚੀਜ਼ਾਂ ਦੇ ਭਾਅ ਤਫਸੀਲਵਾਰ ਪੜ੍ਹ ਕੇ ਸੁਣਾ ਦਿੱਤੇ।

"ਏਹ ਮੱਘਰ ਸਿਆਂ ਵੀਰਾ, ਥੋਕ ਮੰਡੀ ਦੇ ਭਾਅ ਹੁੰਦੇ ਐ, ਤੂੰ ਮੈਂ ਸੌਦਾ ਲੈਣਾ ਹੁੰਦਾ ਐ ਪਾਈਆਂ-'ਦਸੇਰ। ਨਾਲੇ ਵਪਾਰੀਆਂ ਦੇ ਖ਼ਰੀਦਣ ਦੇ ਹੋਰ ਵੇਚਣ ਦੇ ਹੋਰ। ਤੇ ਆਪਣੇ ਗਰਮ-ਮਸਾਲੇ ਨਾਲੇ ਕਿੱਥੋਂ ਹੋ ਜਾਣਗੇ। ਆਪਣੇ ਤਾਂ ਅਨਾਜ ਤੇ ਨਰਮਾ ਕਪਾਹ ਹੀ ਹੋ ਸਕਦਾ ਐ। ਛੱਡ ਪਰ੍ਹੇ ਤੂੰ ਕੋਈ ਹੋਰ ਨਮਕੀਨ ਖਬਰ ਸੁਣਾ।"

"ਤੂੰ ਵੀ ਨਾ ਯਾਰ ਛਿੰਦਰਾ, ਓਏ ਮਸਾਲਿਆਂ ਨੂੰ ਛੱਡ, ਆਪਣੇ ਸੌਂਫ਼ ਜਵੈਣ ਤੇ ਖਸਖਸ ਤਾਂ ਹੋ ਈ ਸਕਦੀ ਐ।"

"ਚੰਗਾ ਮੱਘਰਾ, ਵੇਖ ਜੇ ਇਹੋ ਜਿਹਾ ਪੰਗਾ ਲੈਣ ਦੀ ਸਲਾਹ ਹੈ, ਫੇਰ ਖਸਖਸ ਦਾ ਹੀ ਕਰਕੇ ਵੇਖ ਲੈ। ਨਾਲੇ ਤੂੰ ਅੱਗੇ ਪੋਸਤ ਲਾ ਕੇ ਵੇਖਿਆ ਐ। ਅੱਧੇ ਖੇਤ 'ਚ ਖਾਣ ਨੂੰ ਕਣਕ ਬੀਜ ਲੈ, ਅੱਧੇ 'ਚ ਖਸਖਸ ਬੀਜ ਲੈ। ਸਾਲ 'ਚ ਹੀ ਰਜਾ ਦੇਊ। ਪਰ ਪੋਸਤ ਬੀਜਣ ਦਾ ਲਸੰਸ ਮੰਜੂਰ ਕਰਵਾਉਣਾ ਪੈਣਾ। ਨਹੀਂ ਫੇਰ ਬੰਤੇ ਬੱਕਰੀਆਂ ਵਾਲੇ ਥਾਨੇਦਾਰ ਨੇ ਐਤਕੀਂ ਨ੍ਹੀਂ ਬਖਸ਼ਣਾ।"

ਅਜੇ ਛਿੰਦਰ ਤੇ ਮੱਘਰ ਪੋਸਤ ਦੀ ਖੇਤੀ ਕਰਨ ਦੇ ਲੱਡੂ ਭੋਰ ਹੀ ਰਹੇ ਸਨ ਕਿ ਆਵਦੀ ਢਾਣੀ ਵੰਨੀਓਂ ਬੂਟੇ ਨੂੰ ਤੁਰੇ ਆਉਂਦੇ ਵੇਖ ਕੇ ਛਿੰਦਰ ਕਹਿੰਦਾ; "ਚੁੱਪ ਕਰ ਯਾਰ, ਔਹ ਆਉਂਦਾ ਐ ਅੱਗ ਦੀ ਨਾਲ, ਲੂਤੀਆਂ ਲਾਉਣ ਵਾਲਾ ਚੁਗਲਖ਼ੋਰ; ਏਹਦੇ ਕੋਲੋਂ ਨਾ ਕਿਤੇ ਮਸ਼ਵਰਾ ਲੈਣ ਬੈਠ ਜਾਂਈਂ।"

"ਓ ਕਿਮੇਂ ਐ ਬਕੀਲੋ ਕਾਹਦੀ ਬਹਿਸ ਜਿਰਾਹ ਕਰੀ ਜਾਂਦੇ ਹੋਂ?"

"ਕੁਛ ਨ੍ਹੀਂ ਤਾਇਆ, ਆਹ ਤਰਨਤਾਰਨ ਵੰਨੀਂ ਨਕਲੀ ਸਰਾਬ ਪੀ ਕੇ ਜਿਹੜੇ ਬੰਦੇ ਮਰਗੇ ਸੀ, ਉਨ੍ਹਾਂ ਦੀ ਗੱਲ ਕਰਦੇ ਸੀ।"

"ਕਿਵੇਂ, ਫੜਿਆ ਕੋਈ ਲੀਡਰ-ਮੁਜਰਮ?"

"ਅਜੇ ਤਾਂ ਕੁਛ ਨ੍ਹੀਂ ਬਣਿਆ ਤਾਇਆ, ਲੀਡਰਾਂ ਦਾ ਮਾਲ ਲੀਡਰਾਂ ਦੇ ਕਰਿੰਦੇ, ਫੜੇ ਕਿਹੜਾ?"

"ਹੱਛਾ! ਮਾੜੀ ਗੱਲ ਐ ਭਾਈ।"

ਬੂਟੇ ਨੇ ਚੜ੍ਹਦੇ ਦੀ ਧੁੱਪ ਤੋਂ ਬਚਣ ਲਈ ਅੱਖਾਂ 'ਤੇ ਹੱਥ ਦਾ ਛੱਪਰ ਬਣਾ ਕੇ ਪਿੰਡ ਵੱਲ ਵੇਖ ਕੇ ਪੁੱਛਿਆ।

"ਔਹ ਕਿਹੜੇ ਚਿੱਟਕੱਪੜੀਏ ਪੋਚਵੀਂਆਂ ਪੱਗਾਂ ਵਾਲੇ ਪਿੰਡੋਂ ਤੁਰੇ ਆਉਂਦੇ ਐ?"

"ਵੇਖੋ ਤਾਇਆ, ਕੋਲ਼ ਆਇਆਂ ਤੋਂ ਪਤਾ ਲੱਗੂ।"

"ਚੰਗਾ ਭਾਈ, ਮੈਂ ਤਾਂ ਅਗਲੇ ਖੇਤ ਗੇੜਾ ਮਾਰਨ ਜਾਂਦਾ ਹਾਂ।"

ਬੂਟਾ ਤੁਰ ਗਿਆ ਤੇ ਚਿੱਟਕੱਪੜੀਏ ਨੇੜੇ ਆ ਗਏ।

"ਛਿੰਦਰਾ, ਏਹ ਤਾਂ ਯਾਰ ਨੰਬਰਦਾਰਾਂ ਦਾ ਕਰਮਜੀਤ ਨ੍ਹੀਂ ਲਗਦਾ? ਅੰਬਰਸਰ ਰਹਿੰਦਾ ਐ। ਮੇਰੇ ਨਾਲ ਸਕੂਲ 'ਚ ਪੜ੍ਹਦਾ ਸੀ। ਪ੍ਰਾਇਮਰੀ ਅਸੀਂ 'ਕੱਠਿਆਂ ਕੀਤੀ ਸੀ। ਨਾਲ ਪਤਾ ਨ੍ਹੀਂ ਦੋ ਜਣੇ ਹੋਰ ਕਿਹੜੇ ਐ। ਕੋਈ ਸੰਗੀ ਸਾਥੀ ਹੋਣਗੇ।"

"ਓ ਬੱਲੇ, ਮੈਂ ਛਿੰਦਰ ਨੂੰ ਆਖਿਆ, ਬਈ ਲਗਦੈ ਤਾਂ ਬਾਈ ਕਰਮਜੀਤ ਈ ਹੈ। ਬਾਹਲ਼ੇ ਸਾਲ ਹੋ ਗਏ ਟੱਕਰਿਆਂ ਨੂੰ, ਹੁਣ ਪਤਾ ਨ੍ਹੀਂ ਪਛਾਣੂੰ ਕਿ ਨਾ?"

"ਵਾਹ! ਕਰਤੀ ਗੱਲ, ਪਛਾਣੂੰ ਕਿ ਨਾ; ਉਹ ਤੇਰੇ ਅਰਗੇ ਰੌਣਕੀ ਬੰਦੇ ਨੂੰ ਕੋਈ ਕਿਵੇਂ ਭੁਲਾ ਸਕਦਾ ਹੈ। ਮੈਂ ਤਾਂ ਪੜ੍ਹਾਉਣ ਵੇਲੇ ਕਲਾਸ 'ਚ ਸਟੂਡੈਂਟਾਂ ਕੋਲ਼ ਵੀਹ ਵਾਰੀ ਜ਼ਿਕਰ ਕਰ ਦਿੰਦਾ ਹਾਂ, ਬਈ ਸਾਡੇ ਪਿੰਡ ਵਾਲੇ ਮੱਘਰ ਸਿਹੁੰ ਚੌਂਹਟੇ ਚੱਕ ਵਾਂਗੂੰ, ਸਲੇਬਸ ਦਾ ਕੰਮ ਨਬੇੜ ਦਿਓ, ਚੱਕ ਦਿਓ ਚੌਂਹਟੇ। ਆਹ ਨਾਲ ਦੇ ਸਾਥੀਆਂ ਕੋਲ਼ ਵੀ ਤੇਰਾ ਹੀ ਜ਼ਿਕਰ ਕਰਦਾ ਆਉਂਦਾ ਸੀ।"

ਸਾਰਿਆਂ ਦਾ ਜ਼ੋਰ ਦੀ ਖੁੱਲ੍ਹ ਕੇ ਹਾਸਾ ਨਿਕਲ ਗਿਆ।

"ਏਹ ਬਾਈ ਜੀ ਕੇਸਰ ਸਿਹੁੰ ਸਾਡੀ ਯੂਨੀਵਰਸਿਟੀ 'ਚ ਕਾਨੂੰਨ ਪੜ੍ਹਾਉਂਦੇ ਐ। ਤੇ ਏਹ ਪ੍ਰੋ. ਚਮਨ ਲਾਲ ਪੁਲਿਟੀਕਲ ਸਾਇੰਸ ਪੜ੍ਹਾਉਂਦੇ ਐ। ਦੋਵੇਂ ਮਾਝੇ ਨੂੰ ਬਿਲੌਂਗ ਕਰਦੇ ਐ। ਮੈਂ ਕਿਹਾ ਚਲੋ ਤੁਹਾਨੂੰ ਮਾਲਵੇ ਦੀ ਬਾਹਰਲੀ ਕੰਨੀ ਦਾ ਗੇੜਾ ਮਰਵਾ ਕੇ ਲਿਆਵਾਂ।"

"ਹੋਰ ਸੁਣਾਓ ਮੱਘਰ ਸਿਆਂ ਕਿਵੇਂ ਘਰ ਬਾਰ ਕਬੀਲਦਾਰੀ, ਖੇਤੀ ਫਸਲਵਾੜੀ ਦਾ ਕੰਮ ਠੀਕ ਠਾਕ ਚੱਲੀ ਜਾਂਦਾ ਐ?"

"ਹਾਂਅ ਬਾਈ ਜੀ, ਊਂਅ ਤਾਂ ਮੁੰਡੇ ਨੂੰ ਪਿੰਡ 'ਚ ਟੈਂਟ ਦਾ ਕੰਮ ਵੀ ਕਰਵਾਇਆ। ਤੋਰੀ ਫੁਲਕਾ ਤੁਰਿਆ ਜਾਂਦੈ, ਪਰ ਤੁਹਾਡੇ ਵਾਂਗ ਨੌਕਰੀ ਆਲ਼ਾ ਨਜ਼ਾਰਾ ਤਾਂ ਨਹੀਂ ਏਥੇ ਕਾਸੇ 'ਚ ਵੀ।"

"ਹੋਰ ਸੁਣ ਲੈ ਬਾਈ ਜੀ, ਤੁਸੀਂ ਆਹ ਬਾਈ ਪ੍ਰੋਫ਼ੈਸਰ ਹੁਰਾਂ ਨੂੰ ਭਾਵੇਂ ਆਪਣਾ ਡੱਬਵਾਲੀ ਤੋਂ 'ਹਥੋਰ ਫਾਜ਼ਿਲਕਾ ਤਾਈਂ ਸਾਰਾ ਬਾਡਰ ਵਖਾ ਦੇ ਤੇ ਭਾਵੇਂ ਆਪਣਾ ਹਲਕਾ 'ਕੱਲਾ; ਬਸ ਇੱਕੋ ਈ ਗੱਲ ਐ। ਚਿੱਟਾ-ਨਸ਼ਾ, ਗੋਲੀਆਂ, ਦਾਰੂ, ਲੁੱਟ ਖਸੁੱਟ ਏਹੀ ਜ਼ਿਕਰ ਵੇਖਣ ਨੂੰ ਮਿਲੂਗਾ।"

"ਯਾਰ ਭਾਅ ਜੀ, ਕੀ ਗੱਲ, ਐਨਾ ਚਿਰ ਤੁਹਾਡੇ ਇਲਾਕੇ 'ਚ ਚੀਫ਼ ਮਨਿਸਟਰੀ ਰਹੀ। ਇੱਥੇ ਤਾਂ ਨੌਕਰੀਆਂ, ਸਕੂਲ, ਕਾਲਜਾਂ, ਆਈ.ਟੀ.ਆਈਆਂ ਦੀ ਭਰਮਾਰ ਹੋਣੀ ਚਾਹੀਦੀ ਸੀ, ਨਾ ਕਿ ਨਸ਼ਿਆਂ ਦੀ।"

"ਹੈ ਤਾਂ ਪ੍ਰੋਫ਼ੈਸਰ ਸਾਹਬ ਸਾਰਾ ਕੁਝ ਹੀ, ਪਰ ਆਹ ਜਿਹੜੇ ਮਾੜੇ ਲੋਕਲ ਲੀਡਰ ਐ ਨਾ; ਸਾਰੇ ਪੁੱਠੇ-ਸਿੱਧੇ ਕਾਰੋਬਾਰ ਏਹਨਾਂ ਦੇ ਐ। ਜੁਆਕਾਂ ਦਾ ਸਕੂਲਾਂ, ਕਾਲਜਾਂ ਵੱਲ ਖ਼ਿਆਲ ਹੀ ਨਹੀਂ ਜਾਂਦਾ। ਬਸ ਇਨ੍ਹਾਂ ਨਾਲ ਲੱਗ ਕੇ ਨਸ਼ੇ ਦਾ ਕਾਰੋਬਾਰ ਕਰ ਕੇ, ਦਿਨ ਛਿਪਦੇ ਨੂੰ ਅਮੀਰ ਹੋਣ ਨੂੰ ਫਿਰਦੇ ਐ।"

"ਏਹੀ ਸਮੱਸਿਆ ਮਾਝੇ ਵਿਚ ਐ ਭਾਅ ਜੀ, ਦੁਆਬਾ ਤਾਂ ਖ਼ੈਰ ਪਹਿਲਾਂ ਹੀ ਸਾਰਾ ਬਾਹਰ ਨਿਕਲ ਗਿਆ ਸੀ। ਹੁਣ ਤਾਂ ਖ਼ੈਰ ਧਿਆੜੇ ਵੀ ਏਧਰੋਂ ਡਾਰਾਂ ਦੀਆਂ ਡਾਰਾਂ ਟੁਰੀਆਂ ਜਾਂਦੀਆਂ ਐਂ ਕਿ।"

"ਹਾਂ ਜੀ, ਵੀਹ ਬਾਈ ਮੁੰਡੇ ਕੁੜੀਆਂ ਤਾਂ ਸਾਡੇ ਪਿੰਡੋਂ ਹੀ ਏਸ ਸਾਲ ਕਨੇਡੇ ਚਲੇ ਗਏ।"

ਛਿੰਦਰ ਨੇ ਹਾਮੀ ਭਰੀ।

"ਲੈ ਬਾਈ ਜੀਓ, ਘਰੇ ਚੱਲਣਾ ਤਾਂ ਘਰੇ ਚਲੋ, ਜੇ ਏਥੇ ਪੁਲ਼ੀ 'ਤੇ ਬੈਠਣਾ ਹੈ ਤਾਂ ਇੱਥੇ ਬੈਠੋ, ਦੋ ਚਾਰ ਹੋਰ ਵੀ ਯਾਰ ਬੇਲੀ ਤੁਹਾਨੂੰ ਮਿਲ ਜਾਣਗੇ। ਮੈਂ ਘਰੋਂ ਭੱਜ ਕੇ ਤੁਹਾਡੇ ਲਈ ਚਾਹ ਪਾਣੀ ਲਿਆਵਾਂ। ਧੁੱਪ ਤਿੱਖੀ ਹੁੰਦੀ ਜਾਂਦੀ ਐ।"

"ਚੱਲ ਯਾਰ ਘਰ ਦੀ ਚਾਹ ਲੱਸੀ ਜੋ ਮਰਜ਼ੀ ਏਥੇ ਹੀ ਲੈ ਆ, ਅਸੀਂ ਪੁਲ਼ੀ ਦੀ ਚੌਕੜੀ ਉੱਤੇ ਟਾਹਲੀ ਦੀ ਛਾਵੇਂ ਛਿੰਦਰ ਹੁਰਾਂ ਨਾਲ ਗੱਲਾਂ ਮਾਰਦੇ ਹਾਂ।"

ਮੱਘਰ ਦੇ ਤੁਰ ਜਾਣ ਪਿੱਛੋਂ, ਗੱਲੀਂ-ਬਾਤੀਂ ਛਿੰਦਰ ਨੇ ਪਿੰਡ ਦੀਆਂ, ਪਿੰਡ ਦੀ ਰਾਜਨੀਤੀ ਦੀਆਂ, ਵਾਹੀ, ਕਬੀਲਦਾਰੀ ਦੀਆਂ, ਮੱਘਰ ਦੇ ਗੰਢੇ ਬੀਜਣ, ਬੰਤੇ ਠਾਣੇਦਾਰ ਦੇ ਛਾਪੇ ਦੀਆਂ ਤੇ ਟੈਂਟ ਦੀਆਂ ਸਾਰੀਆਂ ਕਹਾਣੀਆਂ ਕਰਮਜੀਤ ਹੁਰਾਂ ਨੂੰ ਸੁੱਤੇ-ਸੁਧ ਸੁਣਾ ਦਿੱਤੀਆਂ।

"ਲਓ ਬਾਈ ਜੀ, ਮਾਲਵੇ ਦੀ ਮਸਾਲੇਦਾਰ ਗੁੜ ਵਾਲੀ ਚਾਹ ਪੀ ਕੇ ਵੇਖੋ। ਖੈਰ ਲੱਸੀ ਤਾਂ ਅੰਬਰਸਰ ਦੀ ਮਸ਼ਹੂਰ ਐ। ਪਰ ਚਾਹ ਸਾਡੀ ਪੀ ਕੇ ਦੱਸਿਓ ਬਈ, ਮਗਜ਼ ਖੁੱਲ੍ਹਿਆ ਕਿ ਨਹੀਂ?"

"ਬਈ ਵਾਹ! ਕਮਾਲ ਕਰਤੀ ਭਾਅ ਜੀ ਧਾਡੀ ਚਾਹ ਨੇ ਤਾਂ ਸੁਆਦ ਲਿਆ ਦਿੱਤਾ।"

"ਇਕ ਮਿੰਟ ਠਹਿਰੋ ਸੱਜਣੋ, ਤੁਹਾਨੂੰ ਸੁਆਦ ਦੇ ਨਾਲ ਨਜ਼ਾਰਾ ਵੀ ਵਿਖਾਉਂਦੇ ਹਾਂ।" ਤੇ ਕਰਮਜੀਤ ਨੇ ਜੇਬ ਵਿੱਚੋਂ ਬਟੂਆ ਕੱਢ ਕੇ ਖੋਲ੍ਹ ਲਿਆ।

ਛੋਲਿਆਂ ਦੇ ਦਾਣੇ ਜਿੱਡਾ ਇਕ ਮਾਵਾ ਕਾਨੂੰਨਦਾਨ ਪ੍ਰੋ. ਕੇਸਰ ਨੂੰ, ਇਕ ਉਸ ਤੋਂ ਥੋੜ੍ਹਾ ਮੋਟਾ ਮੱਘਰ ਤੇ ਛਿੰਦਰ ਨੂੰ ਫੜਾ ਦਿੱਤਾ। ਪ੍ਰੋ. ਚਮਨ ਲਾਲ ਨੇ ਨਾਂਹ 'ਚ ਸਿਰ ਮਾਰ ਦਿੱਤਾ।

"ਮੈਨੂੰ ਤਾਂ ਕਈ ਵੇਰੀ ਅਫਰੇਵਾਂ ਜਿਹਾ ਕਰ ਦਿੰਦੀ ਐ।"

"ਕੋਈ ਨ੍ਹੀਂ ਬਾਈ ਜੀ, ਤੁਸੀਂ ਮੂੰਗੀ ਦੇ ਦਾਣੇ ਜਿੰਨੀ ਲੈ ਕੇ ਵੇਖੋ। ਜੇ ਰੋਟੀ ਨਾਲ ਰੱਜ ਕੇ ਮਗਰੋਂ ਖਾਈਏ, ਫੇਰ ਢਿੱਡ ਨੂੰ ਕਸਦੀ ਐ ਢੋਲਕੀ ਵਾਂਗੂੰ। ਐਸ ਵੇਲੇ ਜਮਾਂ ਭੋਰਾ ਦਖਲਾ ਨਹੀਂ ਕਰਦੀ, ਬੇਚਿੰਤ ਹੋ ਜਾਅ।"

ਜਦੋਂ ਸਾਰਿਆਂ ਦਾ ਚਾਹ ਤੇ ਮਾਵੇ ਨਾਲ ਨਸ਼ਾ ਖਿੜ ਗਿਆ, ਤਾਂ ਮੱਘਰ ਤੋਂ ਰਿਹਾ ਨਾ ਗਿਆ।

"ਲੈ ਵੇਖ ਛਿੰਦਰਾ, ਏਹਨਾਂ ਤੋਂ ਜ਼ਿਆਦਾ ਪੜ੍ਹਿਆ ਲਿਖਿਆ ਤਾਂ ਕੋਈ ਨ੍ਹੀਂ, ਇਹ ਸ਼ਾਹੀ ਨਸ਼ਾ, ਸਾਰਿਆਂ ਨੂੰ ਚੰਗਾ ਲਗਦੈ।"

ਫੇਰ ਮੱਘਰ ਨੇ ਕਰਮਜੀਤ ਹੁਰਾਂ ਵੱਲ ਸਵਾਲੀਆ ਨਜ਼ਰਾਂ ਨਾਲ ਵੇਖ ਕੇ ਝਕਦੇ ਜਿਹੇ ਪੁੱਛਿਆ, "ਤੁਸੀਂ ਬਾਈ ਜੀ, ਇਹ ਫੇਰ... ਕਦੋਂ ਤੋਂ.... ਕਿਉਂ?"

"ਓ ਨਹੀਂ ਭਰਾਵਾ, ਸਾਨੂੰ ਪੱਕੇ ਅਮਲੀ ਨਾ ਸਮਝ ਬੈਠੀਂ, ਕਿਤੇ ਪਿੰਡ 'ਚ ਟੱਲੀ ਖੜਕਾ ਦੇਵੇਂ। ਅਸੀਂ ਤਾਂ ਮਹੀਨੇ ਦੋ ਮਹੀਨਿਆਂ ਤੋਂ ਕਦੇ-ਕਦਾਈਂ ਸ਼ੌਂਕ ਫਰਮਾਉਣ ਵਾਲੇ ਹਾਂ। ਕਈ ਵਾਰੀ ਲਿਖਣ ਪੜ੍ਹਣ ਦਾ ਕੰਮ ਜਦੋਂ ਜ਼ਿਆਦਾ ਹੋਵੇ, ਫੇਰ ਏਹਦੇ ਨਾਲ ਕੰਸਨਟਰੇਸ਼ਨ ਜੀ ਬਣ ਜਾਂਦੀ ਐ। ਆਹੀ ਸੁਰਤ ਜਿਹੀ ਇਕ ਥਾਂ ਬੱਝ ਜਾਂਦੀ ਹੈ। ਕੰਮ ਵਿਚ ਜੀਅ ਲੱਗ ਜਾਂਦਾ ਹੈ। ਬਸ ਹੋਰ ਕੀ?"

"ਠੀਕ ਐ ਜੀ, ਤੇ ਆਪਣਾ ਆਹ ਕੀ ਨਾਂਅ ਐ, ਹਾਂ ਬਾਈ ਕੇਸਰ ਸਿਹੁੰ ਜੀ, ਤੁਸੀਂ ਹੁਣ ਵੇਖ ਲਓ, ਬਈ ਪਾਰਟੀਆਂ ਦੇ ਲੀਡਰ, ਮੰਤਰੀ, ਸੰਤਰੀ, ਸ਼ਰ੍ਹੇਆਮ ਖਾਂਦੇ ਐ, ਭਾਵੇਂ ਜ਼ਾਹਰ ਨ੍ਹੀਂ ਹੁੰਦੇ, ਪਰ ਇਨ੍ਹਾਂ ਦੀ ਰਗ ਬੋਲਦੀ ਤੋਂ ਪਤਾ ਲੱਗ ਜਾਂਦੈ, ਬਈ ਕਿੰਨੀ ਕੁ ਛਕੀ ਐ।"

ਪ੍ਰੋ. ਚਮਨ ਲਾਲ ਦੀਆਂ ਅੱਖਾਂ 'ਚੋਂ ਸਰੂਰ ਜਦੋਂ ਟਪਕਣ ਲੱਗ ਪਿਆ, ਉਹ ਪੁਲ਼ੀ ਤੋਂ ਖੜ੍ਹਾ ਹੋ ਕੇ ਮੁਖ਼ਾਤਬ ਹੋਇਆ; "ਓ ਭਾਅ ਜੀ, ਲੀਡਰਾਂ ਨੂੰ ਛੱਡੋ, ਬਥੇਰੇ ਅਫਸਰਾਂ ਨੂੰ ਮੈਂ ਜਾਣਦਾ ਹਾਂ, ਜਿਹੜੇ ਏਹਦਾ ਇਸਤੇਮਾਲ ਕਰਦੇ ਐ, ਬਸ ਉਹ ਗੁੱਝੇ ਰਹਿੰਦੇ ਐ। ਤੇ ਪੁਲਿਸ ਵਾਲਿਆਂ ਦਾ ਤਾਂ ਆਪਾਂ ਨੂੰ ਪਤਾ ਈ ਐ, ਥਾਣਿਆਂ 'ਚ ਪਈ ਵੇਖ ਕੇ ਮੁਫਤੋ ਮੁਫਤੀ ਲੱਗ ਜਾਂਦੇ ਐ। ਦੇਖੋ ਵੀਰ

ਜੀ, ਕੀ ਪੁਲਿਟੀਕਲ ਲੀਡਰ, ਕੀ ਅਫ਼ਸਰ ਤੇ ਕੀ ਅਸੀਂ ਕਾਲਜਾਂ-ਯੂਨੀਵਰਸਿਟੀਆਂ ਵਾਲੇ, ਸਾਰਿਆਂ ਦੇ ਨਹੀਂ, ਪਰ ਅੱਧ-ਪਚੱਦਿਆਂ ਦੇ ਬਟੂਆਂ ਵਿਚੋਂ ਇਹ ਨਿਕਲ ਹੀ ਆਵੇਗੀ, ਕਿਸੇ ਕੋਲ਼ ਬਿਮਾਰੀ ਦਾ ਬਹਾਨਾ ਹੈ, ਕੋਈ ਆਖੂ ਅਧਰੰਗ ਦੇ ਦੌਰੇ ਤੋਂ ਬਚਣ ਲਈ ਕੋਲ਼ੇ ਰੱਖਣੀ ਚਾਹੀਦੀ ਹੈ। ਉਂਝ ਭਾਵੇਂ ਹੈ ਤਾਂ ਗਲਤ ਗੱਲ, ਗੈਰਕਾਨੂੰਨੀ; ਪਰ ਚਲਦਾ ਹੈ, ਚੱਲੀ ਜਾਂਦੈ।" ਗੱਲ ਨੂੰ ਨਬੇੜਣ ਦੇ ਲਹਿਜੇ 'ਚ ਚਮਨ ਲਾਲ ਕਹਿ ਕੇ ਫੇਰ ਥੜ੍ਹੀ ਉੱਤੇ ਬੈਠ ਗਿਆ।

"ਲੈ ਪੁਲਿਸ ਵਾਲੇ, ਮੈਂ ਥੋਨੂੰ ਦੱਸਿਆ ਨਹੀਂ, ਬਈ ਮੱਘਰ ਨੇ ਘਰ 'ਚ ਵਰਤਣ ਲਈ ਖਸਖਸ ਦੇ ਕੁਛ ਬੂਟੇ ਲਾਏ ਸੀ। ਸਾਲ਼ੇ ਪੱਟ ਕੇ ਝੋਲੇ ਭਰ ਕੇ ਲੈ ਗਏ। ਨਾਲੇ ਪੈਸੇ ਲੈ ਗਏ।"

ਮੱਘਰ ਦੇ ਚਿੱਤ 'ਚ ਹੌਲ ਉੱਠਿਆ ਤੇ ਉਹ ਥੜ੍ਹੀ ਤੋਂ ਖੜ੍ਹਾ ਹੋ ਕੇ ਪ੍ਰੋ. ਕੇਸਰ ਦੇ ਸਾਹਮਣੇ ਹੋ ਗਿਆ; "ਤੂੰ ਬਾਈ ਜੀ ਕਾਨੂੰਨ ਪੜ੍ਹਾਉਂਦਾ ਹੈਂ। ਇਉਂ ਦੱਸ ਬਈ, ਆਵਦੀ ਜ਼ਮੀਨ, ਆਵਦਾ ਪਾਣੀ, ਆਵਦੇ ਘਰ ਵਾਸਤੇ ਜੇ ਮੈਂ ਦੋ ਵੱਟਾਂ ਉੱਤੇ ਵੀਹ-ਤੀਹ ਬੂਟੇ ਲਾ ਲਏ, ਉਹ ਗੈਰਕਾਨੂੰਨੀ ਕਿਮੇ ਹੋ ਗਏ। ਸਾਲਾ ਬੰਤਾ ਬੱਕਰੀਆਂ ਵਾਲਾ ਨਸੀਬੋ ਨੂੰ ਕਹਿੰਦਾ, ਲੱਖ ਰਪਈਆ ਜਰਮਾਨਾ ਤੇ ਦਸ ਸਾਲ ਦੀ ਕੈਦ ਹੋ ਜਾਊ। ਜਿਵੇਂ ਮੈਂ ਕੋਈ ਪੋਸਤ-ਫੀਮ ਦਾ ਟਰੱਕ ਭਰ ਕੇ ਵੇਚਣ ਚੱਲਿਆ ਹੋਵਾਂ। ਦੱਸੋ ਹੁਣ ਤੁਸੀਂ ਮੈਨੂੰ, ਪਾਓ ਰਾਹ ਗੱਲ ਨੂੰ?"

ਪ੍ਰੋ. ਕੇਸਰ ਨਿਰਉੱਤਰ ਜਿਹਾ ਹੋ ਕੇ ਹੱਸ ਕੇ ਠੋਡੀ ਥੱਲਿਓਂ ਦਾੜ੍ਹੀ ਖੁਰਕਣ ਲੱਗ ਪਿਆ।

"ਹੱਛਾ ਹੋਰ ਸੁਣੋ, ਫੇਰ ਜੇ ਥੁਹਾਡੀਆਂ ਗੱਲਾਂ 'ਤੇ ਯਕੀਨ ਕਰੀਏ, ਫੇਰ ਇਉਂ ਦੱਸੋ, ਬੀ ਏਹਨੂੰ ਪੰਜਾਬ 'ਚ ਕਿਉਂ ਨ੍ਹੀਂ ਬੀਜਣ ਦਿੰਦੇ? ਆਹ ਵੇਖੋ ਪੜ੍ਹ ਕੇ ਖਸਖਸ ਦਾ ਭਾਅ, ਕਿੱਲੇ 'ਚੋਂ ਹੀ ਲੱਖ ਤੋਂ ਉੱਤੇ ਦੀ ਹੋ ਜਾਏ, ਫੀਮ ਡੋਡੇ ਦੇ ਪੈਸੇ ਵੱਖਰੇ। ਕਿਉਂ ਬਾਈ ਕਰਮਜੀਤ ਸਿਆਂ ਨੰਬਰਦਾਰਾ?"

"ਏਹਦੀ ਖੇਤੀ ਵਾਸਤੇ ਸਰਕਾਰਾਂ ਲਸੰਸ ਦਿੰਦੀਆਂ, ਉਹ ਵੀ ਸ਼ਾਇਦ ਸੈਂਟਰ ਗੌਰਮਿੰਟ ਤੋਂ ਰਾਜ ਸਰਕਾਰ ਨੂੰ ਮਨਜ਼ੂਰੀ ਲੈਣੀ ਪੈਂਦੀ ਹੈ। ਤੇ ਮੰਨ ਲਓ ਜੇ ਮੰਜ਼ੂਰੀ ਮਿਲ ਵੀ ਜਾਵੇ, ਫੇਰ ਤੈਨੂੰ ਮੈਨੂੰ ਲਸੰਸ ਕੀਹਨੇ ਦੇਣਾ, ਆਪਾਂ ਨੂੰ ਤਾਂ ਕੋਈ ਦੇਸੀ ਸ਼ਰਾਬ ਦਾ ਠੇਕਾ ਨਹੀਂ ਲੈਣ ਦਿੰਦਾ। ਏਹ ਲਸੰਸ ਵੀ ਲੀਡਰਾਂ ਨੂੰ ਮਿਲਣਗੇ ਤੇ ਬਲੈਕ ਦਾ ਕਾਰੋਬਾਰ ਹੋਰ ਵਧ ਜਾਊ।" ਪ੍ਰੋ. ਕਰਮਜੀਤ ਪੁਲ਼ੀ ਤੋਂ ਖੜ੍ਹਾ ਹੁੰਦਾ ਬੋਲਿਆ।

"ਆਂ-ਹਾਂ, ਨਾ-ਨਾ ਨਹੀਂ ਬਾਈ ਜੀ, ਇਉਂ ਨ੍ਹੀਂ ਹੋਣਾ ਚਾਹੀਦਾ, ਐਨਾ ਧੱਕਾ ਨ੍ਹੀਂ ਚੱਲਣਾ। ਸਾਰੇ ਛੋਟੇ ਜ਼ਿਮੀਂਦਾਰਾਂ ਨੂੰ ਥੋੜ੍ਹੀ ਥੋੜ੍ਹੀ ਖੇਤੀ ਦੀ ਮੰਜ਼ੂਰੀ ਮਿਲਣੀ ਚਾਹੀਦੀ ਹੈ। ਨਾਲੇ ਤਾਂ ਹਮਾਤੜਾਂ ਦੀ ਰੋਜ਼ੀ ਰੋਟੀ ਵਧੀਆ ਚੱਲੂ, ਨਾਲੇ ਦੁਨੀਆਂ ਗੰਦੇ, ਟੀਕੇ, ਗੋਲੀਆਂ, ਚਿੱਟੇ, ਵਰਗੇ ਨਸ਼ਿਆਂ ਤੋਂ ਬਚੂ। ਵੇਖ ਕਿਵੇਂ ਗਭਰੂ ਸਾਰੇ ਮੁਰਦੇਹਾਣ ਹੋਈ ਜਾਂਦੇ ਐ। ਰਹਿ ਗਏ ਕਿਤੇ ਇਹ ਵਿਆਹੁਣ ਜੋਗੇ? ਨਸਲ ਕਿਵੇਂ ਅੱਗੇ ਵਧੂਗੀ?"

"ਜੇ ਭਾਈ ਨਸਲ ਵਧਾਉਣ ਦਾ ਫ਼ਿਕਰ ਹੈ ਤਾਂ ਫੇਰ ਸਾਰਾ ਨਸ਼ਾ ਭਾਵੇਂ ਫੀਮ ਹੋਵੇ, ਭਾਵੇਂ ਕੋਈ ਹੋਰ, ਜੜ੍ਹੋਂ ਖ਼ਤਮ ਕਰਨਾ ਪਊ।" ਕੇਸਰ ਨੇ ਠੋਕਵਾਂ ਫ਼ੈਸਲਾ ਦਿੱਤਾ।

"ਵੇਖੋ ਸਾਹਬ ਲੋਕੋ, ਏਹ ਜੜ੍ਹੋਂ ਖ਼ਤਮ ਹੋਣ ਵਾਲੀ ਗੱਲ 'ਚ ਤਾਂ ਤੁਸੀਂ ਭੁਲੇਖਾ ਖਾਂਦੇ ਹੋਂ। ਜਿਮੇਂ ਹੁਣ ਰੇਤ ਬਜਰੀ ਦੀ ਬਲੈਕ ਦਾ ਰੌਲ਼ਾ ਪਿਆ ਵਿਆ ਐ, ਮੈਂ ਕਹਿੰਦਾ ਹਾਂ ਬੀ ਜਿੰਨਾ ਚਿਰ ਦਰਿਆ ਵਗਣਗੇ, ਇਹ ਕੰਮ ਵੀ ਚੱਲੂ। ਹਾਂ ਕੰਟਰੌਲ ਹੋ ਸਕਦੈ, ਏਮੇਂ ਮਾੜੇ ਨਸ਼ੇ ਬੰਦ ਹੋ ਸਕਦੇ ਐ, ਪਰ ਜੜ੍ਹੋਂ ਖ਼ਤਮ ਹੋਣ ਵਾਲੀ ਗੱਲ ਮੇਰੇ ਤਾਂ ਜਚਦੀ ਨਹੀਂ। ਪੋਸਤ ਦੀ ਅਜਾਜਤ ਤਾਂ ਮਿਲਣੀ ਚਾਹੀਦੀ ਹੈ।"

"ਏਹ ਤਾਂ ਭਾਅ ਜੀ ਫੇਰ ਅੰਦੋਲਨ ਖੜ੍ਹਾ ਕਰਨਾ ਪੈਣਾ। ਜਲਸੇ, ਮੁਜ਼ਾਹਰੇ ਕਰਨੇ ਪੈਣੇ ਐ। ਕਿਸਾਨ ਯੂਨੀਅਨਾਂ ਨੂੰ ਅੱਗੇ ਲੱਗਣਾ ਪਊ। ਫੇਰ ਭਾਵੇਂ ਸਰਕਾਰ ਦੇ ਕੰਨਾਂ ਉੱਤੇ ਜੂੰ ਸਰਕੇ। ਤੇਰੇ ਮੇਰੇ ਕਹਿਣ ਨਾਲ ਕੁਛ ਨਹੀਂ ਜੇ ਬਣਨਾ।" ਚਮਨ ਲਾਲ ਨੇ ਅੱਖਾਂ ਟਿਮਕਾਉਂਦੇ ਹੋਏ ਕਿਹਾ।

"ਅੰਦੋਲਨ ਵੀ ਹੋਊ, ਮੁਜ਼ਾਹਰੇ ਵੀ ਹੋਣਗੇ, ਡਾਂਗਾਂ ਵੀ ਖਾਣੀਆਂ ਪੈਣਗੀਆਂ, ਕਈ ਕੁਛ ਕਰਨਾ ਪਊ ਮੱਘਰ ਸਿਆਂ।" ਆਖਦਾ ਹੋਇਆ ਕਰਮਜੀਤ ਤੁਰਨ ਲਈ ਕਾਹਲ਼ਾ ਹੋਇਆ।

"ਛਿੰਦਰਾ, ਬਾਈ ਹੁਰਾਂ ਦੀ ਗੱਲ ਠੀਕ ਐ, ਅੰਦੋਲਨ ਦੇ ਨਾਲ ਕੁਰਬਾਨੀਆਂ ਵੀ ਦੇਣੀਆਂ ਪੈਣਗੀਆਂ। ਭਗਤ ਸਿਹੁੰ ਹੋਰਾਂ ਵਾਂਗੂੰ ਸ਼ਹੀਦੀਆਂ ਵੀ ਪਾਉਣੀਆਂ ਪੈਣਗੀਆਂ, ਫੇਰ ਕਿਤੇ ਜਾ ਕੇ ਗੱਲ ਸਿਰੇ ਲੱਗੂ।"

ਨਸ਼ੇ ਦੀ ਪੂਰੀ ਲੋਰ 'ਚ, ਰੋਹ 'ਚ ਆਏ ਮੱਘਰ ਨੇ ਖੰਘੂਰਾ ਮਾਰ ਕੇ ਕਿਹਾ; "ਤੁਸੀਂ ਭਰਾਵੋ ਅੰਬਰਸਰ ਕੰਨੀਓਂ ਕੰਮ ਉੱਤੋਂ ਚਲਾਓ। ਸਾਰੇ ਪੜ੍ਹੇ ਲਿਖੇ ਅੱਗੇ ਲੱਗੋ, ਅਖਬਾਰਾਂ, ਟੈਲੀਵੀਜਨਾਂ, ਯੂ-ਟੂਬਾਂ ਤੇ ਏਸ ਖੇਤੀ ਬਾਰੇ ਪ੍ਰਚਾਰੋ, ਫੇਰ ਗੱਲ ਬਣੂੰ। ਅਸੀਂ ਇੱਥੋਂ ਪਿੰਡਾਂ 'ਚੋਂ ਹਨੇਰੀਆਂ ਲਿਆ ਦੇਵਾਂਗੇ। ਇਹ ਕਿਹੜੀ ਗੱਲ ਐ। ਕਿਉਂ ਬਾਈ ਛਿੰਦਰਾ?"

IX

ਕਈ ਮਹੀਨੇ ਫੇਰ ਮੱਘਰ ਸਿਹੁੰ ਚੌਂਹਟੇ ਚੱਕ, ਆਵਦੇ ਸਾਈਕਲ 'ਤੇ ਪਿੰਡ ਦੇ, ਬਲਾਕ ਦੇ ਕਿਸਾਨ ਯੂਨੀਅਨ ਪ੍ਰਧਾਨਾਂ ਕੋਲ਼ ਆਪਣੀ ਤਜਵੀਜ਼ ਦਾ ਵਾਸਤਾ ਪਾਉਂਦਾ ਰਿਹਾ। ਬਸ ਅੱਡੇ ਉੱਤੇ, ਬੈਂਕ ਅੱਗੇ ਖਲੋਤੇ ਲੋਕਾਂ ਕੋਲ਼ੇ, ਸੱਥਾਂ 'ਚ ਤਾਸ਼ ਖੇਡਦੀਆਂ ਚੌਂਕੜਾਂ ਕੋਲ਼ ਪੂਰੇ ਜ਼ੋਰ ਤੇ ਧੱਕੇ ਨਾਲ ਉਨ੍ਹਾਂ ਨੂੰ ਸਮਝਾਉਂਦਾ ਰਿਹਾ।

"ਲੋਕੋ, ਵੇਖ ਲਓ, ਸੁਣੀ ਗੱਲ, ਲੱਗਿਆ ਪਤਾ, ਆਹ ਲੰਮੀ ਵਾਲਿਆਂ ਦਾ ਮੁੰਡਾ, ਆਵਦੀ ਭੈਣ ਦਾ ਵਿਆਹ ਧਰਿਆ, ਕਮਰੇ ਪਾਉਣ ਨੂੰ ਭਰਤ ਪਾਈ ਜਾਂਦਾ ਸੀ। ਗੁਸਲਖਾਨੇ 'ਚ ਨਹਾਉਣ ਵੜਿਆ। ਸਰਿੰਜ ਸੂਈ ਨਾੜ ਵਿਚ ਹੀ ਲੱਗੀ ਰਹਿ ਗਈ। ਪਾਣੀ ਵਾਲੀ ਬਾਲਟੀ 'ਚ ਮੂੰਹ ਡੁੱਬਿਆ ਪਿਆ ਸੀ, ਉੱਤੋਂ ਭੈਣ ਦਾ ਵਿਆਹ, ਆਪ ਤਾਂ ਅਜੇ ਕੁਆਰਾ ਹੀ ਸੀ, ਉੱਤੋਂ ਸਿਰ ਉੱਤੇ ਪਿਉ ਹੈ ਨ੍ਹੀਂ ਸੀ। ਓ ਭਲਿਓ ਇਹ ਅੱਜ ਉਨ੍ਹਾਂ ਨਾਲ, ਕੱਲ੍ਹ ਨੂੰ ਆਪਣੇ ਵੀ ਵਾਪਰ ਸਕਦੀ ਐ। ਬਚ ਜਾਓ ਮੰਨ ਲਓ।"

"ਚੌਂਹਟੇ ਚੱਕ ਦਾ ਤਾਂ ਡਮਾਕ ਚੱਕਿਆ ਗਿਆ ਲਗਦੈ।"

"ਕਿਉਂ, ਬੈਂਕ ਦੇ ਕਰਜ਼ੇ ਕਰਕੇ ਜਾਂ ਟੈਂਟ ਦੇ ਫੇਲ੍ਹ ਹੋਣ ਕਰਕੇ ਕਿ ਮੁੰਡੇ ਦੇ ਲੱਛਣਾਂ ਕਰਕੇ?" ਸਾਰੇ ਉਹਦੇ ਆਉਣ ਤੋਂ ਪਹਿਲਾਂ ਘੁਸਰ-ਮੁਸਰ ਕਰਦੇ।

"ਓ ਤਾਈ, ਓ ਅੰਬੋ, ਓ ਬਾਬਾ, ਓ ਭਰਜਾਈ ਹਰਨਾਮ ਕੁਰੇ, ਜੇ ਜਵਾਕ ਬਚਾਉਣੇ ਐਂ, ਵਿਆਹੁਣੇ ਐਂ, ਜੜ੍ਹ ਹਰੀ ਰੱਖਣੀ ਐ, ਤਾਂ ਲੱਗ ਜਾਓ ਮੇਰੇ ਆਖੇ।"

"ਲੈ ਚੌਂਹਟੇ ਚੱਕਾ, ਸਾਰੇ ਤੇਰੇ ਮਗਰ ਹਾਂ। ਤੂੰ ਬਸ 'ਕੇਰਾਂ ਅੱਗਾ ਲੈ।" ਆਖ ਕੇ ਉਸ ਤੋਂ ਖਹਿੜਾ ਛੁਡਾਉਂਦੇ।

ਤੇ ਨਸੀਬੋ ਵਿਚਾਰੀ ਕਰਮਾਂ ਦੀ ਮਾਰੀ, ਕਦੇ ਚੌਂਹਟੇ ਚੱਕ ਨੂੰ ਮੱਤਾਂ ਸਮਝੌਤੀਆਂ ਦਿੰਦੀ।

"ਬਸ ਕਰ ਬਸ ਚੌਂਹਟੇ ਚੱਕਾ, ਆਪਾਂ ਏਨੇ 'ਚ ਹੀ ਗੁਜ਼ਾਰਾ ਕਰ ਲਮਾਂਗੇ। ਕਮਲ਼ਾ ਨਾ ਹੋ, ਮੈਂ ਸਾਰਾ ਕੁਛ ਸਾਂਭ ਲਊਂ। ਮੈਨੂੰ 'ਕੇਰਾਂ ਗਗਨਾ ਵਿਆਹ ਲੈਣ ਦੇ। ਅਸੀਂ ਨੂੰਹ-ਸੱਸ ਦਰੀਆਂ ਬੁਣ ਕੇ ਘਰ ਚਲਾ ਲਵਾਂਗੀਆਂ। ਹੋਰ ਬਥੇਰੇ ਧੰਦੇ ਐ। ਤੂੰ ਬੱਸ ਨਾ ਗਲੀਆਂ 'ਚ ਭੌਂਕਦਾ ਫਿਰ, ਹੱਥ ਜੋੜੇ ਤੇਰੇ ਅੱਗੇ। ਬਸ ਖੇਤ ਘਰੇ ਟਿਕ ਕੇ ਕੰਮ ਲੱਗ ਜਾ ਇਕ ਵਾਰੀ।"

ਤੇ ਗਗਨਾ ਬੌਰੀਆਂ ਦੀ ਢਾਣੀ 'ਚ ਗਿਆ ਸੀ ਟੈਂਟ ਲਾਉਣ, ਪਰ ਉੱਥੇ ਹੀ ਮਲਕੀਤੋ ਨਾਲ ਅੱਖ ਮਟੱਕੇ 'ਚ ਫਸ ਕੇ ਰਹਿ ਗਿਆ। ਵੇਲ਼ਾ ਕੁਵੇਲ਼ਾ ਤਾੜ ਕੇ ਟੈਂਟ ਉੱਤੇ ਘੱਟ ਬੈਠਿਆ ਕਰੇ, ਢਾਣੀ ਦੇ ਆਲੇ ਦੁਆਲੇ ਵੱਧ ਤੁਰਿਆ ਫਿਰੇ। ਜਿਹੜੇ ਚਾਰ ਪੈਸੇ ਆਉਂਦੇ, ਉਹ ਉੱਥੇ ਓਹਨਾਂ ਨੂੰ ਖੁਆ ਪਿਆ ਆਇਆ ਕਰੇ। ਅਖ਼ੀਰ ਨੂੰ ਗੱਲ ਪਿੰਡ ਵਿਚ ਨਸ਼ਰ ਹੋਣ ਲੱਗ ਪਈ।

"ਨਾ ਮੇਰਾ ਸਾਊ ਪੁੱਤ। ਸਿਆਣਾ ਬਣ, ਤੇਰੇ ਭਾਪੇ ਦਾ ਵੇਖ, ਕਿੱਡਾ ਇੱਜਤ ਮਾਣ ਹੈ, ਏਹਨੂੰ ਦਾਗ ਨਾ ਲਾਈਂ। ਤੈਨੂੰ ਪੁੱਤ ਤੇਰੀ ਮਾਮੀ, ਘਰਾਂ 'ਚੋਂ ਲਗਦੀ ਭਤੀਜੀ ਦਾ ਸਾਕ ਕਰਵਾਉਂਦੀ ਐ।

ਬਾਹਲੀ ਸੁਹਣੀ, ਮੂਰਤ ਵਰਗੀ ਕੁੜੀ ਐ, ਐਵੇਂ ਪੋਲੀਓ ਕਰਕੇ ਮਾੜੀ ਜ੍ਹੀ ਪੈਰ 'ਚ ਬੱਜ ਐ; ਬੱਜ ਕੀ, ਮਾੜੀ ਜਿਹੀ ਸੱਜੇ ਪੈਰ ਦੀ ਅੱਡੀ ਚੱਕ ਕੇ ਤੁਰਦੀ ਐ। ਚੰਗਾ ਦਾਜ ਦਹੇਜ ਮਿਲੂ, ਤੈਨੂੰ ਚੜ੍ਹਨ ਨੂੰ ਮੋਟਰਸਾਈਕਲ ਮਿਲੂ; ਮੈਨੂੰ ਕੰਮ 'ਚ ਹੱਥ ਵਟਾਉਣ ਨੂੰ ਨੋਂਹ ਮਿਲੂ। ਸਾਰਾ ਲੈਣਾ ਦੇਣਾ ਨਿਬਟ ਜਾਊਗਾ, ਸ਼ਰੀਕਾਂ ਵਿਚ ਬਰੋਬਰ ਖਲਿਆਰ ਦੇਊਂ। ਬਸ ਤੂੰ ਮੇਰਾ ਕਹਿਆ ਮੰਨ 'ਕੇਰਾਂ।"

ਗਗਨਾ ਢਿੱਲੀ ਜਿਹੀ ਮੰਜੀ ਉੱਤੇ ਬੈਠਾ, ਘਰ ਦੇ ਚੁਫੇਰੇ ਨਜ਼ਰ ਘੁਮਾ ਕੇ ਹੱਸਣ ਲੱਗ ਪਿਆ। ਨਸੀਬੋ ਹੈਰਾਨ।

"ਤੂੰ ਵੀ ਨਾ ਬੇਬੇ, ਧਰਮ ਨਾਲ ਕਮਾਲ ਕਰਦੀ ਐਂ। ਕਿੱਡੀਆਂ ਲੰਮੀਆਂ ਤਾਣੀਆਂ ਤਣਦੀ ਹੈਂ। ਪਹਿਲਾਂ ਭਾਪਾ, ਕਬੀਲਦਾਰੀ ਦੀ ਸਲ੍ਹਾਬੀ ਕਣਕ ਦੀ ਪੈਰੀ ਉੱਤੇ ਫਲ੍ਹਾ ਖਿਚਦਾ ਫਿਰਿਆ, ਹੁਣ ਤੂੰ ਮੇਰਾ ਗਲ਼ ਫਸਾਉਣ ਨੂੰ ਫਿਰਦੀ ਐਂ। ਛੱਡ ਪਰੇ ਮਾਤਾ, ਕੀ ਪਿਆ ਕਬੀਲਦਾਰੀ ਦੇ ਝੰਜਟਾਂ ਵਿਚ; ਫੱਕਰਾਂ ਦੀ ਤਾਂ ਐਂ ਈਂ ਲੰਘ ਟੱਪ ਜਾਊ; ਐਵੇਂ ਨਾ ਕੁੜੀ ਆਲ਼ਿਆਂ ਨੂੰ ਲਾਰੇ ਲਾਈ ਰੱਖੀਂ; ਅਗਲਿਆਂ ਦੀ ਵੀ ਅਕਸਰ ਧੀ ਧਿਆਣੀ ਐ।"

ਤੇ ਗਗਨਾ ਮੰਜੇ ਤੋਂ ਖੜ੍ਹਾ ਹੋ ਕੇ ਕੁਛ ਗੁਣਗੁਣਾਉਣ ਲੱਗ ਪਿਆ। ਫੇਰ ਹਲਕੀ ਜਿਹੀ ਕਮਲ਼ੀ ਜ੍ਹੀ ਹਾਸੀ ਹੱਸਦਾ ਬਾਹਰ ਤੁਰ ਗਿਆ।

ਬੂਹੇ 'ਚ ਖੜ੍ਹੀ, ਢਾਣੀ ਵਾਲੇ ਬੂਟੇ ਦੀ ਘਰ ਵਾਲੀ ਨੂੰ ਅੱਧ-ਪਚੱਧੀ ਬਿੜਕ ਲੱਗੀ। ਪਰ ਨਸੀਬ ਕੁਰ ਨੇ ਮੌਕਾ ਸੰਭਾਲਦੇ ਹੋਏ ਕਿਹਾ; "ਆ ਜਾ, ਮਾਂ ਜੀ ਲੰਘ ਆ, ਹੈਥੇ ਕਿਉਂ ਖਲੋ ਗਈ।" ਤੇ ਫੇਰ ਉੱਚੀ ਸਾਰੀ ਕਿਹਾ; "ਚੰਗਾ ਪੁੱਤ ਗਗਨਿਆਂ, ਆਥਣੇ ਟੈਂਟ ਤੋਂ ਟਾਇਮ ਨਾਲ ਘਰੇ ਆ ਜਾਵੀਂ, ਬੈਠ ਕੇ ਪੱਕੀ ਸਲਾਹ ਕਰਾਂਗੇ, ਸਾਕ ਬਹੁਤ ਚੰਗਾ ਹੈ।"

ਪਰ ਨਾ ਗਗਨਾ ਆਖੇ ਲੱਗਿਆ, ਨਾ ਚੌਂਹਟੇ ਚੱਕ ਨੇ ਆਵਦੇ ਅੰਦੋਲਨ ਤੋਂ ਪੈਰ ਪਿੱਛੇ ਖਿੱਚਿਆ। ਪਿੱਛੇ ਹਟੇ ਤਾਂ ਨਸੀਬੋ ਦੇ ਕਰਮ ਹਟੇ।

ਮੱਘਰ ਅਖ਼ਬਾਰ ਵਿੱਚੋਂ ਅੰਬਰਸਰ ਵਾਲਿਆਂ ਦਾ ਬਿਆਨ ਲੱਭਦਾ ਰਿਹਾ। ਨੰਬਰਦਾਰਾਂ ਦੇ ਘਰੋਂ ਨੰਬਰ ਲੈ ਕੇ ਟੈਲੀਫ਼ੂਨ ਵੀ ਕੀਤਾ; "ਬਈ ਤੁਸੀਂ ਅਜੇ ਕੋਈ ਹੰਭਲਾ ਨਹੀਂ ਮਾਰਿਆ, ਅਸੀਂ ਤਾਂ ਕੁਰਬਾਨੀ ਲਈ ਤਿਆਰ ਬੈਠੇ ਹਾਂ।"

ਇਕ ਦਿਨ ਲੋਕਾਂ ਨੂੰ ਜਗਾਉਣ ਖਾਤਰ, ਓਹਨਾਂ ਦੇ ਕੰਨ੍ਹ ਖੋਲ੍ਹਣ ਖਾਤਰ, ਪਿੰਡ ਦੇ ਲੋਕਾਂ ਨੂੰ ਮਾੜਿਆਂ ਨਸ਼ਿਆਂ ਤੋਂ ਬਚਾਉਣ ਖਾਤਰ ਮੱਘਰ ਸਿਹੁੰ ਚੌਂਹਟੇ ਚੱਕ ਨੇ ਤੜਕੇ ਸਵੇਰੇ ਜਦੋਂ ਗੁਰਦਵਾਰੇ 'ਚੋਂ ਭਾਈ ਜੀ ਨੇ ਵਾਕ ਲਿਆ, ਜਾਮਣ ਕੋਲ਼ ਜਾ ਕੇ ਆਵਦੇ ਖੇਤ ਦੀਆਂ ਕਰਮਾਂ ਮਾਰੀਆਂ, ਜਿਹੜੀ ਪੈਲੀ ਰਮਣੇ ਕਿਆਂ ਨੂੰ ਚੁੱਪ ਚੁਪੀਤੇ ਦਿੱਤੀ ਸੀ, ਉਹਦੀ ਮਿਣਤੀ ਕੀਤੀ ਤਾਂ ਜਾਮਣ ਇਕ ਡੇਢ ਕਰਮ ਰਮਣੇ ਕੇ ਵਾਲਿਆਂ ਪਾਸੇ ਨਿਕਲੀ।

"ਹੱਛਾ ਏਹ ਵੀ ਸਹੁਰੀ ਓਸ ਪਾਸੇ ਹੋ ਗਈ। ਚਲੋ ਕੋਈ ਨ੍ਹੀਂ, ਇਹ ਤਾਂ ਜਾਣੀ ਹੀ ਸੀ।"

ਫੇਰ ਪਿੰਡ ਵੱਲ ਮੂੰਹ ਕਰਕੇ ਸਾਰੇ ਜ਼ੋਰ ਦੀ ਉੱਚੀ ਅਵਾਜ਼ ਵਿਚ ਕੂਕਿਆ;

"ਲੈ ਮੇਰੀ ਕੁਰਬਾਨੀ ਐਵੇਂ ਨਾ ਜਾਏ। ਓਏ ਨੱਗਰ ਖੇੜੇ ਵਾਲਿਓ, ਮਾਰ ਲਿਓ ਭਰਾਵੋ ਹੰਭਲਾ, ਨਹੀਂ ਪਛਤਾਉਂਗੇ...।" 000

***(169, ਸੈਕਟਰ 16 ਏ, ਚੰਡੀਗੜ੍ਹ - 160 016***
***ਫੋਨ: +91-95308-07786)***

## ਪਤਾ ਨਹੀਂ ਕਿੱਥੇ ਜਾਊਂਗਾ: ਕਹਾਣੀ: ਚਰਨਜੀਤ ਸਿੰਘ ਮਿਨਹਾਸ

ਇਹ ਗੱਲ ਉਦੋਂ ਦੀ ਹੈ ਜਦੋਂ ਉਹਨਾਂ ਨੂੰ ਪੰਜਾਬ ਪੁਲਿਸ ਤੋਂ ਰਿਟਾਇਰ ਹੋਏ ਜ਼ਿਆਦਾ ਅਰਸਾ ਨਹੀਂ ਸੀ ਹੋਇਆ।

"ਬਹੁਤੇ ਲੋਕਾਂ ਨੂੰ ਜ਼ਿੰਦਗੀ ਭਰ ਖਾਣ ਨੂੰ ਨਹੀਂ ਜੁੜਦੇ ਇਹ ਅਨਾਰ ਚੰਨੇ, ਪਤਾ ਤੈਨੂੰ? ਤੇ ਇੱਥੇ ਦੇਖ ਪੂਰਾ ਬਾਗ਼ ਖੜ੍ਹਾ ਭਰਿਆ ਅਨਾਰਾਂ ਦਾ।" ਠਾਣੇਦਾਰ ਸਾਹਿਬ ਨੇ ਅਪਣੇ ਬਾਗ਼ ਵੱਲ ਬਾਂਹ ਉਲਾਰਦੇ ਹੋਏ ਬੜੇ ਫ਼ਖਰ ਨਾਲ ਮੈਨੂੰ ਦੱਸਿਆ।

ਠਾਣੇਦਾਰ ਸਾਹਿਬ ਦੀ ਜੱਦੀ ਜ਼ਾਇਦਾਦ ਤਾਂ ਕੋਟ-ਫੱਤੇ ਸੀ, ਇੱਥੇ ਪਟਿਆਲੇ ਮਾਡਲ ਟਾਊਨ ਵਿਚ ਉਹਨਾਂ ਕੋਲ਼ ਇਹ ਵੱਡੀ ਬੀ-ਟਾਈਪ ਦੀ 1200 ਗਜ਼ ਦੀ ਕੋਠੀ ਸੀ। ਦੋ ਹਿੱਸੇ ਸਨ ਇਸਦੇ, ਇਕ ਦੂਜੇ ਨਾਲੋਂ ਦੋਹੇਂ ਜਮਾਂ ਅੱਡ। ਕਿਸੇ ਕੰਧ ਬੰਨੇਰੇ ਦੀ ਵੀ ਕੋਈ ਆਪਸੀ ਸਾਂਝ ਨਹੀਂ। ਅਗਲਾ ਹਿੱਸਾ ਸਿੰਜਾਈ ਵਿਭਾਗ ਨੂੰ ਕਿਰਾਏ 'ਤੇ ਦਿੱਤਾ ਸੀ ਅਤੇ ਪਿਛਲੇ ਵਿਚ ਉਹ, ਠਾਣੇਦਾਰਨੀ ਅਤੇ ਅਪਣੇ ਤਿੰਨ ਮੁੰਡਿਆਂ ਵਿਚੋਂ ਸਭ ਤੋਂ ਛੋਟੇ ਬਿੱਲੂ ਨਾਲ ਰਹਿੰਦੇ ਸੀ। ਇਹਦੇ ਸੱਜੇ ਪਾਸੇ ਇਹ ਬਾਗ਼ ਸੀ।

"ਚੜ੍ਹੇ ਸੂਰਜ ਮੋਹਰੇ ਹੀ ਨਮਸਕਾਰ ਹੁੰਦਾ ਤੇ ਉਹਦੀ ਹੀ ਪੂਜਾ ਹੁੰਦੀ ਹੈ," ਠਾਣੇਦਾਰ ਸਾਹਿਬ ਮੈਨੂੰ ਦੋ ਚਾਰ ਵਾਰ ਲੰਬਾ ਸਾਹ ਖਿੱਚ ਕੇ ਇਹ ਦੱਸ ਚੁੱਕੇ ਸੀ। 'ਤੇੜ ਵਰਦੀ ਸੀ ਤਾਂ ਠਾਠ ਬੇਸ਼ੁਮਾਰ, ਸਲੂਟ ਅਣਗਿਣਤ, ਮਿਲਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ ਹੁੰਦਾ ਸੀ।'

ਹੁਣ ਠਾਣੇਦਾਰਣੀ ਤੋਂ ਬਚਣ ਲਈ ਇਕ ਖੂੰਜੇ ਵਿਚ ਬੈਠੇ ਰਹਿੰਦੇ ਸੀ।

ਉਹਨਾਂ ਦੀ ਕੋਠੀ ਸਾਡੇ ਮਕਾਨ ਤੋਂ ਸਾਈਕਲ 'ਤੇ ਮਸੀਂ ਪੰਜ ਕੁ ਮਿੰਟ 'ਤੇ ਹੋਣੀ। ਸਕੂਲ ਵਿਚ ਸਿਆਲ਼ਾਂ ਦੀਆਂ ਛੁੱਟੀਆਂ ਚਲਦੀਆਂ ਹੋਣ ਕਰਕੇ ਕੁੱਝ ਦਿਨਾਂ ਮਗਰੋਂ ਜਦੋਂ ਮੈਂ ਫੇਰ ਗੇੜਾ ਮਾਰਿਆ ਤਾਂ ਵੱਡੇ ਢਿੱਡ ਵਾਲੇ ਠਾਣੇਦਾਰ ਸਾਹਿਬ ਵਰਾਂਡੇ ਵਿਚ ਬੈਠੇ ਚਾਹ ਪੀਂਦੇ ਸਨ। ਮੈਂ ਉਹਨਾਂ ਕੋਲ਼ ਜਾ ਬੈਠਾ। ਉਹ ਕਦੇ-ਕਦੇ ਠਾਣੇਦਾਰਣੀ ਤੋਂ ਅੱਖ ਬਚਾ ਕੇ ਮੈਨੂੰ ਅਮੈਰਕਿਨ ਚੋਕਲੇਟਾਂ ਵਗ਼ੈਰਾ ਦਿੰਦੇ ਰਹਿੰਦੇ ਸੀ।

"ਭਾਵੇਂ ਮੈਂ ਰਿਟਾਇਰ ਹੋ ਗਿਆਂ ਚੰਨੇ, ਪਰ ਅੱਜ ਵੀ ਮੇਰੀ ਸੇਵਾ ਲਈ ਮੇਰੇ ਪਿੱਛੇ ਦੋ ਸਿਪਾਹੀ ਮੌਜੂਦ ਰਹਿੰਦੇ ਨੇ।" ਪਤਾ ਨਹੀਂ ਕਿਉਂ ਉਹਨਾਂ ਨੇ ਸੁੜਕੇ ਨਾਲ ਮਗਰਲਾ ਘੁੱਟ ਪੀ ਕੇ ਮੈਨੂੰ ਇਹ ਦੱਸਣਾ ਜ਼ਰੂਰੀ ਸਮਝਿਆ।

ਪੰਜਾਬ ਪੁਲਿਸ ਮੈਨੂੰ ਉਦੋਂ ਵੀ ਉੱਕਾ ਪਸੰਦ ਨਹੀਂ ਸੀ। ਮੈਂ ਡਰਦੇ ਨੇ ਮਲਕ ਦੇਣੀ ਧੌਣ ਘੁਮਾ ਕੇ ਪਿੱਛੇ ਝਾਕਿਆ, ਕੋਈ ਨਹੀਂ ਸੀ। ਮਸਾਂ ਸਾਹ 'ਚ ਸਾਹ ਰਲ਼ਿਆ।

"ਓਏ ਚੰਨਿਆ...ਅਸੀਂ ਲੋਕਾਂ ਦੀ ਅੱਖ 'ਚ ਆਏ ਬਿਨਾਂ ਉਹਨਾਂ 'ਤੇ ਅੱਖ ਰੱਖੀਦੀ ਹੈ।" ਬਿਆਨ ਨੁਮਾ ਲਹਿਜੇ 'ਚ ਠਾਣੇਦਾਰ ਸਾਹਿਬ ਨੇ ਕਿਹਾ।

ਠਾਣੇਦਾਰ ਸਾਹਿਬ ਸੱਜੇ ਪੱਬ 'ਤੇ ਅੱਡੀ ਨਾਲ ਅਪਣੀ ਚਮੜੇ ਦੀ ਚੱਪਲ ਦੀ ਹੇਠਾਂ ਉੱਪਰ ਤਾਲ ਵਜਾਉਣ ਲੱਗ ਪਏ ਤੇ ਨਾਲੇ ਹਮੇਸ਼ਾ ਵਾਂਗ ਉਹਨਾਂ ਦੀ ਤਕੀਆ-ਕਲਾਮ ਓਪਰੀ ਖੰਘ ਵੀ ਸ਼ੁਰੂ ਹੋ ਗਈ। ਮੇਰਾ ਹੱਥ ਆਪ-ਮੁਹਾਰਾ ਨੱਕ ਵੱਲ ਉਠ ਪਿਆ। ਇਸ ਤੋਂ ਪਹਿਲਾਂ ਕਿ ਮੈਂ ਉੱਥੋਂ ਬਚ ਕੇ ਉਠਦਾ, ਉਹਨਾਂ ਦੇ ਛੱਡੇ ਫਾਇਰ ਨੇ ਮੈਨੂੰ ਘੇਰਾ ਪਾ ਲਿਆ। ਮੈਨੂੰ ਯਕੀਨ ਹੋ ਗਿਆ ਕਿ ਰਿਟਾਇਰਡ ਠਾਣੇਦਾਰ ਸਾਹਿਬ ਦੇ ਸਿਪਾਹੀ ਸੱਚੀਂ ਬਿਨਾਂ ਦੇਖੇ ਘੇਰਾ ਪਾ ਸਕਦੇ ਹਨ।

ਸਕੂਲ ਚਾਲੂ ਹੋ ਗਏ ਤਾਂ ਮੇਰਾ ਗੇੜਾ ਕਈ ਦਿਨ ਉਹਨਾਂ ਵੱਲ ਨਾ ਲੱਗਿਆ।

ਫੇਰ ਜਦ ਮੇਰਾ ਜਾਣਾ ਹੋਇਆ ਤਾਂ ਉੱਥੋਂ ਦਾ ਹਾਲ ਬੇਹਾਲ ਸੀ। ਬਿੱਲੂ ਨੇ ਮਾਂ-ਪਿਓ ਨੂੰ ਕਮਰੇ ਅੰਦਰ ਡੱਕ ਕੇ ਬਾਹਰੋਂ ਕੁੰਡਾ ਮਾਰਿਆ ਹੋਇਆ ਸੀ। ਮੈਨੂੰ ਦੇਖ ਕੇ ਬਿੱਲੂ ਭਰਿਆ-ਫਿੱਸਿਆ ਰਸੋਈ ਵਿਚੋਂ ਨਿਕਲਿਆ। ਸਵਾ-ਛੇ ਫੁੱਟ ਦਾ ਤਕੜਾ ਜਵਾਨ, ਕੇਸ ਕੱਟੇ ਹੋਏ ਤੇ ਦਾੜ੍ਹੀ ਮੁੰਨੀ ਹੋਈ।

"ਤੂੰ ਕੀ ਲੈਣ ਆਉਨਾ ਏਂ ਇੱਥੇ, ਇਹਨਾਂ ਲੁੱਚੇ, ਪਖੰਡੀ ਵਪਾਰੀਆਂ ਕੋਲ਼ੋਂ? ਇਹ ਜੱਲਾਦ ਨੇ, ਨਿੱਕੀਆਂ ਮਾਸੂਮ ਜਿੰਦਾਂ ਦੇ ਸੌਦੇ ਕਰਦੇ ਨੇ, ਉਹਨਾਂ ਨੂੰ ਬੇਰਹਮੀ ਨਾਲ ਝਟਕਦੇ ਨੇ। ਕਿਹਦੇ ਨਾਲ ਤੇਰਾ ਸੌਦਾ ਕਿਹੜੇ ਵੇਲ਼ੇ, ਕਿਸ ਦਿਨ ਹੋ ਜਾਊ, ਤੈਨੂੰ ਜਾਂ ਹੋਰ ਕਿਸੇ ਨੂੰ ਪਤਾ ਵੀ ਨਹੀਂ ਲੱਗਣਾ। ਅਮਰੀਕਾ ਵਾਲਾ ਵੱਡਾ ਮੁੰਡਾ ਹੀ ਇਹਨਾਂ ਦਾ ਸਭ ਕੁੱਛ ਹੈ। ਪਿਆਰ, ਲਾਡ, ਔਲਾਦ, ਜਾਇਦਾਦ, ਧਰਮ, ਇੱਜ਼ਤ, ਸ਼ਾਨ...ਸਭ ਕੁੱਛ। ਉਹ ਆਪਣੀ ਮਾਂ ਵਰਗਾ ਤੇ ਉਸ ਜਾਨਵਰ ਦੀ ਜ਼ਨਾਨੀ ਉਹਦੇ ਤੋਂ ਵੀ ਜ਼ਹਿਰੀਲੀ।"

ਇਹ ਸਭ ਬੁੜਬੁੜਾਉਂਦਾ ਉਹ ਖੜੱਪੇ ਸੱਪ ਵਾਂਗੂ ਸ਼ੂਕਦਾ ਗੇਟ ਰਾਹੀਂ ਅਲੋਪ ਹੋ ਗਿਆ। ਜਦੋਂ ਮੈਂ ਗੇਟ ਵੱਲੋਂ ਨਿਗਾਹ ਮੋੜ ਕੇ ਕਮਰੇ ਵੱਲ ਘੁਮਾਈ ਤਾਂ ਠਾਣੇਦਾਰ ਸਾਹਿਬ ਦੀ ਆਵਾਜ਼ ਕੰਨੀਂ ਪਈ।

"ਚੰਨੇ ਕਮਰੇ ਦਾ ਬਾਹਰੋਂ ਕੁੰਡਾ ਖੋਲ੍ਹ ਦੇ।"

ਮੈਂ ਖੋਲ੍ਹ ਦਿੱਤਾ।

"ਇਹ ਮੁੰਡਾ ਸਾਡੇ ਤੋਂ ਪਤਾ ਨਹੀਂ ਕਿਹੜੇ ਜਨਮਾਂ ਦੇ ਬਦਲੇ ਲੈ ਰਿਹੈ?" ਠਾਣੇਦਾਰ ਸਾਹਿਬ ਨੇ ਲੰਬਾ, ਸਰਦ ਹਉਕਾ ਭਰਦਿਆਂ ਅਪਣੇ ਮੱਥੇ 'ਤੇ ਹੱਥ ਮਾਰਿਆ।

ਅਸੀਂ ਦੋਹਵੇਂ ਉਦੋਂ ਰਸੋਈ ਵੱਲ ਨੱਸੇ ਜਦੋਂ ਅੰਦਰੋਂ ਠਾਣੇਦਾਰਣੀ ਦੀ ਚੀਕ ਸੁਣੀ। ਜਾ ਕੇ ਦੇਖਿਆ ਤਾਂ ਰਸੋਈ ਵਿਚ ਤਾਂ ਪਰਲੋ ਆਈ ਲੱਗਦੀ ਸੀ। ਬਿੱਲੂ ਨੇ ਸਾਰੀਆਂ ਦਾਲ਼ਾਂ, ਲੂਣਦਾਨੀ, ਚੀਨੀ, ਚਾਹਪੱਤੀ, ਦੁੱਧ, ਆਟਾ, ਚੌਲ਼, ਅੰਡੇ ਵਗ਼ੈਰਾ ਸਭ ਕੁੱਝ ਸਿੰਕ ਵਿਚ ਸੁੱਟ ਕੇ ਉਪਰੋਂ ਟੂਟੀ ਛੱਡੀ ਹੋਈ ਸੀ। ਥੱਲੇ ਫਰਸ਼ 'ਤੇ ਕੱਪਾਂ, ਪਲੇਟਾਂ, ਗਲਾਸਾਂ, ਟਰੇਅ, ਕੇਤਲੀ ਵਗ਼ੈਰਾ ਦੇ ਟੋਟੇ ਮੂੰਹ ਅੱਡੀ ਪਏ ਸਨ।

ਉਸ ਸਾਲ ਗਰਮੀਆਂ ਵਿਚ ਮੇਰਾ ਦਾਖਲਾ ਪੰਜਾਬ ਪਬਲਿਕ ਸਕੂਲ ਨਾਭਾ ਹੋ ਗਿਆ ਅਤੇ ਮੈਂ ਹੋਸਟਲ 'ਚ ਰਹਿਣ ਲੱਗ ਪਿਆ। ਦਿਵਾਲ਼ੀ ਦੀਆਂ ਛੁੱਟੀਆਂ ਵਿਚ ਜਦੋਂ ਮੈਂ ਘਰ ਆਇਆ ਤਾਂ ਆਪਣੇ ਕਮਰੇ ਵਿਚ ਇਕ ਓਪਰਾ ਮੇਜ਼ ਕੁਰਸੀ ਦੇਖ ਕੇ ਹੈਰਾਨ ਹੋ ਗਿਆ। ਪੁੱਛਿਆ ਤਾਂ ਪਤਾ ਲੱਗਾ ਕਿ ਠਾਣੇਦਾਰ ਸਾਹਿਬ, ਉਹਨਾਂ ਦੀ ਪਤਨੀ ਅਤੇ ਬਿੱਲੂ ਤਿੰਨੋਂ ਅਮਰੀਕਾ ਚਲੇ ਗਏ ਸੀ। ਜਾਣ ਤੋਂ ਪਹਿਲਾਂ ਪਿਛਲਾ ਹਿੱਸਾ ਵੀ ਕਿਰਾਏ 'ਤੇ ਦੇਣ ਦੇ ਚੱਕਰ ਵਿਚ ਆਪਣਾ ਸਮਾਨ ਥੋੜ੍ਹਾ-ਥੋੜ੍ਹਾ ਕਰ ਕੇ ਕਈ ਘਰਾਂ 'ਚ ਦੇ ਗਏ ਸਨ। ਇਹ ਮੇਜ਼ ਕੁਰਸੀ "ਚੰਨੇ ਦੀ ਅਗਾਂਹ ਦੀ ਪੜ੍ਹਾਈ ਲਈ" ਸਾਡੇ ਕੋਲ਼ ਛੱਡ ਗਏ ਸੀ।

"ਪੁੱਤ, ਨਾਲੇ ਠਾਣੇਦਾਰਣੀ ਕਹਿੰਦੀ ਸੀ ਚਰਨਜੀਤ ਵੀ ਮੇਰੇ ਵੱਡੇ ਮੁੰਡੇ ਵਾਂਗੂੰ ਲਿਸ਼ਕੇ ਤੇ ਤੈਨੂੰ ਸੁੱਖ ਦੇਵੇ। ਅਮਰੀਕਾ ਤੋਂ ਕਹਿੰਦੀ ਸੀ ਤੇਰੀ ਲਈ ਤਿੰਨ-ਚਾਰ ਵਧੀਆ ਟਾਈਆਂ ਭੇਜੂਗੀ ਪਹੁੰਚ ਕੇ।" ਮੇਰੀ ਮੰਮੀ ਨੇ ਮੈਨੂੰ ਕਲਾਵੇ ਵਿਚ ਲੈ ਕੇ, ਸਿਰ 'ਤੇ ਹੱਥ ਫੇਰਦਿਆਂ, ਬੜੇ ਲਾਡ ਨਾਲ ਦੱਸਿਆ।

ਕਈ ਸਾਲ ਲੰਘ ਗਏ। ਇਹ ਗੱਲ ਉਦੋਂ ਦੀ ਦੱਸਣ ਲੱਗਾਂ ਜਦੋਂ ਮੈਂ ਸਕੂਲੋਂ ਵਿਹਲਾ ਹੋ ਕੇ ਘਰ ਹੀ ਰਹਿ ਕੇ ਇੰਜਨੀਅਰਿੰਗ ਕਾਲਿਜ ਵਿਚ ਦਾਖਲੇ ਲਈ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ। ਮੈਂ ਕੋਚਿੰਗ ਦੀ ਕਲਾਸ ਲਾ ਕੇ ਘਰ ਮੁੜਿਆ ਤਾਂ ਦੇਖਿਆ ਠਾਣੇਦਾਰਣੀ ਆਈ ਬੈਠੀ ਸੀ। ਬੜੇ ਸਤਿਕਾਰ ਨਾਲ ਮੈਂ ਉਹਨਾਂ ਨੂੰ ਸੱਸਰੀਕਾਲ ਬੁਲਾਈ ਅਤੇ ਉਹਨਾਂ ਤੋਂ ਠਾਣੇਦਾਰ ਸਾਹਿਬ ਤੇ

ਬਿੱਲੂ ਦਾ ਹਾਲ ਪੁੱਛਿਆ।

"ਹਾਏ ਨੀ ਭੈਣੇ, ਕਿੰਨਾ ਬੜਾ ਹੋ ਗਿਆ ਹੁਣ ਇਹ। ਬੜੀਆਂ ਸੋਹਣੀਆਂ ਟਾਈਆਂ ਲੈ ਕੇ ਰੱਖੀਆਂ ਹੋਈਆਂ ਨੇ ਮੈਂ ਇਹਦੇ ਲਈ ਅਮਰੀਕਾ। ਅਗਲੇ ਵਾਰੀ ਜਰੂਰ ਲਿਆਊਂਗੀ। ਜਦ ਤਕ ਸ਼ਗਨਾਂ ਦਾ ਵੇਲ਼ਾ ਵੀ ਆ ਖੜੂ।" ਮੇਰੀ ਮੰਮੀ ਨੂੰ ਕਹਿੰਦੀ।

ਮੇਰੇ ਵੱਲ ਧਿਆਨ ਕਰ ਕੇ ਕਹਿੰਦੀ, "ਠਾਣੇਦਾਰ ਸਾਹਿਬ ਦੀ ਬਹੁਤ ਬੱਲੇ-ਬੱਲੇ ਹੈ ਉੱਥੇ। ਮੈਂ ਤੇਰੀ ਮੰਮੀ ਨੂੰ ਦੱਸ ਰਹੀ ਸੀ ਕਿੰਨੀ ਸੇਵਾ ਕਰਦਾ ਸਾਡਾ ਵੱਡਾ ਮੁੰਡਾ ਤੇ ਵਹੁਟੀ। ਬੱਸ ਕੀ ਦੱਸਾਂ।"

"ਛੱਡੋ ਪਰ੍ਹਾਂ ਫੇਰ...," ਮੇਰੇ ਮੂੰਹੋਂ ਨਿਕਲਦਾ-ਨਿਕਲਦਾ ਰਹਿ ਗਿਆ।

"ਭਾਂਵੇਂ ਸੈਂਕੜੇ ਗੋਰੇ ਅੰਗਰੇਜ਼ ਉਹਦੇ ਥੱਲੇ ਕੰਮ ਕਰਦੇ ਨੇ ਅਮਰੀਕਾ ਵਿਚ," ਹੱਥ ਦੇ ਨਾਲ-ਨਾਲ ਭਰਵੱਟੇ ਵੀ ਉਹਦਾ ਮੱਥਾ ਟੱਪ ਗਏ. "ਪਰ ਉਹ ਸਾਡਾ ਸਰਬਨ ਪੁੱਤ ਸਾਨੂੰ ਪਾਣੀ ਦਾ ਗਲਾਸ ਨਹੀਂ ਭਰਨ ਦਿੰਦਾ।"

"ਪਾਣੀ ਹੋਰ ਲਿਆ ਦਿਆਂ ਜੀ?" ਮੈਂ ਪੁੱਛਿਆ।

"ਨਹੀਂ ਰੱਬ ਤੈਨੂੰ ਬਹੁਤ ਤਰੱਕੀ ਬਖਸ਼ੇ," ਠਾਣੇਦਾਰਨੀ ਕਹਿੰਦੀ। "ਤੇ ਬਿੱਲੂ ਵੀ ਹੁਣ ਇੰਨਾ ਬਦਲ ਗਿਆ ਚਰਨਜੀਤ, ਕੀ ਦੱਸਾਂ...ਹੱਥ ਲਾਇਆਂ ਮੈਲ਼ੀ ਹੁੰਦੀ ਹੈ ਗੋਰੀ ਅੰਗਰੇਜਨੀ, ਜਿਹਦੇ ਨਾਲ ਵਿਆਹ ਕਰਵਾਇਆ ਉਹਨੇ। ਰੱਜ ਕੇ ਅਮੀਰ ਟੱਬਰ ਦੀ ਕੁੜੀ ਹੈ। ਘੋੜੇ ਰੱਖੇ ਹੋਏ ਨੇ ਤੇ ਜਮੀਨ ਦਾ ਹਿਸਾਬ ਹੀ ਕੋਈ ਨਹੀਂ। ਨਵਾਬਾਂ ਵਾਂਗੂੰ ਰਹਿੰਦੇ ਨੇ ਸਾਡੇ ਤੋਂ ਥੋੜ੍ਹੀ ਜਿਹੀ ਦੂਰੀ ਵ੍ਹਤੇ।"

ਮਾਸਾ ਹੋਰ ਰੁਕ ਕੇ ਮੈਂ ਅਪਣੇ ਕਮਰੇ ਵਿਚ ਪੜ੍ਹਨ ਚਲਾ ਗਿਆ। ਘੜੀ ਕੁ ਮਗਰੋਂ ਮੰਮੀ ਕਮਰੇ 'ਚ ਆ ਗਈ।

"ਅਪਣਾ ਮੇਜ ਕੁਰਸੀ ਮੰਗਦੀ ਆ," ਮੰਮੀ ਕਹਿੰਦੀ।

ਜਵਾਬ 'ਚ ਮੇਰਾ ਮੂੰਹ ਅੱਡਿਆ ਹੀ ਰਹਿ ਗਿਆ। ਹੱਕਾ-ਬੱਕਾ ਮੈਂ ਅਪਣੀ ਮੰਮੀ ਦੇ ਮੂੰਹ ਵੱਲ ਝਾਕਦਾ ਰਹਿ ਗਿਆ।

"ਟਾਈਆਂ...ਬੜੀ ਸੋਹਣੀਆਂ ਟਾਈਆਂ...ਇਹੋ ਮੁਹਾਰਨੀ ਬਾਰ ਬਾਰ ਪੜ੍ਹਦੀ ਰਹਿੰਦੀ ਐ, ਪਰ ਨਾ ਲਿਆਈ ਤੇ ਨਾ ਭੇਜੀਆਂ। ਹੁਣ ਐਸ ਪੁਰਾਣੇ ਮੇਜ-ਕੁਰਸੀ ਵਿਚ ਲੱਗੇ ਕਿਹੜੇ ਹੀਰੇ ਜਵਾਹਰਾਤ ਚੇਤੇ ਆ ਗਏ ਨੇ ਇਹਨੂੰ, ਜਿਹੜੇ ਇਸ 'ਮਲਕਾ ਏ ਅਮੈਰੀਕਾ' ਨੇ ਅਪਣੇ ਸਿੰਘਾਸਨ ਵਿਚ ਜੜਾਉਣੇ ਨੇ?" ਅਖ਼ੀਰ ਨੂੰ ਮੇਰੇ ਮੂਹੋਂ ਨਿਕਲਿਆ।

ਬਿਨਾਂ ਮੇਜ਼ ਕੁਰਸੀ ਤੋਂ ਵੀ ਮੇਰਾ ਦਾਖਲਾ ਪਟਿਆਲੇ ਹੀ ਥਾਪਰ ਕਾਲਿਜ ਵਿਚ ਹੋ ਗਿਆ। ਮੈਨੂੰ ਹੈਰਾਨੀ ਉਦੋਂ ਹੋਈ ਜਦੋਂ ਪ੍ਰੋਫੈਸਰਾਂ ਨੇ ਉੱਥੇ ਕਲਾਸ ਵਿਚ ਬਿੱਲੂ ਦੀ ਗੱਲ ਕਰਨੀ। ਉਹਦੇ ਗਿਆਨ, ਵੱਖਰੀ ਸੋਚ, ਤੇ ਤੇਜ਼ ਦਿਮਾਗ਼ ਦੀ ਦਾਦ ਦੇਣੀ।

"ਉਹ ਕਈ ਸਾਲ ਬਾਅਦ ਵੀ ਭਾਵੇਂ ਬਿਨਾਂ ਡਿਗਰੀ ਕੀਤਿਆਂ ਇੱਥੋਂ ਚਲਾ ਗਿਆ, ਪਰ ਦਿਮਾਗ਼ ਉਹਦੇ ਦੀ ਤੇਜ਼ੀ ਦਾ ਕੋਈ ਮੁਕਾਬਲਾ ਨਹੀਂ ਸੀ। ਡਿਗਰੀ ਤਾਂ ਉਹ ਜਾਣਕੇ ਲਮਕਾਉਂਦਾ ਰਿਹਾ, ਚਾਹੁੰਦਾ ਤਾਂ ਕਿਸੇ ਵੇਲ਼ੇ ਵੀ ਨਿਬੇੜ ਕੇ ਪਰੇ ਕਰ ਸਕਦਾ ਸੀ। ਜਿਹੜੇ ਸਵਾਲਾਂ, ਉਲਝਣਾਂ ਦਾ ਹੱਲ ਸਾਡੇ ਪ੍ਰੋਫੈਸਰਾਂ ਕੋਲੋਂ ਘੰਟਿਆਂ, ਦਿਨਾਂ ਬਾਅਦ ਨਿਕਲਦਾ ਸੀ, ਉਹ ਚੁਟਕੀ ਮਾਰ ਕੇ ਕੱਢ ਦਿੰਦਾ ਸੀ। ਤੁਹਾਨੂੰ ਲੱਗਦਾ ਹੋਊ ਪਤਾ ਨਹੀਂ ਮੈਂ ਕੀ ਅਵਾ-ਤਵਾ ਬੋਲ ਰਿਹਾਂ, ਪੁੱਛਣਾ ਚਾਹੋਂਗੇ ਭਲਾ ਡਿਗਰੀ ਮੁਕਾ ਕੇ ਕਿਹੜਾ ਨਹੀਂ ਗਾਹਾਂ ਹੋਣਾ ਚਾਹੁੰਦਾ? ਪੁੱਛੋ ਫੇਰ ਭਲਾ ਉਹ ਕਿਉਂ ਜਾਣ ਕੇ ਫੇਲ੍ਹ ਹੁੰਦਾ ਸੀ? ਸੁਣੋ ਫੇਰ ਇਹਦਾ ਵੀ ਇਕੋ-ਇਕ ਕਾਰਨ ਸੀ ਤੇ ਉਹ ਵੀ ਜਿਹੜਾ ਕਦੇ ਸੁਣਨ ਵਿਚ ਨਹੀਂ ਆਉਂਦਾ। ਹਮੇਸ਼ਾ ਕਹਿੰਦਾ ਸੀ "ਜੇ ਮੈਂ ਡਿਗਰੀ ਲੈ ਲਈ ਤਾਂ ਮਾਂ ਮੇਰੀ ਨੇ ਬਹੁਤ ਖੁਸ਼ ਹੋਣਾ ਏ ਤੇ ਮੇਰੇ ਤੋਂ ਅਪਣੀ ਮਾਂ ਦੀ ਖੁਸ਼ੀ ਬਰਦਾਸ਼ਤ ਨਹੀਂ ਹੁੰਦੀ।"

ਉਧਰ ਕਾਲਜ ਕੈਨਟੀਨ ਦੇ ਠੇਕੇਦਾਰ ਕੋਲ਼ ਇਸ ਤੋਂ ਵੀ ਰੋਮਾਂਚਕ ਦਾਸਤਾਨਾਂ ਸਨ।

"ਬਿੱਲੂ ਨੂੰ ਉੱਦਾਂ ਤਾਂ ਕਿਸੇ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਅਪਣੀ ਹੀ ਦੁਨੀਆਂ ਵਿਚ ਮਸਤ ਰਹਿੰਦਾ ਸੀ। ਸ਼ਰਾਬ-ਸ਼ਬਾਬ-ਕਬਾਬ ਕਿਸੇ ਵੀ ਐਸੀ ਸ਼ੈਅ ਦਾ ਸ਼ੌਕ ਨਹੀਂ ਸੀ ਉਹਨੂੰ। ਇਮਾਨਦਾਰ, ਸੱਚਾ-ਸੁੱਚਾ, ਤੇ ਰੱਜ ਕੇ ਦਲੇਰ। ਪਰ ਜੇ ਕਿਸੇ ਨਾਢੂ ਖਾਨ ਨੇ ਮੱਲੋਮਲੀ ਆਣ ਕੇ ਪੇਚਾ ਫਸਾ ਹੀ ਲਿਆ, ਜਾਂ ਜੇ ਕਿਤੇ ਉਹਨੇ ਕਾਲਿਜ, ਮੁਹੱਲੇ, ਸ਼ਹਿਰ ਵਿਚ ਕਿਸੇ ਨੂੰ ਕੁੜੀਆਂ ਨਾਲ ਬਦਤਮੀਜ਼ੀ ਕਰਦੇ ਦੇਖ ਲਿਆ ਤਾਂ ਕੱਲਾ ਹੀ ਐਸਾ ਫੈਂਟਾ ਚਾੜ੍ਹਦਾ ਸੀ, ਚਾਹੇ ਮੂਹਰੇ ਦੋ ਹੋਣ ਜਾਂ ਚਾਰ, ਆਮਲੇਟ ਦੇ ਅੰਡਿਆਂ ਨਾਲੋਂ ਵੀ ਉਹਨਾਂ ਦੀ ਹਾਲਤ ਪਤਲੀ ਹੋ ਜਾਂਦੀ ਸੀ।"

ਮੈਨੂੰ ਲੱਗਦਾ ਜਾਂ ਤੇ ਮੈਂ ਡਿਗਰੀ ਦੇ ਅਖ਼ੀਰਲੇ ਸਾਲ ਵਿਚ ਸੀ ਜਾਂ ਖਬਰੇ ਨੌਕਰੀ ਸ਼ੁਰੂ ਕਰ ਚੁੱਕਾ ਸੀ ਜਦੋਂ ਅਖ਼ਬਾਰ ਵਿਚ ਪੜ੍ਹਿਆ ਪਈ ਬਿੱਲੂ ਨੇ ਅਮੈਰੀਕਾ ਵਿਚ ਆਪਣੀ ਮਾਂ, ਭਰਾ ਤੇ ਭਾਬੀ ਨੂੰ ਮਾਰ ਦਿੱਤਾ।

ਮੇਰੇ ਤੋਂ ਰਿਹਾ ਨਾ ਗਿਆ ਤੇ ਮੈਂ ਠਾਣੇਦਾਰ ਸਾਹਿਬ ਨੂੰ ਫੌਨ ਲਾਇਆ।

"ਹਾਂ ਚੰਨੇ ਠੀਕ ਪੜ੍ਹਿਆ ਤੂੰ...ਬਿੱਲੂ ਨੇ ਗੋਲ਼ੀ ਮਾਰ ਕੇ ਮਾਰ ਦਿੱਤਾ ਤਿੰਨਾਂ ਨੂੰ। ਐਤਵਾਰ ਦਾ ਦਿਨ ਸੀ...ਅਸੀਂ ਸਾਰੇ ਬੈਠੇ ਨਾਸ਼ਤਾ ਕਰਦੇ ਸੀ...ਘੰਟੀ ਵੱਜੀ...ਮੈਂ ਉਠ ਕੇ ਦਰਵਾਜ਼ਾ ਖੋਲ੍ਹਿਆ। ਬਿੱਲੂ ਸੀ, ਅੰਦਰ ਆਇਆ, ਠਾਹ ਠਾਹ ਠਾਹ। ਮੈਂ ਤੇ ਨਿਆਣੇ ਦੇਖਦੇ ਰਹਿ ਗਏ। ਉਹਨੇ ਮਗਰੋਂ ਪੁਲਿਸ ਨੂੰ ਆਪੇ ਫੋਨ ਕਰਕੇ ਬੁਲਾ ਲਿਆ...ਪਤਾ ਨਹੀਂ ਰੱਬ ਐਸ ਉਮਰੇ ਕਿਹੜੇ ਇਮਤਿਹਾਨ ਲੈ ਰਿਹਾ," ਠਾਣੇਦਾਰ ਸਾਹਿਬ ਹੌਲ਼ੀ-ਹੌਲ਼ੀ ਰੁਕ-ਰੁਕ ਕੇ ਬੋਲੇ।

ਥੋੜ੍ਹੇ ਦਿਨਾਂ ਬਾਅਦ ਜਦੋਂ ਮੈਂ ਉਹਨਾਂ ਦੀ ਇਕ ਵੇਲ਼ੇ ਅਨਾਰਾਂ ਲਈ ਮਸ਼ੂਹਰ ਕੋਠੀ ਕਲ਼ਲੋਂ ਲੰਘਿਆ ਤਾਂ ਦੇਖਿਆ ਕਿ ਉੱਥੇ ਹੁਣ ਠਾਣੇਦਾਰ ਸਾਹਿਬ ਦਾ ਵਿਚਕਾਰਲਾ ਮੁੰਡਾ ਆਪਣੇ ਪਰਿਵਾਰ ਨਾਲ ਰਹਿਣ ਲੱਗ ਪਿਆ ਸੀ।

ਕੁਝ ਮਹੀਨਿਆਂ ਬਾਅਦ ਠਾਣੇਦਾਰ ਸਾਹਿਬ ਦਾ ਮੈਨੂੰ ਫੌਨ ਆਇਆ, "ਚੰਨੇ, ਮੈਂ ਪੱਕੇ ਤੌਰ 'ਤੇ ਵਾਪਿਸ ਆ ਰਿਹਾਂ। ਮੈਨੂੰ ਦਿੱਲੀ ਏਅਰਪੋਰਟ ਤੋਂ ਚੱਕਣ ਦਾ ਪ੍ਰਬੰਧ ਕਰਾ ਦੇ।"

"ਕੋਈ ਗੱਲ ਨਹੀਂ ਜੀ, ਮੈਂ ਆਪ ਆ ਜਾਊਂ," ਮੈਂ ਜਵਾਬ ਦਿੱਤਾ।

ਮੈਂ ਨੱਕ 'ਤੇ ਰੱਖਣ ਲਈ ਰੁਮਾਲ ਜੇਬ 'ਚ ਪਾ ਕੇ ਠਾਣੇਦਾਰ ਸਾਹਿਬ ਨੂੰ ਲੈਣ ਚਲਿਆ ਗਿਆ। ਜਦੋਂ ਉਹ ਟਰਮੀਨਲ ਤੋਂ ਬਾਹਰ ਨਿਕਲੇ ਤਾਂ ਪਛਾਣੇ ਹੀ ਨਾ ਜਾਣ। ਹਦਵਾਨੇ ਨੁਮਾ ਮੂੰਹ ਚੂਪਿਆ ਅੰਬ ਬਣ ਗਿਆ ਸੀ, ਰੰਗ ਪੱਕ ਗਿਆ ਸੀ, ਅਤੇ ਗੋਗੜ ਬੇਚਾਰੀ ਦੀ ਜਵਾਨੀ ਢਲ਼ ਗਈ ਸੀ।

ਦਿੱਲੀ ਤੋਂ ਨਿਕਲਕੇ ਰਾਹ ਵਿਚ ਅਸੀਂ ਇਕ ਢਾਬੇ 'ਤੇ ਰੁਕੇ। ਉੱਥੇ ਤਕ ਸਾਡੇ ਵਿਚਾਲ਼ੇ ਕੋਈ ਬਹੁਤੀ ਗੱਲਬਾਤ ਨਹੀਂ ਸੀ ਹੋਈ। ਉਹਨਾਂ ਦੀਆਂ ਖੁਫੀਆ ਹਵਾਵਾਂ ਨੇ ਵੀ ਆਪਣਾ ਘੁੰਡ ਨਾ ਚੁੱਕਿਆ। ਢਾਬੇ ਦੇ ਅੰਦਰ ਬੈਠਕੇ ਉਹਨਾਂ ਨੇ ਨਾਲ ਲਿਆਂਦੀ ਬੋਤਲ ਵਿਚੋਂ ਪੈਗ ਲਾਉਣੇ ਸ਼ੁਰੂ ਕੀਤੇ। ਹੁਣ ਪਹਿਲੀ ਵਾਰ ਉਹ ਖੰਘੇ, ਸੱਜੇ ਪੱਬ 'ਤੇ ਅੱਡੀ ਨਾਲ ਦੀ ਤਾਲ ਦੇ ਨਾਲ-ਨਾਲ।

"ਇਕੋ ਸਵਾਲ, ਜਿਹਨੂੰ ਦੇਖੋ ਉਹੀ ਗੱਲ, ਬਿੱਲੂ ਨੇ ਇਹ ਕਿੱਦਾਂ ਕੀਤਾ, ਕਿਉਂ ਕੀਤਾ? ... ਹੁਣ ਮੈਂ ਭਲਾ ਕੀ ਦੱਸਾਂ ਕਿਉਂ ਕੀਤਾ?" ਠਾਣੇਦਾਰ ਸਾਹਿਬ ਚੁੱਪ ਹੋ ਗਏ, ਪਰ ਪੈੱਗ ਚਲਦੇ ਰਹੇ।

"ਜਦੋਂ ਬਚਪਨ ਵਿਚ ਠਾਣੇਦਾਰਨੀ ਨੇ ਪਹਿਲਾਂ ਇਹਨੂੰ ਆਪਣੀ ਬੇਔਲਾਦ ਭੈਣ ਨੂੰ ਦਿੱਤਾ ਤਾਂ ਦੱਸ ਮੈਂ ਕੀ ਕਰਦਾ? ਬੱਸ ਇਹੋ ਹੀ ਕਹੀ ਜਾਣਾ ਕਿ ਸਾਡੇ ਤਿੰਨ ਮੁੰਡੇ ਨੇ, ਪਰ ਜਮੀਨ-ਜਾਇਦਾਦ ਥੋਹੜੀ ਹੈ...ਤੇ ਉਧਰ ਮੇਰੀ ਭੈਣ ਹੁਣਾਂ ਕੋਲ ਦਸ ਗੁਣਾਂ, ਪਰ ਨਿਆਣਾ ਇਕ ਵੀ ਨਹੀਂ। ਦੋਹਾਂ ਭੈਣਾਂ ਨੇ ਸਲਾਹ ਕਰ ਲਈ ਤੇ ਬਿੱਲੂ ਉਹਨਾਂ ਨੂੰ ਦੇ ਦਿੱਤਾ। ਮੇਰੇ ਸਾਢੂ ਤੋਂ ਜ਼ਿਆਦਾ ਪਿਆਰ ਨਾ ਮਿਲਿਆ ਬਿੱਲੂ ਨੂੰ। ਭਲਾ ਬੇਗਾਨੇ ਨਿਆਣੇ ਕਦ ਲਖ਼ਤੇ ਜਿਗਰ ਬਣਦੇ ਨੇ! ਫੇਰ ਕੁਝ ਸਾਲਾਂ

ਬਾਅਦ ਜਦੋਂ ਉਹਨਾਂ ਦੇ ਆਪਣਾ ਜੁਆਕ ਹੋ ਗਿਆ ਤਾਂ ਪਹਿਲਾਂ ਮੇਰੇ ਨਾਲ ਤੇ ਫੇਰ ਅਪਣੇ ਭੈਣ-ਭਣੋਈਏ ਨਾਲ ਲੜ-ਝਗੜ ਕੇ ਠਾਣੇਦਾਰਨੀ ਮੱਲੋ ਮਲੀ ਚੁੱਕ ਲਿਆਈ ਬਿੱਲੂ ਨੂੰ।"

"ਉਹ ਕਿਉਂ?" ਮੇਰੇ ਮੂੰਹੋਂ ਨਿਕਲਿਆ।

ਠਾਣੇਦਾਰ ਸਾਹਿਬ ਖਾਮੋਸ਼ ਰਹੇ ਤੇ ਫੇਰ ਖਚਰੀ ਜਿਹੀ ਹਾਸੀ ਹੱਸ ਕੇ ਬੋਲੇ: "ਇਸ ਲਈ ਕਿਉਂਕਿ ਉਹ ਮੰਨੇ ਨਹੀਂ ਉਸੇ ਵੇਲੇ ਅੱਧੀ ਜਾਇਦਾਦ ਦੀ ਵਸੀਅਤ ਬਿੱਲੂ ਦੇ ਨਾਂ ਲਿਖਣ ਲਈ। ਠਾਣੇਦਾਰਨੀ ਦੀ ਜ਼ਿੱਦ ਸੀ ਕਿ ਲਿਖਤ ਹੁਣੇ ਕਰੋ। ਸਭ ਕੁਝ ਤੋਂ ਬੇਪ੍ਰਵਾਹ ਹੋ, ਬਿੱਲੂ ਦੇ ਮਨ-ਦਿਲ ਤੋਂ, ਸਾਲ਼ੀ-ਸਾਂਢੂ ਦੇ ਜੁੜੇ ਹੱਥਾਂ ਤੋਂ, ਬਿੱਲੂ ਨੂੰ ਬੱਸ ਘੜੀਸ ਲਿਆਈ ਪਟਿਆਲੇ। ਇਹੋ ਬਿੱਲੂ ਦੀ ਜ਼ਿੰਦਗੀ ਦਾ ਨਾਸੂਰ ਬਣ ਗਿਆ।"

"ਅੱ...ਛਾ!" ਮੈਂ ਇਹੋ ਹੀ ਕਹਿ ਸਕਿਆ।

ਠਾਣੇਦਾਰ ਸਾਹਿਬ ਦੀ ਤਬੀਅਤ ਰੋਟੀ ਖਾਂਦੇ-ਖਾਂਦੇ ਖਰਾਬ ਹੋ ਗਈ ਤੇ ਸਾਨੂੰ ਉਸ ਰਾਤ ਰਾਹ ਵਿਚ ਹੀ ਰੁਕਣਾ ਪਿਆ।

ਅਗਲੇ ਦਿਨ ਅਸੀਂ ਪਟਿਆਲੇ ਉਹਨਾਂ ਦੀ ਕੋਠੀ ਮੂਹਰੇ ਦੁਪਿਹਰ ਤੋਂ ਬਾਅਦ ਪਹੁੰਚੇ।

"ਇਸ ਮੁੰਡੇ ਨੂੰ ਤੇ ਇਹਦੇ ਟੱਬਰ ਨੂੰ ਠਾਣੇਦਾਰਨੀ ਨੇ ਸਾਰੀ ਉਮਰ ਕੋਠੀ ਵਿਚ ਨਹੀਂ ਸੀ ਵੜਨ ਦਿੱਤਾ। ਪੜ੍ਹਿਆ ਜ਼ਿਆਦਾ ਹੈ ਨਹੀਂ ਸੀ। ਮਾੜੀ ਮੋਟੀ ਨੌਕਰੀ ਸੀ ਬਿਜਲੀ ਬੋਰਡ ਵਿਚ। ਵਹੁਟੀ ਇਹਦੀ ਦਾਜ ਵੀ ਠਾਣੇਦਾਰਨੀ ਦੀ ਆਸ ਨਾਲੋਂ ਬਹੁਤ ਹੀ ਥੋੜ੍ਹਾ ਲਿਆਈ ਸੀ। ਕਿਰਾਏ 'ਤੇ ਧੱਕੇ ਖਾਂਦਾ ਰਿਹਾ ਹੁਣ ਤਕ। ਹੌਂਸਲਾ ਕਰਕੇ ਚੱਲਾਂ ਕਾਕਾ, ਹੁਣ ਦੇਖੋ ਰੱਖਦਾ ਕਿ ਨਹੀਂ। ਇਕ ਨਿੱਕਾ ਜਿਹਾ ਕਮਰਾ ਵੀ ਦੇ ਦੇਵੇ ਤਾਂ ਬਹੁਤ ਹੈ। ਜੇ ਨਹੀਂ...ਤਾਂ ਪਤਾ ਨਹੀ ਕਿੱਥੇ ਜਾਊਂਗਾ? ਹੋਰ ਕੋਈ ਰਿਹਾ ਨਹੀਂ ਅੱਗੇ-ਪਿੱਛੇ।" ਠਾਣੇਦਾਰ ਸਾਹਿਬ ਨੇ ਦੱਸਿਆ।

ਮੇਰੇ ਦਿਮਾਗ਼ ਵਿਚ ਕਿਸੇ ਸ਼ਾਇਰ ਦੀਆਂ ਦੋ ਕੁ ਪੰਕਤੀਆਂ ਨੇ ਉਸ ਵੇਲੇ ਅੰਗੜਾਈ ਲਈ

ਆਜ ਉਤਨਾ ਨਹੀਂ ਹੈ ਮੈਖ਼ਾਨੇ ਮੇਂ।
ਜਿਤਨਾ ਹਮ ਛੋੜ ਦੀਆ ਕਰ ਦੇਤੇ ਥੇ ਪੈਮਾਨੇ ਮੇਂ।

ਪਰ ਮੇਰੇ ਕੋਲ਼ ਕੋਈ ਉਹਨਾਂ ਨੂੰ ਦੇਣ ਲਈ ਜਵਾਬ ਨਹੀਂ ਸੀ। ਮੈਂ ਚੁੱਪ-ਚਾਪ ਉਹਨਾਂ ਨੂੰ ਗੇਟ ਲੰਘ ਕੇ ਜਾਂਦਾ ਦੇਖਦਾ ਰਿਹਾ। ਵਕਤ ਦੇ ਜੁਆਬ ਦੀ ਉਡੀਕ ਵਿਚ। 000

***(153 Canal Way, Newark, DE 19702 USA***
***Phone: 302-359-2155***
***Email: charanjeetsinghminhas@gmail.com)***

# ਨਾਵ ਜਿਨਾ ਸੁਲਤਾਨ ਖਾਨ: ਸ਼ਬਦ ਝਰੋਖਾ: ਬਲਜੀਤ ਬਾਸੀ

ਪਿੰਡ ਵਿਚ ਸਾਡੀ ਪੱਤੀ ਕੇਵਲ ਇਕ ਮੁਸਲਮਾਨ ਪਰਿਵਾਰ ਹੀ ਰਹਿ ਗਿਆ ਸੀ ਜਿਸ ਦਾ ਨਿਵਾਸ ਸਾਡੀ ਗਲੀ ਦੀ ਇਕ ਘਚੋਰ ਚਿੰ ਸੀ। ਲੀਲੋ ਨਾਮੀਂ ਇਸ ਪਰਿਵਾਰ ਦਾ ਮੁੰਡਾ ਮੈਥੋਂ ਅੱਠ ਦਸ ਸਾਲ ਵੱਡਾ ਸੀ। ਛੋਟੇ ਹੁੰਦਿਆਂ ਇਕ ਦਿਨ ਗਲੀ ਵਿਚ ਖੇਡਦਿਆਂ ਮੈਂ ਲੀਲੋ ਤੋਂ ਉਸ ਦਾ ਅਸਲੀ ਨਾਂ ਪੁੱਛਿਆ ਤਾਂ ਉਸ ਨੇ 'ਸਰਦਾਰ ਖਾਂ' ਦੱਸਿਆ। ਖਾਂ ਸ਼ਬਦ ਨਾਲ ਇਹ ਮੇਰੀ ਪਹਿਲੀ ਪਛਾਣ ਸੀ। ਕੁਝ ਵੱਡਾ ਹੋਇਆ ਤਾਂ ਸਕੂਲੇ ਚਰਨ ਸਿੰਘ ਸ਼ਹੀਦ ਦੀ ਇਕ ਹਾਸ-ਰਸ ਭਰੀ ਕਵਿਤਾ ਪੜ੍ਹਨ ਨੂੰ ਮਿਲੀ ਜਿਸ ਵਿਚ ਪਾਟੇ ਖਾਂ ਤੇ ਨਾਢੂ ਖਾਂ ਨਾਂ ਦੇ ਦੋ ਬੰਦੇ ਇਕ ਪੁਲ਼ ਨੂੰ ਇਕ ਦੂਸਰੇ ਦੇ ਉਲਟ ਦਿਸ਼ਾ ਵਿਚ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਅੱਧ ਵਿਚਕਾਰ ਉਨ੍ਹਾਂ ਦਾ ਤਕਰਾਰ ਹੋ ਜਾਂਦਾ ਹੈ ਕਿਉਂਕਿ ਪੁਲ਼ ਏਨਾ ਤੰਗ ਸੀ ਕਿ ਉਸ ਥਾਣੀ ਇਕ ਵੇਲ਼ੇ ਇਕੋ ਜਣਾ ਹੀ ਲੰਘ ਸਕਦਾ ਸੀ। ਦੋਨੋਂ ਇਕ ਦੂਜੇ ਨੂੰ ਪਿੱਛੇ ਮੁੜਨ ਨੂੰ ਆਖਦੇ ਹਨ ਪਰ ਦੋਨੋਂ ਹੁੜ੍ਹਮਤੀਏ ਆਪਣੇ ਪੈਂਤੜੇ ਤੋਂ ਨਹੀਂ ਹਿੱਲਦੇ। ਇਕ ਦੀਆਂ ਗੱਲ੍ਹਾਂ ਫੁਲੀਆ ਹੋਈਆਂ ਸਨ ਤੇ ਦੂਜੇ ਦੀ ਧੌਣ ਆਕੜੀ ਹੋਈ ਸੀ। ਗੱਲ ਕੀ ਦੋਨੋਂ ਲੜਦੇ ਲੜਦੇ ਪੁਲ਼ ਤੋਂ ਡਿੱਗ ਕੇ ਜਾਨ ਵਾਰ ਦਿੰਦੇ ਹਨ ਪਰ ਕੋਈ ਆਪਣੀ ਅੜੀ ਤੋਂ ਪਿੱਛੇ ਨਹੀਂ ਹਟਦਾ। ਅਗਲੇਰੀ ਜ਼ਿੰਦਗੀ ਵਿਚ ਮੈਂ ਤੀਸ ਮਾਰ ਖਾਂ, ਫੰਨੇ ਖਾਂ ਅਤੇ ਖੱਬੀ ਖਾਂ ਬਾਰੇ ਸੁਣਿਆ ਤਾਂ ਮੇਰੇ ਮਨ ਵਿਚ ਇਹ ਗੱਲ ਘਰ ਕਰ ਗਈ ਕਿ ਖਾਨ ਨਾਂਵਾਂ ਵਾਲੇ ਬੰਦਿਆਂ ਦਾ ਕੋਈ ਖਾਨਾ ਹੀ ਖਰਾਬ ਹੋਵੇਗਾ ਜੋ ਏਨੇ 'ਆਕੜ ਖਾਂ' ਹੁੰਦੇ ਹਨ।

ਅਸੀਂ ਆਮ ਤੌਰ 'ਤੇ ਖਾਨ/ਖਾਂ ਸ਼ਬਦ ਮੁਸਲਮਾਨਾਂ, ਖਾਸ ਤੌਰ 'ਤੇ ਪਠਾਣਾਂ ਦੇ ਦੂਜੇ ਨਾਂ ਵਜੋਂ ਹੀ ਸਮਝਦੇ ਹਾਂ। ਭਾਰਤੀ ਫਿਲਮ ਸੰਸਾਰ ਵਿੱਚ ਸਲਮਾਨ ਖਾਂ, ਅਮੀਰ ਖਾਂ, ਸ਼ਾਹ ਰੁਖ ਖਾਂ, ਇਰਫ਼ਾਨ ਖਾਂ ਛਾਏ ਹੋਏ ਹਨ। ਦਲੀਪ ਕੁਮਾਰ ਦਾ ਅਸਲ ਨਾਂ ਵੀ ਮੁਹੰਮਦ ਯੂਸਫ ਖਾਂ ਹੀ ਹੈ। ਪਿੱਛੇ ਜਿਹੇ ਹੀ ਹਟਿਆ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਮਰਾਨ ਖਾਂ ਸੀ। ਭਾਰਤੀ ਖਿੱਤੇ ਅੰਦਰ ਹਰ ਖੇਤਰ ਵਿਚ ਖਾਨ ਨਾਂ ਦੇ ਬੰਦਿਆਂ ਦੀ ਕਮੀ ਨਹੀਂ।

ਮਧਯੁੱਗੀ ਭਾਰਤ ਵਿਚ ਵੱਡੇ ਵੱਡੇ ਅਹਿਲਕਾਰਾਂ, ਸਰਦਾਰਾਂ, ਰਈਸਾਂ ਦੇ ਤੌਰ 'ਤੇ ਖਾਨਾਂ ਦਾ ਬੋਲਬਾਲਾ ਸੀ। ਆਮ ਨਾਗਰਿਕ ਦਾ ਸਿੱਧਾ ਵਾਹ ਇਨ੍ਹਾਂ ਅਧਿਕਾਰੀਆਂ ਨਾਲ ਹੀ ਪੈਂਦਾ ਸੀ, ਵੱਡੇ ਸੁਲਤਾਨ ਜਾਂ ਬਾਦਸ਼ਾਹ ਨਾਲ ਨਹੀਂ। ਉਨ੍ਹਾਂ ਲਈ ਖਾਨ ਹੀ ਬਾਦਸ਼ਾਹ ਹੁੰਦਾ ਹੈ। ਗੁਰੂ ਗ੍ਰੰਥ ਵਿਚ ਇਸ ਦੀ ਅਜਿਹੀ ਹੀ ਵਰਤੋਂ ਮਿਲਦੀ ਹੈ, 'ਮਿਥਿਆ ਰਾਜ ਜੋਬਨ ਅਰੁ ਉਮਰੇ ਮੀਰ ਮਲਕ ਅਰੁ ਖਾਨਾ'- ਗੁਰੂ ਅਰਜਨ; 'ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ'- ਗੁਰੂ ਨਾਨਕ। ਮਨੁੱਖ ਕਿੰਨਾ ਵੀ ਤਾਕਤਵਰ ਹੋਵੇ, ਉਸ ਕੋਲ਼ ਮੌਤ ਦਾ ਇਲਾਜ ਨਹੀਂ। ਗੁਰਬਾਣੀ ਵਿਚ ਰੱਬ ਨੂੰ ਵੀ ਖਾਨ ਕਿਹਾ ਗਿਆ ਹੈ, 'ਚੰਦੀ ਹਜਾਰ ਆਲਮ ਏਕਲ ਖਾਨਾ'-ਨਾਮਦੇਵ; 'ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ'-ਗੁਰੂ ਅਰਜਨ। ਵਾਰਿਸ ਨੇ ਡਾਢੇ ਖਾਨ ਨੂੰ ਜਲਾਦ ਜਿਹਾ ਕਹਿ ਦਿੱਤਾ,

*ਕੰਜਰ ਸੋਈ ਜੋ ਗ਼ੈਰਤਾਂ ਬਾਝ ਹੋਵਣ,*
*ਜਿਵੇਂ ਭਾਂਬੜਾ ਬਿਨਾਂ ਅਸ਼ਨਾਨ ਹੋਵੇ।*
*ਕਸਬਾ ਸੋਈ ਜੋ ਵੈਰ ਬਿਨ ਪਿਆ ਵੱਸੇ,*
*ਜੱਲਾਦ ਜੋ ਮਿਹਰ ਬਿਨ ਖਾਨ ਹੋਵੇ।*

ਮਧ ਯੁੱਗ ਵਿਚ ਜਿਨ੍ਹਾਂ ਵਿਭਿੰਨ ਹਾਕਮਾਂ ਦਾ ਰਾਜ ਰਿਹਾ ਹੈ ਉਨ੍ਹਾਂ ਦਾ ਸੰਬੰਧ ਇਸਲਾਮ ਧਰਮ ਨਾਲ ਸੀ। ਭਾਵੇਂ ਅਰਬ ਦੇ ਮੁਸਲਮਾਨ ਮੁਹੰਮਦ ਬਿਨ ਕਾਸਿਮ ਨੇ ਅੱਠਵੀਂ ਸਦੀ ਵਿਚ ਹੀ ਸਿੰਧ

'ਤੇ ਕਬਜ਼ਾ ਕਰ ਲਿਆ ਸੀ ਪਰ ਇਸਲਾਮੀ ਰਾਜ ਦੀ ਅਸਲ ਨੀਂਹ ਤੁਰਕ-ਮੰਗੋਲ ਮੁਸਲਮਾਨਾਂ ਨੇ ਬਹੁਤ ਬਾਅਦ ਵਿਚ ਹੀ ਰੱਖੀ। ਇਸ ਯੁੱਗ ਦੌਰਾਨ ਹੀ ਭਾਰਤੀ ਖਿੱਤੇ ਵਿਚ ਖਾਨ ਪ੍ਰਗਟ ਹੋਏ। ਅਸਲ ਵਿਚ ਖਾਨ ਪਦ ਜਾਂ ਦੂਜੇ ਉਪਨਾਮ ਦਾ ਇਸਲਾਮ ਨਾਲ ਨਾ ਤਾਂ ਕੋਈ ਪੁਰਾਣਾ ਰਿਸ਼ਤਾ ਜੁੜਦਾ ਹੈ ਤੇ ਨਾ ਇਸਲਾਮ ਜਨਮਦਾਤਾ ਧਰਤੀ ਅਰਬ ਨਾਲ। 'ਮਹਾਨ ਕੋਸ਼' ਇਸ ਸ਼ਬਦ ਦਾ ਸ੍ਰੋਤ ਫਾਰਸੀ ਦੱਸਦਿਆਂ ਇਸ ਨੂੰ ਪਠਾਣਾਂ ਦੀ ਇਕ ਉਪਾਧੀ ਬਿਆਨਦਾ ਹੈ।

ਬਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਪੈਦਾ ਹੋਇਆ ਮੰਗੋਲ ਸਮਰਾਟ ਚੰਗੇਜ਼ ਖਾਂ ਚੀਨ ਦੇ ਟੈਂਗਰਿਜ਼ਮ ਸ਼ਮਨ ਮਤ ਦਾ ਧਾਰਨੀ ਸੀ। ਇਸ ਦਾ ਮੁੱਢਲਾ ਨਾਂ ਟੈਮੂਜਿਨ ਸੀ (Temjin)। ਤੁਰਕਿਕ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਲੋਹ ਕਾਮਾ ਹੁੰਦਾ ਹੈ। ਇਸ ਨੇ ਚੰਗੇਜ਼ ਖਾਂ ਨਾਂ ਬਾਅਦ ਵਿਚ ਧਾਰਿਆ ਜਿਸ ਦਾ ਅਰਥ ਹੁੰਦਾ ਹੈ ਵਿਸ਼ਵ ਸ਼ਾਸਕ, ਸਮਝੋ ਸ਼ਾਹ ਜਹਾਨ। ਤੇਰ੍ਹਵੀਂ ਸਦੀ ਦੇ ਕੁਬਲਈ ਖਾਂ ਦਾ ਮੰਗੋਲ ਵਿਚ ਫੈਲੇ ਤਿੱਬਤੀ ਤਰਜ਼ ਵਾਲੇ ਬੁੱਧ ਧਰਮ ਨਾਲ ਸੰਬੰਧ ਸੀ। ਕੁਬਲਈ ਖਾਂ ਚੰਗੇਜ਼ ਖਾਂ ਦਾ ਪੋਤਾ ਅਤੇ ਉਸ ਦਾ ਉਤਰਾਅਧਿਕਾਰੀ ਸੀ। ਉਂਝ ਉਹ ਧਾਰਮਿਕ ਤੌਰ 'ਤੇ ਬਹੁਤ ਸਹਿਣਸ਼ੀਲ ਮੰਨਿਆ ਜਾਂਦਾ ਹੈ।

ਇਤਿਹਾਸ ਵਿਚ ਖਾਨਾਂ ਦਾ ਰਾਜ ਦਸਵੀਂ ਸਦੀ ਤੋਂ ਸ਼ੁਰੂ ਹੋਇਆ ਅਤੇ ਇਨ੍ਹਾਂ ਦੀਆਂ ਕਈ ਬੰਸਾਵਲੀਆਂ ਚੱਲੀਆਂ। ਇਨ੍ਹਾਂ ਨੂੰ ਅੰਗਰੇਜ਼ੀ ਵਿਚ ਖਾਨੇਟ (ਖਾਨ ਰਾਜ) ਕਿਹਾ ਜਾਂਦਾ ਸੀ। ਮੁੱਢਲੇ ਤੌਰ 'ਤੇ ਇਹ ਮੰਗੋਲ ਖਾਨਾਬਦੋਸ਼ ਕਬੀਲੇ ਸਨ ਜਿਨ੍ਹਾਂ ਆਪਣੇ ਕਰੂਰ ਹਮਲਿਆਂ ਦੌਰਾਨ ਲੱਖਾਂ ਵਿਰੋਧੀ ਫੌਜੀਆਂ ਅਤੇ ਆਮ ਲੋਕਾਂ ਨੂੰ ਕੁਚਲਿਆ ਅਤੇ ਧਿੰਗੋਜ਼ੋਰੀ ਹਜ਼ਾਰਾਂ ਇਲਾਕੇ ਹਥਿਆਏ। ਕਹਿੰਦੇ ਹਨ ਲੋਕ ਚੰਗੇਜ਼ ਖਾਨ ਦੇ ਧਾੜਿਆਂ ਕਾਰਨ ਕੋਈ ਚਾਰ ਕਰੋੜ ਲੋਕ ਮਾਰੇ ਗਏ। ਇਸ ਦੌਰਾਨ ਮਧ ਏਸ਼ੀਆ ਤੋਂ ਲੈ ਕੇ ਪੂਰਬੀ ਯੂਰਪ ਅਤੇ ਅਫਰੀਕਾ ਤਕ ਇਨ੍ਹਾਂ ਦਾ ਬੋਲਬਾਲਾ ਹੋ ਗਿਆ। ਇਨ੍ਹਾਂ ਨੇ ਉਸ ਸਮੇਂ ਦਾ ਸਭ ਤੋਂ ਵੱਡਾ ਸਾਮਰਾਜ ਸਿਰਜਿਆ। ਇਹ ਸਮਰਾਟ ਆਪਣੇ ਆਪ ਨੂੰ ਖਾਨ ਕਹਾਉਂਦੇ ਸਨ, ਜਿਵੇਂ ਸਾਡਾ ਮਹਾਰਾਜ ਸ਼ਬਦ ਹੈ। ਖਾਨ ਸ਼ਬਦ ਦਰਅਸਲ ਮੰਗੋਲੀਆ ਦੀ ਹੀ ਉਪਜ ਹੈ।

ਇਕ ਵਿਚਾਰ ਹੈ ਕਿ ਇਸ ਸ਼ਬਦ ਦੀ ਵਿਉਤਪਤੀ ਚੀਨ ਦੇ ਮਹਾਨ ਵੰਸ਼ ਹਾਨ ਤੋਂ ਹੋਈ ਜਿਸ ਦਾ ਨਾਂ ਹਾਨਸ਼ੁਈ ਨਦੀ ਤੋਂ ਪਿਆ। ਇਸ ਨਦੀ ਦੇ ਆਸਪਾਸ ਇਸ ਵੰਸ਼ ਦਾ ਸ਼ਾਸਨ ਸੀ। ਮੰਗੋਲ ਜਾਤੀ ਦੇ ਲੜਾਕਿਆਂ ਨੇ ਜਦ ਚੀਨ 'ਤੇ ਕਬਜ਼ਾ ਕੀਤਾ ਤਾਂ ਕਾਗਾਨ, ਖਾਕਾਨ ਜਾਂ ਸਿਰਫ ਕਾਨ ਜਿਹੇ ਸ਼ਬਦ ਸਾਹਮਣੇ ਆਏ। ਚੀਨੀ ਦੇ 'ਕੇ' ਅਗੇਤਰ ਦਾ ਅਰਥ ਸ਼ਿਰੋਮਣੀ, ਮਹਾਨ ਹੁੰਦਾ ਹੈ। ਇਸ ਤਰਾਂ 'ਕੇ' ਦੇ ਨਾਲ 'ਹਾਨ' ਲੱਗ ਕੇ ਕੇਹਾਨ ਜਿਹਾ ਸ਼ਬਦ ਸਾਹਮਣੇ ਆਇਆ, ਮਤਲਬ ਹੋਇਆ ਹਾਨ ਦਾ ਸਵਾਮੀ। ਕੁਝ ਕੋਸ਼ਕਾਰਾਂ ਨੇ ਖਾਨ ਸ਼ਬਦ ਨੂੰ ਅੰਗਰੇਜ਼ੀ 'ਕਿੰਗ' ਅਤੇ ਸੰਸਕ੍ਰਿਤ 'ਸਵਾਮੀ' ਨਾਲ ਜੋੜਨ ਦਾ ਸੁਝਾਅ ਵੀ ਦਿੱਤਾ ਹੈ ਪਰ ਇਸ ਨੂੰ ਸਵੀਕਾਰਿਆ ਨਹੀਂ ਗਿਆ। ਚੌਥੀ ਸਦੀ ਈਸਵੀ ਵਿਚ ਦੱਖਣੀ ਮੰਗੋਲੀਆ ਅਤੇ ਉਤਰੀ ਚੀਨ ਦਾ ਇਕ ਕਬੀਲਾ ਰੁਆਨਰੁਆਨ ਦਾ ਕਾਗਾਨ ਸੀ ਜਿਸ ਦੇ ਸ਼ਾਸਕਾਂ ਦੇ ਕੁਝ ਪ੍ਰਚਲਤ ਨਾਂ ਸਨ ਕਪੋਦਫਾ ਖਾਨ, ਇਕੂਗਾਈ ਖਾਨ, ਚੂ ਖਾਨ, ਤੁਹਾਨ ਖਾਨ ਆਦਿ। ਇਸਲਾਮ ਧਰਮ ਬਹੁਤ ਬਾਅਦ ਵਿਚ ਪੈਦਾ ਹੋਇਆ।

ਬਾਰ੍ਹਵੀਂ ਤੋਂ ਚੌਧਵੀਂ ਸਦੀ ਤਕ ਵੀ ਚੀਨ ਅਤੇ ਮੰਗੋਲੀਆ ਦੇ ਹਾਕਮ ਕਾਗਾਨ/ਖਾਕਾਨ ਉਪਾਧੀ ਧਾਰਨ ਕਰਦੇ ਰਹੇ। ਤੈਮੂਰ ਲੰਗ ਪਹਿਲਾ ਮੁਸਲਮਾਨ ਹਾਕਮ ਸੀ ਜਿਸ ਨੇ ਇਹ ਪਦਵੀ ਧਾਰੀ ਤੇ ਤੈਮੂਰ ਖਾਂ ਕਹਾਉਣ ਲੱਗਾ ਜਦ ਕਿ ਚੀਨ ਅਤੇ ਮੰਗੋਲੀਆ ਵਿਚ ਉਸ ਦੇ ਸਮਕਾਲੀ ਗੈਰ-ਇਸਲਾਮੀ ਸ਼ਾਸਕ ਇਸ ਪਦਵੀ ਦੇ ਧਾਰਨੀ ਰਹੇ। ਚੀਨ ਦਾ ਸ਼ਾਸਕ ਕੁਬਲਈ ਖਾਨ ਇਸ ਵੰਸ਼ ਦਾ ਬਾਨੀ ਸੀ। ਉਸ ਨੇ ਚੀਨ ਦੀ ਅੱਜੋਕੀ ਰਾਜਧਾਨੀ ਪੇਈਚਿੰਗ (ਉਦੋਂ ਦਾਦਾ) ਦਾ ਨਾਂ ਬਦਲ ਕੇ ਖਾਨਬਾਲਿਕ (ਖਾਨ ਰਾਜਧਾਨੀ) ਰੱਖ ਦਿੱਤਾ। ਖਾਨ, ਖਾਗਾਨ, ਖਾਕਾਨ ਜਿਹੇ ਪਦਸੂਚਕ ਸ਼ਬਦ

ਤੁਰਕੀ ਤੋਂ ਫਾਰਸ ਤੇ ਹੋਰ ਦੂਰ ਤਕ ਫੈਲ ਗਏ। ਫਾਰਸ ਅਤੇ ਅਫਗਾਸਿਤਾਨ ਵਿਚ ਆ ਕੇ ਇਨ੍ਹਾਂ ਮੰਗੋਲ-ਤੁਰਕ ਧਾੜਵੀਆਂ ਨੂੰ ਇਸਲਾਮ ਧਰਮ ਵਧੇਰੇ ਅਨੁਕੂਲ ਲੱਗਾ ਤੇ ਇਸ ਨੂੰ ਧਾਰਨ ਕਰ ਲਿਆ। ਇਸ ਤਰ੍ਹਾਂ ਖਾਨ ਸ਼ਬਦ ਇਸਲਾਮ ਨਾਲ ਜੁੜ ਗਿਆ। ਸਮਝਿਆ ਗਿਆ ਇਹ ਤੁਰਕੀ ਮੂਲ ਦੇ ਪਦ ਹਨ। ਮੁਸਲਮਾਨਾਂ ਨੂੰ ਤੁਰਕ ਵੀ ਕਿਹਾ ਜਾਂਦਾ ਹੈ। ਅਰਬ ਵਿਚ ਕਿਧਰੇ ਕਿਧਰੇ ਉਚਅਧਿਕਾਰੀਆਂ ਦੇ ਨਾਂ ਨਾਲ ਖਾਨ ਲਗਦਾ ਹੈ ਪਰ ਪ੍ਰਮੁਖ ਸ਼ਾਸਕ ਅੱਗੇ ਨਹੀਂ। ਭਾਰਤ ਵਿਚ ਮੁਗਲਾਂ ਤਕ ਜਿੰਨੇ ਵੀ ਹਮਲਾਵਰ ਆਏ ਉਨ੍ਹਾਂ ਵਿਚੋਂ ਕਈਆਂ ਦੇ ਪਹਿਲੇ ਨਾਵਾਂ ਅੱਗੇ ਖਾਨ/ਖਾਂ ਲੱਗਾ ਹੋਇਆ ਹੈ। ਸਈਅਦ ਵੰਸ਼ ਦੇ ਮੋਢੀ ਦਾ ਨਾਂ ਸਈਅਦ ਖ਼ਿਜ਼ਰ ਖਾਂ ਸੀ। ਲੋਧੀ ਵੰਸ਼ ਦੇ ਸੁਲਤਾਨਾਂ ਦੇ ਨਾਂ ਸਨ,: ਬਹਿਲੋਲ ਖਾਂ, ਨਿਜ਼ਾਮ ਖਾਂ (ਬਾਅਦ ਵਿਚ ਸਿਕੰਦਰ ਲੋਧੀ), ਲਾਹੌਰ ਦਾ ਸੂਬੇਦਾਰ ਦੌਲਤ ਖਾਂ ਲੋਧੀ ਕਹਾਉਂਦਾ ਸੀ। ਮੁਗਲ ਸ਼ਾਸਨ ਦਾ ਮੋਢੀ ਬਾਬਰ ਮਾਂ ਵੱਲੋਂ ਚੰਗੇਜ਼ ਖਾਂ ਅਤੇ ਪਿਤਾ ਵੱਲੋਂ ਤੈਮੂਰ ਲੰਗ ਦੇ ਵੰਸ਼ ਦਾ ਸੀ। ਚੰਗੇਜ਼ ਖਾਂ ਸਮੇਤ ਬਹੁਤੇ ਖੱਬੀ ਖਾਂ ਆਪਣਾ ਰਿਸ਼ਤਾ ਤੈਮੂਰ ਨਾਲ ਜੋੜਦੇ ਹਨ।

ਚੀਨ ਅਤੇ ਮੰਗੋਲੀਆ ਵਿਚ ਰਹੇ ਸਮਰਾਟ ਖਾਨ ਨਾਲ ਜੁੜਦੇ ਖਾਨ ਜਾਂ ਖਾਕਾਨ ਜਦ ਭਾਰਤ ਵਿਚ ਆਏ ਤਾਂ ਉਨ੍ਹਾਂ ਸਮਰਾਟਾਂ ਨੇ ਖਾਨ ਪਦਵੀ ਧਾਰਨ ਨਹੀਂ ਕੀਤੀ ਬਲਕਿ ਇਸਲਾਮ ਧਰਮ ਦੇ ਜਨਮਦਾਤਾ ਅਰਬ ਇਰਾਨ ਦੇ ਸ਼ਾਸਕਾਂ ਵਾਲੀਆਂ ਉਪਾਧੀਆਂ ਸੁਲਤਾਨ, ਬਾਦਸ਼ਾਹ, ਸ਼ਹਿਨਸ਼ਾਹ, ਮਲਿਕ ਆਦਿ ਨੂੰ ਅਪਣਾਇਆ। ਅਸਲ ਵਿਚ ਜਿਉਂ ਜਿਉਂ ਖਾਨ ਮੰਗੋਲੀਆ ਤੋਂ ਮਧ ਏਸ਼ੀਆ ਤੇ ਹੋਰ ਅੱਗੇ ਵਧਦੇ ਗਏ, ਖਾਨ ਦਾ ਮੁਰਾਤਬਾ ਘਟਦਾ ਗਿਆ। ਹੁਣ ਖਾਨ ਉਪਾਧੀ ਦਰਜਾ-ਬ-ਦਰਜਾ ਹੋਰ ਅਹਿਲਕਾਰਾਂ, ਕਰਮਚਾਰੀਆਂ ਨੂੰ ਦਿੱਤੀ ਜਾਣ ਲੱਗੀ। ਖਾਨ ਦੀ ਵਧਦੀ ਬੇਕਦਰੀ ਕਾਰਨ ਖਾਨੇਖਾਨਮ (ਰਾਜਿਆਂ ਦਾ ਰਾਜਾ) ਉਪਾਧੀ ਸਾਹਮਣੇ ਆਈ। ਅਕਬਰ ਹਮਾਯੂੰ ਦੇ ਕਾਮਯਾਬ ਫੌਜੀ ਸੈਨਾਪਤੀ ਬੈਰਾਮ ਖਾਂ ਨੂੰ ਖਾਨੇਖਾਨਨ ਨਾਲ ਸਨਮਾਨਿਆ ਗਿਆ। ਭਾਰਤ ਵਿਚ ਮੁਗਲਾਂ ਨੇ ਆਪਣੇ ਅਹਿਲਕਾਰਾਂ ਨੂੰ ਖਾਨ ਦੀਆਂ ਪਦਵੀਆਂ ਵੰਡ ਕੇ ਨਿਵਾਜਿਆ। ਗੱਲ ਕੀ ਸਈਅਦਾਂ ਲੋਧੀਆਂ ਵੱਲੋਂ ਸ਼ੁਰੂ ਕੀਤੀ ਇਸ ਰੀਤ ਕਾਰਨ ਖਾਨ ਸ਼ਬਦ ਖਾਸ ਤੌਰ 'ਤੇ ਇਰਾਨੀ ਅਤੇ ਪਠਾਣੀ ਮੁਸਲਮਾਨਾਂ ਨਾਲ ਜੁੜ ਗਿਆ ਜੋ ਕਿ ਬਹੁਤੇ ਅਫਗਾਨਿਸਤਾਨ ਰਾਹੀਂ ਹੀ ਏਧਰ ਆਏ ਸਨ।

ਭਾਰਤ ਦੇ ਬਹੁਤ ਸਾਰੇ ਸੂਬਿਆਂ ਜਿਵੇਂ ਪੰਜਾਬ, ਬੰਗਾਲ, ਯੂਪੀ, ਬਿਹਾਰ, ਰਾਜਸਥਾਨ, ਗੁਜਰਾਤ ਆਦਿ ਵਿਚ ਬਹੁਤ ਸਾਰੇ ਫੌਜੀ ਪਠਾਣ ਆਏ ਤੇ ਕਈ ਹਿੰਦੂਆਂ ਨੇ ਇਸਲਾਮ ਕਬੂਲਿਆ। ਹੌਲ਼ੀ ਹੌਲ਼ੀ ਇਨ੍ਹਾਂ ਮੁਸਲਮਾਨਾਂ ਨੇ ਖਾਨ ਨੂੰ ਇਕ ਦੂਜੇ ਉਪਨਾਮ ਵਜੋਂ ਹੀ ਅਪਣਾ ਲਿਆ। ਇਸ ਦੌਰਾਨ ਬਹੁਤ ਸਾਰੇ ਹਿੰਦੂ ਵੀ ਆਪਣੇ ਨਾਂ ਅੱਗੇ ਖਾਨ ਲਾਉਣ ਲੱਗ ਪਏ। ਆਸਾਮ, ਬੰਗਾਲ, ਉੜੀਸਾ ਆਦਿ ਵਿਚ ਇਹ ਰੁਚੀ ਦਿਖਾਈ ਦਿੰਦੀ ਹੈ। ਅਜਿਹੀ ਹੀ ਇਕ ਇਤਿਹਾਸਕ ਸ਼ਖਸੀਅਤ ਹੈ ਰਾਮ ਚੰਦਰ ਖਾਨ ਜਿਸ ਨੇ ਬੁੱਢੇ ਵਾਰੇ ਵਿਆਹ ਕੀਤਾ ਤੇ ਬੁੜ੍ਹਾ ਖਾਨ ਕਹਾਉਣ ਲੱਗਾ। ਹੋਰ ਨਾਂ ਹਨ ਪਰਤਾਪ ਖਾਂ, ਗਭਰੂ ਖਾਂ ਆਦਿ। ਬੁੱਧ ਧਰਮ ਧਾਰਨ ਵਾਲੇ ਚਕਮਾ ਕਬੀਲੇ ਵਿਚ ਵੀ ਕਈ ਖਾਨ ਮਿਲਦੇ ਹਨ ਜਿਵੇਂ ਚਮਨ ਖਾਨ, ਟੱਬਰ ਖਾਨ, ਜੱਬਰ ਖਾਨ, ਜਨ ਬਖਸ਼ ਖਾਨ, ਧਰਮ ਬਕਸ਼ ਖਾਨ ਆਦਿ। ਅੰਗਰੇਜ਼ ਸ਼ਾਸਕਾਂ ਨੇ ਆਪਣੇ ਹਿੰਦੂ ਜੀ-ਹਜ਼ੂਰੀਆਂ ਨੂੰ 'ਰਾਏ ਬਹਾਦਰ' ਬਣਾ ਕੇ ਚੁੱਕਿਆ ਤੇ ਨਾਲ ਹੀ ਅਜਿਹੇ ਮੁਸਲਮਾਨਾਂ ਨੂੰ 'ਖਾਨ ਬਹਾਦੁਰ' ਬਣਾ ਕੇ ਬਾਂਸ 'ਤੇ ਚੜ੍ਹਾਇਆ।

ਖਾਨ ਦੇ ਬੱਚੇ ਖਾਨਜ਼ਾਦੇ ਹੁੰਦੇ ਹਨ। ਕਈ ਪ੍ਰਾਂਤਾਂ ਵਿਚ ਰਾਜਪੂਤਾਂ ਨੇ ਇਸਲਾਮ ਧਾਰਿਆ ਤਾਂ 'ਰਾਜਪੂਤ' ਸ਼ਬਦ ਦੀ ਤਰਜ਼ ਤੇ 'ਖਾਨਜ਼ਾਦਾ' ਕਹਾਏ। ਫਾਰਸੀ ਵਿਚ ਆ ਕੇ ਖਾਕਾਨ ਤੋਂ ਖਾਤੂਨ, ਖਾਨਮ ਜਿਹੇ ਇਸਤਰੀਲਿੰਗ ਬਣੇ ਜੋ ਕਿਸੇ ਵੀ ਪ੍ਰਤਿਸ਼ਿਠਤ ਇਸਤਰੀ ਲਈ ਵਰਤੇ ਗਏ। ਖ਼ਾਨੁਮ ਸੁਲਤਾਨ ਬੇਗ਼ਮ ਅਕਬਰ ਦੀ ਵੱਡੀ ਰਾਜਕੁਮਾਰੀ ਸੀ। ਇਹ ਸ਼ਬਦ ਇਸਤਰੀ ਦਾ ਉਪਨਾਮ ਵੀ ਬਣ ਗਿਆ ਜਿਵੇਂ ਜ਼ੁਬੈਦਾ ਖਾਨੁਮ, ਅਬਿਦਾ ਖਾਨਮ ਆਦਿ। ਪ੍ਰਧਾਨ ਮੰਤਰੀ ਇਮਰਾਨ ਖਾਂ ਦੀ ਮਾਂ

ਸ਼ੌਕਤ ਖਾਨਮ ਜਲੰਧਰ ਦੀ ਬਸਤੀ ਦਾਨਿਸ਼ਮੰਦਾਂ ਦੀ ਰਹਿਣ ਵਾਲੀ ਸੀ ਜੋ ਪਠਾਣ ਸੀ। ਗੁਰੂ ਅਰਜਨ ਦੇਵ ਨੇ ਖਾਨਮ ਸ਼ਬਦ ਖਾਨ, ਸਰਦਾਰ ਦੇ ਅਰਥਾਂ ਵਿਚ ਹੀ ਵਰਤਿਆ ਹੈ, "ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ"। ਇਕ ਵਿਦਵਾਨ ਨੇ ਇਸ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਤੁਰਕੀ ਵਿਚ ਖਾਨਮ ਨੂੰ ਖਾਨੰ ਦੀ ਤਰ੍ਹਾਂ ਉਚਾਰਿਆ ਜਾਂਦਾ ਹੈ। ਵਜ਼ਨ ਦਾ ਮਸਲਾ ਵੀ ਹੋ ਸਕਦਾ ਹੈ।

ਲੋਧੀ ਅਤੇ ਸੂਰੀ ਵੰਸ਼ਾਂ ਦੌਰਾਨ ਅਫ਼ਗ਼ਾਨਿਸਤਾਨ ਤੋਂ ਬਹੁਤ ਸਾਰੇ ਫੌਜੀ ਅਤੇ ਹਾਕਮਾਂ ਦੇ ਕਰੀਬੀ ਪਠਾਣ ਪੰਜਾਬ ਵਿਚ ਆ ਵਸੇ। ਮੀਆਂਵਾਲੀ ਅਤੇ ਖਾਨੇਵਾਲ ਅਨੇਕਾਂ ਖਾਨ ਮਿਲਦੇ ਹਨ। ਇਮਰਾਨ ਖਾਂ ਮੀਆਂਵਾਲੀ ਦਾ ਹੀ ਰਹਿਣ ਵਾਲਾ ਹੈ। ਜਲੰਧਰ ਵਿਚ ਕਈ ਬਸਤੀਆਂ ਤੇ ਪਿੰਡ ਹਨ ਜੋ ਇਨ੍ਹਾਂ ਦੇ ਕਬੀਲਿਆਂ ਦੇ ਨਾਵਾਂ ਨਾਲ ਜਾਣੀਆਂ ਜਾਂਦੀਆਂ ਹਨ ਜਿਵੇਂ ਬਸਤੀ ਦਾਨਿਸ਼ਮੰਦਾਂ, ਬਸਤੀ ਗੁਜ਼ਾਂ, ਬਸਤੀ ਇਬਰਾਹੀਮ ਖਾਂ (ਪਿੰਡ), ਬਸਤੀ ਪੀਰ ਦਾਦਨ ਖਾਂ, ਬਸਤੀ ਸ਼ਾਹ ਕੁਲੀ ਆਦਿ। ਹੁਸ਼ਿਆਰਪੁਰ ਵਿਚ ਵੀ ਬਹੁਤ ਖਾਨ ਹਨ/ਸਨ। ਸ਼ਹਿਰ ਦਾ ਨਾਂ ਹੀ ਹੋਸ਼ਿਆਰ ਖਾਂ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਮਲੇਰਕੋਟਲਾ ਦਾ ਪਿੱਛਾ ਵੀ ਪਠਾਣਾਂ ਨਾਲ ਹੈ।

ਪੰਜਾਬ ਵਿਚ ਕੋਟ ਈਸੇ ਖਾਂ, ਹਾਜ਼ਰ ਖਾਂ ਨਾਮੀਂ ਪਿੰਡ ਹਨ। ਖਾਨਪੁਰ ਨਾਂ ਦੇ ਤਾਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿ ਕਿੰਨੇ ਹੀ ਪਿੰਡ ਹਨ। ਹੋਰ ਵੀ ਪਿੰਡ ਹਨ ਜਿਨ੍ਹਾਂ ਦਾ ਸੰਬੰਧ ਖਾਨ ਸ਼ਬਦ ਨਾਲ ਹੋ ਸਕਦਾ ਹੈ ਜਿਵੇਂ ਖਾਨਾਬਾਦ, ਖਾਨਖਾਨਾ, ਖਨੌਰਾ, ਖਨੌਰੀ ਆਦਿ। ਅਕਬਰ ਦੇ ਨੌਂ ਰਤਨਾਂ ਵਿਚੋਂ ਇਕ ਦਾ ਨਾਂ ਅਬਦੁਰ ਰਹੀਮ ਖਾਨਖਾਨਾ ਸੀ। ਕਿਹਾ ਜਾਂਦਾ ਹੈ ਕਿ ਰਹੀਮ 1556 ਤੋਂ 1627 ਤਕ ਬੰਗਾ ਲਾਗਲੇ ਪਿੰਡ ਖਾਨਖਾਨਾ ਰਹੇ। ਉਸੇ ਦੇ ਨਾਂ 'ਤੇ ਇਸ ਪਿੰਡ ਦਾ ਨਾਂ ਪਿਆ। ਖਾਨ ਚਾਹੇ ਚੜ੍ਹਤ 'ਚ ਰਹੇ ਹੋਣ ਕਰਕੇ ਕਿੰਨੇ ਵੀ ਆਕੜ ਖਾਂ ਬਣ ਗਏ ਹੋਣ ਪਰ ਆਖਰ ਤਾਂ ਗੁਰੂ ਅਰਜਨ ਦੇ ਮਹਾਵਾਕ ਅਨੁਸਾਰ ਫਾਨੀ ਹਨ, 'ਨਾਵ ਜਿਨਾ ਸੁਲਤਾਨ ਖਾਨ ਹੋਂਦੇ ਡਿਠੇ ਖੇਹ'। 000

***(345 Opal Drive, Westland, MI 48185 USA)***

## *ਸਿਰਜਣਾ ਦੇ ਪੁਰਾਣੇ ਅੰਕ*

***SIRJANA ARCHIVES ON INTERNET***

*ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਨਿਪਟਾਇਆ ਹੈ।ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:*

***https://sirjanaarchives.wordpress.com/***

*ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਹਾਲੇ ਇਸ ਸਾਈਟ ਉੱਤੇ 'ਸਿਰਜਣਾ' ਦੇ ਪਹਿਲੇ ਛੇ ਵਰ੍ਹਿਆਂ ਦੀਆਂ ਫਾਈਲਾਂ ਮੌਜੂਦ ਨਹੀਂ। ਛੇਤੀ ਹੀ ਇਹ ਫਾਈਲਾਂ ਵੀ ਮੁਹਈਆ ਕਰਵਾ ਦਿੱਤੀਆਂ ਜਾਣਗੀਆਂ। -ਸੰਪਾਦਕ*

## ਮੋਰਾਂਵਾਲੀ (ਵਾਰਤਕ) ਜੇ.ਬੀ. ਸੇਖੋਂ/ਵਿਜੈ ਬੰਬੇਲੀ

ਪੰਜਾਬੀ ਪਾਠਕਾਂ ਲਈ ਵਿਜੈ ਬੰਬੇਲੀ ਓਪਰਾ ਨਾਂ ਨਹੀਂ। ਜ਼ਿਲ੍ਹਾ ਹੁਸ਼ਿਆਰਪੁਰ ਦੇ ਠਾਣਾ ਮਾਹਿਲਪੁਰ ਨੇੜਲੇ ਪਿੰਡ ਬੰਬੇਲੀ ਦਾ ਇਹ ਵਸਨੀਕ ਕਈ ਸਾਲਾਂ ਤੋਂ ਕੰਢੀ ਇਲਾਕੇ ਦੇ ਪਿੰਡਾਂ ਬਾਰੇ ਲਿਖ ਰਿਹਾ ਹੈ। 'ਧਰਤੀ ਪੁੱਤਰ', 'ਗ਼ਦਰ ਦੀਆਂ ਪੈੜਾਂ', 'ਆਪਣੀ ਮੌਤ ਨੂੰ ਵਾਜਾਂ ਮਾਰ ਰਿਹਾ ਮਨੁੱਖ' ਆਦਿ ਸਿਰਲੇਖਾਂ ਵਾਲੇ ਲੇਖ ਕੰਢੀ ਨਿਵਾਸੀਆਂ ਦੀ ਜ਼ਬਾਨ ਉੱਤੇ ਹਨ। ਹੁਣ ਉਸ ਨੇ ਜੇ.ਬੀ. ਸੇਖੋਂ ਨਾਲ ਰਲ਼ ਕੇ ਸ਼ਹੀਦ ਭਗਤ ਸਿੰਘ ਦੇ ਨਾਨਕਾ ਪਿੰਡ ਬਾਰੇ ਸੁਤੰਤਰਤਾ ਸੰਗਰਾਮ ਨਾਲ ਸਾਂਝ ਪਾਉਂਦੀ ਪੁਸਤਕ 'ਮੋਰਾਂਵਾਲੀ: ਗਾਥਾ ਇਕ ਸੰਗਰਾਮੀ ਪਿੰਡ ਦੀ' (ਪੰਨੇ 176, ਮੁੱਲ 200 ਰੁਪਏ, ਕੈਫੇ ਵਰਲਡ ਜਲੰਧਰ) ਛਪਵਾਈ ਹੈ, ਜਿਸ ਵਿਚ ਸੰਨ ਸੰਤਾਲੀ ਦੇ ਅੱਗੇ ਪਿੱਛੇ ਦੀਆਂ ਹਿਰਦੇਵੇਧਕ ਘਟਨਾਵਾਂ ਬਾਰੇ ਖੋਜ ਭਰਪੂਰ ਤੱਥ ਹਨ। ਇਸ ਵਿਚ ਮੋਰਾਂਵਾਲੀਏ ਸ਼ਹੀਦ ਸ਼ਮਸ਼ੇਰ ਸਿੰਘ ਦੇ ਪੁੱਤਰ ਮਲਕੀਤ ਸਿੰਘ ਤੇ ਦੇਸ਼ ਭਗਤ ਯਾਦਗਾਰ ਹਾਲ ਵਾਲੇ ਚਰੰਜੀ ਲਾਲ ਕੰਗਣੀਵਾਲ ਦੀਆਂ ਯਾਦਾਂ ਹੀ ਨਹੀਂ, ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ਦੇ ਆਨਰੇਰੀ ਪ੍ਰੋਫੈਸਰ ਡਾ. ਕਰਮਜੀਤ ਸਿੰਘ ਰਾਇ ਦੀ ਟਿੱਪਣੀ ਵੀ ਸ਼ਾਮਲ ਹੈ।

ਮੋਰਾਂਵਾਲੀ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦਾ ਪ੍ਰਸਿੱਧ ਪਿੰਡ ਹੈ। ਪੋਸੀ, ਪਠਲਾਵਾ, ਪਧਰਾਣਾ ਤੇ ਨੌਰਾ ਭੌਰਾ ਪਿੰਡਾਂ ਵਿਚ ਘਿਰੇ ਇਸ ਪਿੰਡ ਨੂੰ ਕੁੱਲ ਮਿਲਾ ਕੇ 13 ਪਿੰਡਾਂ ਦੇ ਵਸੀਮੇ ਲਗਦੇ ਹਨ। ਅਸਲ ਵਿਚ ਏਥੋਂ ਦੇ ਵਸਨੀਕ ਜਲੰਧਰ ਦੇ ਨੇੜੇ ਵਾਲੇ ਪਿੰਡ ਮੋਰਾਂਵਾਲੀ ਖੁਸਰੋਪੁਰ ਤੋਂ ਜਬਰਨ ਉਠਾ ਕੇ ਬਰਤਾਨਵੀ ਹਾਕਮਾਂ ਨੇ ਇੱਥੇ ਬਿਠਾ ਦਿੱਤੇ ਸਨ।

ਕਾਰਨ ਇਹ ਕਿ ਬਰਤਾਨਵੀ ਸਰਕਾਰ ਨੇ ਉਨ੍ਹੀਵੀਂ ਸਦੀ ਦੇ ਪੰਜਵੇਂ ਦਹਾਕੇ ਵਿਚ ਜਲੰਧਰ ਦੇ ਇਨ੍ਹਾਂ ਪਿੰਡਾਂ ਵਿਚ ਛਾਉਣੀ ਸਥਾਪਤ ਕਰਨੀ ਸੀ। ਜਦੋਂ ਜਲੰਧਰ ਦੇ ਮੋਰਾਂਵਾਲੀਏ ਗੜ੍ਹਸ਼ੰਕਰ ਦੇ ਇਸ ਇਲਾਕੇ ਵਿਚ ਵਸੇ ਤਾਂ ਉਨ੍ਹਾਂ ਨੇ ਇਸ ਪਿੰਡ ਦਾ ਨਾਂ ਵੀ ਮੋਰਾਂਵਾਲੀ ਹੀ ਰੱਖ ਲਿਆ। ਬਰਸਾਤੀ ਵੇਈਂ ਦੀ ਮਾਰ ਥੱਲੇ ਪੈਂਦੇ ਇਸ ਇਲਾਕੇ ਦੀ ਮਿੱਟੀ ਗਿੱਲੀ ਗੋਹਾ ਤੇ ਸੁੱਕੀ ਲੋਹਾ ਵਜੋਂ ਜਾਣੀ ਜਾਂਦੀ ਸੀ। ਨਵੀਂ ਥਾਂ ਨੂੰ ਖੇਤੀ ਯੋਗ ਬਣਾਉਣ ਲਈ ਮੋਰਾਂਵਾਲੀਆਂ ਨੂੰ ਕਿਹੋ ਜਿਹੀ ਘਾਲਣਾ ਕਰਨੀ ਪਈ ਹੋਵੇਗੀ, ਗੋਹਾ ਤੇ ਲੋਹਾ ਸ਼ਬਦਾਂ ਤੋਂ ਜਾਣਿਆ ਜਾ ਸਕਦਾ ਹੈ। ਇੱਥੋਂ ਦੀ ਬੇਆਬਾਦ ਧਰਤੀ ਦੇ ਟੋਏ-ਟਿੱਬੇ, ਸੀਰਾਂ-ਡੁੰਮ੍ਹ ਤੇ ਝਿੜੀਆਂ ਵਿਚ ਕੇਵਲ ਅਜਿਹੇ ਜਾਨਵਰ ਰਹਿੰਦੇ ਸਨ ਜਿਨ੍ਹਾਂ ਦਾ ਸ਼ਿਕਾਰ ਕਰਨ ਵਾਸਤੇ ਨੇੜਲੇ ਪਿੰਡਾਂ ਵਾਲੇ ਆਮ ਹੀ ਇੱਥੇ ਘੁੰਮਦੇ ਰਹਿੰਦੇ ਸਨ। ਗਿੱਲੀ ਗੋਹਾ ਮਿੱਟੀ ਵਿਚ ਕੇਵਲ ਮੁੰਜੀ (ਝੋਨਾ) ਹੀ ਹੁੰਦੀ ਸੀ ਜਿਸ ਦੀ ਕਾਸ਼ਤ ਨਵੇਂ ਵਸਨੀਕਾਂ ਨੂੰ ਔਖੀ ਲਗਦੀ ਸੀ। ਰੋਜ਼ੀ ਰੋਟੀ ਲਈ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਦੀ ਮਿੱਟੀ ਵਿਚ ਰਲੇ ਚੂਨੇ ਨੂੰ ਫਗਵਾੜਾ ਅਤੇ ਜਲੰਧਰ ਲਿਜਾ ਕੇ ਵੇਚਣਾ ਪੈਂਦਾ ਸੀ। ਜਲੰਧਰ ਤੋਂ ਲਾਹੌਰ, ਪਸ਼ੌਰ, ਬਗਦਾਦ ਤਕ ਵਪਾਰ ਕਰਨ ਵਾਲੇ ਵੱਡੇ ਧਨਾਢ ਹੁਣ ਫਗਵਾੜਾ ਅਤੇ ਜਲੰਧਰ ਤਕ ਦੇ ਵਪਾਰੀ ਹੋ ਕੇ ਰਹਿ ਗਏ ਸਨ। ਬਹੁਤਿਆਂ ਦਾ ਜੱਦੀ ਪੁਸ਼ਤੀ ਗੋਤ ਰਾਇ ਜਾਂ ਹੇਅਰ ਸੀ। ਉਹ ਆਪਣੇ ਆਪ ਨੂੰ ਸਥਾਨਕ ਵਸੋਂ ਨਾਲੋਂ ਉੱਚਾ ਮੰਨਦੇ ਸਨ। ਜਲੰਧਰ ਤੋਂ ਇੱਥੇ ਆਉਣ ਸਮੇਂ ਉੱਥੋਂ ਵਾਲੇ ਅਖੌਤੀ ਨੀਵੀਂ ਜਾਤ ਦੇ ਲੋਕ ਵੀ ਉਨ੍ਹਾਂ ਦੇ ਨਾਲ ਹੀ ਆ ਗਏ ਸਨ। ਉਹ ਵੀ ਆਪਣੇ ਆਪ ਨੂੰ ਸਥਾਨਕ ਨੀਵੇਂ ਲੋਕਾਂ ਨਾਲੋਂ ਉੱਚਾ ਸਮਝਦੇ ਸਨ। ਇਸ ਵੱਡੇ ਪਿੰਡ ਦੀਆਂ ਛੇ ਪੱਤੀਆਂ ਹਨ ਤੇ ਉਨ੍ਹਾਂ ਵਿਚ ਇਕ ਹੇਅਰਾਂ ਦੀ ਪੱਤੀ ਵਜੋਂ ਜਾਣੀ ਜਾਂਦੀ ਹੈ। ਉਂਝ ਅਖੌਤੀ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਵਾਸਾ ਲਹਿੰਦੇ ਪਾਸੇ ਹੈ। ਝਿੱਕਾ ਲਧਾਣਾ ਵੱਲ। ਇਨ੍ਹਾਂ ਤੋਂ ਥੋੜ੍ਹਾ ਉੱਚਾ ਸਮਝੇ ਜਾਂਦੇ ਤਰਖਾਣ, ਲੁਹਾਰ, ਛੀਂਬੇ, ਝੀਰ, ਚੋਭੇ, ਘੁਮਿਆਰ ਤੇ ਨਾਈ ਇਨ੍ਹਾਂ ਵਾਂਗ

ਹੀ ਜੱਟਾਂ ਦਾ ਖੇਤੀ ਵਿਚ ਹੱਥ ਵਟਾਉਂਦੇ ਤੇ ਚੌਕੀਦਾਰੀ ਵੀ ਕਰਦੇ।

ਜਦੋਂ ਇਸ ਪਿੰਡ ਵਿਚ ਰਹਿਣ ਵਾਲਿਆਂ ਦਾ ਸ਼ਿਵਾਲਕ ਦੀਆਂ ਪਹਾੜੀਆਂ ਦਾ ਚੂਨਾ ਢੋਣ ਨਾਲ ਵੀ ਨਹੀਂ ਸਰਿਆ ਤਾਂ ਉਨ੍ਹਾਂ ਨੇ ਬਾਹਰਲੇ ਦੇਸ਼ਾਂ ਨੂੰ ਚਾਲੇ ਪਾ ਦਿੱਤੇ। ਇੰਗਲੈਂਡ ਦੇ ਬਰਮਿੰਘਮ ਤੇ ਲੈਸਟਰ, ਕੈਨੇਡਾ ਦੇ ਟੋਰਾਂਟੋ ਤੇ ਵੈਨਕੂਵਰ ਸਮੇਤ ਅਮਰੀਕਾ, ਆਸਟਰੇਲੀਆ, ਇਟਲੀ ਆਦਿ ਵੱਲ ਬਾਹਰ ਜਾ ਕੇ ਉਨ੍ਹਾਂ ਨੇ ਹਰ ਵੱਡੇ ਸ਼ਹਿਰ ਵਿਚ ਗੁਰਦੁਆਰੇ ਉਸਾਰੇ, ਜਿਨ੍ਹਾਂ ਵਿਚੋਂ ਅਮਰੀਕਾ ਵਾਲਾ ਸਟਾਕਟਨ ਗੁਰਦੁਆਰਾ ਤੇ ਕੈਨੇਡਾ ਦਾ ਵੈਨਕੂਵਰ ਟੈਂਪਲ ਪ੍ਰਸਿੱਧ ਹਨ। ਇਹ ਪਿੰਡ ਪਹਿਲੇ ਸਮਿਆਂ ਦੀ ਹਿੰਦੂ ਸਿੱਖ ਏਕਤਾ ਉੱਤੇ ਵੀ ਮੁਹਰ ਲਾਉਂਦਾ ਹੈ। ਗੋਰੀ ਸਰਕਾਰ ਦੇ ਖੁਫ਼ੀਆ ਦਸਤਾਵੇਜ਼ਾਂ ਅਨੁਸਾਰ ਮੋਰਾਂਵਾਲੀ ਦੇ ਲੋਕ ਪਿੰਡ ਦੇ ਸੁਤੰਤਰਤਾ ਸੰਗਰਾਮੀਆਂ ਖਿਲਾਫ਼ ਗਵਾਹੀ ਨਹੀਂ ਸਨ ਦਿੰਦੇ ਸਗੋਂ ਬਾਹਰੋਂ ਆਏ ਬਾਗ਼ੀਆਂ ਨੂੰ ਸ਼ਰਨ ਦਿੰਦੇ ਸਨ।

ਸ਼ਹੀਦ ਭਗਤ ਸਿੰਘ ਦੀ ਮਾਂ ਦੇ ਮਾਪੇ ਵੀ ਇਸ ਪਿੰਡ ਦੇ ਸਨ ਤੇ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਤੇ ਮਾਤਾ ਇੰਦ ਕੌਰ (ਵਿਦਿਆਵਤੀ) ਦਾ ਵਿਆਹ ਆਰੀਆ ਸਮਾਜ ਰੀਤੀ ਰਿਵਾਜਾਂ ਅਨੁਸਾਰ ਹੋਇਆ ਸੀ। ਪਿਤਾ ਕਿਸ਼ਨ ਸਿੰਘ ਨੇੜਲੇ ਪਿੰਡ ਖਟਕੜ ਕਲਾਂ ਤੋਂ ਵਿਦਿਆਵਤੀ ਨੂੰ ਵਿਆਹੁਣ ਗਿਆ ਸੀ। ਖਟਕੜ ਕਲਾਂ ਦੇ ਕਈ ਪਰਿਵਾਰਾਂ ਨੂੰ ਬਾਰਾਂ ਵਸਾਉਣ ਸਮੇਂ ਉਧਰ ਚੱਕ ਨੰਬਰ 105 ਵਿਚ ਜ਼ਮੀਨ ਮਿਲੀ ਸੀ ਤੇ ਉਨ੍ਹਾਂ ਨੇ ਵੀ ਇਸ ਚੱਕ ਦਾ ਨਾਂ ਬੰਗਾ ਰੱਖ ਲਿਆ ਸੀ।

ਬਾਲਕ ਭਗਤ ਸਿੰਘ ਖਟਕੜ ਗਿਆ ਹੋਵੇ ਜਾਂ ਨਾ, ਆਪਣੇ ਨਾਨਕੇ ਪਿੰਡ ਮੋਰਾਂਵਾਲੀ ਅਕਸਰ ਜਾਂਦਾ ਸੀ। ਉੱਥੋਂ ਦੇ ਗ੍ਰੰਥੀ ਕੋਲੋਂ ਹੀ ਉਸ ਨੇ ਗੁਰਮੁਖੀ ਦੇ ਅੱਖਰ ਪੜ੍ਹਨੇ ਤੇ ਲਿਖਣੇ ਸਿਖੇ ਸਨ। ਇਕ ਪੜਾਅ ਉੱਤੇ ਉਹ ਰਾਜਗੁਰੂ ਤੇ ਸੁਖਦੇਵ ਨੂੰ ਨਾਲ ਲੈ ਕੇ ਵੀ ਮੋਰਾਂਵਾਲੀ ਗਿਆ ਸੀ।

ਪੁਸਤਕ ਵਿਚ ਮੋਰਾਂਵਾਲੀ ਦੇ ਬਾਹਰਵਾਰ ਬਣੇ ਭਗਤ ਸਿੰਘ ਦੇ ਬੁੱਤ ਦਾ ਵੀ ਜ਼ਿਕਰ ਹੈ ਤੇ ਮਾਤਾ ਵਿਦਿਆਵਤੀ ਸਮਾਰਕ ਦਾ ਵੀ। ਮੈਂ ਖੁਦ 2022 ਦੇ ਸ਼ੁਰੂ ਵਿਚ ਉੱਥੇ ਹੋ ਕੇ ਆਇਆ ਹਾਂ। ਇਹ ਗੱਲ ਵੱਖਰੀ ਹੈ ਕਿ ਖਟਕੜ ਕਲਾਂ ਵੱਡੀ ਸੜਕ ਉੱਤੇ ਪੈਂਦਾ ਹੋਣ ਕਾਰਨ ਆਮ ਜਨਤਾ ਦੀ ਨਜ਼ਰ ਚੜ੍ਹ ਜਾਂਦਾ ਹੈ ਤੇ ਮੋਰਾਂਵਾਲੀ ਨੂੰ ਸੜਕ ਤੋਂ ਹਟਵਾਂ ਹੋਣ ਕਾਰਨ ਇਹ ਮਾਣ ਨਹੀਂ ਮਿਲਦਾ। ਕੁਝ ਵੀ ਹੋਵੇ, ਮੋਰਾਂਵਾਲੀਆਂ ਦਾ ਗਦਰ ਪਾਰਟੀ, ਬੱਬਰ ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਕਿਰਤੀ ਲਹਿਰ, ਯੁੱਗ ਪਲਟਾਊ ਦਲ, ਸਾਕਾ ਨਨਕਾਣਾ ਸਾਹਿਬ ਅਤੇ ਆਜ਼ਾਦ ਹਿੰਦ ਫੌਜ ਵਿਚ ਯੋਗਦਾਨ ਭੁਲਾਉਣ ਵਾਲਾ ਨਹੀਂ। ਹੱਥਲੀ ਪੁਸਤਕ ਵਿਚ ਅਨੇਕਾਂ ਸੰਗਰਾਮੀਆਂ ਦੇ ਨਾਂ ਪਤੇ ਤੇ ਟਿਕਾਣੇ ਦਰਜ ਹਨ ਜਿਹੜੇ ਲੇਖਕਾਂ ਦੀ ਖੋਜ ਉੱਤੇ ਮੁਹਰ ਲਾਉਂਦੇ ਹਨ; 45 ਸਾਲ ਦੀ ਉਮਰ ਵਿਚ ਫਾਂਸੀ ਦਾ ਫੰਧਾ ਚੁੰਮਣ ਵਾਲੇ ਬੇਕਸੂਰ ਸ਼ਮਸ਼ੇਰ ਸਿੰਘ ਮੋਰਾਂਵਾਲੀਏ ਦੀ ਗਾਥਾ ਸਮੇਤ। ਇਸ ਵਿਚ ਉਹ ਕਵਿਤਾ ਵੀ ਹੈ ਜਿਹੜੀ ਪਿਤਾ ਦੀ ਚਾਹਨਾਂ 'ਤੇ ਉਸ ਦੇ ਛੋਟੇ ਪੁੱਤਰ ਮਲਕੀਤ ਸਿੰਘ ਨੇ ਆਪਣੀ ਮਾਤਾ ਦੀ ਪਿਤਾ ਨਾਲ ਆਖਰੀ ਮਿਲਣੀ ਸਮੇਂ ਲੁਧਿਆਣੇ ਦੀ ਜੇਲ੍ਹ ਕੋਠੜੀ ਅੰਦਰ ਬੰਦ ਪਿਤਾ ਨੂੰ ਚਾਅ ਨਾਲ ਸੁਣਾਈ ਸੀ। ਇਹ ਪਹਿਰੇ ਉਤੇ ਖੜ੍ਹੇ ਰਾਈਫਲ ਵਾਲੇ ਸੰਤਰੀ ਨੇ ਵੀ ਧਿਆਨ ਨਾਲ ਸੁਣੀ ਸੀ। ਮਲਕੀਤ ਸਿੰਘ ਹੇਠ ਲਿਖੀਆਂ ਇਹ ਤੁਕਾਂ ਮੋਰਾਂਵਾਲੀ ਵਾਲੇ ਘਰ ਵਿਚ ਵੀ ਆਪਣੇ ਮਾਪਿਆਂ ਨੂੰ ਸੁਣਾਉਂਦਾ ਹੁੰਦਾ ਸੀ:

*ਉਠੋ ਹਿੰਦੀਓ ਹੋਸ਼ ਦੇ ਵਿਚ ਆਓ, ਖੜ੍ਹੇ ਆਪਣੇ ਪੈਰਾਂ ਦੇ ਭਾਰ ਹੋ ਜਾਓ।*<br>
*ਜ਼ਾਲਮ ਘੜਦਾ ਸਾਜ਼ਿਸ਼ਾਂ ਨਿੱਤ ਨਵੀਆਂ, ਇੱਟ ਚੁੱਕਦੇ ਨੂੰ ਪੱਥਰ ਮਾਰ ਜਾਓ।*<br>
*ਆਪੋ ਵਿਚ ਦੇ ਝਗੜੇ ਛੱਡ ਸਾਰੇ, ਭਾਈ ਭਾਈ ਦੇ ਗਲੇ ਦਾ ਹਾਰ ਹੋ ਜਾਓ।*

1941 ਦੇ ਵੈਸਾਖ ਮਹੀਨੇ ਦੀ ਪੁੰਨਿਆ ਨੂੰ ਅਲਵਿਦਾ ਕਹਿਣ ਵਾਲੇ ਇਸ ਯੋਧੇ ਦੇ ਅੰਤਮ ਸਮੇਂ ਆਪਣੇ ਵੱਡੇ ਪੁੱਤਰ ਨਿਰਮਲ ਸਿੰਘ ਨੂੰ ਉਚਰੇ ਇਹ ਸ਼ਬਦ ਵੀ ਪੜ੍ਹਨ ਵਾਲੇ ਹਨ, "ਛੋਟੇ ਭੈਣਾਂ ਭਰਾਵਾਂ ਨੂੰ ਪੜ੍ਹਾਉਣਾ ਚੇਤੇ ਰੱਖੀਂ ਅਤੇ ਕਿਰਤ ਕਰਕੇ ਰੋਟੀ ਖਾਈਂ। ਭੈੜੀ ਸੰਗਤ ਤੋਂ ਬਚ ਕੇ ਰਹੀਂ।"

ਅੰਤਲੇ ਕਾਂਡ ਵਿਚ ਸੰਨ ਸੰਤਾਲੀ ਦੇ ਕਾਲ਼ੇ ਸਮਿਆਂ ਵਿਚ ਮੋਰਾਂਵਾਲੀਆਂ ਵੱਲੋਂ ਆਪਣੇ ਪਿੰਡ ਦੇ

ਮੁਸਲਮਾਨਾਂ ਦੀ ਸੁਰੱਖਿਆ ਲਈ ਕੀਤੇ ਗਏ ਉਪਾਵਾਂ ਦਾ ਮਾਰਮਿਕ ਜ਼ਿਕਰ ਹੈ। ਇਨ੍ਹਾਂ ਵਿਚ ਤੇਲੀ, ਜੁਲਾਹੇ, ਅਰਾਈਂ, ਫ਼ਕੀਰ, ਧੋਬੀ, ਗੁੱਜਰ ਤੇ ਮਰਾਸੀ ਸ਼ਾਮਲ ਸਨ। ਮੋਰਾਂਵਾਲੀਆਂ ਨੇ ਇਨ੍ਹਾਂ ਨੂੰ ਕੋਈ ਅਾਂਚ ਨਹੀਂ ਸੀ ਆਉਣ ਦਿੱਤੀ, ਭਾਵੇਂ ਇਸ ਦੇ ਗਵਾਂਢੀ ਪਿੰਡਾਂ ਹੀਮ, ਐਮਾ, ਸੂਨੀ, ਗੁਜਰਪੁਰ, ਜੀਨਪੁਰ, ਰਾਮਪੁਰ, ਖਮਾਚੋਂ ਸਮੇਤ ਔੜ, ਚਣਕੋਆ, ਕਿੱਤਣਾ, ਲਧਾਣਾ, ਪੋਸੀ ਆਦਿ ਦੇ ਮੁਸਲਿਮ ਪਰਿਵਾਰਾਂ ਦਾ ਅਤਿਅੰਤ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਹ ਵਾਲੇ ਮੁਸਲਮਾਨ ਪਿੰਡ ਦੀ ਚੌਕੀਦਾਰੀ ਵੀ ਕਰਦੇ ਸਨ ਅਤੇ ਆਟੇ ਦੀ ਚੱਕੀ, ਖਰਾਸ ਅਤੇ ਕੋਹਲੂ ਲਾ ਕੇ ਪਿੰਡ ਵਾਸੀਆਂ ਲਈ ਆਟੇ ਤੇਲ ਦਾ ਪ੍ਰਬੰਧ ਵੀ ਕਰਦੇ ਸਨ। ਉਨ੍ਹਾਂ ਨੂੰ ਇੱਥੋਂ ਦੇ ਵਸਨੀਕਾਂ ਕੋਲੋਂ ਇੰਨਾ ਪਿਆਰ ਮਿਲਿਆ ਸੀ ਕਿ ਮੋਰਾਂਵਾਲੀ ਦੇ ਮੁਸਲਮਾਨ ਆਪਣੇ ਪਿੰਡ ਤੋਂ ਇੱਥੋਂ ਜਾਣ ਲਈ ਉੱਕਾ ਹੀ ਤਿਆਰ ਨਹੀਂ ਸਨ, ਪਰ ਮਿਲਟਰੀ ਦੇ ਟਰੱਕਾਂ ਦੀ ਮੌਜੂਦਗੀ ਦੇ ਬਾਵਜੂਦ ਨੇੜਲੇ ਪਿੰਡਾਂ ਵਿਚ ਮੁਸਲਮਾਨਾਂ ਦੀ ਵੱਢ ਟੁੱਕ ਦੇਖ ਕੇ ਬੇਵਸ ਹੋ ਗਏ ਸਨ। ਮੈਂ ਖੁਦ ਇਸ ਵਰਤਾਰੇ ਦਾ ਚਸ਼ਮਦੀਦ ਗਵਾਹ ਹਾਂ।

ਸ਼ਹੀਦ-ਏ-ਆਜ਼ਮ ਭਗਤ ਦੇ ਬਚਪਨ ਤੇ ਮਾਤਾ ਵਿਦਿਆਵਤੀ ਦੀਆਂ ਯਾਦਾਂ ਅਤੇ ਪਿੰਡ ਦੇ ਦੇਸ਼ ਭਗਤਾਂ ਦੀ ਕੁਰਬਾਨੀ ਦੇ ਕਿੱਸੇ ਸਮੋਈ 'ਮੋਰਾਂਵਾਲੀ' ਸਿਰਲੇਖ ਵਾਲੀ ਇਸ ਪੁਸਤਕ ਦਾ ਸਵਾਗਤ ਕਰਦਿਆਂ ਮੈਨੂੰ ਅੰਤਾਂ ਦੀ ਖੁਸ਼ੀ ਹੋ ਰਹੀ ਹੈ। **-ਗੁਲਜ਼ਾਰ ਸਿੰਘ ਸੰਧੂ**

## ਬਲਦੇ ਦਰਿਆ (ਨਾਵਲ) ਬਲਦੇਵ ਸਿੰਘ

ਪੰਜਾਬੀ ਨਾਵਲ ਨਿਗਾਰੀ ਦੇ ਸਮਕਾਲੀ ਦ੍ਰਿਸ਼ ਵਿਚ ਬਲਦੇਵ ਸਿੰਘ ਸੜਕਨਾਮਾ ਦਾ ਵਿਸ਼ੇਸ਼ ਸਥਾਨ ਹੈ। ਉਸਨੇ ਪੰਜਾਬੀ ਨਾਵਲ ਨੂੰ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਸਮਰਿੱਧ ਕੀਤਾ ਹੈ। ਉਸਦੇ ਨਾਵਲਾਂ ਦੀ ਸੂਚੀ ਲੰਮੀ ਹੈ। ਨਾਵਲ ਤੋਂ ਇਲਾਵਾ ਕਹਾਣੀ, ਵਾਰਤਕ ਅਤੇ ਨਾਟਕ ਦੇ ਖੇਤਰ ਵਿਚ ਵੀ ਲੇਖਕ ਦੀਆਂ ਰਚਨਾਵਾਂ ਪਾਠਕਾਂ ਨੂੰ ਪ੍ਰਭਾਵਤ ਕਰਨ ਵਾਲੀਆਂ ਹਨ। ਬਲਦੇਵ ਸਿੰਘ ਆਪਣੇ ਨਾਵਲਾਂ ਵਿਚ ਜਿੱਥੇ ਪੰਜਾਬ ਦੇ ਅਣਗਾਹੇ ਇਤਿਹਾਸਕ ਪ੍ਰਸੰਗਾਂ/ਪਾਤਰਾਂ ਦਾ ਗਲਪੀਕਰਨ ਕਰਦਾ ਸਮਕਾਲ ਦੇ ਸੰਕਟਾਂ ਨੂੰ ਸੰਬੋਧਤ ਹੋਣ ਦਾ ਯਤਨ ਕਰਦਾ ਹੈ, ਉੱਥੇ ਹੀ ਵਰਤਮਾਨ ਦੇ ਚਲੰਤ ਮੁੱਦਿਆਂ ਨੂੰ ਵੀ ਆਪਣੇ ਗਲਪੀ ਪ੍ਰਬੰਧ ਵਿਚ ਢਾਲ਼ਦਾ ਹੈ। ਉਸਦੀ ਨਾਵਲੀ ਦ੍ਰਿਸ਼ਟੀ ਵਿਚ ਸਮਾਜਕ ਨਿਆਂ ਦੀ ਧੁਨੀ ਬਿਰਾਜਮਾਨ ਰਹਿੰਦੀ ਹੈ। ਉਹ ਤਰੱਕੀਪਸੰਦ ਬਿਰਤਾਂਤ ਦ੍ਰਿਸ਼ਟੀ ਰੱਖਦਾ ਹਰ ਕਿਸਮ ਦੀ ਮਨੁੱਖ-ਵਿਰੋਧੀ ਸੱਤਾ ਤੋਂ ਨਾਬਰ ਰਹਿੰਦਾ ਹੈ। ਕਿਸੇ ਨਿਸ਼ਚਤ ਵਿਚਾਰਧਾਰਕ ਪੱਧਤੀ 'ਤੇ ਆਪਣੀ ਗਲਪੀ ਸੂਈ ਰੱਖਣ ਦੀ ਥਾਂ ਉਹ ਸਮਾਜਕ ਯਥਾਰਥ ਪ੍ਰਤੀ ਮੌਲਿਕ ਕ੍ਰਿਟੀਕ ਰੱਖਦਾ ਹੈ। ਬਿਰਤਾਂਤ ਦ੍ਰਿਸ਼ਟੀ ਦੇ ਬਣੇ ਬਣਾਏ ਚੌਖਟਿਆਂ ਦੀ ਥਾਂ ਇਸਦੀ ਮੌਲਿਕਤਾ ਦੇ ਨਾਲ ਨਾਲ ਉਸਦਾ ਗਲਪੀ ਸੰਸਾਰ ਸਹਿਜ ਸੁਭਾਵਕ ਘਟਨਾ ਪ੍ਰਬੰਧ, ਪਾਤਰਾਂ ਦੇ ਸਪਾਟ ਵਿਵਹਾਰ ਅਤੇ ਕਥਾ ਰਸ ਦੇ ਰਵਾਇਤੀ ਪ੍ਰਤਿਮਾਨਾਂ ਨਾਲ ਹਰ ਮਾਨਸਿਕ ਸਤਰ ਦੇ ਪਾਠਕਾਂ ਨੂੰ ਪ੍ਰਭਾਵਤ ਕਰ ਲੈਂਦਾ ਹੈ। ਇਤਿਹਾਸਕ ਨਾਵਲਾਂ ਦੀ ਰਚਨਾ ਪ੍ਰਕਿਰਿਆ ਦੌਰਾਨ ਉਹ ਇਤਿਹਾਸ ਦੇ ਸਟੀਕ ਗਲਪੀਕਰਨ ਤੋਂ ਥਿੜਕਦਾ ਵੀ ਹੈ ਅਤੇ ਇਤਿਹਾਸ ਦੇ ਸਰਲੀਕਰਨ ਵੱਲ ਵੀ ਵਧਦਾ ਹੈ ਪਰ ਨਾਲ ਹੀ ਮੁੱਖ ਧਾਰਾ ਇਤਿਹਾਸ ਦੇ ਸਮਾਨਅੰਤਰ ਲੋਕ ਇਤਿਹਾਸ ਦੀਆਂ ਪੈੜਾਂ ਵੀ ਲੱਭਦਾ ਹੈ। ਇਨ੍ਹਾਂ ਚੰਗੇ ਮੰਦੇ ਗਲਪੀ ਲੱਛਣਾਂ ਦੇ ਅੰਗ ਸੰਗ ਰਹਿ ਕੇ ਬਲਦੇਵ ਸਿੰਘ ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਨਾਵਲਕਾਰਾਂ ਵਿਚ ਸ਼ੁਮਾਰ ਹੁੰਦਾ ਹੈ।

ਬਲਦੇਵ ਸਿੰਘ ਦਾ ਨਵਾਂ ਨਾਵਲ 'ਬਲਦੇ ਦਰਿਆ' ( ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 332, ਮੁੱਲ 300 ਰੁਪਏ ) ਪੰਜਾਬ ਵਿਚ ਨਸ਼ਿਆਂ ਦੀ ਅਲਾਮਤ, ਮੱਧਵਰਗੀ ਘਰਾਂ ਦੇ ਤਣਾਅ, ਆਈਲੈਟਸ ਮਾਫੀਆ ਦਾ ਕਹਿਰ, ਯੁਵਾ ਵਰਗ ਦੀ ਅਸਰੁੱਖਿਅਤ ਭਾਵਨਾ, ਰਿਸ਼ਤਿਆਂ ਦੇ ਪਦਾਰਥਵਾਦੀ ਹੋਣ ਸਮੇਤ ਤਮਾਮ ਉਨ੍ਹਾਂ ਚਲੰਤ ਮੁੱਦਿਆਂ 'ਤੇ ਕੇਂਦਰਤ ਹੈ ਜਿਹੜੇ ਮੁੱਦੇ ਅੱਜ ਪੰਜਾਬ

ਦੀ ਆਰਥਿਕਤਾ ਅਤੇ ਸਮਾਜਕ ਅਰਥਚਾਰੇ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਨਾਵਲ ਵਿਚ ਮੱਧਵਰਗੀ ਨੌਕਰੀਪੇਸ਼ਾ ਦੰਪਤੀ ਰੁਲੀਆ ਸਿੰਘ ਅਤੇ ਦਲੀਪ ਕੌਰ ਦਾ ਪੁੱਤਰ ਸੰਦੀਪ ਬਿਰਤਾਂਤਕਾਰੀ ਦੇ ਮੁੱਖ ਫੋਕਸ ਵਿਚ ਰਹਿੰਦਾ ਹੈ ਜਿਹੜਾ ਨਸ਼ਿਆਂ ਦੀ ਗ੍ਰਿਫਤ ਵਿਚ ਹੈ। ਰੁਲੀਆ ਸਿੰਘ ਆਪਣੇ ਸਹਿਕਰਮੀ ਮਾਸਟਰ ਦੋਸਤ ਵੀਰ ਸਿੰਘ ਨਾਲ ਹਮਸਲਾਹ ਹੋ ਕੇ ਆਪਣੇ ਨਸ਼ੇੜੀ ਪੁੱਤਰ ਦੇ ਵੈਲਾਂ ਨੂੰ ਢਕਣ ਲਈ ਪਰਵਾਸ ਭੇਜਣ ਦਾ ਸੁਪਨਾ ਸੰਜੋਅ ਲੈਂਦਾ ਹੈ। ਉਹ ਆਈਲੈਟਸ ਪਾਸ ਦਲਿਤ ਪਰਿਵਾਰ ਦੀ ਕੁੜੀ ਮਨਮੀਤ ਨਾਲ ਪਰਵਾਸ ਦੇ ਸਾਰੇ ਖਰਚਿਆਂ ਦਾ ਭਾਰ ਚੁੱਕਣ ਦੀ ਸ਼ਰਤ 'ਤੇ ਸੰਦੀਪ ਦਾ ਵਿਆਹ ਕਰ ਦਿੰਦੇ ਹਨ। ਪਿੱਛਲਝਾਤ ਤਕਨੀਕ ਨਾਲ ਲਿਖੇ ਇਸ ਨਾਵਲ ਦੇ ਆਰੰਭ ਵਿਚ ਸੰਦੀਪ ਦੇ ਵਿਆਹ ਦਾ ਦ੍ਰਿਸ਼ ਪੇਸ਼ ਹੈ ਜਿੱਥੇ ਮਨਮੀਤ ਨਾਲ ਲਾਵਾਂ ਮੌਕੇ ਨਸ਼ੇ ਦੀ ਤੋੜ ਵਿਚ ਉਸਦੇ ਕਦਮ ਲੜਖੜਾਂਦੇ ਹਨ। ਇਹ ਲੜਖੜਾਹਟ ਨਾਵਲ ਦੀ ਕੇਂਦਰੀ ਧੁਨੀ ਬਣ ਜਾਂਦੀ ਹੈ ਜਿਸ ਦੇ ਦਾਇਰੇ ਵਿਚ ਪਰਵਾਸ ਦੀ ਅੰਨ੍ਹੀ ਦੌੜ, ਨੌਜਵਾਨਾਂ ਦੀ ਬੇਮੁੱਖਤਾ, ਨਸ਼ੇਖੋਰੀ, ਰਾਜਸੀ ਬੁਰਛਾਗਰਦੀ, ਆਈਲੈਟਸ ਮਾਫੀਆ ਸਮੇਤ ਸਮਾਜਕ ਰਿਸ਼ਤਿਆਂ ਦੇ ਡਿਗਦੇ ਮਿਆਰ ਨਾਲ ਪੂਰੇ ਪੰਜਾਬ ਦੀ ਲੜਖੜਾਹਟ ਪੇਸ਼ ਕੀਤੀ ਗਈ ਹੈ। ਆਈਲੈਟਸ ਕਰ ਕੇ ਹਰ ਹੀਲੇ ਪਰਵਾਸ ਵਿਚ ਸੈਟਲ ਹੋਣ ਦੇ ਸੁਪਨੇ ਨਾਲ ਅਣਖ ਤੇ ਗ਼ੈਰਤ ਵਾਲੀ ਸੰਸਕ੍ਰਿਤੀ ਵਜੋਂ ਜਾਣੇ ਜਾਂਦੇ ਪੰਜਾਬੀ ਲੋਕਾਂ ਦੀ ਸਮਝੌਤਾਵਾਦੀ ਮਾਨਸਿਕਤਾ ਦੇ ਕਈ ਪਾਸਾਰ ਨਾਵਲੀ ਬਿਰਤਾਂਤ ਵਿਚ ਸਾਹਮਣੇ ਆਉਂਦੇ ਹਨ। ਸੰਦੀਪ ਅਤੇ ਮਨਮੀਤ ਦਾ ਕਥਿਤ ਵਿਆਹ ਵੀ ਇਸੇ ਸਮਝੌਤੇ ਦੀ ਮਿਸਾਲ ਹੈ ਜਿੱਥੇ ਸੰਦੀਪ ਦੇ ਮਾਪੇ ਆਪਣੇ ਨਸ਼ੇੜੀ ਪੁੱਤਰ ਲਈ ਲੋੜਵੰਦ ਪਰਿਵਾਰ ਦੀ ਆਈਲੈਟਸ ਪਾਸ ਮਨਮੀਤ ਦੀ ਤਲਾਸ਼ ਕਰਦੇ ਹਨ। ਮਨਮੀਤ ਦਾ ਪਰਿਵਾਰ ਵਿੱਤੀ ਸਾਧਨਾਂ ਤੋਂ ਵਿਹੂਣਾ ਹੈ ਅਤੇ ਉਹ ਮਨਮੀਤ ਦੇ ਆਸਰੇ ਪਰਵਾਸੀ ਧਰਤੀ 'ਤੇ ਆਪਣੀਆਂ ਜੜ੍ਹਾਂ ਲੱਗਣ ਦੇ ਸੁਪਨੇ ਬੁਣਦਾ ਹੈ। ਇੰਝ ਸਮਕਾਲ ਦੇ ਉਪਭੋਗੀ ਸੱਭਿਆਚਾਰ ਵਿਚ ਵਿਆਹ ਵਰਗੀ ਪਵਿੱਤਰ ਮੰਨੀ ਜਾਂਦੀ ਸੰਸਥਾ ਦਾ ਪਰਵਾਸੀ ਪੂੰਜੀ ਦੇ ਗਲੈਮਰੀ ਆਵੇਸ਼ ਅੱਗੇ ਤਾਰ ਤਾਰ ਹੋਣਾ ਨਾਵਲ ਦੀ ਅਹਿਮ ਬਿਰਤਾਂਤਕ ਧੁਨੀ ਹੈ। ਸਥਿਤੀਆਂ ਦਾ ਕੋਝਾ ਦੁਖਾਂਤ ਇਹ ਹੈ ਕਿ ਸੰਦੀਪ ਇਸ ਵਿਆਹ ਦੇ ਆਸਰੇ ਕੈਨੇਡਾ ਪੁੱਜ ਕੇ ਆਪਣੀ ਪ੍ਰੇਮਿਕਾ ਜੱਸੀ ਨੂੰ ਅਤੇ ਮਨਮੀਤ ਆਪਣੇ ਪ੍ਰੇਮੀ ਕਰਨੈਲ ਨਾਲ ਵਿਆਹ ਦੀ ਯੋਜਨਾ ਬਣਾਉਂਦੇ ਹਨ। ਰਾਮ ਸਰੂਪ ਤਿਵਾੜੀ ਵਰਗੇ ਮੈਰਿਜ ਬਿਊਰੋ ਮਾਲਕ ਆਈਲੈਟਸ ਦੇ ਸਹਾਰੇ ਬਣਦੇ 'ਕੱਚੇ' 'ਪੱਕੇ' ਵਿਆਹ ਕਰਵਾ ਕੇ ਇਸ ਵਗਦੀ ਗੰਗਾ ਵਿਚ ਖੂਬ ਹੱਥ ਰੰਗਦੇ ਹਨ। ਇਸ ਸੌਦੇਬਾਜ਼ੀ ਵਿਚ ਹਰ ਧਿਰ ਸੌਦਾਮੁੱਖੀ ਮਾਨਸਿਕਤਾ ਨਾਲ ਵਿਚਰਦੀ ਕਿਸੇ ਨਾ ਕਿਸੇ ਤਰ੍ਹਾਂ ਦੇ ਬੋਨਸ ਦੀ ਪ੍ਰਾਪਤੀ ਵਿਚ ਰਹਿੰਦੀ ਹੈ।

ਇਨ੍ਹਾਂ ਹਾਲਾਤ ਵਿਚ ਨਾਵਲ ਦੇ ਪ੍ਰਧਾਨ ਪਾਤਰ ਵੱਖਰੇ ਵਿਸ਼ਾਦ, ਬੇਗਾਨਗੀ ਅਤੇ ਮਾਨਸਿਕ ਤਣਾਓ ਦੇ ਸ਼ਿਕਾਰ ਰਹਿੰਦੇ ਹਨ। ਇਨ੍ਹਾਂ ਸਥਿਤੀਆਂ ਵਿਚ ਮਾਨਵੀ ਰਿਸ਼ਤਿਆਂ ਅੰਦਰ ਇਕ ਦੂਜੇ ਦੇ ਸਹਿਕਾਰੀ ਹੋਣ ਦੀ ਥਾਂ ਇਕ ਦੂਜੇ ਨੂੰ ਵਰਤਣ ਤੇ ਸੁੱਟਣ ਦੀ ਭਾਵਨਾ ਪ੍ਰਬਲ ਰਹਿੰਦੀ ਹੈ। ਨਾਵਲਕਾਰ ਸਮਕਾਲ ਦੇ ਇਸੇ ਅਖੌਤੀ ਵਿਕਾਸ ਮਾਡਲ ਦਾ ਗਲਪੀ ਸੱਚ ਉਸਾਰਦਾ ਹੈ ਜਿੱਥੇ ਮਨੁੱਖ ਦਾ ਵਸਤੂਆਂ ਵਾਂਗ ਵਟਾਂਦਰਾ ਹੋ ਰਿਹਾ ਹੈ, ਉਸਨੂੰ ਡਿਸਪੋਜ਼ਲ ਮਾਨਸਿਕਤਾ ਵਾਂਗ ਵਰਤਿਆ ਤੇ ਸੁੱਟਿਆ ਜਾ ਰਿਹਾ ਹੈ ਅਤੇ ਸਮਕਾਲ ਦੇ ਇਸ ਕਾਰਪੋਰੇਟ ਪੂੰਜੀ ਪ੍ਰਧਾਨ ਯੁੱਗ ਵਿਚ ਨੈਤਿਕ ਕਦਰਾਂ-ਕੀਮਤਾਂ ਤੇ ਸਦਾਚਾਰਕ ਮੁੱਲਾਂ ਵਾਲਾ ਮਨੁੱਖ ਆਊਟ ਆਫ ਡੇਟ ਹੋ ਰਿਹਾ ਹੈ। ਲੇਖਕ ਬਲਦੇਵ ਸਿੰਘ ਆਪਣੇ ਨਾਵਲ ਵਿਚ ਪਰਵਾਸ ਦੀ ਹੋੜ ਅਤੇ ਲੋੜ ਦੋਹਾਂ ਸਥਿਤੀਆਂ ਬਾਰੇ ਸੰਵਾਦ ਦੀ ਮੁਦਰਾ ਵਿਚ ਰਹਿੰਦਾ ਹੈ। ਪੰਜਾਬ ਵਿਚ ਪਰਵਾਸ ਦੀ ਅੰਨ੍ਹੀ ਦੌੜ, ਨੌਜਵਾਨਾਂ ਦਾ ਕਿਰਤ ਸਭਿਆਚਾਰ ਤੋਂ ਵਿਛੋੜਾ, ਰਾਜਸੀ ਧਿਰਾਂ ਦੀ ਪੰਜਾਬ ਦੇ ਹਕੀਕੀ ਮੁੱਦਿਆਂ ਪ੍ਰਤੀ ਉਦਾਸੀਨਤਾ, ਕਾਰਪੋਰੇਟ ਸੈਕਟਰ ਦੀ ਬੁਲੰਦੀ ਵਿਚ ਪੂੰਜੀ ਪ੍ਰਧਾਨ ਵਿਕਾਸ ਮਾਡਲ ਨਾਲ ਪੈਦਾ ਹੁੰਦੇ ਬੇਤਰਤੀਬੇ ਅਰਥਚਾਰੇ ਅੰਦਰ ਮਨੁੱਖ ਦੀ ਮਨਫੀ ਹੋ ਰਹੀ ਹੋਂਦ ਸਮੇਤ ਹੋਰ ਅਨੇਕਾਂ ਨੁਕਤੇ ਇਸ ਨਾਵਲ ਦੇ ਬਿਰਤਾਂਤਕੀ ਪਾਠ ਦਾ ਕੇਂਦਰ ਬਣਦੇ ਹਨ। ਲੇਖਕ ਖੁੰਬਾਂ ਵਾਂਗ ਪੰਜਾਬ ਅੰਦਰ ਉੱਗ ਆਏ ਆਈਲੈਟਸ ਮਾਫੀਆ, ਨਸ਼ੇ ਛੁਡਾਊ ਕੇਂਦਰਾਂ, ਮੈਰਿਜ ਬਿਊਰੋ, ਮੀਡੀਆ ਦੀ ਸੂਚਨਾਮੁੱਖੀ ਬੰਬਾਰਡਮੈਂਟ, ਮੋਬਾਇਲ 'ਕ੍ਰਾਂਤੀ' ਦੇ ਪ੍ਰਭਾਵ

ਆਦਿ ਨੂੰ ਇਕ ਘਿਣਾਉਣੇ ਨੈੱਟਵਰਕ ਵਜੋਂ ਚਿਤਵਦਾ ਹੈ ਜਿੱਥੇ ਪੰਜਾਬ ਸੰਕਟ ਦਾ ਨਵਾਂ ਅਧਿਆਇ ਖੁੱਲ੍ਹਦਾ ਜਾਪਦਾ ਹੈ। ਵਾਤਾਵਰਣ, ਖੇਤੀ ਅਤੇ ਮਨੁੱਖੀ ਸਿਹਤ 'ਤੇ ਪਸਰੇ ਵੱਡੇ ਸੰਕਟਾਂ ਵੱਲ ਪਿੱਠ ਕਰੀ ਖੜ੍ਹੇ ਪੰਜਾਬ ਦਾ ਮੂੰਹ ਪਰਵਾਸ ਵੱਲ ਹੈ। ਨੌਜਵਾਨ ਵਸੋਂ ਦੇ ਹਰ ਹੀਲੇ ਤਬਾਦਲੇ ਦੇ ਦੂਰਗਾਮੀ ਪ੍ਰਭਾਵ ਇੱਥੋਂ ਦੇ ਅਰਥਚਾਰੇ ਅਤੇ ਸਮਾਜਕ ਪ੍ਰਬੰਧ ਅੱਗੇ ਵਿਕਰਾਲ ਸੰਕਟ ਵਜੋਂ ਪੇਸ਼ ਹੋ ਰਹੇ ਹਨ। ਬਲਦੇਵ ਸਿੰਘ ਕੋਲ਼ ਸਮਕਾਲ ਦੀਆਂ ਘਟਨਾਵਾਂ ਪਿੱਛੇ ਖੜ੍ਹੇ ਵਰਤਾਰਿਆਂ ਨੂੰ ਸਮਝਣ ਤੇ ਬਿਰਤਾਂਤ ਦੀ ਵਿਉਂਤਵੰਦੀ ਵਿਚ ਪੇਸ਼ ਕਰਨ ਦਾ ਕਸਬ ਹੈ। ਇਸ ਕਸਬ ਕਰਕੇ ਨਾਵਲ ਆਪਣੀ ਰੋਚਿਕਤਾ ਅਤੇ ਪੜ੍ਹਨਯੋਗਤਾ ਬਰਕਰਾਰ ਰੱਖਦਾ ਹੈ। ਉਹ ਸਮਕਾਲੀ ਪੰਜਾਬ ਦੇ ਉਕਤ ਸੰਕਟਾਂ ਦਾ ਤੋੜਾ ਮਹਿਜ਼ ਇਕ ਧਿਰ ਸਿਰ ਸੁੱਟਣ ਵਾਲੀ ਇਕਹਿਰੀ ਗਲਪੀ ਦ੍ਰਿਸ਼ਟੀ ਨਹੀਂ ਰੱਖਦਾ ਸਗੋਂ ਇਸ ਸੰਕਟ ਲਈ ਰਾਜਸੀ ਧਿਰਾਂ ਤੋਂ ਲੈ ਕੇ ਸਾਧਾਰਨ ਮਨੁੱਖ ਦੀ ਪੂੰਜੀ ਪ੍ਰਧਾਨ ਹੋ ਰਹੀ ਮਾਨਸਿਕਤਾ ਤਕ ਅਨੇਕਾਂ ਧਿਰਾਂ ਨੂੰ ਇਸਦਾ ਜ਼ਿੰਮੇਵਾਰ ਠਹਿਰਾਂਦਾ ਹੈ।

ਨਾਵਲੀ ਪਾਠ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ ਜਦੋਂ ਇਸ ਅੰਦਰ ਰੁਲੀਆ ਸਿੰਘ ਦੇ ਦੋਸਤ ਮਾਸਟਰ ਵੀਰ ਸਿੰਘ ਦਾ ਜਥੇਬੰਦਕ ਆਗੂ ਵਜੋਂ ਵਿਚਰਨਾ, ਕਿਸਾਨੀ ਅੰਦੋਲਨ ਦੇ ਪ੍ਰਭਾਵ, ਫਾਸ਼ੀਵਾਦੀ ਤਾਕਤਾਂ ਦੇ ਉੱਥਾਨ ਨਾਲ ਪੈਦਾ ਹੁੰਦੇ ਸਮਾਜਕ ਤਣਾਅ ਦੇ ਦ੍ਰਿਸ਼, ਕਿਸਾਨ ਜਥੇਬੰਦੀਆਂ ਦੇ ਸੱਤਾ ਸਿਆਸਤ ਨਾਲ ਮੁੱਠਭੇੜ ਅਤੇ ਕਰੋਨਾ ਕਾਲ ਤੋਂ ਪੈਦਾ ਹੁੰਦੇ ਵਿਸ਼ਾਦ ਭਰੇ ਬਿਰਤਾਂਤਕ ਵੇਰਵੇ ਨਸ਼ਰ ਹੁੰਦੇ ਹਨ। ਨਾਵਲਕਾਰ ਰੁਲੀਆ ਸਿੰਘ ਅਤੇ ਵੀਰ ਸਿੰਘ ਦਾ ਦਿੱਲੀ ਦੇ ਕਿਸਾਨ ਅੰਦੋਲਨ ਵਿਚ ਸ਼ਮੂਲੀਅਤ ਕਰਨ, ਕਿਸਾਨ ਆਗੂਆਂ ਦੇ ਭਾਸ਼ਣ ਅਤੇ ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ ਦੇ ਦ੍ਰਿਸ਼ ਸਿਰਜ ਕੇ ਖੇਤੀ ਅਤੇ ਕਿਸਾਨੀ ਸੰਕਟਾਂ ਦੀਆਂ ਕਈ ਤਹਿਆਂ ਖੋਲ੍ਹਦਾ ਹੈ। ਇਹ ਤੈਹਾਂ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦੇ ਖੇਤੀ ਸੈਕਟਰ ਦੇ ਲਗਾਤਾਰ ਗਿਰਾਵਟ ਵੱਲ ਜਾਣ, ਧਰਤੀ ਹੇਠਲੇ ਪਾਣੀ ਦੇ ਸੰਕਟ, ਵਿਸ਼ਵੀਕਰਨ ਦੀਆਂ ਨੀਤੀਆਂ ਦੇ ਦੁਸ਼ਪ੍ਰਭਾਵ, ਵਾਤਾਵਰਣ ਦੇ ਵਿਗਾੜ, ਕਿਸਾਨ ਜਥੇਬੰਦੀਆਂ ਦੇ ਅੰਦਰੂਨੀ ਟਕਰਾਅ, ਕਿਰਤ ਸਭਿਆਚਾਰ ਦੇ ਖਾਤਮੇ ਸਮੇਤ ਖੇਤੀ ਅਰਥਚਾਰੇ ਦੇ ਤਮਾਮ ਮੁੱਦਿਆਂ 'ਤੇ ਫੋਕਸੀਕ੍ਰਿਤ ਰਹਿੰਦੀਆਂ ਹਨ, ਜਿਸ ਨਾਲ ਕਈ ਵਾਰ ਨਾਵਲੀ ਪਾਠ ਉਪਦੇਸ਼ਕੀ ਸੁਰ ਅਤੇ ਭਾਸ਼ਣੀ ਲਹਿਜਾ ਵੀ ਅਖਤਿਆਰ ਕਰ ਲੈਂਦਾ ਹੈ।

ਨਾਵਲ ਦੀ ਮਹੱਤਤਾ ਸਮਕਾਲ ਦੀਆਂ ਵਿਕਰਾਲ ਸਥਿਤੀਆਂ ਅੱਗੇ ਹਾਰਨ ਤੇ ਹੁੱਸਣ ਦੀ ਥਾਂ ਲੋਕ ਘੋਲਾਂ ਲਈ ਤਿਆਰ ਰਹਿਣ ਅਤੇ ਹਰ ਕਿਸਮ ਦੀ ਮਾਰੂ ਸੱਤਾ ਵਿਰੁੱਧ ਏਕੇ ਨਾਲ ਸੰਘਰਸ਼ਸ਼ੀਲ ਹੋਣ ਦੀ ਬਿਰਤਾਂਤਕ ਦ੍ਰਿਸ਼ਟੀ ਵਾਲੀ ਹੈ। ਸੱਤਾ ਵੱਲੋਂ ਆਪਣੀ ਸਥਾਪਤੀ ਨੂੰ ਪੱਕਾ ਕਰਨ ਲਈ ਘੜੀਆਂ ਜਾਤੀ, ਜਮਾਤੀ ਅਤੇ ਧਾਰਮਿਕ ਵਲਗਣਾਂ ਵਿਚੋਂ ਨਿਕਲ ਕੇ ਹੀ ਇਸ ਏਕੇ ਦੀਆਂ ਪ੍ਰਾਪਤੀਆਂ ਜ਼ਿਕਰਯੋਗ ਹੋ ਸਕਦੀਆਂ ਹਨ। ਇਸ ਤਰ੍ਹਾਂ ਨਾਵਲ ਦਾ ਬਿਰਤਾਂਤਕੀ ਪਾਸਾਰ ਸਮਕਾਲ ਦੇ ਪੰਜਾਬ ਨੂੰ ਦਰਪੇਸ਼ ਅਨੇਕਾਂ ਚੁਣੌਤੀਆਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਮੁਹਾਵਰੇਦਾਰ ਭਾਸ਼ਾ, ਨਾਟਕੀਯਤਾ ਅਤੇ ਪਾਤਰਾਂ ਦੇ ਯਥਾਰਥਕ ਵਰਨਣ ਨਾਲ ਬਲਦੇਵ ਸਿੰਘ ਦਾ ਇਹ ਨਾਵਲ ਪਾਠਕਾਂ ਨੂੰ ਪ੍ਰਭਾਵਤ ਕਰਨ ਅਤੇ ਝੰਜੋੜਨ ਦਾ ਦਮ ਰੱਖਦਾ ਹੈ। **–ਜੇ.ਬੀ. ਸੇਖੋਂ**

## ਕਲਾਸ (ਕਹਾਣੀ ਸੰਗ੍ਰਹਿ) ਬਲਜੀਤ ਸਿੰਘ ਰੈਨਾ

ਜੰਮੂ ਕਸ਼ਮੀਰ ਦੇ ਵਸਨੀਕ ਬਲਜੀਤ ਸਿੰਘ ਰੈਨਾ ਦੀ ਮੂਲ ਪਛਾਣ ਕਹਾਣੀ ਅਤੇ ਫਿਲਮਕਾਰੀ ਦੀਆਂ ਕਲਾਵਾਂ ਨਾਲ ਉੱਘੜਦੀ ਹੈ। ਸਾਹਿਤ ਅਤੇ ਸਿਨੇਮਾ ਦੀਆਂ ਦੋਵੇਂ ਕਲਾਵਾਂ ਦਾ ਆਪਣਾ ਅਨੂਠਾ ਸੰਸਾਰ ਹੁੰਦਾ ਹੈ। ਪਾਠਕ ਅਤੇ ਦਰਸ਼ਕ ਦੇ ਭੇਦ ਕਰਕੇ ਦੋਵੇਂ ਕਲਾਵਾਂ ਦੇ ਬਿਰਤਾਂਤ ਵੱਖੋ ਵੱਖਰੇ ਸ਼ਿਲਪ ਅਨੁਸਾਰ ਆਪਣੀ ਵਸਤੂ ਦਾ ਪ੍ਰਤੱਖਣ ਕਰਦੇ ਹਨ। ਰੈਨਾ ਨੇ ਫਿਲਮਾਂ ਦੇ ਲੇਖਣ, ਨਿਰਦੇਸ਼ਣ ਅਤੇ ਨਿਰਮਾਣ ਦਾ ਕਾਰਜ ਵੀ ਕੀਤਾ ਹੈ ਅਤੇ ਅੱਠ ਕਹਾਣੀ ਸੰਗ੍ਰਿਹ ਵੀ ਪ੍ਰਕਾਸ਼ਤ ਕਰਵਾਏ ਹਨ। ਉਸਦੀਆਂ ਕਹਾਣੀਆਂ ਨਾਲ ਪੰਜਾਬੀ ਕਹਾਣੀ ਦਾ ਦਾਇਰਾ ਕਈ ਪੱਖਾਂ ਤੋ ਵਿਸ਼ਾਲ ਹੋਇਆ ਹੈ।

ਇਕ ਪਾਸੇ ਉਹ ਜੰਮੂ ਕਸ਼ਮੀਰ ਵਰਗੇ ਖਿੱਤੇ ਵਿਚ ਰਹਿੰਦਾ ਹੋਣ ਕਰਕੇ ਪੰਜਾਬੀ ਕਹਾਣੀ ਦੇ ਵਸਤੂ ਸੰਸਾਰ ਵਿਚ ਇਸਲਾਮੀ ਸੰਸਕ੍ਰਿਤੀ ਦੇ ਚੇਤਨ/ਅਵਚੇਤਨ ਅਤੇ ਕਸ਼ਮੀਰੀ ਆਂਚਲਿਕਤਾ ਨੂੰ ਆਪਣੇ ਅਨੁਭਵੀ ਧਰਾਤਲ ਤੋਂ ਪੇਸ਼ ਕਰਦਾ ਹੈ। ਦੂਜਾ ਉਸਦੇ ਕਥਾ ਬਿਰਤਾਂਤ ਫਿਲਮੀ ਸੰਸਾਰ ਦੇ ਗਲੈਮਰ ਅਤੇ ਰੁਮਾਂਸ ਪਿਛਲੇ ਕਰੂਰ ਯਥਾਰਥ ਦਾ ਪੰਜਾਬੀ ਕਥਾ ਸੰਸਾਰ ਵਿਚ ਪ੍ਰਵੇਸ਼ ਕਰਵਾਉਂਦੇ ਹਨ। ਇਨ੍ਹਾਂ ਵਿਲੱਖਣਤਾਵਾਂ ਕਰਕੇ ਬਲਜੀਤ ਸਿੰਘ ਰੈਨਾ ਦੀ ਕਹਾਣੀ ਭਾਰਤੀ ਪੰਜਾਬ ਦੇ ਮੁੱਖ ਧਾਰਾ ਬਿਰਤਾਂਤ ਦੇ ਸਮਾਂਨਅੰਤਰ ਆਪਣਾ ਵੱਖਰਾ ਕਥਾ ਕੈਨਵਸ ਉਸਾਰਦੀ ਹੈ।

ਵਿਚਾਰ ਅਧੀਨ ਕਹਾਣੀ ਸੰਗ੍ਰਿਹ 'ਕਲਾਸ' (ਪੰਨੇ 120, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਬਲਜੀਤ ਸਿੰਘ ਰੈਨਾ ਦਾ ਨਵਾਂ ਕਥਾ ਸੰਗ੍ਰਿਹ ਹੈ ਜਿਸ ਵਿਚ ਨੌਂ ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਆਪਣੇ ਵਾਪਰਨ ਸਥਲ ਵਿਚ ਜੰਮੂ ਕਸ਼ਮੀਰ ਦੇ ਨਿੱਕੇ ਨਿੱਕੇ ਕਸਬਿਆਂ, ਪਿੰਡਾਂ ਤੋਂ ਲੈ ਕੇ ਦਿੱਲੀ, ਕਲਕੱਤਾ ਅਤੇ ਮੁੰਬਈ ਵਰਗੇ ਮਹਾਂਨਗਰਾਂ ਤਕ ਫੈਲੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਜਿੱਥੇ ਮੱਧਵਰਗੀ ਬੰਦੇ ਦੇ ਅਨੇਕਾਂ ਵਿਸੰਗਤੀਆਂ ਭਰੇ ਵਿਵਹਾਰ ਰੂਪਮਾਨ ਹੁੰਦੇ ਹਨ ਉੱਥੇ ਹੀ ਸਮਾਜ ਦੀ ਮੁੱਖ ਧਾਰਾ ਤੋਂ ਛੇਕੇ ਹੋਏ ਅਤੇ ਦਮਿਤ ਅਉਧ ਹੰਢਾਉਂਦੇ ਪਾਤਰਾਂ ਦੇ ਨਸਲੀ ਮਨੋਵਿਗਿਆਨ ਖੂਬਸੂਰਤੀ ਨਾਲ ਪੇਸ਼ ਹੋਏ ਹਨ। ਇਸ ਤੋਂ ਇਲਾਵਾ ਸਟੇਟ ਦੇ ਹਿੰਸਕ ਅਤੇ ਦਮਨਦਾਰੀ ਰੂਪ ਵਿਚ ਮਧੋਲ਼ੀ ਜਾਂਦੀ ਮਾਨਵਤਾ ਦੇ ਕਈ ਰੂਪ ਵੀ ਕਹਾਣੀਆਂ ਦਾ ਹਿੱਸਾ ਹਨ। ਰੈਨਾ ਕੋਲ਼ ਫਿਲਮੀ ਦੁਨੀਆ ਅਤੇ ਵੇਸਵਾ ਬਿਰਤੀ ਵਾਲੇ ਸੰਸਾਰ ਦੇ ਢਕੇ ਅਤੇ ਰੁਮਾਂਚਿਤ ਯਥਾਰਥ ਨੂੰ ਤਿੱਖੀ ਤੇ ਉਗਰ ਬੋਲਾਂ ਵਾਲੀ ਗਲਪੀ ਭਾਸ਼ਾ ਵਿਚ ਬੀੜਨ ਦਾ ਹੁਨਰ ਹੈ। ਉਹ ਪਾਤਰਾਂ ਦੇ ਬਾਹਰੀ ਸੰਸਾਰ ਦੇ ਸਮਾਂਨਅੰਤਰ ਉਨ੍ਹਾਂ ਅੰਦਰਲੇ ਮਨੋ ਘੋਲਾਂ ਨੂੰ ਪੇਸ਼ ਕਰਦਾ ਦਿਸਦੀ ਦੁਨੀਆ ਦੀ ਚਕਾਚੌਂਧ ਤੇ ਗਲੈਮਰ ਹੇਠਾਂ ਢਕੇ ਬਦਕਾਰ, ਬਦਨਾਮ ਅਤੇ ਗਲੀਜ਼ ਸੰਸਾਰ ਤੋਂ ਪਰਦਾ ਚੁੱਕ ਦਿੰਦਾ ਹੈ। ਉਸਦੇ ਕਥਾ ਪਾਤਰ ਪ੍ਰਤੀਕੂਲ ਅਤੇ ਵਿਕਰਾਲ ਸਥਿਤੀਆਂ ਵਿਚ ਵੀ ਆਪਣੇ ਦਮਨ ਖ਼ਿਲਾਫ਼ ਉੱਠ ਖੜ੍ਹਨ ਦੀ ਜੁਰੱਅਤ ਰੱਖਦੇ ਹਨ। ਲੇਖਕ ਇਸ ਦਮਨ ਨੂੰ ਮਰਦਾਵੀਂ ਪਿਤਰ ਸੱਤਾ,ਧਾਰਮਿਕ ਮੂਲਵਾਦ ਦੀ ਕੱਟੜਤਾ, ਸਟੇਟ ਦੀ ਅਮਾਨਵੀ ਖਸਲਤ ਅਤੇ ਜਾਤੀ/ਜਮਾਤੀ ਸਮਾਜ ਦੇ ਅਨੈਤਿਕ ਵਿਹਾਰ ਦੇ ਰੂਪ ਵਿਚ ਦ੍ਰਿਸ਼ਟਮਾਨ ਕਰਦਾ ਹੈ। ਉਸਦੇ ਕਥਾ ਪਾਤਰ ਬੇਸ਼ੱਕ ਖੁਦਮੁਖਤਾਰ ਹੋਣ ਦੀ ਥਾਂ ਲੇਖਕ ਦੇ ਬਣੇ ਬਣਾਏ ਚੌਖਟਿਆਂ ਵਿਚ ਫਿੱਟ ਹਨ ਪਰ ਸਮਾਜਕ ਸੰਸਥਾਵਾਂ ਦੀ ਵਰਤਮਾਨ ਟੁੱਟ ਭੱਜ ਨਾਲ ਮਨੁੱਖੀ ਮਨ ਦੀਆਂ ਅਨੇਕਾਂ ਅਣਡਿੱਠ ਪਰਤਾਂ ਦੀ ਉਥਲ ਪੁਥਲ ਦੇ ਵਾਹਕ ਬਣੇ ਰਹਿੰਦੇ ਹਨ।

ਪੁਸਤਕ ਵਿਚਲੀਆਂ ਦੋ ਕਹਾਣੀਆਂ 'ਕਲਾਸ' ਅਤੇ 'ਕਲਾਕਾਰ' ਫਿਲਮੀ ਦੁਨੀਆ ਦੀ ਗਲੈਮਰ ਵਾਲੀ ਚੁੰਬਕੀ ਖਿੱਚ ਹੇਠਾਂ ਲੁਕੀ ਕਰੂਰਤਾ ਦਾ ਬਿਰਤਾਂਤ ਹਨ। 'ਕਲਾਸ' ਕਹਾਣੀ ਦਾ ਬੁੱਢਾ ਫਿਲਮੀ ਪ੍ਰੋਡਿਊਸਰ ਪਾਰਥੋ ਆਪਣੀਆਂ ਦਮਿਤ ਕਾਮ ਅਕਾਂਖਿਆਵਾਂ ਦੀ ਪੂਰਤੀ ਲਈ ਲੈਜ਼ਬੀਅਨ ਪਾਤਰ ਮਿਸ਼ਟੀ ਪਾਲ ਨੂੰ ਆਪਣੀ ਸਹਾਇਕ ਰੱਖਦਾ ਹੈ। ਮਿਸ਼ਟੀ ਪਾਲ ਫਿਲਮੀ ਨਗਰੀ ਵਿਚ ਸੰਘਰਸ਼ ਕਰ ਰਹੀ ਲੜਕੀ ਨੇਹਾ ਨਾਲ ਵਿਆਹ ਕਰਵਾ ਲੈਂਦੀ ਹੈ। ਪਾਰਥੋ ਦੀ ਪਤਨੀ ਤੇ ਪੁੱਤਰ ਉਸਦੀਆਂ ਆਦਤਾਂ ਤੋਂ ਤੰਗ ਆ ਕੇ ਇੰਗਲੈਂਡ ਪਲਾਇਨ ਕਰ ਜਾਂਦੇ ਹਨ। ਡਾਇਰੈਕਟਰ ਚੋਪੜਾ ਪਾਰਥੋ ਨੂੰ ਧੋਖਾ ਦਿੰਦਾ ਮਿਸ਼ਟੀ ਪਾਲ ਦਾ ਨੇਹਾ ਨਾਲ ਵਿਆਹ ਕਰਵਾ ਕੇ ਕਿਸੇ ਫਲੈਟ 'ਤੇ ਕਾਬਜ਼ ਹੋਣਾ ਚਾਹੁੰਦਾ ਹੈ। ਇੰਝ ਸਾਰੀ ਕਹਾਣੀ ਫਿਲਮੀ ਦੁਨੀਆ ਦੇ ਚਕਾਚੌਂਧ ਸੰਸਾਰ ਪਿੱਛੇ ਪਨਪਦੀਆਂ ਕਾਮੁਕ ਗਰਜਾਂ ਅਤੇ ਮਨੁੱਖੀ ਸੰਬੰਧਾਂ ਦੀਆਂ ਗੁੰਝਲਾਂ ਦੀ ਵਾਰਤਾ ਹੈ। ਫਿਲਮੀ ਦੁਨੀਆ ਵਿਚ ਮਾਨਵੀ ਸੰਬੰਧਾਂ ਦੇ ਦਮਨ ਦੀਆਂ ਕਈ ਪਰਤਾਂ ਕਹਾਣੀ ਦਾ ਹਿੱਸਾ ਹਨ ਜਿਨ੍ਹਾਂ ਨੂੰ ਲੇਖਕ ਨੇ ਫਿਲਮੀ ਅੰਦਾਜ਼ ਵਿਚ ਹੀ ਪੇਸ਼ ਕਰਨ ਦਾ ਉੱਦਮ ਕੀਤਾ ਹੈ। 'ਕਲਾਕਾਰ' ਕਹਾਣੀ 'ਕਲਾਸ' ਕਹਾਣੀ ਦਾ ਨਵਾਂ ਅਧਿਆਇ ਹੀ ਹੈ ਜਿਸ ਵਿਚ ਕਥਾ ਦਾ ਨਿਭਾਅ ਮੁੱਖ ਪਾਤਰ ਦੀ ਮਨਬਚਨੀ 'ਤੇ ਕੇਂਦਰਤ ਹੈ। ਇਹ ਉੱਤਮ ਪੁਰਖੀ ਪਾਤਰ ਟੀ.ਵੀ. ਸੀਰੀਅਲਾਂ, ਡਾਕੂਮੈਂਟਰੀ ਫਿਲਮਾਂ ਅਤੇ ਵੱਡੇ ਪਰਦੇ ਦੇ ਅਣਦੇਖੇ ਸੰਸਾਰ ਨੂੰ ਬੇਪਰਦ ਕਰਦਾ ਜਾਂਦਾ ਹੈ। ਉਹ ਕਿਸੇ ਅਦਿੱਖ ਡਾਇਰੈਕਟਰ ਪਾਤਰ ਨਾਲ ਇਕ ਪਾਸੜ ਵਾਰਤਾਲਾਪ ਵਿਚ ਰਹਿੰਦਾ ਹੈ ਅਤੇ ਆਪਣੀ ਦਲਾਲ ਮਾਨਸਿਕਤਾ ਨਾਲ ਲੜਕੀਆਂ ਨੂੰ

ਫਿਲਮਾਂ ਵਿਚ ਕੰਮ ਦੁਆਉਣ ਦੀ ਆੜ ਹੇਠਾਂ ਹੁੰਦੇ ਸਾਰੇ ਅਨੈਤਿਕ ਕੰਮਾਂ ਦਾ ਇਨਕਸ਼ਾਫ ਕਰਦਾ ਜਾਂਦਾ ਹੈ। ਲੇਖਕ ਇਕ ਪਾਤਰੀ ਸੰਵਾਦ ਦੁਆਰਾ ਉਸਾਰੀ ਇਸ ਰਚਨਾ ਵਿਚ ਉਕਤ ਪਾਤਰ ਦੀ ਹੀਣ ਬੋਧ ਵਾਲੀ ਸਥਿਤੀ ਨੂੰ ਪੇਸ਼ ਕਰਦਾ ਫਿਲਮੀ ਸੰਸਾਰ ਵਿਚ ਸੰਘਰਸ਼ਸ਼ੀਲ ਕੁੜੀਆਂ, ਮੁੰਡਿਆਂ ਦੇ ਦਮਨ ਤੇ ਸ਼ੋਸ਼ਣੀ ਸੰਸਾਰ ਤੋਂ ਪਰਦਾ ਚੁੱਕ ਦਿੰਦਾ ਹੈ। ਫਿਲਮੀ ਨਗਰੀ ਦੇ ਤਲਿਸਮ ਵਿਚ ਰਿਸ਼ਤਿਆਂ ਦੇ ਪਦਾਰਥਵਾਦੀ, ਅਵਸਰਵਾਦੀ ਅਤੇ ਡਿਸਪੋਜ਼ਬਲ ਹੋਣ ਦੇ ਰੁਝਾਨ ਦੋਹਾਂ ਕਹਾਣੀਆਂ ਦਾ ਕੇਂਦਰ ਹਨ। ਕਹਾਣੀ 'ਸਰਕਸ' ਫਿਲਮੀ ਸੰਸਾਰ ਵਿਚ ਰਵਾਇਤੀ ਕਲਾਵਾਂ ਅਤੇ ਕਲਾਕਾਰਾਂ ਦੇ ਹਾਸ਼ੀਆਗ੍ਰਸਤ ਹੋਣ ਤੋਂ ਉਪਜੇ ਵਿਸ਼ਾਦ ਨੂੰ ਪੇਸ਼ ਕਰਦੀ ਹੈ ਪਰ ਨਾਲ ਹੀ ਮਨੁੱਖ ਨੂੰ ਵਕਤ ਦੀ ਚਾਲ ਨਾਲ ਤੁਰਨ ਦਾ ਮਾਰਮਿਕ ਸੰਦੇਸ਼ ਵੀ ਦਿੰਦੀ ਹੈ। ਕਹਾਣੀ ਦਾ ਉੱਤਮਪੁਰਖੀ ਪਾਤਰ ਸਰਕਸ ਦਾ ਪੇਸ਼ਾਵਰ ਕਲਾਕਾਰ ਹੈ ਪਰ ਇਸ ਪ੍ਰਦਰਸ਼ਨੀ ਕਲਾ ਦੇ ਲੋਪ ਹੋਣ ਨਾਲ ਉਹ ਫਿਲਮੀ ਦੁਨੀਆ ਵਿਚ ਸਟੰਟਮੈਨ ਵਜੋਂ ਕੰਮ ਸ਼ੁਰੂ ਕਰ ਦਿੰਦਾ ਹੈ। ਜਦੋਂ ਫਿਲਮੀ ਪਰਦੇ 'ਤੇ ਸਟੰਟਮੈਨ ਦਾ ਸਾਰਾ ਕਰੈਡਿਟ ਹੀਰੋ ਲੈ ਜਾਂਦਾ ਹੈ ਤਾਂ ਉਹ ਨਿਰਾਸ਼ਾ ਵਿਚ ਡੁੱਬ ਕੇ ਮੁੜ ਸਰਕਸ ਕਰਨੀ ਚਾਹੁੰਦਾ ਹੈ। ਪਰ ਨਵੀਂ ਤਕਨੀਕ ਅਤੇ ਕੰਪਿਊਟਰ ਗਾਫ੍ਰਿਕਸ ਦੇ ਸਟੰਟਮੈਨ ਦੇ ਪੇਸ਼ੇ ਨੂੰ ਵੀ ਖਤਮ ਕਰਨ ਦੇ ਵਰਤਮਾਨ ਰੁਝਾਨਾਂ ਕਰਕੇ ਉਹ ਇਸ ਤਕਨੀਕ ਨੂੰ ਸਿੱਖਣ ਦੀ ਇੱਛਾ ਪਾਲ਼ ਲੈਂਦਾ ਹੈ।

ਕਹਾਣੀ 'ਪਿਛੋਕੜ' ਵੇਸਵਾ ਬਿਰਤੀ ਦੇ ਪੇਸ਼ੇ ਵਿਚ ਮਨੁੱਖੀ ਸੰਵੇਦਨਾਵਾਂ ਅਤੇ ਰਿਸ਼ਤਿਆਂ ਦੇ ਆਹਤ ਹੋਣ ਦਾ ਬਿਰਤਾਂਤ ਹੈ। ਵੇਸਵਾ ਪ੍ਰਤੀ ਭਾਰਤੀ ਸਮਾਜ ਦੀ ਸਮੂਹਕ ਮਾਨਸਿਕਤਾ ਬਹੁਤ ਹਿਕਾਰਤ, ਨਫਰਤ ਅਤੇ ਦੋਗਲੇ ਵਿਹਾਰ ਨਾਲ ਭਰੀ ਰਹਿੰਦੀ ਹੈ। ਕਹਾਣੀ ਵਿਚ ਇਕ ਵੇਸਵਾ ਔਰਤ ਆਪਣੀ ਧੀ ਨੂੰ ਇਸ ਗਲੀਜ਼ ਧੰਦੇ ਤੋਂ ਦੂਰ ਰੱਖਣ ਦੇ ਯਤਨ ਵਿਚ ਆਪਣੇ ਪਤੀ ਸਮੇਤ ਵੇਸਵਾਗਿਰੀ ਕਰਾਉਣ ਵਾਲੇ ਦਲਾਲ ਦਾ ਵੀ ਕਤਲ ਕਰ ਦਿੰਦੀ ਹੈ ਪਰ ਵੇਸਵਾ ਹੋਣ ਦਾ ਪਿਛੋਕੜ ਉਸਦੀ ਮਾਨਿਸਕਤਾ ਨੂੰ ਵਿਚਲਤ ਕਰੀ ਰੱਖਦਾ ਹੈ। ਸਥਿਤੀ ਉਦੋਂ ਹੋਰ ਦੁਖਾਂਤਕ ਹੋ ਜਾਂਦੀ ਹੈ ਜਦੋਂ ਉਸਦੀ ਧੀ ਮਾਂ ਦੇ ਪਿਛੋਕੜ ਤੋਂ ਅਸਿੱਧੇ ਤੌਰ 'ਤੇ ਪ੍ਰਭਾਵਤ ਹੋ ਕੇ ਹੋਟਲਾਂ ਦੇ ਵਿਭਚਾਰ ਵਿਚ ਗਲਤਾਨ ਹੋ ਜਾਂਦੀ ਹੈ। ਕਹਾਣੀ ਦਾ ਲਹਿਜਾ ਅਤੇ ਨਿਭਾਅ ਫਿਲਮੀ ਅੰਦਾਜ਼ ਵਾਲਾ ਹੈ ਪਰ ਲੇਖਕ ਵੇਸਵਾ ਦੇ ਸਰੂਪ ਵਿਚ ਦਮਿਤ ਹੋਏ ਔਰਤ ਮਨ ਤਕ ਪੁੱਜਣ ਦਾ ਯਤਨ ਕਰਦਾ ਹੈ।

ਰੈਨਾ ਦੀਆਂ ਕਈ ਕਹਾਣੀਆਂ ਕਸ਼ਮੀਰੀਅਤ ਦੇ ਸੁਭਾਅ ਅਤੇ ਸਾਰ ਨੂੰ ਵੀ ਪ੍ਰਸਤੁਤ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਜਿੱਥੇ ਸਿਆਸੀ ਸੁਰ ਪ੍ਰਧਾਨ ਹੈ ਉੱਥੇ ਹੀ ਸਟੇਟ ਅਤੇ ਦਹਿਸ਼ਤਗਰਦਾਂ ਦੇ ਦੋ ਪੁੜਾਂ ਵਿਚ ਪਿਸਦੇ ਕਸ਼ਮੀਰ ਪ੍ਰਤੀ ਰੁਦਨ ਵੀ ਭਾਰੂ ਹੈ। 'ਸੀਪ' ਨਾਂ ਦੀ ਕਹਾਣੀ ਦੇਸ਼ ਦੇ ਰਾਜਸੀ ਹਾਲਾਤ 'ਤੇ ਸੱਥ ਵਿਚ ਬੈਠੇ ਕੁੱਝ ਵਿਅਕਤੀਆਂ ਦਾ ਬਹਿਸ ਭਰਿਆ ਪ੍ਰਵਚਨ ਹੈ। ਜੱਸੂ ਸਰਨਾ ਅਤੇ ਹੋਰ ਪਾਤਰ ਰਾਜਸੀ ਹਾਲਾਤ 'ਤੇ ਤਬਸਰਾ ਕਰਦੇ ਜਿੱਥੇ ਤਾਸ਼ ਦੀ ਇਕ ਖੇਡ ਸੀਪ ਖੇਡਦੇ ਹਨ ਉੱਥੇ ਹੀ ਰੂਪਕੀ ਅਰਥਾਂ ਵਿਚ ਵੱਖ ਵੱਖ ਪਾਰਟੀਆਂ ਵੱਲੋਂ ਆਵਾਮ ਨੂੰ ਭੁਚਲਾਉਣ ਲਈ ਖੇਡੀਆਂ ਜਾਂਦੀਆਂ ਸਿਆਸੀ ਸੀਪਾਂ 'ਤੇ ਵਿਅੰਗ ਕਰਦੇ ਹਨ। ਦੇਸ਼ ਦੇ ਕੌਮੀ ਹਾਲਾਤ, ਖੇਤਰੀ ਪਾਰਟੀਆਂ ਅਤੇ ਕੇਂਦਰ ਦੇ ਟਕਰਾਅ, ਅੱਤਵਾਦੀ ਸੰਗਠਨਾਂ ਦੀਆਂ ਸਰਗਰਮੀਆਂ ਅਤੇ ਦੇਸ਼ ਅੰਦਰ ਘੱਟ ਗਿਣਤੀ ਵਰਗਾਂ 'ਤੇ ਹੁੰਦੇ ਅਤਿਆਚਾਰ ਨੂੰ ਕਹਾਣੀ ਦੇ ਪਾਤਰ ਨਾਟਕੀ ਬਹਿਸਬਾਜ਼ੀ ਨਾਲ ਪੇਸ਼ ਕਰਦੇ ਹਨ। ਆਪਣੇ ਭਾਰੂ ਸਿਆਸੀ ਪ੍ਰਵਚਨ ਕਾਰਨ ਇਸ ਕਹਾਣੀ ਦਾ ਮਲੂਕ ਪਿੰਡਾ ਖੁਰਦੁਰਾ ਹੋ ਜਾਂਦਾ ਹੈ ਅਤੇ ਕਹਾਣੀ ਦੀ ਬਿਰਤਾਂਤਕ ਸਤ੍ਹਾ 'ਤੇ ਸੰਦੇਸ਼ ਤਰਨ ਲਗਦਾ ਹੈ।

ਸੰਗ੍ਰਿਹ ਦੀਆਂ ਚਾਰ ਕਹਾਣੀਆਂ 'ਸੈਲਾਬ', 'ਰਿੱਛ', 'ਪ੍ਰੇਮ ਕਥਾ ਤੇ ਸਿਆਸਤ' ਅਤੇ 'ਉਹ ਤੇ ਕਲਪਨਾ' ਔਰਤ ਮਰਦ ਸੰਬੰਧਾਂ ਦੇ ਮੁਹੱਬਤੀ ਅਤੇ ਹੋਂਦਮੂਲਕ ਸਰੋਕਾਰਾਂ ਦੇ ਬਿਰਤਾਂਤ ਹਨ। 'ਸੈਲਾਬ' ਕਹਾਣੀ ਜੰਮੂ ਕਸ਼ਮੀਰ ਵਿਚ ਮੁਸਲਮਾਨ ਕੁੜੀ ਨੀਲੋਫਰ ਦੇ ਸਿੱਖ ਨੌਜਵਾਨ ਕੰਵਲ ਨੈਨ ਪ੍ਰਤੀ ਇਕ ਤਰਫਾ ਪਿਆਰ ਸੰਬੰਧਾਂ ਦੀ ਦਾਸਤਾਨ ਹੈ ਪਰ ਕਹਾਣੀ ਵਿਚ ਕੰਵਲ ਨੈਨ ਸਿੱਖ ਕੁੜੀ ਬਲਜੀਤ ਕੌਰ ਪ੍ਰਤੀ ਉਲਾਰ ਹੈ ਜਦਕਿ ਬਲਜੀਤ ਕੌਰ ਨੀਲੋਫਰ ਦੇ ਭਰਾ ਰਫੀਕ 'ਤੇ ਫਿਦਾ ਹੈ। ਇਨ੍ਹਾਂ ਮੁਹੱਬਤੀ ਘਟਨਾਵਾਂ ਦਾ ਕਸ਼ਮੀਰ ਘਾਟੀ ਵਿਚ ਵਾਪਰਨਾ ਹੀ ਧਾਰਮਿਕ ਠੇਕੇਦਾਰਾਂ ਲਈ

ਆਪਣੀਆਂ ਸਿਆਸੀ ਰੋਟੀਆਂ ਸੇਕਣ ਦਾ ਸਬੱਬ ਬਣ ਜਾਂਦਾ ਹੈ, ਜਿਸ ਕਰਕੇ ਦੋਹਾਂ ਫਿਰਕਿਆਂ ਦੇ ਮਨੁੱਖਤਾ ਨੂੰ ਦਿੱਤੇ ਸਾਂਝ ਤੇ ਮੁਹੱਬਤ ਦੇ ਪ੍ਰਵਚਨ ਮਧੋਲ ਦਿੱਤੇ ਜਾਂਦੇ ਹਨ। ਇਸ ਕਹਾਣੀ ਦਾ ਨਿਭਾਅ ਆਦਰਸ਼ਵਾਦ ਅਤੇ ਰੁਮਾਂਸਵਾਦ ਦੀ ਮਿੱਸ ਵਿਚ ਪੇਸ਼ ਕੀਤਾ ਗਿਆ ਹੈ ਜਿਸ ਤਹਿਤ ਕੰਵਲ ਨੈਨ ਨੀਲੋਫਰ ਦੀ ਜਾਨ ਬਚਾਉਂਦਿਆਂ ਖੁਦ ਕੁਰਬਾਨ ਹੋ ਜਾਂਦਾ ਹੈ। ਲੇਖਕ ਪਿਆਰ ਦੇ ਆਦਰਸ਼ੀਕਰਨ ਨੂੰ ਜਾਤਾਂ ਧਰਮਾਂ ਅਤੇ ਵਰਗਾਂ ਦੀਆਂ ਵਲਗਣਾਂ ਤੋਂ ਉੱਚਾ ਸਥਾਪਤ ਕਰਨ ਦੀ ਬਿਰਤਾਂਤਕ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ। 'ਪ੍ਰੇਮ ਕਥਾ ਤੇ ਸਿਆਸਤ' ਕਹਾਣੀ ਧਰਮ ਦੀ ਥਾਂ ਜਾਤੀ ਮਾਨਸਿਕਤਾ ਵਾਲੀ ਸਿਆਸਤ ਦੀ ਭੇਟ ਚੜ੍ਹਦੇ ਅੰਤਰ ਜਾਤੀ ਵਿਆਹ ਸੰਬੰਧੀ ਹੈ। ਸਿਆਸਤਦਾਨ ਅੰਤਰਜਾਤੀ ਵਿਆਹਾਂ ਦੀਆਂ ਘਟਨਾਵਾਂ ਨੂੰ ਸਿਆਸੀ ਰੰਗ ਦੇ ਕੇ ਆਪਣੀ ਜਾਤੀ ਦੀਆਂ ਵੋਟਾਂ ਨੂੰ ਪੱਕਿਆਂ ਕਰਕੇ ਸੱਤਾ ਸਿਆਸਤ ਨੂੰ ਹੋਰ ਦਮਨਕਾਰੀ ਬਣਾ ਦਿੰਦੇ ਹਨ। 'ਰਿੱਛ' ਕਹਾਣੀ ਵਿਚ ਕਸ਼ਮੀਰ ਤੋਂ ਦੂਰ ਵੱਡੇ ਸ਼ਹਿਰ ਵਿਚ ਵਸਣ ਵਾਲੀ ਨਾਇਕਾ ਆਪਣੇ ਪਤੀ ਦੇ ਵਿਵਹਾਰ ਤੋਂ ਅਸੰਤੁਸ਼ਟ ਹੈ ਪਰ ਇਸਦੇ ਬਾਵਜੂਦ ਕਿਸੇ ਉਦਰੇਵੇਂ ਜਾਂ ਆਤਮ ਗਿਲਾਨੀ ਦੀ ਸ਼ਿਕਾਰ ਨਹੀਂ। ਉਹ ਆਪਣੇ ਉਸ ਪ੍ਰੇਮੀ ਨੂੰ ਸਹਿਜ ਭਾਵੀ ਮਿਲਦੀ ਹੈ ਜੋ ਕਿ ਰਿੱਛ ਮਾਨਸਿਕਤਾ ਵਾਲੀ ਲੋਕ ਕਥਾ ਵਾਂਗ ਔਰਤ ਲਈ ਬਿਹਬਲ ਹੈ। ਕਹਾਣੀ ਔਰਤ ਮਨ ਦੇ ਆਪਣੇ ਅਤੀਤ ਜਾਂ ਵਰਤਮਾਨ ਪ੍ਰਤੀ ਕਿਸੇ ਤਰ੍ਹਾਂ ਦੀ ਕੋਈ ਮਨੋ ਗੁੰਝਲ ਤੋਂ ਰਹਿਤ ਹੈ। 'ਇਹ ਉਹ ਤੇ ਕਲਪਨਾ' ਕਹਾਣੀ ਵਿਚ ਇਕ ਚਿੱਤਰਕਾਰ ਅਤੇ ਉਸਦੀ ਮਾਡਲ ਪ੍ਰੇਮਿਕਾ ਦੇ ਪਿਆਰ ਸੰਬੰਧਾਂ ਵਿਚ ਪੈਦਾ ਹੁੰਦੇ ਤਣਾਅ ਨੂੰ ਪੇਸ਼ ਕੀਤਾ ਗਿਆ ਹੈ।

ਕੁੱਲ ਮਿਲਾ ਕੇ ਬਲਜੀਤ ਸਿੰਘ ਰੈਨਾ ਦਾ ਇਹ ਕਹਾਣੀ ਸੰਗ੍ਰਿਹ ਪੰਜਾਬੀ ਕਹਾਣੀ ਦਾ ਅਹਿਮ ਵਾਧਾ ਹੈ। **-ਜੇ.ਬੀ. ਸੇਖੋਂ**

## ਪ੍ਰਕਿਰਤੀ ਦੇ ਰੰਗ ਹਜ਼ਾਰ (ਨਾਵਲ) ਮਨਮੋਹਨ ਬਾਵਾ

ਮਨਮੋਹਨ ਬਾਵਾ ਦੀਆਂ ਰਚਨਾਵਾਂ ਵਿਚ ਉਸਦੀ ਘੁੰਮੱਕੜ ਬਿਰਤੀ ਕਾਰਨ ਬਾਕੀ ਦੇ ਪੰਜਾਬੀ ਲੇਖਕਾਂ ਨਾਲੋਂ ਪ੍ਰਕਿਰਤਕ ਵੇਰਵਿਆਂ ਜਾਂ ਕਿਸੇ ਸਫ਼ਰ ਬਾਰੇ ਪੇਸ਼ ਜਾਣਕਾਰੀ ਵਧੇਰੇ ਅਨੁਭਵਮਈ ਹੁੰਦੀ ਹੈ। ਉਸਦਾ ਇਹ ਅਨੁਭਵ ਅੱਧੀ ਸਦੀ ਤੋਂ ਵੀ ਵੱਧ ਦੇ ਵਕਫੇ ਤਕ ਫੈਲਿਆ ਹੋਇਆ ਹੈ। ਹੱਥਲੀ ਰਚਨਾ 'ਪ੍ਰਕਿਰਤੀ ਦੇ ਰੰਗ ਹਜ਼ਾਰ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 176, ਮੁੱਲ 275 ਰੁਪਏ) ਇਸੇ ਅਨੁਭਵ ਵਿਚੋਂ ਪੈਦਾ ਹੋਇਆ ਸਫਰਨਾਮਾ ਕਮ ਨਾਵਲ ਹੈ। ਇਸਦੇ ਪਾਠ ਉਪਰੰਤ ਇਸ ਵਿਚ ਸਫਰਨਾਮਾ ਅਤੇ ਨਾਵਲ ਦੋਹਾਂ ਵਿਧਾਵਾਂ ਦੇ ਅੰਸ਼ ਨਜ਼ਰ ਆਉਂਦੇ ਹਨ। ਇਸਦਾ ਮੁੱਖ ਪਾਤਰ ਅਮਰ ਆਪਣੀ ਘਰੇਲੂ ਜ਼ਿੰਦਗੀ ਤੋਂ ਉਚਾਟ ਹੋਇਆ ਆਪਣੀਆਂ ਕਲਾਤਮਿਕ ਰੁਚੀਆਂ ਦਾ ਸਹੀ ਉਪਯੋਗ ਕਰਨ ਲਈ ਪਹਾੜੀ ਸਫ਼ਰ 'ਤੇ ਨਿਕਲਿਆ ਪੀਰ ਪੰਜਾਲ ਤੋਂ ਪਾਰ ਭਾਗਾ ਵਾਦੀ, ਸਾਚ ਜੋਤ ਤੇ ਚੰਬੇ ਦੇ ਪਹਾੜਾਂ ਵਿਚ ਵੱਖ-ਵੱਖ ਵਾਦੀਆਂ ਦਾ ਭ੍ਰਮਣ ਕਰਦਾ ਹੋਇਆ ਕੁਦਰਤੀ ਜੀਵਨ ਨੂੰ ਜਿਉਂ ਕੇ ਦੇਖਦਾ ਹੈ। ਸਫ਼ਰ ਦਾ ਇਹ ਬਿਰਤਾਂਤ ਬੇਸ਼ੱਕ ਇਕ ਸਫਰਨਾਮੇ ਦਾ ਪ੍ਰਭਾਵ ਸਿਰਜਦਾ ਹੈ ਪਰੰਤੂ ਇਸ ਵਿਚ ਪੇਸ਼ ਪਾਤਰਾਂ ਦਾ ਚਰਿੱਤਰ ਨਿਰਮਾਣ, ਘਟਨਾਵਾਂ ਦੀ ਬੁਣਤੀ, ਪ੍ਰਕਿਰਤੀ ਚਿਤਰਨ ਅਤੇ ਮੁਨਾਫ਼ੇ ਦੀ ਦ੍ਰਿਸ਼ਟੀ ਅਧੀਨ ਕੁਦਰਤ ਦੀ ਤਬਾਹੀ ਵਰਗੀਆਂ ਸਮੱਸਿਆਵਾਂ ਦਾ ਲੋਕ ਪੱਖੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਨ ਕਰਕੇ ਇਸ ਰਚਨਾ ਨੂੰ ਨਾਵਲੀ ਵਿਧਾ ਦੇ ਵੱਧ ਨੇੜੇ ਲਿਆਉਂਦਾ ਹੈ।

ਸਮਕਾਲੀ ਦੌਰ ਰਿਸ਼ਤਿਆਂ ਦੀ ਮਰਿਆਦਾ, ਹੰਢਣਸਾਰਤਾ ਤੇ ਆਰਥਿਕ ਵਸੀਲਿਆਂ ਦੇ ਪੱਖ ਤੋਂ ਟੁੱਟ ਭੱਜ ਦਾ ਦੌਰ ਹੈ। ਵਸੀਲਿਆਂ ਦੇ ਪਿੱਛੇ ਭੱਜਦਾ ਮਨੁੱਖ ਕੁਦਰਤ ਤੋਂ ਟੁੱਟ ਚੁੱਕਾ ਹੈ। ਨਾਵਲ ਦਾ ਸਭ ਤੋਂ ਖੂਬਸੂਰਤ ਪੱਖ ਮਨੁੱਖ ਨੂੰ ਕੁਦਰਤ ਅਤੇ ਜ਼ਿੰਦਗੀ ਨਾਲ ਜੋੜਨ ਨਾਲ ਸੰਬੰਧਤ ਹੈ। ਨਾਵਲ ਦਾ ਮੁੱਖ ਪਾਤਰ ਅਮਰ ਆਪਣੀ ਪਤਨੀ ਪ੍ਰੀਤੀ ਦੇ ਵਤੀਰੇ ਤੋਂ ਦੁਖੀ ਹੈ। ਉਹ ਉਸਨੂੰ ਛੱਡ ਕੇ ਕਿਸੇ ਹੋਰ ਨਾਲ ਰਹਿਣ ਲੱਗ ਜਾਂਦੀ ਹੈ। ਇਸ ਉਪਰੰਤ ਅਮਰ ਨਿੰਮੀ ਨਾਲ ਵਿਆਹ ਕਰਵਾਉਣ ਬਾਰੇ ਸੋਚਦਾ ਪਰ ਉਸਦੀ ਸੜਕ ਹਾਦਸੇ ਵਿਚ ਮੌਤ ਹੋ ਜਾਂਦੀ ਹੈ। ਆਪਣੇ ਮਾਂ-ਬਾਪ ਦੀ ਮੌਤ

ਉਪਰੰਤ ਸਮਾਜਕ ਤੌਰ 'ਤੇ ਟੁੱਟ ਚੁੱਕਾ ਅਮਰ ਨੌਕਰੀ ਤੋਂ ਅਸਤੀਫਾ ਦੇ ਕੇ ਕੁਦਰਤ ਨਾਲ ਜੁੜਨ ਲਈ ਪਹਾੜੀ ਸਫ਼ਰ 'ਤੇ ਨਿਕਲ ਜਾਂਦਾ ਹੈ। ਕੁਦਰਤੀ ਜ਼ਿੰਦਗੀ ਨਾਲ ਜੁੜਨ ਦੇ ਆਹਰ ਵਿਚ ਉਹ ਬਹੁਤ ਸਾਰੇ ਹੋਰ ਲੋਕਾਂ ਨਾਲ ਜੁੜਦਾ ਹੈ। ਉਹਨਾਂ ਨਾਲ ਬਣੇ ਰਿਸ਼ਤੇ ਉਸਨੂੰ ਸਕੂਨ ਦਿੰਦੇ ਹਨ। ਇਸ ਸਫ਼ਰ ਦੌਰਾਨ ਮੋਤੀ ਰਾਮ, ਉਸਦੀ ਧੀ ਮੰਗਲਾ, ਫਰੋਜ਼ਦੀਨ, ਨੂਰਾਂ ਤੇ ਹੋਰ ਗੁੱਜਰ ਪਰਿਵਾਰ ਦੇ ਲੋਕ, ਸੰਸਾਰ ਚੰਦ, ਸੁੱਖੂ ਗਾਈਡ, ਦਿਗੰਬਰ, ਵੇਦ ਪ੍ਰਕਾਸ਼ ਤੇ ਉਸਦੀ ਪਤਨੀ ਸੁਜਾਤਾ, ਘੁੰਮਣ ਆਏ ਬਰਫ ਵਿਚ ਫਸੇ ਉਮਾ ਸ਼ੰਕਰ, ਉਸਦੀ ਪਤਨੀ ਸੌਦਾਮਨੀ ਤੇ ਧੀ ਰੀਟਾ ਨਾਲ ਉਸਦਾ ਮੇਲ ਹੁੰਦਾ ਹੈ। ਐੱਸ.ਡੀ.ਐਮ.ਤੇ ਉਸਦੀ ਪਤਨੀ ਮਾਲਿਨੀ ਨਾਲ ਥੋੜ੍ਹੇ ਸਮੇਂ ਵਿਚ ਹੀ ਪਿਆਰਾ ਰਿਸ਼ਤਾ ਬਣ ਜਾਂਦਾ ਹੈ। ਅਮਰ ਤਾਸ਼ੀ ਤੇ ਤਸੇਰਿੰਗ ਨਾਲ ਰਹਿੰਦਿਆਂ ਉਸਦੇ ਚਾਚੇ ਦੀਚੇਨ ਤੋਂ ਤੁਹ ਕੰਧ ਚਿਤਰਾਂ ਦੀ ਕਲਾ ਸਿੱਖਦਾ ਹੈ। ਇਹਨਾਂ ਲੋਕਾਂ ਨਾਲ ਉਸਦਾ ਰਿਸ਼ਤਾ ਨਿਰੋਲ ਪਿਆਰ ਭਾਵਾਂ 'ਤੇ ਉਸਰਦਾ ਹੈ। ਇਹਨਾਂ ਵਿਚੋਂ ਸੁਜਾਤਾ ਨਾਲ ਉਸਦੀ ਭਾਵੁਕ ਸਾਂਝ ਬਣ ਜਾਂਦੀ ਹੈ। ਸੁਜਾਤਾ ਦੀਆਂ ਰੁਚੀਆਂ ਅਮਰ ਵਾਂਗ ਕੁਦਰਤੀ ਨਜ਼ਾਰਿਆਂ ਨੂੰ ਮਾਣਨ ਵਾਲੀਆਂ ਹਨ ਜਦਕਿ ਉਸਦਾ ਪਤੀ ਵੇਦ ਪ੍ਰਕਾਸ਼ ਨੌਕਰੀ ਦੀ ਮਜਬੂਰੀ ਕਾਰਨ ਇਸ ਇਲਾਕੇ ਵਿਚ ਬਦਲੀ ਹੋ ਕੇ ਆਇਆ ਹੁੰਦਾ ਹੈ। ਸੁਜਾਤਾ ਦੇ ਪਤੀ ਵੇਦ ਪ੍ਰਕਾਸ਼ ਦੀ ਪਹਾੜੀ ਤੋਂ ਡਿੱਗਣ ਨਾਲ ਮੌਤ ਹੋਣ ਉਪਰੰਤ ਨਾਵਲ ਦੇ ਅੰਤ 'ਤੇ ਅਮਰ ਸੁਜਾਤਾ ਨਾਲ ਰਹਿਣਾ ਮੰਨ ਜਾਂਦਾ ਹੈ। ਇਸ ਤਰ੍ਹਾਂ ਅਮਰ ਸਮਾਜਕ ਜੀਵਨ ਤੋਂ ਉਚਾਟ ਹੋਇਆ ਕੁਦਰਤੀ ਜੀਵਨ ਕੋਲ ਵਾਪਸ ਜਾਂਦਾ ਹੈ ਪਰ ਕੁਦਰਤ ਉਸਨੂੰ ਫਿਰ ਤੋਂ ਸਮਾਜਕ ਜੀਵਨ ਦਿੰਦੀ ਹੈ। ਵੱਡਾ ਫਰਕ ਇਹ ਹੈ ਕਿ ਕੁਦਰਤ ਵੱਲੋਂ ਦਿੱਤਾ ਗਿਆ ਸਮਾਜਕ ਜੀਵਨ ਕੁਦਰਤ ਦੇ ਨਾਲ ਹੀ ਜੁੜਿਆ ਹੋਇਆ ਹੋਣ ਕਰਕੇ ਆਨੰਦਮਈ ਹੈ। ਨਾਵਲ ਵਿਚ ਕੁਦਰਤੀ ਜੀਵਨ ਦੇ ਵੇਰਵੇ ਓਪਰੇ ਨਹੀਂ ਬਲਕਿ ਬੜੇ ਯਥਾਰਥਕ ਰੂਪ ਵਿਚ ਪੇਸ਼ ਹੋਏ ਮਿਲਦੇ ਹਨ। ਜੰਗਲੀ ਜਾਨਵਰਾਂ ਜਿਵੇਂ ਹਿਰਨ, ਲੂੰਬੜੀ, ਭਾਲੂ, ਬਰਫਾਨੀ ਚੀਤਾ, ਬਘਿਆੜ ਆਦਿ ਦੇ ਵੇਰਵੇ ਸਪੱਸ਼ਟ ਕਰਦੇ ਹਨ ਕਿ ਸਥਾਨਕ ਪਹਾੜੀ ਲੋਕਾਂ ਨਾਲ ਇਹਨਾਂ ਜਾਨਵਰਾਂ ਦਾ ਰਿਸ਼ਤਾ ਡਰ ਵਾਲਾ ਨਹੀਂ ਸਗੋਂ ਇਕਮਿਕਤਾ ਵਾਲਾ ਹੈ। ਸੈਰ ਸਪਾਟੇ ਲਈ ਆਉਣ ਵਾਲੇ ਲੋਕ ਇਹਨਾਂ ਤੋਂ ਡਰਦੇ ਇਹਨਾਂ ਨੂੰ ਮਾਰਨ ਬਾਰੇ ਸੋਚ ਸਕਦੇ ਹਨ ਜਦਕਿ ਸਥਾਨਕ ਲੋਕ ਇਹਨਾਂ ਨਾਲ ਮਿਲਕੇ ਰਹਿਣ ਵਿਚ ਯਕੀਨ ਰੱਖਦੇ ਹਨ। ਇਸੇ ਤਰ੍ਹਾਂ ਕੁਦਰਤ ਦਾ ਸੰਤੁਲਨ ਬਣਿਆ ਹੋਇਆ ਹੈ।

ਕੁਦਰਤ ਨਾਲ ਮਨੁੱਖ ਦੀ ਇਕਮਿੱਕਤਾ ਆਦਿ ਕਾਲੀ ਹੈ। ਕੁਦਰਤ ਮਨੁੱਖ ਨੂੰ ਉਸਦੇ ਜੀਵਨ ਨਿਰਬਾਹ ਲਈ ਸਾਰੀਆਂ ਵਸਤਾਂ ਮੁਹੱਈਆ ਕਰਵਾਉਂਦੀ ਹੈ। ਨਾਵਲ ਵਿਚ ਅਮਰ ਜਿਹੜੀਆਂ ਸਹੂਲਤਾਂ ਵਿਕਸਤ ਸਮਾਜ ਵਿਚੋਂ ਛੱਡ ਕੇ ਆਉਂਦਾ ਹੈ, ਉਹਨਾਂ ਤੋਂ ਬਗ਼ੈਰ ਵੀ ਕੁਦਰਤੀ ਸਮਾਜ ਵਿਚ ਉਸਦਾ ਚੰਗਾ ਨਿਰਬਾਹ ਹੁੰਦਾ ਹੈ। ਸਬਜ਼ੀਆਂ, ਫਲ, ਦੁੱਧ, ਘਿਉ, ਮੱਕੀ ਦੀ ਰੋਟੀ, ਚਲਾਈ ਦਾ ਸਾਗ, ਦਲੀਆ, ਖਿਚੜੀ ਤੇ ਹੋਰ ਪਹਾੜੀ ਪਕਵਾਨਾਂ ਦੇ ਜ਼ਿਕਰ ਨਾਲ ਪਾਠਕ ਉਹਨਾਂ ਦਾ ਜ਼ਾਇਕਾ ਮੂੰਹ ਵਿਚ ਮਹਿਸੂਸ ਕਰਦਾ ਹੈ। ਕੁਦਰਤੀ ਵਰਤਾਰਿਆਂ ਨਾਲ ਛੇੜ-ਛਾੜ ਕਰਦਾ ਹੋਇਆ ਮਨੁੱਖ ਉਹਨਾਂ ਨੂੰ ਤਬਾਹ ਕਰਦਾ ਹੈ। ਨਾਵਲ ਵਿਚੋਂ ਇਹ ਸੰਕਤੇ ਮਿਲਦਾ ਹੈ ਕਿ ਪਹਾੜਾਂ ਵਿਚ ਡੈਮ ਬਣਾਉਣ ਲਈ ਉੱਥੋਂ ਦੇ ਕੁਦਰਤੀ ਵਾਤਾਵਰਨ ਨੂੰ ਤਬਾਹ ਕੀਤਾ ਜਾਣਾ ਅਤੇ ਲੋਕਾਂ ਦਾ ਉਜਾੜਾ ਕੀਤਾ ਜਾਣਾ ਹੈ।

ਨਾਵਲ ਵਿਚ ਪਹਾੜਾਂ ਵਿਚ ਰਹਿਣ ਵਾਲੇ ਲੋਕਾਂ ਦੇ ਕਠਨ ਜੀਵਨ ਅਤੇ ਉਹਨਾਂ ਦੇ ਮਹਿਮਾਨ ਨਵਾਜ਼ੀ ਵਾਲੇ ਗੁਣਾਂ ਦਾ ਚਿਤਰਨ ਬਹੁਤ ਖ਼ੂਬਸੂਰਤੀ ਨਾਲ ਹੋਇਆ ਹੈ। ਕਿਸੇ ਕਿਸਮ ਦੀ ਚਲਾਕੀ ਤੇ ਮੱਕਾਰੀ ਤੋਂ ਰਹਿਤ ਉਹਨਾਂ ਦਾ ਜੀਵਨ ਬਹੁਤ ਸਾਦਾ ਹੈ। ਗੁੱਜਰ ਪਰਿਵਾਰਾਂ ਦੇ ਰਹਿਣ-ਸਹਿਣ ਅਤੇ ਉਹਨਾਂ ਦੀ ਵਿਆਹ ਪ੍ਰਣਾਲੀ ਬਾਰੇ ਕਾਫੀ ਜਾਣਕਾਰੀ ਮਿਲਦੀ ਹੈ। ਚੰਬੇ ਵਿਚ ਦੁੱਧ ਦੀ ਘਾਟ ਨੂੰ ਪੂਰਨ ਲਈ ਉੱਥੋਂ ਦੇ ਰਾਜੇ ਭੂਰੀ ਸਿੰਘ ਨੇ ਵੱਡੀਆਂ-ਵੱਡੀਆਂ ਚਰਾਂਦਾਂ ਉਹਨਾਂ ਦੇ ਨਾਂ ਕਰ ਕੇ ਗੁੱਜਰਾਂ ਦੇ ਵੱਡ-ਵਡੇਰਿਆਂ ਨੂੰ ਚੰਬੇ ਵਿਚ ਵਸਾਇਆ ਸੀ। ਵਿਸ਼ੇਸ਼ ਗੁਣਾਂ ਦੇ ਲਖਾਇਕ ਗੁੱਜਰ ਪਹਾੜੀ ਜੀਵਨ ਵਿਚ ਅਹਿਮ ਸਥਾਨ ਰੱਖਦੇ ਹਨ।

ਨਾਵਲ ਦਾ ਬਿਰਤਾਂਤਕ ਸੰਗਠਨ ਚੰਬੇ ਦੇ ਪਹਾੜੀ ਇਲਾਕੇ, ਪੀਰ ਪੰਜਾਲ ਪਰਬਤ ਤੇ ਉਸਤੋਂ ਪਾਰ ਭਾਗਾ ਵਾਦੀ ਦੇ ਵੇਰਵਿਆਂ ਨਾਲ ਸੰਬੰਧਤ ਹੈ। ਬਿਰਤਾਂਤਕ ਸੰਗਠਨ ਅਜਿਹਾ ਹੈ ਕਿ ਨਾਵਲ ਨੂੰ ਪੜ੍ਹਦਿਆਂ ਪਾਠਕ ਅਮਰ ਦੇ ਨਾਲ-ਨਾਲ ਤੁਰ ਰਿਹਾ ਮਹਿਸੂਸ ਕਰਦਾ ਹੈ। ਪਹਾੜੀ ਸ਼ਬਦਾਵਲੀ ਅਤੇ ਲੋਕ ਗੀਤਾਂ ਦੇ ਅੰਸ਼ ਨਾਵਲ ਦੀ ਖ਼ੂਬਸੂਰਤੀ ਵਿਚ ਵਾਧਾ ਕਰਦੇ ਹਨ। ਨਾਵਲ ਪੂੰਜੀਵਾਦ ਦੇ ਵਿਕਾਸ ਮਾਡਲ ਨੂੰ ਰੱਦ ਕਰਦਾ ਹੋਇਆ ਮਨੁੱਖ ਨੂੰ ਕੁਦਰਤੀ ਜੀਵਨ ਵੱਲ ਮੋੜਦਾ ਹੈ। ਇਹ ਮੋੜਾ ਸਮਾਜਕ ਰਿਸ਼ਤਿਆਂ ਤੋਂ ਟੁੱਟ ਕੇ ਕੁਦਰਤ ਨਾਲ ਜੁੜਨ ਦੀ ਥਾਂ ਸਮਾਜਕ ਰਿਸ਼ਤਿਆਂ ਵਿਚ ਬੱਝ ਕੇ ਕੁਦਰਤ ਨਾਲ ਜੁੜਨ ਦੀ ਪ੍ਰੋੜਤਾ ਕਰਦਾ ਹੈ। ਅਹਿਮ ਗੱਲ ਇਹ ਵੀ ਹੈ ਕਿ ਕੁਦਰਤੀ ਜੀਵਨ ਨਾਲ ਜੁੜਨ ਦਾ ਇਹ ਪ੍ਰਯਤਨ ਉਮਾ ਸ਼ੰਕਰ ਵਰਗੇ ਪੂੰਜੀਪਤੀਆਂ ਵਾਂਗ ਤਫ਼ਰੀਹ ਲਈ ਨਹੀਂ ਹੋਣਾ ਬਲਕਿ ਅਮਰ ਵਾਂਗ ਅਸਲ ਰੂਪ ਵਿਚ ਹੋਣਾ ਚਾਹੀਦਾ ਹੈ। ਅਜਿਹਾ ਜੀਵਨ ਤਾਂ ਹੀ ਰੂਹਾਨੀ ਖ਼ੁਸ਼ੀ ਦੇ ਸਕਦਾ ਹੈ ਜੇਕਰ ਉਹ ਸਹਿਹੋਂਦ ਦੀ ਭਾਵਨਾ ਵਿਚੋਂ ਉਪਜਿਆ ਹੋਵੇ। ਨਾਵਲ ਦੇ ਬਾਕੀ ਸਾਰੇ ਵੇਰਵੇ ਕੁਦਰਤੀ ਤੇ ਸਹਿਜ ਰੂਪ ਉਸਰੇ ਹਨ ਪਰ ਅੰਤ 'ਤੇ ਵੇਦ ਪ੍ਰਕਾਸ਼ ਦੀ ਪਹਾੜੀ ਤੋਂ ਡਿੱਗ ਕੇ ਮੌਤ ਤੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਘਟਨਾ ਉਚੇਚ ਨਾਲ ਨਾਵਲ ਨੂੰ ਸਮੇਟਣ ਦੀ ਕਾਹਲ਼ ਵਿਚ ਤੇ ਅਮਰ ਤੇ ਸੁਜਾਤਾ ਦੇ ਮਿਲਾਪ ਨੂੰ ਸੰਭਵ ਬਣਾਉਣ ਲਈ ਘੜੀ ਗਈ ਹੋਵੇ। ਮਨਮੋਹਨ ਬਾਵਾ ਦੇ ਇਸ ਨਾਵਲ ਨੂੰ ਪੜ੍ਹਦਿਆਂ ਕੁਦਰਤੀ ਜੀਵਨ ਨਾਲ ਜੁੜਨ ਦੀ ਚੇਟਕ ਲੱਗਦੀ ਹੈ। **-ਡਾ.ਹਰਿੰਦਰ ਸਿੰਘ**

## ਖ਼ਾਲਸ (ਕਹਾਣੀ ਸੰਗ੍ਰਹਿ) ਅਵਤਾਰ ਸਿੰਘ ਓਠੀ

ਅਵਤਾਰ ਸਿੰਘ ਓਠੀ ਸਹਿਜ ਨਾਲ ਲਿਖਣ ਵਾਲਾ ਕਥਾਕਾਰ ਹੈ। ਆਪਣੇ ਪਹਿਲੇ ਕਥਾ ਸੰਗ੍ਰਹਿ 'ਲਹੂ ਭਿੱਜੀ ਦਾਸਤਾਂ' ਤੋਂ ਬਾਈ ਸਾਲ ਬਾਅਦ ਉਹ ਹੱਥਲਾ ਕਹਾਣੀ ਸੰਗ੍ਰਹਿ 'ਖ਼ਾਲਸ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ: 120, ਮੁੱਲ: 200 ਰੁਪਏ) ਲੈ ਕੇ ਹਾਜ਼ਰ ਹੋਇਆ ਹੈ। ਇਸ ਸੰਗ੍ਰਹਿ ਵਿਚ ਕੁੱਲ ਅੱਠ ਕਹਾਣੀਆਂ ਹਨ। ਕਹਾਣੀਆਂ ਦੇ ਮੁੱਖ ਸਰੋਕਾਰ ਦਲਿਤ ਚੇਤਨਾ ਦੇ ਸਮਾਜਕ, ਆਰਥਿਕ ਤੇ ਮਨੋਵਿਗਿਆਨਕ ਪੱਖਾਂ ਨੂੰ ਆਪਣੇ ਕਲੇਵਰ ਵਿਚ ਲੈਂਦੇ ਹਨ। ਇਸਤੋਂ ਇਲਾਵਾ ਧਾਰਮਿਕ ਅੰਧਵਿਸ਼ਵਾਸ, ਸਮਕਾਲੀ ਰਿਸ਼ਤਿਆਂ ਦੇ ਪੈਟਰਨ ਅਤੇ ਨੈਤਿਕ ਗਿਰਾਵਟ ਕਹਾਣੀਆਂ ਦੇ ਹੋਰ ਸਰੋਕਾਰ ਹਨ।

ਪਿੰਡਾਂ ਦੇ ਹੋਂਦ ਵਿਚ ਆਉਣ ਦਾ ਸਭ ਤੋਂ ਅਹਿਮ ਨੁਕਤਾ ਭਾਈਚਾਰਕ ਸਾਂਝ ਹੈ। ਪਹਲਿ ਸਮਿਆਂ ਵਿਚ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਖਾਸ ਤੌਰ 'ਤੇ ਲਿਆ ਕੇ ਵਸਾਇਆ ਜਾਂਦਾ ਸੀ। ਉਸ ਸਮੇਂ ਪਿੰਡ ਇਕ ਸਮੂਹਕ ਇਕਾਈ ਹੁੰਦਾ ਸੀ। ਕਿਰਤ ਵੇਚ ਕੇ ਗੁਜ਼ਾਰਾ ਕਰਨ ਵਾਲੀਆਂ ਜਮਾਤਾਂ ਨੂੰ ਕਿਰਤ ਦਾ ਮੁੱਲ ਜਿਣਸ ਦੇ ਰੂਪ ਵਿਚ ਮਿਲਦਾ ਸੀ। ਕਿਰਤੀ ਸ਼ਰੇਣੀ ਦੇ ਪਿੰਡਾਂ ਤੋਂ ਸ਼ਹਿਰਾਂ ਵਿਚ ਜਾ ਕੇ ਆਪਣੀ ਕਿਰਤ ਵੇਚਣ ਲੱਗ ਜਾਣ ਨਾਲ ਜਿਣਸ ਦੀ ਥਾਂ ਨਕਦ ਅਦਾਇਗੀ ਨੇ ਲੈ ਲਈ। ਹੌਲ਼ੀ-ਹੌਲ਼ੀ ਇਸ ਭਾਈਚਾਰਕ ਸਾਂਝ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਇਸਦਾ ਇਕ ਹੋਰ ਕਾਰਨ ਪਿੰਡ ਦੀ ਜ਼ਿਮੀਂਦਾਰ ਸ਼ਰੇਣੀ ਦੇ ਮਨ ਵਿਚ ਵਸਿਆ ਸੁੱਚ-ਭਿੱਟ ਦਾ ਸੰਕਲਪ ਵੀ ਬਣਦਾ ਹੈ। ਸਾਰੀਆਂ ਕਹਾਣੀਆਂ ਉਕਤ ਸਰੋਕਾਰਾਂ ਦਾ ਬਿਰਤਾਂਤਕ ਵੇਰਵਾ ਹਨ। ਕੁਝ ਕਹਾਣੀਆਂ ਕਿਰਤੀ ਜਮਾਤ ਦੀ ਦੂਜੀਆਂ ਜਮਾਤਾਂ ਨਾਲ ਸਾਂਝ ਤੇ ਟਕਰਾਓ ਨੂੰ ਉਜਾਗਰ ਕਰਦੀਆਂ ਹਨ।

'ਨਿਉਂਦਾ' ਕਹਾਣੀ ਵਿਚ ਇਹ ਸਾਂਝ ਜੱਟ ਤੇ ਸੀਰੀ ਦੀ ਸਾਂਝੀ ਵਿਥਿਆ ਦੇ ਰੂਪ ਵਿਚ ਪੇਸ਼ ਹੋਈ ਹੈ। ਜਸਵੀਰ ਸੰਕਟਗ੍ਰਸਤ ਨਿਮਨ ਕਿਸਾਨੀ ਦਾ ਪ੍ਰਤੀਨਿਧ ਹੈ। ਨਿਮਨ ਕਿਸਾਨੀ ਆਰਥਿਕ ਸੰਕਟਾਂ ਨੂੰ ਝੱਲਣ ਦੇ ਸਮਰੱਥ ਨਹੀਂ ਹੁੰਦੀ। ਜਸਵੀਰ ਆਪਣੇ ਪਰਿਵਾਰਕ ਅਤੇ ਆਰਥਿਕ ਸੰਕਟਾਂ ਕਾਰਨ ਹਰ ਪਾਸੇ ਤੋਂ ਨਿਰਾਸ਼ਾ ਤੇ ਦੁੱਖ ਵਿਚ ਘਿਰ ਜਾਂਦਾ ਹੈ। ਉਸਦੇ ਘਰੇ ਕੰਮ ਕਰਨ ਵਾਲਾ ਹਰੀਆ ਜਸਵੀਰ ਦੀਆਂ ਧੀਆਂ ਦੇ ਵਿਆਹ ਲਈ ਪੈਸੇ ਦੇ ਕੇ ਇਸੇ ਸਾਂਝ ਨੂੰ ਪੱਕਾ ਕਰਦਾ ਹੈ। ਕਿਸੇ ਸਮੇਂ ਜਸਵੀਰ ਦੇ ਬਾਪ ਨੇ ਇਹ ਕਹਿ ਕੇ ਕਿ "ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ" ਹਰੀਏ ਦੀਆਂ ਧੀਆਂ ਦੇ ਵਿਆਹ ਲਈ ਮੱਦਦ ਕੀਤੀ ਸੀ।

'ਇਹ ਤਾਂ ਉਹੀ ਸੀ' ਕਹਾਣੀ ਵਿਚ ਸੱਜਣ ਸਿੰਘ ਤੇ ਸਰਦਾਰ ਜੋਧ ਸਿੰਘ ਪਨੂੰ ਦਾ ਆਪਸੀ ਰਿਸ਼ਤਾ ਵੀ ਆਪਸੀ ਸਾਂਝ ਦਾ ਪ੍ਰਤੀਕ ਹੈ। ਜਿੱਥੇ ਜੋਧ ਸਿੰਘ ਆਪਣੇ ਰਸੂਖ ਨਾਲ ਸੱਜਣ ਸਿੰਘ ਨੂੰ ਚਪੜਾਸੀ ਭਰਤੀ ਕਰਵਾ ਕੇ ਸਾਰੀ ਉਮਰ ਲਈ ਉਸਦੀ ਰੋਟੀ ਪੱਕਦੀ ਰਹਿਣ ਵਿਚ ਸਹਾਇਕ ਬਣਦਾ ਹੈ। ਉਥੇ ਦੂਜੇ ਪਾਸੇ ਇਨਕਲਾਬੀ ਜਥੇਬੰਦੀ ਨੂੰ ਆਪਣੀ ਤਨਖਾਹ ਦੇਣ ਵਾਲਾ ਡਾਕਟਰ ਦਲਬੀਰ ਸੱਜਣ ਸਿੰਘ ਦੀ ਪਤਨੀ ਦੀਆਂ ਪੱਥਰੀਆਂ ਦਾ ਆਪਰੇਸ਼ਨ ਕਰਨ ਬਦਲੇ ਰਿਸ਼ਵਤ ਲੈਂਦਾ ਹੈ। ਕਹਾਣੀ ਵਿਚ ਦਲਬੀਰ ਦੇ ਅਖੌਤੀ ਇਨਕਲਾਬੀਪੁਣੇ ਦਾ ਪਰਦਾਚਾਕ ਕੀਤਾ ਹੈ।

'ਮੋਹ' ਕਹਾਣੀ ਵਿਚ ਲੇਖਕ ਨੇ ਕਿਸਾਨੀ ਸੰਕਟ ਦੇ ਕਾਰਨਾਂ ਨੂੰ ਛੋਹਿਆ ਹੈ। ਵਿਤੋਂ ਬਾਹਰਾ ਖਰਚ ਤੇ ਵਿਦੇਸ਼ ਜਾਣ ਦੀ ਖਿੱਚ ਨੇ ਕਿਸਾਨੀ ਪਰਿਵਾਰਾਂ ਦੇ ਨੌਜਵਾਨਾਂ ਨੂੰ ਕਿਰਤ ਤੇ ਸਿੱਖਿਆ ਤੋਂ ਦੂਰ ਕਰ ਦਿੱਤਾ ਹੈ। ਇਸ ਪਿਛੋਕੜ ਵਾਲੇ ਨੌਜਵਾਨਾਂ ਲਈ ਵਿਆਹ ਇਕ ਖਾਨਾ ਪੂਰਤੀ ਬਣ ਕੇ ਰਹਿ ਜਾਂਦਾ ਹੈ। ਇਹ ਨੌਜਵਾਨ ਪਤਨੀ ਤੇ ਬੱਚਿਆਂ ਦੀ ਜ਼ੁੰਮੇਵਾਰੀ ਦੇ ਅਹਿਸਾਸ ਤੋਂ ਕੋਰੇ ਹਨ। ਕਹਾਣੀ ਵਿਚ ਰੂਪ ਇਸੇ ਕਿਸਮ ਦਾ ਵਿਹਲੜ ਨੌਜਵਾਨ ਹੈ ਜਿਹੜਾ ਪੰਦਰਾਂ ਕਿੱਲੇ ਦਾ ਮਾਲਕ ਹੋਣ ਦੇ ਬਾਵਜੂਦ ਇੱਥੇ ਰਹਿ ਕੇ ਕੰਮ ਕਰਨ ਲਈ ਤਿਆਰ ਨਹੀਂ। ਕਿਰਤ ਤੋਂ ਦੂਰ ਹੋਣ ਕਾਰਨ ਇਹ ਪਰਿਵਾਰ ਵੀ ਸੰਕਟ ਵੱਲ ਜਾ ਰਿਹਾ ਹੈ। ਰੂਪ ਕਰਕੇ ਬਾਪ ਜੋਧ ਸਿੰਘ ਨੂੰ ਆਪਣੀ ਪੰਜ ਕਿੱਲੇ ਜ਼ਮੀਨ ਵੇਚਣੀ ਪੈ ਜਾਂਦੀ ਹੈ।

'ਆਪਣਾ ਹਿੱਸਾ' ਕਹਾਣੀ ਵਿਚ ਇਹ ਪੇਂਡੂ ਭਾਈਚਾਰਕ ਸਾਂਝ ਵਖਰੇਵੇਂ ਦਾ ਰੂਪ ਧਾਰ ਲੈਂਦੀ ਹੈ। ਦਲਿਤਾਂ ਤੇ ਜ਼ਿਮੀਂਦਾਰਾਂ ਵਿਚ ਦਿਹਾੜੀ ਵਧਾਉਣ ਦੇ ਮਸਲੇ 'ਤੇ ਟਕਰਾਓ ਪੈਦਾ ਹੋ ਜਾਂਦਾ ਹੈ। ਦਲਿਤ ਵਰਗ ਨਾਲ ਸੁੱਚ-ਭਿੱਟ ਦੇ ਨਾਂਅ ਹੇਠ ਕੀਤਾ ਜਾਣ ਵਾਲਾ ਵਿਤਕਰਾ ਇਸ ਹੱਦ ਤਕ ਵਧ ਜਾਂਦਾ ਹੈ ਕਿ ਇਕ ਦਲਿਤ ਪਰਿਵਾਰ ਦੀ ਧੀ ਦੇ ਆਨੰਦ ਕਾਰਜ ਲਈ ਉਹਨਾਂ ਨੂੰ ਗੁਰੂ ਗਰੰਥ ਸਾਹਿਬ ਦੀ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ। ਜ਼ਿਮੀਂਦਾਰਾਂ ਦੇ ਵਿਹਲੜ ਮੁੰਡੇ ਅੰਮ੍ਰਿਤ ਛਕ ਕੇ ਧਰਮ ਪ੍ਰਚਾਰ ਤੇ ਸਤਿਕਾਰ ਕਮੇਟੀ ਬਣਾ ਕੇ ਧਰਮ ਦੇ ਠੇਕੇਦਾਰ ਬਣ ਜਾਂਦੇ ਹਨ। ਉਹ ਦਲਿਤਾਂ ਨੂੰ ਨਸ਼ਿਆਂ ਦਾ ਸੇਵਨ ਕਰਨ ਵਾਲੇ ਕਹਿ ਕੇ ਗੁਰਦੁਆਰੇ ਅੰਦਰ ਆਉਣ ਦੀ ਮਨਾਹੀ ਕਰ ਦਿੰਦੇ ਹਨ। ਇਸ ਟਕਰਾਓ ਵਿਚੋਂ ਦਲਿਤ ਆਪਣਾ ਅਲੱਗ ਗੁਰਦੁਆਰਾ ਬਣਾ ਲੈਂਦੇ ਹਨ। ਕਹਾਣੀ ਸਿੱਖ ਸਿਧਾਂਤਾਂ ਤੋਂ ਕੋਰੇ ਧਰਮ ਦੇ ਅਖੌਤੀ ਠੇਕੇਦਾਰਾਂ ਦੀ ਸੋਚ 'ਤੇ ਵਿਅੰਗ ਕਰਦੀ ਹੈ। ਇਹ ਅਖੌਤੀ ਆਗੂ ਗੁਰਬਾਣੀ ਸਿਧਾਂਤਾਂ ਦੇ ਉਲਟ ਜਾਣ ਵਾਲੇ ਹੋਣ ਦੇ ਬਾਵਜੂਦ ਆਪਣੀ ਜਮਾਤ ਵਿਚ ਸਤਿਕਾਰ ਦੇ ਪਾਤਰ ਬਣੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਖੁੰਭਾਂ ਵਾਂਗ ਉੱਗੇ ਹੋਏ ਧਾਰਮਿਕ ਅਸਥਾਨ ਧਰਮ ਪ੍ਰਚਾਰ ਤੇ ਪਾਸਾਰ ਦੀ ਥਾਂ ਮੁਨਾਫ਼ਾ ਕਮਾਉਣ ਦਾ ਸਾਧਨ ਵਧੇਰੇ ਹਨ। ਡੇਰਿਆਂ, ਗੁਰਦੁਆਰਿਆਂ ਦੇ ਆਗੂ/ਸੇਵਾਦਾਰ ਲੋਕਾਂ ਦੀ ਸ਼ਰਧਾ ਨੂੰ ਆਪਣੇ ਹਿਤਾਂ ਲਈ ਕੈਸ਼ ਕਰਦੇ ਹਨ। ਪ੍ਰੇਤਾਂ, ਬੁਰੀਆਂ ਰੂਹਾਂ ਤੇ ਮਰ ਚੁੱਕੇ ਵਿਅਕਤੀਆਂ ਦਾ ਡਰਾਵਾ ਦੇ ਕੇ ਆਪਣਾ ਮਨੋਰਥ ਸਿੱਧ ਕਰਦੇ ਹਨ। ਆਪਣੀਆਂ ਅਨੈਤਿਕ ਗਤੀਵਿਧੀਆਂ ਨੂੰ ਲੁਕਾਉਣ ਲਈ ਪੁਲਿਸ ਨਾਲ ਮਿਲੀਭੁਗਤ ਰੱਖਦੇ ਹਨ।

'ਖੇਤਰਪਾਲ' ਅਤੇ 'ਪੱਲਾ' ਕਹਾਣੀਆਂ ਵਿਚ ਧਾਰਮਿਕ ਅਸਥਾਨਾਂ ਦੀ ਆੜ ਵਿਚ ਹੁੰਦੀਆਂ ਅਨੈਤਿਕ ਗਤੀਵਿਧੀਆਂ ਦਾ ਵਰਨਣ ਹੈ। 'ਖੇਤਰਪਾਲ' ਕਹਾਣੀ ਵਿਚ ਬਾਬਾ ਮੈਂਗਲ ਸਿੰਘ ਰਾਤੋ-ਰਾਤ ਗੁਰਦੁਆਰੇ ਨਾਲ ਲੱਗਦਾ ਮਾਸਟਰ ਦਾ ਘਰ ਢਾਹ ਕੇ ਗੁਰਦੁਆਰੇ ਵਿਚ ਮਿਲਾ ਲੈਂਦਾ ਹੈ। ਕਹਾਣੀ ਬੇਸ਼ੱਕ ਕਿਸੇ ਵਾਪਰੀ ਘਟਨਾ ਦਾ ਕਾਲਪਨਿਕ ਅਨੁਭਵ ਹੋਵੇ ਪਰ ਕਹਾਣੀ ਵਿਚ ਇਸ ਘਟਨਾ 'ਤੇ ਪਿੰਡ ਦੇ ਲੋਕਾਂ ਦਾ ਪ੍ਰਤੀਕਰਮ ਗ਼ੈਰ ਹਾਜ਼ਰ ਹੈ। ਇਸੇ ਤਰ੍ਹਾਂ 'ਪੱਲਾ' ਕਹਾਣੀ ਵਿਚ ਡੇਰੇ ਦੇ ਮਹੰਤ ਦਾ ਪੁੱਤਰ ਹਰਦਾਸ ਕੰਵਲ ਨਾਲ ਸੰਬੰਧ ਬਣਾ ਕੇ ਉਸਨੂੰ ਗਰਭਵਤੀ ਕਰ ਕੇ ਆਪ ਚਲਾ ਜਾਂਦਾ ਹੈ। ਕਹਾਣੀ ਵਿਚੋਂ ਸੰਕੇਤਕ ਹਵਾਲਾ ਮਿਲਦਾ ਹੈ ਕਿ ਵੱਡਾ ਮਹੰਤ ਆਪ ਉਸਨੂੰ ਪਾਸੇ ਭੇਜ ਦਿੰਦਾ ਹੈ ਤੇ ਕੰਵਲ ਦਾ ਵਿਆਹ ਆਪਣੇ ਕਿਸੇ ਸੇਵਾਦਾਰ ਨਾਲ ਕਰਾ ਦਿੰਦਾ ਹੈ। ਕੰਵਲ ਦੇ ਪੈਦਾ ਹੋਈ ਧੀ ਜੋਤੀ ਦੇ ਆਨੰਦ ਕਾਰਜ ਉਸੇ ਡੇਰੇ ਵਿਚ ਹੁੰਦੇ ਹਨ ਜਿਸਦਾ ਗੱਦੀਦਾਰ ਹਰਦਾਸ ਹੁੰਦਾ ਹੈ।

ਪੱਲਾ ਫੜਾਉਣ ਦੀ ਰਸਮ ਸਮੇਂ ਜੋਤੀ ਦਾ ਇਹ ਕਹਿਣਾ ਕਿ ਪੱਲਾ ਮਹਾਰਾਜ (ਹਰਦਾਸ) ਫੜਾਉਣਗੇ, ਲੁਕਿਆ ਹੋਇਆ ਬਹੁਤ ਕੁਝ ਸਾਹਮਣੇ ਲੈ ਆਉਂਦਾ ਹੈ। 'ਸੱਤ ਪਹਿਰ' ਕਹਾਣੀ ਦੀ ਸੱਤੀ ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਉਹ ਆਪਣੇ ਬਾਪ ਦੀ ਥਾਂ ਆਪਣੇ ਤਾਏ ਦੀ ਨਾਜਾਇਜ਼ ਔਲਾਦ ਹੈ ਤਾਂ ਉਹ ਨਿਰਾਸ਼ ਹੋ ਜਾਂਦੀ ਹੈ। ਭਾਵੇਂ ਤਾਇਆ ਉਸਨੂੰ ਬਹੁਤ ਪਿਆਰ ਕਰਦਾ ਆਇਆ ਹੈ ਸੱਤੀ ਨੂੰ ਤਾਏ ਨਾਲ ਨਫ਼ਰਤ ਹੋ ਜਾਂਦੀ ਹੈ। ਇਸੇ ਲਈ ਉਹ ਤਾਏ ਵੱਲੋਂ ਲੱਭੇ ਕਨੇਡਾ ਵਾਲੇ ਮੁੰਡੇ ਨਾਲ ਵਿਆਹ ਨਾ ਕਰਵਾਉਣ ਦਾ ਮਨ ਹੀ ਮਨ ਫੈਸਲਾ ਕਰ ਲੈਂਦੀ ਹੈ।

ਸਮਕਾਲੀ ਦੌਰ ਬੇਵਿਸਾਹੀ ਦਾ ਦੌਰ ਹੈ। ਮੁਨਾਫ਼ਾ ਬਿਰਤੀ ਨੇ ਹਰ ਵਸਤ ਦੀ ਗੁਣਵੱਤਾ ਨੂੰ ਖੋਰਾ ਲਾਇਆ ਹੈ। ਬਾਜ਼ਾਰ ਨੇ ਬੰਦੇ ਨੂੰ ਵੀ ਵਸਤ ਬਣਾ ਦਿੱਤਾ ਹੈ। ਵਸਤ ਬਣੇ ਬੰਦੇ ਦੀ ਬੰਦਿਆਈ ਖਤਮ ਹੋ ਰਹੀ ਹੈ। ਜਿਵੇਂ ਵਸਤਾਂ ਵਿਚ ਸ਼ੁੱਧਤਾ ਨਹੀਂ ਰਹੀ, ਉਸੇ ਤਰ੍ਹਾਂ ਕਿਰਦਾਰਾਂ ਵਿਚੋਂ ਸ਼ੁੱਧਤਾ ਖਤਮ ਹੋ ਰਹੀ ਹੈ। ਜਦੋਂ ਤਿਲਕਣਬਾਜ਼ੀ ਦੇ ਦੌਰ ਵਿਚ ਬੰਦਾ ਛੋਟੀਆਂ-ਛੋਟੀਆਂ ਗੱਲਾਂ 'ਤੇ ਤਿਲਕਣ ਲੱਗ ਪਵੇ ਤਾਂ ਉਸ ਦੌਰ ਵਿਚ ਕਿਰਦਾਰ ਦੀ ਸ਼ੁੱਧਤਾ ਬਹੁਤ ਅਹਿਮ ਲੱਗਦੀ ਹੈ। 'ਖ਼ਾਲਸ' ਕਹਾਣੀ, ਜਿਸਦੇ ਨਾਮ 'ਤੇ ਸੰਗ੍ਰਹਿ ਦਾ ਨਾਮਕਰਨ ਕੀਤਾ ਹੈ, ਕਿਰਦਾਰ ਦੀ ਸ਼ੁੱਧਤਾ ਦਾ ਉੱਤਮ ਨਮੂਨਾ ਹੈ। ਪ੍ਰੀਤਮ ਦਾਸ ਉਰਫ ਪੀਤੂ ਜੁਲਾਹਾ ਜਾਤੀ ਨਾਲ ਸੰਬੰਧ ਰੱਖਦਾ ਹੈ। ਆਪਣੇ ਜੱਦੀ ਕਸਬ ਖੱਡੀ ਬੁਣਨ ਦੀ ਥਾਂ ਉਹ ਫਲਾਂ ਦੇ ਬਾਗ਼ ਠੇਕੇ 'ਤੇ ਲੈ ਕੇ ਆਪਣਾ ਗੁਜ਼ਾਰਾ ਕਰਦਾ ਹੈ। ਉਸਦੀ ਘਰਵਾਲੀ ਬੰਤੀ ਬਹੁਤ ਖ਼ੂਬਸੂਰਤ ਹੈ। ਪੀਤੂ ਆਪਣੇ ਕੰਮਾਂ ਵਿਚ ਉਲਝਿਆ ਉਸਦੀ ਦੇਹ ਦਾ ਰੱਜ ਨਹੀਂ ਬਣ ਪਾਉਂਦਾ। ਬੰਤੀ ਆਪਣੇ ਘਰੇ ਖੱਡੀ 'ਤੇ ਕੰਮ ਕਰਨ ਵਾਲੇ ਕਰਮੇ ਨਾਲ ਸੰਬੰਧ ਬਣਾ ਲੈਂਦੀ ਹੈ। ਪੀਤੂ ਘਰ ਛੱਡ ਕੇ ਬਾਗ਼ ਵਿਚ ਰਹਿਣ ਲੱਗ ਜਾਂਦਾ ਹੈ। ਠੇਕੇਦਾਰ ਦਾ ਨੌਕਰ ਅਰਜੂ ਪੀਤੂ ਤੋਂ ਅਮਰੂਦ ਤੋੜਨ ਬਦਲੇ ਹੋਈ ਆਪਣੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਪੀਤੂ ਦੇ ਚਰਿੱਤਰ ਨੂੰ ਜੀਤੋ ਝੀਰੀ ਨਾਲ ਜੋੜ ਕੇ ਬਦਨਾਮ ਕਰਨ ਦਾ ਯਤਨ ਕਰਦਾ ਹੈ। ਗ਼ੁੱਸੇ ਵਿਚ ਆਇਆ ਪੀਤੂ ਭੜਕ ਉੱਠਦਾ ਹੈ। ਉਸਦਾ ਇਹ ਕਹਿਣਾ, "ਉਏ ਮੈਂ ਕੋਈ ਤੇਰੇ ਵਰਗੀ ਦੁੱਕੀ-ਤਿੱਕੀ ਜਾਤ ਨਹੀਂ, ਮੈਂ ਖ਼ਾਲਸ ਕੋਰੋਟਾਣੀਆਂ ਜੁਲਾਹਾ ਆਂ," ਦੇਖਣ ਨੂੰ ਭਾਵੇਂ ਜਾਤੀ ਹੰਕਾਰ ਦਾ ਪ੍ਰਭਾਵ ਦਿੰਦਾ ਹੈ ਪਰ ਅਸਲ ਵਿਚ ਇਹ ਆਪਣੇ ਕਿਰਦਾਰ ਦੀ ਸ਼ੁੱਧਤਾ ਦਾ ਰੁਦਨ ਹੈ ਜਿਸਨੂੰ ਕੋਈ ਨਹੀਂ ਸੁਣਦਾ।

ਓਠੀ ਦਾ ਇਹ ਕਹਾਣੀ ਸੰਗ੍ਰਹਿ ਸਹਿਜ ਰੂਪ ਵਿਚ ਸਾਧਾਰਨ ਪਾਤਰਾਂ ਦੇ ਬਿਰਤਾਂਤ ਰਾਹੀਂ ਸਮਕਾਲੀ ਯਥਾਰਥ ਨੂੰ ਪੇਸ਼ ਕਰਦਾ ਹੈ। ਕਹਾਣੀਆਂ ਦੇ ਕੇਂਦਰ ਵਿਚ ਹਰ ਤਰ੍ਹਾਂ ਦਾ ਮਨੁੱਖ ਹੈ। ਜੇਕਰ ਨਿਮਨ ਕਿਸਾਨੀ ਸੰਕਟਾਂ ਦਾ ਸ਼ਿਕਾਰ ਨਜ਼ਰ ਆਉਂਦੀ ਹੈ ਤਾਂ ਮੱਧਲੀ ਕਿਸਾਨੀ ਲਈ ਵੱਖਰੀ ਤਰ੍ਹਾਂ ਦੇ ਸੰਕਟ ਹਨ। ਜਾਤੀ ਤੇ ਜਮਾਤੀ ਪੱਖ ਤੋਂ ਦਲਿਤ ਵਰਗ ਦੀਆਂ ਸਮੱਸਿਆਵਾਂ ਹਨ, ਪਰਵਾਸ ਨਾਲ ਜੁੜੇ ਸਰੋਕਾਰ ਵੀ ਸੰਕਟਮਈ ਹਨ। ਸਭ ਤੋਂ ਖ਼ੂਬਸੂਰਤ ਇਕ ਪੱਖ ਇਹ ਵੀ ਉਭਰਦਾ ਹੈ ਕਿ ਅਵਤਾਰ ਸਿੰਘ ਓਠੀ ਨੇ ਦਲਿਤ ਤੇ ਹੋਰ ਜਮਾਤਾਂ ਦੇ ਆਪਸੀ ਟਕਰਾਓ ਦੇ ਸਮਵਿੱਥ ਉਹਨਾਂ ਦੀ ਆਪਸੀ ਸਾਂਝ ਨੂੰ ਭਰਵੇਂ ਰੂਪ ਵਿਚ ਚਿਤਰਿਆ ਹੈ। ਕੁੱਲ ਮਿਲਾ ਕੇ ਇਹ ਕਹਾਣੀ ਸੰਗ੍ਰਹਿ ਪੜ੍ਹਨਯੋਗ ਤੇ ਵਿਚਾਰਨਯੋਗ ਹੈ। **-ਡਾ. ਹਰਿੰਦਰ ਸਿੰਘ**

## ਨਵਯੁਗ (ਨਾਵਲ) ਹਰਮਹਿੰਦਰ ਚਹਿਲ

ਪਰਵਾਸੀ ਪੰਜਾਬੀ ਸਾਹਿਤ ਬਾਰੇ ਗੱਲ ਕਰਦਿਆਂ ਪੰਜਾਬੀ ਆਲੋਚਨਾ ਨੇ ਹਮੇਸ਼ਾ ਕੁਝ ਕੁ ਜੁਜ਼ ਸਿਰਜੇ ਹਨ ਤੇ ਉਹਨਾਂ ਵਿਚ ਹੀ ਉਸ ਸਾਹਿਤ ਨੂੰ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ। ਜਦਕਿ ਹੁਣ ਦਾ ਪਰਵਾਸੀ ਪੰਜਾਬੀ ਸਾਹਿਤ ਉਹਨਾਂ ਨਿਰਧਾਰਤ ਜੁਜ਼ਾਂ ਤੋਂ ਪਰੇ ਪਹੁੰਚ ਚੁੱਕਾ ਹੈ। ਹੁਣ ਇਸ ਸਾਹਿਤ ਬਾਰੇ ਗੱਲ ਕਰਦਿਆਂ ਸਿਰਫ਼ ਵਿਦੇਸ਼ੀ ਧਰਤੀ ਤੇ ਮਾਤ-ਭੂਮੀ ਵਿਚਲਾ ਅੰਤਰ ਹੀ ਇਕ ਜ਼ਰੂਰੀ ਕਾਰਕ ਨਹੀਂ ਰਹਿ ਜਾਂਦਾ, ਹੋਰ ਅਨੇਕਾਂ ਅਜਿਹੇ ਪਰਦੇ ਹਨ ਜਿਹਨਾਂ ਦੇ ਪਾਸੇ ਹੁੰਦਿਆਂ ਇਕ ਨਵੀਂ ਦ੍ਰਿਸ਼ਟੀ ਹਾਸਿਲ ਹੁੰਦੀ ਹੈ। ਹੱਥਲਾ ਨਾਵਲ 'ਨਵਯੁਗ' (ਪੰਨੇ 224, ਮੁੱਲ 275 ਰੁਪਏ, ਪੇਪਰਬੈਕ, ਸੰਗਮ ਪਬਲੀਕੇਸ਼ਨ, ਸਮਾਣਾ) ਇਸੇ ਕਿਸਮ ਦੀ ਕਥਾਕਾਰੀ ਹੈ। ਹਰਮਹਿੰਦਰ ਚਹਿਲ ਪੰਜਾਬੀ

ਗਲਪ ਰਚਨਾ ਦੇ ਖੇਤਰ ਵਿਚ ਸਤਿਕਾਰਤ ਨਾਮ ਹੈ, ਜਿਸ ਨੇ ਆਪਣੇ ਨਾਵਲਾਂ ਵਿਚ ਪਰਵਾਸੀ ਜੀਵਨ ਦੇ ਵੱਖਰੇ ਅਯਾਮ ਸਿਰਜੇ ਹਨ। ਹੁਣ ਤਕ ਚਹਿਲ ਛੇ ਕਹਾਣੀ ਸੰਗ੍ਰਹਿ ਅਤੇ ਪੰਜ ਨਾਵਲ ਪ੍ਰਕਾਸ਼ਿਤ ਕਰਵਾ ਚੁੱਕਾ ਹੈ। 'ਨਵਯੁਗ' ਉਸਦਾ ਛੇਵਾਂ ਨਾਵਲ ਹੈ।

ਇਹ ਨਾਵਲ ਅਮਰੀਕਾ ਦੀ ਧਰਤੀ 'ਤੇ ਘਟਿਤ ਹੁੰਦਾ ਹੈ। ਨਾਵਲ ਦੇ ਪਾਤਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਇਕ ਉਹ ਪਾਤਰ ਹਨ ਜਿਹੜੇ ਪੰਜਾਬ ਤੋਂ ਜਾ ਕੇ ਅਮਰੀਕਾ ਵਸੇ, ਓਥੇ ਮਿਹਨਤਾਂ ਕੀਤੀਆਂ, ਸੈੱਟ ਹੋਏ ਆਦਿ। ਅਤੇ ਦੂਸਰੇ ਪਾਤਰ ਉਹ ਹਨ ਜਿਹੜੇ ਅਮਰੀਕਾ ਦੀ ਧਰਤੀ 'ਤੇ ਹੀ ਪੈਦਾ ਹੋਏ ਹਨ ਅਤੇ ਪੰਜਾਬੀ ਮਾਂ ਬਾਪ ਦੀ ਔਲਾਦ ਹਨ। ਇਹ ਪਾਤਰ ਅਮਰੀਕੀ ਜੀਵਨ ਸ਼ੈਲੀ ਨੂੰ ਅਪਨਾਉਂਦੇ ਹੋਏ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀ ਮਾਂ-ਬਾਪ ਤੋਂ ਬਾਹਰ ਨਹੀਂ ਹਨ। ਸਿੱਧੇ ਰੂਪ ਵਿਚ ਵੇਖਿਆਂ ਇਹਨਾਂ ਪਾਤਰਾਂ ਵਿਚ ਪੀੜ੍ਹੀ ਪਾੜਾ ਵਿਖਾਈ ਦਿੰਦਾ ਹੈ ਜਿਹੜਾ ਕਿ ਹੈ ਵੀ ਤੇ ਹੋਣਾ ਸੁਭਾਵਕ ਵੀ ਹੈ। ਪਰ ਗੱਲ ਇਸ ਤੋਂ ਕਿਤੇ ਅਗਾਂਹ ਵੀ ਹੈ। ਨਾਵਲ ਦਾ ਮੁੱਖ ਵਿਸ਼ਾ ਇਹ ਹੈ ਕਿ ਪੰਜਾਬ ਤੋਂ ਗਈ ਪੀੜ੍ਹੀ ਆਪਣੇ ਬੱਚਿਆਂ ਦੇ ਵਿਆਹ ਪੰਜਾਬ ਵਿਚ ਹੀ ਕਰਨਾ ਚਾਹੁੰਦੀ ਹੈ। ਕਹਾਣੀ ਕਿਰਪਾਲ ਸਿੰਘ ਦੇ ਅਮਰੀਕਾ ਜਾਣ ਨਾਲ਼ ਸ਼ੁਰੂ ਹੁੰਦੀ ਹੈ। ਕਿਰਪਾਲ ਡਾਕਟਰੀ ਦੀ ਪੜ੍ਹਾਈ ਲਈ ਅਮਰੀਕਾ ਗਿਆ ਹੈ। ਬਾਅਦ ਵਿਚ ਉਹ ਆਪਣੇ ਦੂਸਰੇ ਭਰਾਵਾਂ ਬਲਕਾਰ ਸਿੰਘ, ਜਗਤਾਰ ਸਿੰਘ, ਕਰਤਾਰ ਸਿੰਘ ਅਤੇ ਭੈਣ ਪਾਲੀ ਨੂੰ ਵੀ ਅਮਰੀਕਾ ਲਿਜਾ ਕੇ ਸੈੱਟ ਕਰਵਾ ਦਿੰਦਾ ਹੈ। ਸਾਰੇ ਹੀ ਮਿਹਨਤ ਕਰ ਕੇ ਓਥੇ ਸੈੱਟ ਹੁੰਦੇ ਹਨ। ਹੁਣ ਜਦੋਂ ਬੱਚੇ ਵੱਡੇ ਹੁੰਦੇ ਹਨ ਤੇ ਉਹਨਾਂ ਦੇ ਵਿਆਹ ਦੀ ਗੱਲ ਚੱਲਦੀ ਹੈ ਤਾਂ ਸਭ ਤੋਂ ਪਹਿਲਾਂ ਪਾਲੀ ਆਪਣੀ ਧੀ ਕਰਮਿੰਦਰ ਉਰਫ਼ ਕਰਮੀ ਦਾ ਵਿਆਹ ਪੰਜਾਬ ਜਾ ਕੇ ਕਰਨ ਦੀ ਗੱਲ ਕਰਦੀ ਹੈ। ਉਸ ਨੇ ਓਥੇ ਮੁੰਡਾ ਲੱਭ ਲਿਆ ਹੈ, ਪੰਜਾਹ ਕਿੱਲੇ ਜ਼ਮੀਨ ਦਾ ਮਾਲਕ ਦਰਸ਼ਣ ਸਿੰਘ। ਸਾਰੇ ਹੀ ਇਸ ਗੱਲ ਦੀ ਖੁਸ਼ੀ ਮਨਾਉਂਦੇ ਹਨ। ਸਿਰਫ਼ ਬੱਚਿਆਂ ਦੇ ਕਜ਼ਨ ਗਰੁੱਪ ਵਿਚ ਇਸ ਬਾਰੇ ਕੋਈ ਚੰਗੀ ਰਾਇ ਨਹੀਂ ਬਣਦੀ, ਪਰ ਉਹ ਕੁਝ ਨਹੀਂ ਕਰ ਸਕਦੇ। ਕਰਮੀ ਵਿਆਹੀ ਜਾਂਦੀ ਹੈ, ਦਰਸ਼ਣ ਅਮਰੀਕਾ ਆ ਜਾਂਦਾ ਹੈ ਤੇ ਹੌਲ਼ੀ-ਹੌਲ਼ੀ ਉਸਦਾ ਬਾਕੀ ਪਰਿਵਾਰ ਵੀ। ਪਤਾ ਚੱਲਦਾ ਹੈ ਕਿ ਦਰਸ਼ਣ ਇਕ ਨੰਬਰ ਦਾ ਵਿਹਲੜ, ਨਸ਼ੇੜੀ ਤੇ ਅਣਪੜ੍ਹ ਕਿਸਮ ਦਾ ਬੰਦਾ ਹੈ। ਏਥੋਂ ਹੀ ਕਰਮੀ ਦਾ ਜੀਵਨ ਨਰਕ ਬਣਨਾ ਸ਼ੁਰੂ ਹੋ ਜਾਂਦਾ ਹੈ। ਭਾਵੇਂ ਕਿ ਕਰਮੀ ਦੇ ਮਾਮੇ-ਮਾਮੀਆਂ ਸਭ ਇਸ ਗੱਲ ਦਾ ਫ਼ਿਕਰ ਕਰਦੇ ਹਨ, ਪਰ ਇਸ ਨੂੰ ਆਪਣੀ ਗ਼ਲਤੀ ਨਾ ਮੰਨ ਕੇ ਉਸਦੇ ਕਰਮਾਂ ਦਾ ਲਿਖਿਆ ਕਹਿੰਦੇ ਹਨ। ਕਰਮੀ ਦੇ ਵਿਆਹ ਤੋਂ ਕੁਝ ਸਿੱਖਣ ਦੀ ਥਾਂ ਕਿਰਪਾਲ ਆਪਣੇ ਬੇਟੇ ਬੀਰੇ ਦਾ ਵਿਆਹ ਵੀ ਪੰਜਾਬ ਹੀ ਕਰਦਾ ਹੈ। ਬੀਰੇ ਦੀ ਜ਼ਿੰਦਗੀ ਵੀ ਏਵੇਂ ਹੀ ਨਰਕ ਬਣਦੀ ਹੈ। ਉਸਦੀ ਪਤਨੀ ਰੱਤੀ, ਜਿਸਦੇ ਕਿ ਕਿਸੇ ਹੋਰ ਮੁੰਡੇ ਨਾਲ਼ ਸੰਬੰਧ ਹਨ, ਬੀਰੇ ਨਾਲ਼ ਸਿਰਫ਼ ਇਸ ਲਈ ਵਿਆਹ ਕਰਵਾਉਂਦੀ ਹੈ ਕਿ ਉਹ ਅਮਰੀਕਾ ਪਹੁੰਚ ਕੇ ਗਰੀਨ ਕਾਰਡ ਹਾਸਲ ਕਰ ਲਵੇਗੀ ਅਤੇ ਨਾਲ਼ ਹੀ ਬੀਰੇ ਦੀ ਜਾਇਦਾਦ ਵਿਚੋਂ ਵੀ ਹਿੱਸਾ ਲੈ ਲਵੇਗੀ। ਰੱਤੀ ਦਾ ਪ੍ਰੇਮੀ ਵੀ ਉਸਦੇ ਪਿੱਛੇ ਅਮਰੀਕਾ ਪਹੁੰਚ ਜਾਂਦਾ ਹੈ, ਰੱਤੀ ਦੀ ਮਾਂ ਨੂੰ ਵੀ ਇਸ ਦਾ ਪਤਾ ਹੁੰਦਾ ਹੈ ਅਤੇ ਉਹ ਰੱਤੀ ਦਾ ਸਾਥ ਦਿੰਦੀ ਹੈ। ਬੀਰਾ ਜਿਸਨੇ ਕਿ ਇਹ ਵਿਆਹ ਸਿਰਫ਼ ਆਪਣੇ ਪਿਤਾ ਦੀ ਇੱਛਾ ਕਰਕੇ ਕਰਵਾਇਆ ਸੀ, ਇਸ ਤਰ੍ਹਾਂ ਦਾ ਜੀਵਨ ਭੋਗਣ ਲਈ ਮਜਬੂਰ ਹੈ। ਏਸੇ ਤਰ੍ਹਾਂ ਹੀ ਕਰਤਾਰ ਸਿੰਘ ਆਪਣੀ ਧੀ ਨਿੰਦੀ ਲਈ ਵੀ ਪੰਜਾਬ ਵਿਚ ਹੀ ਵਰ ਲੱਭਦਾ ਹੈ ਅਤੇ ਓਥੇ ਜਾ ਕੇ ਉਸਦਾ ਰੋਕਾ ਵੀ ਕਰ ਆਉਂਦਾ ਹੈ। ਇਸਦੇ ਉਲਟ ਕਰਮੀ ਦੀ ਭੈਣ ਧਰਮੀ ਕਿਸੇ ਕਾਲ਼ੇ ਮੁਸਲਿਮ ਲੜਕੇ ਹੈਦਰ ਅਸਲਮ ਨਾਲ਼ ਵਿਆਹ ਕਰਵਾਉਂਦੀ ਹੈ ਅਤੇ ਇਕ ਸੁਖੀ ਵਿਆਹੁਤਾ ਜੀਵਨ ਹੰਢਾ ਰਹੀ ਹੈ। ਕੁਲਦੀਪ ਜਿਹੜਾ ਕਿ ਅਮਰੀਕਾ ਦੀ ਨਵੀਂ ਪੀੜ੍ਹੀ ਦਾ ਆਈਕਨ ਹੈ, ਉਹ ਵੀ ਸ਼੍ਰੀ ਲੰਕਾ ਦੀ ਜੰਮਪਲ ਲੜਕੀ ਨਾਲ਼ ਵਿਆਹ ਕਰਵਾਉਣ ਦਾ ਫ਼ੈਸਲਾ ਲੈਂਦਾ ਹੈ। ਨਾਵਲ ਦਾ ਇਕ ਪਾਤਰ ਜਿਹੜਾ ਕਿ ਕਰਮੀ ਦਾ ਦੋਸਤ ਹੈ, ਗਿੰਨੀ, ਉਹ ਵੀ ਮਾਂ-ਬਾਪ ਦੇ ਹੁਕਮ ਅਨੁਸਾਰ ਪੰਜਾਬ ਵਿਆਹ ਕਰਵਾ ਕੇ ਏਸੇ ਤਰ੍ਹਾਂ ਦਾ ਸੰਤਾਪ ਹੰਢਾ ਰਿਹਾ ਹੈ ਜਿਵੇਂ ਦਾ ਕਰਮੀ, ਬੀਰਾ ਆਦਿ ਪਾਤਰ ਭੋਗ ਰਹੇ ਹਨ। ਇਸ ਤਰ੍ਹਾਂ ਨਾਵਲ ਦੀ ਸਮੁੱਚੀ ਕਹਾਣੀ

ਇਹਨਾਂ ਹੀ ਪਾਤਰਾਂ ਦੁਆਲ਼ੇ ਘੁੰਮਦੀ ਹੈ। ਹੌਲ਼ੀ ਹੌਲ਼ੀ ਇਹ ਸਾਰੇ ਆਪਣੇ ਜੀਵਨ ਨੂੰ ਠੀਕ ਕਰਨ ਲਈ ਇਹਨਾਂ ਵਿਆਹਾਂ ਤੋਂ ਪਿੱਛਾ ਛੁਡਵਾ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਨ। ਕਰਮੀ ਅਤੇ ਗਿੰਨੀ ਆਪਸ ਵਿਚ ਵਿਆਹ ਕਰਨ ਦਾ ਫ਼ੈਸਲਾ ਕਰਦੇ ਹਨ, ਬੀਰਾ ਆਪਣੀ ਕਿਸੇ ਹੋਰ ਕੁਲੀਗ ਦੋਸਤ ਨਾਲ਼ ਰਹਿਣ ਦਾ ਫ਼ੈਸਲਾ ਕਰਦਾ ਹੈ। ਸਾਰਾ ਕੁਝ ਸੁਖਾਂਤ ਵੱਲ ਵਧ ਹੀ ਰਿਹਾ ਹੁੰਦਾ ਹੈ ਕਿ ਕਰਮੀ ਅਤੇ ਗਿੰਨੀ ਦੇ ਵਿਆਹ ਵਿਚ ਆ ਕੇ ਦਰਸ਼ਣ, ਜਿਸਦਾ ਕਿ ਕਰਮੀ ਨਾਲੋਂ ਤਲਾਕ ਹੋ ਚੁੱਕਾ ਹੈ, ਫਾਇਰਿੰਗ ਕਰ ਦਿੰਦਾ ਹੈ, ਜਿਸ ਵਿਚ ਹੈਦਰ ਅਸਲਮ, ਗਿੰਨੀ ਅਤੇ ਹੋਰ ਚਾਰ ਲੋਕ ਮਾਰੇ ਜਾਂਦੇ ਹਨ, ਬਾਕੀ ਜਖ਼ਮੀ ਹੁੰਦੇ ਹਨ। ਨਾਵਲ ਦਾ ਅੰਤ ਦੁਖਾਂਤਕ ਹੁੰਦਾ ਹੈ।

ਸਵਾਲ ਇਹ ਹੈ ਕਿ ਇਹ ਦੁਖਾਂਤ ਕਿਉਂ ਵਾਪਰਦਾ ਹੈ। ਕੀ ਇਹ ਸਿਰਫ਼ ਪੀੜ੍ਹੀ ਪਾੜ੍ਹਾ ਹੀ ਹੈ ਕਿ ਮਾਂ-ਬਾਪ ਬੱਚਿਆਂ ਦੀ ਗੱਲ ਨਹੀਂ ਸਮਝ ਪਾਉਂਦੇ ਕਿ ਉਹ ਕੀ ਚਾਹੁੰਦੇ ਹਨ? ਮੇਰੀ ਜਾਚੇ ਇਹ ਸਿਰਫ਼ ਪੀੜ੍ਹੀ ਪਾੜ੍ਹਾ ਨਹੀਂ ਹੈ ਬਲਕਿ ਸੱਭਿਆਚਾਰਕ ਪਛੜੇਵਾਂ ਹੈ। ਭਾਵੇਂ ਅਸੀਂ ਸੱਭਿਆਚਾਰਕ ਤੌਰ ‘ਤੇ ਜਿੰਨੀ ਮਰਜ਼ੀ ਤਰੱਕੀ ਕਰ ਗਏ ਹੋਈਏ ਪਰ ਇਹ ਤਰੱਕੀ ਸਿਰਫ਼ ਵਸਤ ਆਧਾਰਿਤ ਹੈ, ਨਾ ਕਿ ਸੱਭਿਆਚਾਰ ਦੇ ਹਰੇਕ ਅਨੁਸ਼ਾਸ਼ਨ ਦੀ ਤਰੱਕੀ। ਏਸੇ ਕਾਰਨ ਅਸੀਂ ਵਿਦੇਸ਼ਾਂ ਵਿਚ ਜਾ ਕੇ ਵੀ ਆਪਣੇ ਰੂੜ੍ਹੀਵਾਦੀ ਵਿਚਾਰਾਂ, ਮਣੌਤਾਂ, ਸੰਸਕਾਰਾਂ ਦਾ ਖਹਿੜਾ ਨਾ ਛੱਡਦੇ ਹੋਏ ਉਹਨਾਂ ਨੂੰ ਆਪਣੀ ਹੋਂਦ ਦਾ ਆਧਾਰ ਮੰਨ ਕੇ ਚੱਲਦੇ ਹਾਂ। ਨਾਵਲ ਦਾ ਇਕ ਮੁੱਖ ਪੱਖ ਇਹ ਹੈ ਕਿ ਨਾਵਲ ਦੇ ਉਹ ਪਾਤਰ ਜਿਹੜੇ ਪੰਜਾਬੋਂ ਅਮਰੀਕਾ ਗਏ ਹਨ, ਉਹਨਾਂ ਵਿਚ ਫ਼ੈਸਲਾ ਕਰਨ ਦੀ ਹਰ ਇਕ ਤਾਕਤ ਮਰਦ ਦੇ ਹੱਥ ਹੈ। ਔਰਤ ਪਾਤਰ ਭਾਵੇਂ ਉਹ ਨਾਮੋ ਹੈ, ਪਾਲੀ ਹੈ ਜਾਂ ਨਿੰਦੀ ਦੀ ਮਾਂ ਹੈ, ਉਹ ਕਿਸੇ ਵੀ ਫ਼ੈਸਲੇ ਵਿਚ ਆਪਣੀ ਮਰਜ਼ੀ ਨਹੀਂ ਰੱਖ ਸਕਦੀਆਂ। ਪਤੀ ਉਹਨਾਂ ਨੂੰ ਬੋਲਣ ਦਾ ਅਧਿਕਾਰ ਹੀ ਨਹੀਂ ਦਿੰਦੇ। ਇਹੋ ਸੱਭਿਆਚਾਰਕ ਪਛੜੇਵਾਂ ਹੈ ਕਿ ਅਸੀਂ ਅਮਰੀਕਾ ਪੁੱਜ ਕੇ ਵੀ ਸੋਚਣ ਸਮਝਣ ਵਜੋਂ ਅਜੇ ਉਹੀ ਰੂੜ੍ਹੀਵਾਦੀ ਹਾਂ। ਭਾਵੇਂ ਕਿ ਬੱਚੇ ਮਾਂ-ਬਾਪ ਦਾ ਸਤਿਕਾਰ ਕਰਦੇ ਹਨ, ਉਹਨਾਂ ਦੇ ਫ਼ੈਸਲੇ ਦੀ ਉਲੰਘਣਾ ਨਾ ਕਰ ਕੇ ਉਹਨਾਂ ਦੇ ਕਹੇ ਵਿਆਹ ਕਰਵਾ ਲੈਂਦੇ ਹਨ, ਪਰ ਜਿਹੜਾ ਅੰਤ ਹੁੰਦਾ ਹੈ, ਉਹ ਪੁਰਾਣੀ ਪੀੜ੍ਹੀ ਦਾ, ਉਹਨਾਂ ਦੀਆਂ ਮਾਨਤਾਵਾਂ ਦਾ ਅੰਤ ਹੈ।

ਹਰਮਹਿੰਦਰ ਚਹਿਲ ਨੇ ਇਹ ਨਾਵਲ ਲਿਖ ਕੇ ਜਿੱਥੇ ਇਸ ਸੱਭਿਆਚਾਰਕ ਪਛੜੇਵੇਂ ਨੂੰ ਉਭਾਰਿਆ ਹੈ ਓਥੇ ਹੀ ਇਹ ਰਾਹ ਵੀ ਦਿਖਾਇਆ ਹੈ ਕਿ ਨਵੀਂ ਪੀੜ੍ਹੀ ਇਕ ਨਵੇਂ ਯੁੱਗ ਦੀ ਲਖਾਇਕ ਹੈ ਜਿਹੜਾ ਕੇ ਉਸ ਸਿਰਜ ਹੀ ਲੈਣਾ ਹੈ।

ਹਰ ਇਕ ਸਾਹਿਤਕ ਟੈਕਸਟ ਆਪਣੇ ਵਿਸ਼ੇ ਦੀਆਂ ਸੰਪੂਰਨ ਸੰਭਾਵਨਾਵਾਂ ਨੂੰ ਹੰਢਾਉਣ ਦੀ ਕੋਸ਼ਿਸ਼ ਵਿਚ ਹੁੰਦੀ ਹੈ। ਸੁਚੇਤ ਲੇਖਕ ਇਸ ਤਰ੍ਹਾਂ ਕਰਨ ਵਿਚ ਕਾਫ਼ੀ ਹੱਦ ਤਕ ਕਾਮਯਾਬ ਰਹਿੰਦੇ ਹਨ। ਪਰ ਕਈ ਕੁਝ ਲੇਖਕ ਚੰਗੇ ਵਿਸ਼ੇ ਤੇ ਮਾੜੀ ਰਚਨਾ ਲਿਖ ਕੇ ਉਸ ਵਿਸ਼ੇ ਨੂੰ ਖ਼ਤਮ ਵੀ ਕਰ ਦਿੰਦੇ ਹਨ। ਨਾਵਲ ‘ਨਵਯੁਗ’ ਬਾਰੇ ਟਿੱਪਣੀ ਕਰਦਿਆਂ ਸਤਿਕਾਰਤ ਨਾਵਲਕਾਰ ਹਰਜੀਤ ਅਟਵਾਲ ਨੇ ਇਸੇ ਦਿਸ਼ਾ ਵਿਚ ਕਿਹਾ ਹੈ ਕਿ 'ਆਪਣੇ ਹਾਸਲ ਹੋਏ ਤਜਰਬਿਆਂ ਮੁਤਾਬਕ ਮੈਂ ਵੀ ਨਵੀਂ ਪੀੜ੍ਹੀ ਨਾਲ਼ ਡਟ ਕੇ ਖ਼ੜ੍ਹਨਾ ਚਾਹੁੰਦਾ ਹਾਂ ਪਰ ਹਰਮਹਿੰਦਰ ਚਹਿਲ ਇਹ ਨਾਵਲ ਲਿਖ ਕੇ ਬਹੁਤ ਪਹਿਲ ਕਰ ਗਿਆ ਹੈ।' ਏਥੇ ਧਿਆਨਯੋਗ ਹੈ ਕਿ ਏਥੇ ਸਿਰਫ ਪਹਿਲ ਨਾ ਕਹਿ ਕੇ ਬਹੁਤ ਪਹਿਲ ਕਿਹਾ ਗਿਆ ਹੈ ਭਾਵ ਚਹਿਲ ਨੇ ਇਸ ਨਾਵਲ ਨਾਲ਼ ਸੰਬੰਧਤ ਵਿਸ਼ੇ ਦੀਆਂ ਉਹ ਸਾਰੀਆਂ ਸੰਭਾਵਨਾਵਾਂ ਇਸ ਨਾਵਲ ਵਿਚ ਹੰਢਾ ਲਈਆਂ ਹਨ ਜਿਹੜੀਆਂ ਇਸ ਵਿਸ਼ੇ ਵਿਚ ਸਨ। ਹੁਣ ਕਿਸੇ ਹੋਰ ਲੇਖਕ ਲਈ ਇਸੇ ਵਿਸ਼ੇ ‘ਤੇ ਮੁੜ ਲਿਖਣਾ ਸ਼ਾਇਦ ਇਸ ਹੱਦ ਤਕ ਸੰਭਵ ਨਾ ਹੋਵੇ। ਟੀ. ਐੱਸ. ਈਲੀਅਟ ਏਸੇ ਨੁਕਤੇ ਨੂੰ ਕਿਸੇ ਕਲਾਸਿਕ ਟੈਕਸਟ ਹੋਣ ਦਾ ਇਕ ਕਾਰਨ ਮੰਨਦਾ ਹੈ। ਭਾਵੇਂ ਕਲਾਸਿਕ ਹੋਣ ਦੇ ਹੋਰ ਅਨੇਕਾਂ ਕਾਰਨ ਉਹ ਗਿਣਾਉਂਦਾ ਹੈ। ਅਸੀਂ ਏਥੇ ਇਸ ਨਾਵਲ ਨੂੰ ਕਲਾਸਿਕ ਤਾਂ ਨਹੀਂ ਕਹਿ ਰਹੇ ਪਰ ਇਸ ਦੇ ਇਕ ਅਜਿਹੇ ਨਾਵਲ ਹੋਣ ਦਾ ਦਾਅਵਾ ਜ਼ਰੂਰ ਕੀਤਾ ਜਾ ਸਕਦਾ ਹੈ ਜਿਹੜਾ ਨਾਵਲ ਹਮੇਸ਼ਾ ਯਾਦ ਰੱਖਿਆ ਜਾਵੇਗਾ।

**-ਹਰਵਿੰਦਰ ਸਿੰਘ**

## ਬਲੌਰੀ ਅੱਖ ਵਾਲਾ ਮੁੰਡਾ (ਕਹਾਣੀ ਸੰਗ੍ਰਹਿ) ਪਰਵੇਜ਼ ਸੰਧੂ

ਪਰਵੇਜ਼ ਸੰਧੂ ਪਰਵਾਸੀ ਪੰਜਾਬੀ ਕਹਾਣੀ ਸਾਹਿਤ ਦੀ ਸਮਰੱਥ ਕਹਾਣੀਕਾਰਾ ਹੈ। ਹੁਣ ਤਕ ਪ੍ਰਕਾਸ਼ਤ ਉਸਦੇ ਚਾਰ ਕਹਾਣੀ ਸੰਗ੍ਰਹਿ ਪਾਠਕਾਂ ਦਾ ਭਰਵਾਂ ਹੁੰਗਾਰਾ ਪ੍ਰਾਪਤ ਕਰ ਚੁੱਕੇ ਹਨ। ਹੱਥਲਾ ਕਹਾਣੀ ਸੰਗ੍ਰਹਿ 'ਬਲੌਰੀ ਅੱਖ ਵਾਲਾ ਮੁੰਡਾ' (ਸਵੀਨਾ ਪ੍ਰਕਾਸ਼ਨ, ਕੈਲੀਫੋਰਨੀਆ, ਮੁੱਲ 200 ਰੁਪਏ, ਪੰਨੇ 134) ਉਸ ਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਸੱਤ ਕਹਾਣੀਆ ਸ਼ਾਮਿਲ ਹਨ। ਪਰਵੇਜ਼ ਲਈ ਸਾਹਿਤ ਸਿਰਜਣਾ ਇਕ ਡੰਗੋਰੀ ਤੇ ਇਬਾਦਤ ਹੈ ਜਿਸ ਨੇ ਜ਼ਿੰਦਗੀ ਵਿਚ ਆਏ ਉਤਰਾਵਾਂ ਚੜ੍ਹਾਵਾਂ ਨੂੰ ਖਿੜੇ ਮੱਥੇ ਸਹਿਣ ਲਈ ਉਸਨੂ ਸਹਾਰਾ ਦਿੱਤਾ ਹੈ ਤੇ ਸਮਰੱਥਾ ਬਖ਼ਸ਼ੀ ਹੈ।

ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਬਾਲੋ' ਵਿਚ ਮੈਂ ਪਾਤਰ ਅਤੇ ਕਲਮ ਦੀ ਨੋਕ ਝੋਕ ਚਲਦੀ ਹੈ। ਰੂਹ ਇਸ਼ਕ ਮੁਹੱਬਤ ਦੀ ਕਹਾਣੀ ਲਿਖਣਾ ਚਾਹੁੰਦੀ ਹੈ ਪਰੇ ਕਲਮ ਦੇ ਨਖ਼ਰੇ ਅਜਿਹੇ ਹਨ ਕਿ ਗੱਲ ਸਿਰੇ ਨਹੀਂ ਚੜ੍ਹਦੀ। ਮਾਂ ਵੱਲੋਂ ਭੇਜੀ ਸਾਗ ਚੀਰਨ ਦੀ ਮਸ਼ੀਨ ਨੂੰ ਦੇਖ ਕੇ ਭਗਤ ਸਿਉਂ ਤੇ ਰਤਨੀ, ਜੋ ਦਹਾਕਿਆਂ ਤੋਂ ਕਲਮ ਦੇ ਅੰਦਰ ਵਸੇ ਹੋਏ ਹਨ, ਕਹਾਣੀ ਵਿਚ ਪਾਤਰਾਂ ਵਜੋਂ ਸਾਕਾਰ ਹੋ ਜਾਂਦੇ ਹਨ। ਸਾਰੀ ਉਮਰ ਥੁੜਾਂ ਦੀ ਮਾਰ ਸਹਿੰਦੇ ਰਹੇ ਪਰ ਮੋਹ ਭਿੱਜੀ ਜ਼ਿੰਦਗੀ ਜਿਉਂਦੇ ਇਹ ਸਾਧਾਰਨ ਜੀਵ ਜਿਵੇਂ ਕੋਈ ਸੁਰਗੀ ਜਿਉੜੇ ਹਨ। ਰਤਨੀ ਭਗਤ ਸਿਉਂ ਲਈ ਬਾਲੋ ਹੈ ਤੇ ਭਗਤ ਸਿਉਂ ਰਤਨੀ ਲਈ ਮਾਹੀਆ। ਰਤਨੀ ਦੀ ਮੌਤ 'ਤੇ ਭਗਤ ਸਿਉਂ ਉਸਨੂੰ ਆਪਣੇ ਹੱਥੀਂ ਆਖਰੀ ਇਸ਼ਨਾਨ ਕਰਾ ਕੇ, ਅੰਤਿਮ ਯਾਤਰਾ ਲਈ ਸ਼ਿੰਗਾਰ ਕੇ, ਵਾਹਿਗੁਰੂ ਦਾ ਜਾਪ ਕਰਦਾ ਹੈ ਅਤੇ ਉਸਦੇ ਭੋਗ ਤੋਂ ਪਹਿਲਾ ਹੀ ਚੱਲ ਵਸਦਾ ਹੈ। ਇਸ ਤਰ੍ਹਾਂ ਲੇਖਿਕਾ ਨੇ ਪਾਠਕਾਂ ਅੱਗੇ ਅਦੁਤੀ ਮੁਹੱਬਤ ਦੀ ਤਸਵੀਰ ਬਹੁਤ ਹੀ ਨੀਝ ਨਾਲ ਉਭਾਰੀ ਹੈ।

'ਪਰਲੇ ਪਾਰ' ਅਮਰੀਕਨ ਨੇਟਿਵ ਇੰਡੀਅਨ ਸਵੀਟਨ ਦੀ ਕਹਾਣੀ ਹੈ ਜਿਸਦੇ ਬਚਪਨ ਵਿਚ ਹੀ ਗੋਰੇ ਬਾਪ ਨੇ ਉਸਦੀ ਮਾਂ ਯਾਨੀ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਸੀ। ਏਸੇ ਕਾਰਨ ਹੀ ਸਵੀਟਨ ਆਪਣੀ ਭੈਣ ਸਮੇਤ ਚਾਈਲਡ ਕੇਅਰ ਹੋਮ ਵਿਚ ਪਲਿਆ ਸੀ। ਵੱਡਾ ਹੋਣ 'ਤੇ ਉਹ ਖੁਦ ਇਕ ਗੋਰੀ, ਹਰਸ਼ ਫ੍ਰੈਂਡ, ਨਾਲ ਵਿਆਹ ਕਰਾ ਕੇ ਤਿੰਨ ਬੱਚਿਆਂ ਦਾ ਬਪ ਬਣਦਾ ਹੈ ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਹੈ। ਕਹਾਣੀ ਆਦਿਵਾਸੀਆਂ ਦੀ ਨਸ਼ਾ ਗ੍ਰਸਤ ਜ਼ਿੰਦਗੀ ਅਤੇ ਟੁੱਟੇ ਘਰਾਂ ਦੀ ਬਾਤ ਪਾਉਂਦੀ ਹੈ। ਨੇਟਿਵ ਔਰਤ ਮਰਦਾਂ ਨਾਲ ਗੋਰੇ ਲੋਕ ਇਸ ਕਰਕੇ ਰਿਸ਼ਤੇ ਬਣਾਉਂਦੇ ਹਨ ਤਾਂ ਜੁ ਉਹ ਸਰਕਾਰੀ ਸਹੂਲਤਾਂ ਦਾ ਫ਼ਾਇਦਾ ਲੈ ਸਕਣ। ਆਪਣੇ ਸਵਾਰਥ ਕਾਰਨ ਵਿਆਹ ਦਾ ਰਿਸ਼ਤਾ ਬਣਾਉਣ ਪਿੱਛੋਂ ਉਹ ਧੋਖਾ ਦੇ ਜਾਂਦੇ ਹਨ। ਸਵੀਟਨ ਦੀ ਮਾਂ ਨਾਲ ਵੀ ਇਸ ਤਰ੍ਹਾਂ ਵਾਪਰਿਆ ਸੀ। ਹੁਣ ਸਵੀਟਨ ਦੀ ਗੋਰੀ ਪਤਨੀ ਆਪਣੇ ਦੋਸਤ ਨਾਲ ਮਿਲ ਕੇ ਉਸ ਨੂੰ ਧੋਖਾ ਦੇ ਜਾਂਦੀ ਹੈ। ਉਸ ਤੋਂ ਬੱਚੇ ਵੀ ਦੂਰ ਕਰ ਦਿੰਦੀ ਹੈ। ਪਿਤਾ ਵਿਹੂਣਾ ਪਲੇ ਹੋਣ ਕਰ ਕੇ ਉਹ ਇਹ ਦਰਦ ਆਪਣੇ ਬੱਚਿਆ ਨੂੰ ਨਹੀਂ ਦੇਣਾ ਚਾਹੁੰਦਾ ਤੇ ਉਹਨਾਂ ਨੂੰ ਕਬੀਲੇ ਦੀ ਨਸ਼ੇ ਤੇ ਗੰਦਗੀ ਵਾਲੀ ਜ਼ਿੰਦਗੀ ਤੋਂ ਪਾਸੇ ਲਿਜਾਣਾ ਚਾਹੁੰਦਾ ਹੈ। ਪਰ ਦੁਖਾਂਤ ਇਹ ਹੈ ਕਿ ਸੰਤਾਪ ਵਿਚ ਗ੍ਰੱਸਿਆ ਸਵੀਟਨ ਖੁਦ ਡਰੱਗੀ ਹੋ ਕੇ ਕੈਂਸਰ ਕਾਰਨ ਜ਼ਿੰਦਗੀ ਦੀ ਜੰਗ ਹਾਰ ਚੁੱਕਾ ਹੈ।

'ਚਾਬੀ' ਕਹਾਣੀ ਵਿਚ ਵੱਖ ਵੱਖ ਧਰਮਾਂ ਨਾਲ ਸੰਬੰਧਤ ਦੋ ਪ੍ਰੇਮੀ ਸਾਇਨਾ ਅਤੇ ਵੰਸ਼ ਮਾਪਿਆਂ ਦੀ ਕੱਟੜ ਵਿਰੋਧਤਾ ਦੇ ਬਾਵਜੂਦ ਵਿਆਹ ਦੇ ਬੰਧਨ ਵਿਚ ਬੱਝਦੇ ਹਨ। ਵਿਆਹ ਨੂੰ ਦਸ ਸਾਲ ਹੋ ਚੁੱਕੇ ਹਨ। ਸਾਇਨਾ ਨੂੰ ਆਪਣੇ ਸੁਹੱਪਣ 'ਤੇ ਬਹੁਤ ਮਾਣ ਹੈ ਅਤੇ ਉਹ ਬੱਚੇ ਨੂੰ ਜਨਮ ਦੇ ਕੇ ਆਪਣਾ ਸਰੀਰ ਖ਼ਰਾਬ ਨਹੀਂ ਕਰਨਾ ਚਾਹੁੰਦੀ। ਵੰਸ਼ ਦੇ ਸਮਝਾਉਣ 'ਤੇ ਵੀ ਨਹੀਂ ਸਮਝਦੀ ਸਗੋਂ ਬੱਚਾ ਗੋਦ ਲੈਣ ਦੀ ਸਲਾਹ ਦਿੰਦੀ ਹੈ। ਸਾਇਨਾ ਨੂੰ ਬੇਹੱਦ ਪਿਆਰ ਕਰਨ ਵਾਲਾ ਵੰਸ਼ ਇਸ ਸਥਿਤੀ ਵਿਚ ਉਸ ਤੋਂ ਦੂਰ ਹੁੰਦਾ ਜਾਪਦਾ ਹੈ ਅਤੇ ਉਹ ਰੁੱਸ ਕੇ ਮਾਂ ਬਾਪ ਦੇ ਘਰ ਆ ਜਾਂਦੀ ਹੈ। ਪਰ ਪੇਕੇ ਘਰ ਆ ਕੇ ਉਹ ਬਦਲੇ ਮਾਹੌਲ ਕਾਰਨ ਪਰੇਸ਼ਾਨ ਹੈ ਤੇ ਮਾਂ ਵੱਲੋਂ ਦਿੱਤੀ ਘਰ ਦੀ ਚਾਬੀ ਉਹਨਾਂ ਦੇ ਗਮਲੇ ਹੇਠ ਰੱਖ ਕੇ ਆਪਣੇ ਘਰ ਦੀ ਸੜਕ 'ਤੇ ਕਾਰ ਪਾ ਲੈਂਦੀ ਹੈ।

'ਡੈੱਥ ਔਫ ਏ ਡਰੀਮ' ਕਹਾਣੀ ਤਿੰਨ ਮਾਂਵਾਂ ਦਾ ਦਰਦ ਬਿਆਨ ਕਰਦੀ ਹੈ ਜੋ ਆਪੋ ਆਪਣੇ

ਬੱਚੇ ਖੋ ਚੁੱਕੀਆਂ ਹਨ ਤੇ ਦਰਦ ਤੋਂ ਨਿਜਾਤ ਲਈ ਥੈਰੇਪੀ ਲੈ ਰਹੀਆਂ ਹਨ। ਪਹਿਲੀ ਔਰਤ ਸਟੈਲਾ ਪਤੀ ਨਾਲ ਨਾ ਬਣਨ ਕਾਰਨ ਤਿੰਨ ਸਾਲ ਦੀ ਬੇਟੀ ਲੈਕਸੀ ਨੂੰ ਉਸ ਦੇ ਬਾਪ ਕੋਲ ਛੱਡ ਕੇ ਆ ਗਈ ਸੀ। ਪਹਿਲਾਂ ਮਾਂ ਨੂੰ ਤਰਸਦੀ ਰਹੀ ਲੈਕਸੀ ਜਦੋਂ ਅਠਾਰਾਂ ਸਾਲ ਦੀ ਹੋ ਕੇ ਮਾਂ ਕੋਲ ਆਈ ਤਾਂ ਪਿਉ ਕੋਲ ਨਾ ਹੋਣ ਦਾ ਵਿਗੋਚਾ ਸੀ ਅਤੇ ਨਸ਼ਿਆਂ ਦਾ ਸ਼ਿਕਾਰ ਹੋ ਕੇ ਮਰ ਗਈ। ਲੈਕਸੀ ਦੀ ਮੌਤ ਬਾਅਦ ਸਟੈਲਾ ਆਪਣਾ ਨੇਲ ਆਰਟ ਦਾ ਕੰਮ ਛੱਡ ਬੈਠੀ ਹੈ ਕਿਉਂਕਿ ਉਹ ਰੰਗਾਂ ਨਾਲ ਨਹੀਂ ਖੇਡ ਸਕਦੀ। ਦੂਜੀ ਔਰਤ ਨੈਨਸੀ ਹੈ ਜਿਸ ਨੇ ਪੱਚੀ ਦਿਨ ਪੀੜ ਸਹਿ ਕੇ ਮਰੇ ਬੱਚੇ ਨੂੰ ਜਨਮ ਦਿੱਤਾ। ਮੁੜ ਮਾਂ ਨਹੀਂ ਬਣ ਸਕੀ ਤੇ ਪਤੀ ਨੇ ਛੱਡ ਦਿੱਤਾ। ਉਸ ਨੂੰ ਆਪਣਾ ਦਰਦ ਦੋਵਾ ਮਾਂਵਾਂ ਨਾਲ਼ੋਂ ਜ਼ਿਆਦਾ ਲਗਦਾ ਹੈ ਕਿਉਂਕਿ ਉਸ ਕੋਲ਼ ਆਪਣੇ ਬੱਚੇ ਦੀ ਕੋਈ ਯਾਦ ਨਹੀਂ। ਇਸ ਲਈ ਉਹ ਵਾਰ ਵਾਰ ਉਹਨਾਂ ਕੋਲੋਂ ਉਹਨਾਂ ਦੀਆਂ ਮਰੀਆਂ ਧੀਆਂ ਬਾਰੇ ਪੁੱਛਦੀ ਹੈ। ਲੇਖਿਕਾ ਤੀਜੀ ਮਾਂ ਹੈ ਜੋ ਜਵਾਨ ਧੀ ਨੂੰ ਖੋਣ ਉਪਰੰਤ ਉਸ ਦੇ ਜਾਣ ਦਾ ਸੱਚ ਸਵੀਕਾਰ ਨਹੀਂ ਕਰ ਸਕੀ। ਕਹਾਣੀ ਟੁੱਟੇ ਪਰਿਵਾਰਾਂ ਦੀ ਤ੍ਰਾਸਦੀ ਦੇ ਨਾਲ ਆਪਣੀ ਕੁੱਖੋਂ ਜਾਇਆ ਦੇ ਵਿਛੜਨ ਦਾ ਦਰਦ ਕਿਵੇਂ ਮਮਤਾ ਨੂੰ ਵਲੂੰਧਰਦਾ ਹੈ, ਬਾਖੂਬੀ ਬਿਆਨਦੀ ਹੈ।

'ਅੱਗ ਦੀ ਸਾਂਝ' ਕਹਾਣੀ ਦੀ ਪਾਤਰ ਸੁੱਖਾਂ, ਜੋ ਸੁਰਜਨ ਸਿੰਘ ਨਾਲ ਵਿਆਹੇ ਜਾਣ 'ਤੇ ਕੈਨੇਡਾ ਪਹੁੰਚੀ ਸੀ, ਨੂੰ ਘਰ ਵਿਚ ਸਭ ਸਹੂਲਤਾਂ ਹਨ ਪਰ ਉਹ ਡਿਪਰੈਸ਼ਨ ਦੀ ਸ਼ਿਕਾਰ ਹੈ। ਅੰਦਰਲੇ ਖਾਲੀਪਣ ਨੂੰ ਦੂਰ ਕਰਨ ਲਈ ਉਹ ਨੌਕਰੀ ਕਰਨ ਲੱਗਦੀ ਹੈ। ਉਸ ਦੇ ਨਾਲ ਕੰਮ ਕਰਦੇ ਗੋਰੇ ਜੈਨੀ ਤੇ ਜਿੰਮ ਦੀ ਜ਼ਿੰਦਗੀ ਉਸ ਨੂੰ ਅਜੀਬ ਲੱਗਦੀ ਹੈ। ਜੈਨੀ ਹਰ ਕਿਸੇ ਨਾਲ ਹੱਸ ਹੱਸ ਕੇ ਗੱਲਾਂ ਕਰਦੀ ਹੈ ਤੇ ਜਿੰਮ ਵੀ ਪਤਨੀ ਨਾਲ ਤਲਾਕ ਹੋਣ ਪਿੱਛੋਂ ਨਿੱਤ ਨਵੀਂ ਸਹੇਲੀ ਲੱਭ ਕੇ ਖ਼ੁਸ਼ੀ ਨਾਲ ਜ਼ਿੰਦਗੀ ਜਿਉਂ ਕਿਹਾ ਹੈ। ਉਹਨਾਂ ਦੇ ਟਾਕਰੇ ਸੁੱਖਾਂ ਆਪਣੀ ਜ਼ਿੰਦਗੀ ਬਾਰੇ ਸੋਚਦੀ ਹੈ ਜਿਸ ਵਿਚ ਸੁਪਨੇ ਤੇ ਇੱਛਾਵਾਂ ਨਾਂ ਦੀ ਕੋਈ ਚੀਜ਼ ਨਹੀਂ। ਇਕ ਦਿਨ ਜੈਨੀ ਰਤਾ ਉਦਾਸ ਨਜ਼ਰ ਆਉਂਦੀ ਹੈ। ਸੁੱਖਾਂ ਵੱਲੋਂ ਉਦਾਸੀ ਦਾ ਕਾਰਨ ਪੁੱਛੇ ਜਾਣ 'ਤੇ ਜੈਨੀ ਦਾ ਕਹਿਣਾ ਹੈ ਕਿ ਉਹ 'ਪਿਛਲੇ ਬਾਰਾਂ ਵਰ੍ਹਿਆਂ ਤੋਂ ਅਲੱਗ ਹੋਣ ਬਾਰੇ ਸੋਚ ਰਹੀ ਸੀ ਪਰ ਘਰ ਦੇ ਖ਼ਰਚੇ, ਬੱਚੇ ਤੇ ਮੈਡੀਕਲ ਇੰਸ਼ੋਰੈਂਸ ਬਾਰੇ ਸੋਚ ਕੇ ਡਰ ਜਾਂਦੀ ਸੀ। ਹੁਣ ਬੱਚੇ ਵੱਡੇ ਨੇ, ਸੋਚਿਆ ਤਲਾਕ ਦੇ ਦੇਵੇ।' ਸੁੱਖਾਂ ਸੋਚਦੀ ਹੈ ਕਿ ਕੀ ਰਿਸ਼ਤੇ ਸਿਰਫ ਇਹਨਾਂ ਲੋੜਾਂ ਤਕ ਸੀਮਤ ਨੇ? ਇਸ ਪੱਖੋਂ ਤਾਂ ਉਸ ਨੂੰ ਕੋਈ ਘਾਟ ਨਹੀਂ ਸੀ ਤੇ ਜੈਨੀ ਨੂੰ ਇਹ ਪੁੱਛਣ 'ਤੇ ਕਿ ਕੀ ਉਸ ਦਾ ਘਰ ਵਾਲਾ ਉਸ ਨੂੰ ਕੁੱਟਦਾ ਮਾਰਦਾ ਤੇ ਤੰਗ ਕਰਦਾ ਜਾਂ ਸ਼ਰਾਬੀ ਹੈ? ਤਾਂ ਉਸਦਾ ਜਵਾਬ ਹੈ ਕਿ ਅਜਿਹੀ ਕੋਈ ਗੱਲ ਨਹੀਂ। ਕਾਰਨ ਬੱਸ ਉਹਨਾਂ ਦੇ ਸੰਬੰਧਾਂ ਵਿਚ ਆ ਰਿਹਾ ਠੰਢਾਪਣ ਹੈ। "ਸਾਡਾ ਰਿਸ਼ਤਾ ਕਦੇ ਅੱਗ ਵਾਂਗ ਮਘਦਾ ਸੀ। ਹੁਣ ਸਾਡੇ ਵਿਚਕਾਰ ਕੋਈ ਚੰਗਿਆੜੀ ਵੀ ਨਹੀਂ ਬਚੀ।" ਜੈਨੀ ਦੇ ਇਹ ਬੋਲ ਸੁੱਖਾਂ ਨੂੰ ਸੋਚਾਂ ਵਿਚ ਪਾ ਜਾਂਦੇ ਹਨ ਤੇ ਸੁੱਖਾਂ ਵੀ ਆਪਣੇ ਪਤੀ ਨੂੰ ਕਹਿਣਾ ਚਾਹੁੰਦੀ ਹੈ, "ਜੀ ਰਿਸ਼ਤਿਆਂ ਵਿਚ ਅੱਗ ਦੀ ਸਾਂਝ ਜ਼ਰੂਰੀ ਹੁੰਦੀ ਹੈ," ਪਰ ਸੰਸਕਾਰਾਂ ਕਾਰਨ ਇਹ ਕਹਿਣ ਜੀ ਥਾਂ ਗੁਟਕਾ ਚੁੱਕ ਕੇ ਪੰਨੇ ਪਲਟਣ ਲੱਗਦੀ ਹੈ।

'ਕੱਚ ਦੀਆਂ ਗੁੱਡੀਆਂ' ਕਹਾਣੀ ਵਿਚ ਹਿਟਲਰ ਵਰਗੇ ਵਹਿਸ਼ੀ ਪਤੀ ਨਿਰੰਜਨ ਦੇ ਸਾਰੀ ਉਮਰ ਜ਼ੁਲਮ ਸਹਿੰਦੀ ਆਈ ਹੈ। ਬਖ਼ਸ਼ੀਸ਼ ਨਿਰੰਜਨ ਲਈ ਸਿਰਫ ਖੇਡਣ ਵਾਲੀ ਵਸਤ ਹੈ। ਬ੍ਰੈਸਟ ਕੈਂਸਰ ਨਾਲ ਜੂਝਦੀ ਬਖ਼ਸ਼ੀਸ਼ ਨੂੰ ਜਦੋਂ ਡਾਕਟਰ ਉਪਰੇਸ਼ਨ ਲਈ ਕਹਿੰਦੇ ਹਨ ਤਾਂ ਨਿਰੰਜਨ ਦਾ ਪ੍ਰਤਿਕਰਮ ਹੈ ਕਿ "ਨਹੀਂ ਨਹੀਂ ਕੋਈ ਹੋਰ ਔਪਸ਼ਨ ਦੱਸੋ" ਕਿਉਂਕਿ ਜੇ ਬ੍ਰੈਸਟ ਰਿਮੂਵ ਕਰ ਦਿੱਤੀ ਤਾਂ ਉਹ ਖੇਡੇਗਾ ਕਾਹਦੇ ਨਾਲ। ਉਸ ਦੇ ਬੇਟੇ ਵੀ ਵਿਆਹੇ ਜਾਂਦੇ ਹਨ। ਵੱਡੇ ਪੁੱਤਰ ਦੇ ਵਿਰੋਧ 'ਤੇ ਉਸ ਨੂੰ ਘਰੋਂ ਬਾਹਰ ਕਰਦਾ ਬੇਦਖ਼ਲ ਕਰਨ ਤਕ ਜਾਂਦਾ ਹੈ। ਨੂੰਹ ਸੋਨੀਆ ਦੇ ਸਾਹਮਣੇ ਜਦੋਂ ਨਿਰੰਜਨ ਨੇ ਬਖਸ਼ੀਸ਼ ਉੱਤੇ ਹੱਥ ਚੁੱਕਣਾ ਚਾਹਿਆ ਤਾਂ ਨੂੰਹ ਸੋਨੀਆਂ ਸ਼ੇਰਨੀ ਵਾਂਗ ਸਾਹਵੇਂ ਆਉਂਦੀ ਹੈ। ਉਸ ਵੱਲੋਂ ਪੁਲਿਸ ਬੁਲਾਉਣ ਦੀ ਧਮਕੀ 'ਤੇ ਡਰਦਾ ਹੋਇਆ ਨਿਰੰਜਨ ਪਿੱਛੇ ਹਟਦਾ ਹੈ। ਸਾਰੀ ਉਮਰ ਚੁੱਪ ਰਹੀ ਬਖ਼ਸ਼ੀਸ਼ ਮੌਤ ਵੇਲੇ ਆਪਣੇ ਦਰਦ ਰਿਕਾਰਡ ਕਰਦੀ ਹੈ ਤੇ ਨੂੰਹ ਸੋਨੀਆਂ ਨਾਲ ਸਾਰੇ ਭੇਤ ਸਾਂਝੇ ਕਰਦੀ ਹੈ।

'ਬਲੌਰੀ ਅੱਖ ਵਾਲਾ ਮੁੰਡਾ' ਕਹਾਣੀ ਦਾ ਨਾਇਕ ਟਿਮਥੀ ਕਹਾਣੀਕਾਰਾ ਦੀ ਹਮਦਰਦੀ ਤੇ ਮਮਤਾ ਦਾ ਪਾਤਰ ਹੈ ਜਿਸ ਨੂੰ ਉਹ ਬੱਚੇ ਦੇ ਰੂਪ ਤੋਂ ਜਾਣਦੀ ਆਈ ਸੀ। ਧੰਦਾ ਕਰਨ ਵਾਲੀ ਟਿਮਥੀ ਦੀ ਮਾਂ, ਐਰਿਕਾ, ਚੰਗੀ ਮਾਂ ਨਹੀਂ ਪ੍ਰਤੀਤ ਹੁੰਦੀ। ਉਹ ਨਾ ਸਿਰਫ ਪੁੱਤਰ ਟਿਮਥੀ ਸਗੋਂ ਆਪਣੀ ਧੀ ਦਾ ਵੀ ਫ਼ਿਕਰ ਨਹੀਂ ਕਰਦੀ। ਐਰਿਕਾ ਦੀ ਸ਼ਿਕਾਇਤ ਹੋਣ 'ਤੇ ਟਿਮਥੀ ਨੂੰ ਸ਼ੈਲਟਰ ਹੋਮ ਵਾਲੇ ਲੈ ਜਾਂਦੇ ਹਨ ਅਤੇ ਭੈਣ ਐਰਿਕਾ ਵਾਲਾ ਧੰਦਾ ਹੀ ਸ਼ੁਰੂ ਕਰ ਦਿੰਦੀ ਹੈ। ਇਕ ਦਿਨ ਟਿਮਥੀ ਨੌਜਵਾਨ ਦੇ ਰੂਪ ਵਿਚ ਉਸ ਦੇ ਸਾਹਮਣੇ ਆਉਂਦਾ ਹੈ ਤੇ ਆਪਣੀ ਮਾਂ ਦੀ ਦੋਸਤ ਬਰੈਂਡੀ ਨੂੰ ਆਪਣੀ ਗਰਲ ਫਰਿੰਡ ਵਜੋਂ ਜਾਣੂ ਕਰਾਉਂਦਾ ਕਹਿੰਦਾ ਹੈ। "ਮੈਨੂੰ ਪਤਾ ਤੂੰ ਬਰੈਂਡੀ ਨੂੰ ਪਸੰਦ ਨਹੀਂ ਕਰਦੀ ਪਰ ਉਹ ਮੇਰੀ ਜ਼ਿੰਦਗੀ ਹੈ। ਸਾਡੀ ਐਸਕਾਰਟ ਸਰਵਿਸ ਹੈ।ਅਸੀਂ ਦੋਵੇਂ ਧੰਦਾ ਕਰਦੇ ਹਾਂ। ਮੈ ਔਰਤਾਂ ਨਾਲ ਤੇ ਬਰੈਂਡੀ ਹੋਰ ਮਰਦਾਂ ਨਾਲ ਸੌਂਦੀ ਹੈ । ਮੈਂ ਇਕੱਲ ਦੀਆਂ ਮਾਰੀਆਂ ਔਰਤਾਂ ਨੂੰ ਖੁਸ਼ ਕਰਦਾ ਹਾਂ... ਐਂਡ ਆਫ ਦਾ ਡੇ ਉਹ ਸਿਰਫ ਮੇਰੀ ਹੈ ਤੇ ਮੈਂ ਉਸ ਦਾ ...।" ਟਿਮਥੀ ਦੇ ਇਹਨਾਂ ਬੋਲਾਂ ਸਾਹਮਣੇ ਕਹਾਣੀਕਾਰਾ ਨੂੰ ਮਾਂ ਦੀ ਮਮਤਾ ਨਿਰਵਸਤਰ ਹੁੰਦੀ ਜਾਪਦੀ ਹੈ।

ਪਰਵੇਜ਼ ਸੰਧੂ ਦਾ ਇਹ ਕਹਾਣੀ ਸੰਗ੍ਰਹਿ ਟੁੱਟੇ ਘਰਾਂ ਤੇ ਨਸ਼ੇੜੀ ਮਾਪਿਆਂ ਦੇ ਬੱਚਿਆਂ ਦੇ ਦੁੱਖ ਦਰਦ ਨੂੰ ਬਿਆਨਦਾ ਜ਼ਿੰਦਗੀ ਦੀ ਪਟੜੀ ਤੋਂ ਲੱਥੇ ਪਾਤਰਾਂ ਨੂੰ ਸਾਹਵੇਂ ਲਿਆਉਂਦਾ ਹੈ। ਸਵੀਟਨ ਤੇ ਟਿਮਥੀ ਵਰਗੇ ਅਜਿਹੇ ਸਾਡੀ ਹਮਦਰਦੀ ਦੇ ਪਾਤਰ ਬਣਦੇ ਹਨ। ਪਤੀ ਪਤਨੀ ਸੰਬੰਧਾਂ ਵਿਚ ਆਉਂਦੀ ਨਿੱਘ ਦੀ ਘਾਟ ਵੱਲ ਸੰਕੇਤ ਕਰਦੀਆਂ ਕਹਾਣੀਆਂ ਜਾਗੀਰਦਾਰੀ ਮਰਦ ਦੀ ਹਉਮੈ ਦਾ ਸ਼ਿਕਾਰ ਹੁੰਦੀ ਪਰੰਪਰਾਵਾਦੀ ਔਰਤ ਦੇ ਸੰਤਾਪ ਨੂੰ ਬਾਖੂਬੀ ਉਭਾਰਦੀਆਂ ਹਨ। ਰਤਨੀ ਤੇ ਭਗਤ ਸਿਉ ਵਰਗੇ ਗਰੀਬੀ ਹੰਢਾ ਰਹੇ ਹੋਣ, ਨਸ਼ੇੜੀ ਹੋਣ ਜਾਂ ਧੰਦਾ ਕਰਦੇ ਹੋਏ ਜਿਹੋ ਜਿਹੇ ਵੀ ਉਹ ਹੋਣ, ਪਰਵੇਜ਼ ਨੇ ਆਪਣੇ ਸਾਰੇ ਪਾਤਰਾਂ ਨੂੰ ਏਨੀ ਨੀਝ ਤੇ ਸਹਿਜਤਾ ਨਾਲ ਚਿਤਰਿਆ ਹੈ ਕਿ ਉਹ ਸਭ ਜਿਉਂਦੇ ਜਾਗਦੇ ਜਾਪਦੇ ਹਨ ਅਤੇ ਪਾਠਕ ਦੀ ਸੰਵੇਦਨਾ ਨੂੰ ਜਗਾਉਂਦੇ ਹਨ। ਪਰਵੇਜ਼ ਨੇ ਕਿਹਾ ਹੈ,"ਮੇਰੇ ਲਈ ਇਹਨਾਂ ਕਹਾਣੀਆਂ ਦੇ ਪਾਤਰ ਸਿਰਫ ਸ਼ਬਦਾਂ ਵਿਚ ਢਲੇ ਨਕਸ਼ ਨਹੀਂ, ਇਹ ਜਿਉਂਦੇ ਜਾਗਦੇ ਇਨਸਾਨ ਮੇਰੇ ਪਰਿਵਾਰ ਦੇ ਜੀਆਂ ਵਰਗੇ ਹਨ ਜਿਹਨਾਂ ਨਾਲ ਮੈਂ ਹੱਸਦੀ ਖੇਡਦੀ ਤੇ ਰੋਂਦੀ ਆਂ ਤੇ ਦੁੱਖ ਸੁੱਖ ਸਾਂਝੇ ਕਰਦੀ ਹਾਂ। ਇਹ ਪਾਤਰ ਮੇਰੀ ਜ਼ਿੰਦਗੀ ਦਾ ਹਿੱਸਾ ਹਨ।" ਉਸਦੀਆਂ ਕਹਾਣੀਆਂ ਦੇ ਪਾਤਰਾਂ 'ਤੇ ਪੂਰਾ ਢੁਕਦੇ ਪਰਵੇਜ਼ ਦੇ ਇਸ ਕਥਨ ਦਾ ਸੁਆਗਤ ਹੈ। 000

**-ਪੁਸ਼ਵਿੰਦਰ ਕੌਰ**

## ਪ੍ਰਾਪਤ ਪੁਸਤਕਾਂ

**ਗਰਦਸ਼** (ਨਾਵਲ) ਸੁਖਬੀਰ
ਪੰਨੇ 198, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਮਾਪੇ ਵੱਖਰੀ ਤਰ੍ਹਾਂ ਦੇ** (ਨਾਵਲ) ਨਦੀਮ ਪਰਮਾਰ
ਪੰਨੇ 88, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਆਪਣੇ ਲੋਕ** (ਨਾਵਲ) ਅਜ਼ੀਜ਼ ਸਰੋਏ
ਪੰਨੇ 287, ਮੁੱਲ 280 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ

**ਯੁਵਾ ਕਥਾ** (ਨਾਵਲ) ਹਰਵੀਰ ਸਰਵਾਰੇ
ਪੰਨੇ 280, ਮੁੱਲ 250 ਰੁਪਏ, ਜੇਪੀ ਪਬਲੀਕੇਸ਼ਨਜ਼, ਘਲੌਰੀ ਗੇਟ, ਪਟਿਆਲਾ

**ਅਸੀਂ ਬੰਦੂਕਾਂ ਨਹੀਂ ਬੀਜਦੇ** (ਨਾਵਲ) ਸੁਖਮਿੰਦਰ ਸੇਖੋਂ
ਪੰਨੇ 104, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

**ਰਿਸਦੇ ਜ਼ਖਮਾਂ ਦਾ ਰੁਦਨ** (ਨਾਵਲ) ਹਰਬੰਸ ਸਿੰਘ ਅਖਾੜਾ
ਪੰਨੇ 80, ਮੁੱਲ 130 ਰੁਪਏ, ਗੋਰਕੀ ਪ੍ਰਕਾਸ਼ਨ, ਲੁਧਿਆਣਾ

**ਇੰਟਰਵਲ ਤੋਂ ਬਾਅਦ** (ਕਹਾਣੀ ਸੰਗ੍ਰਹਿ) ਸਰਬਜੀਤ ਕੌਰ ਸੋਹਲ
ਪੰਨੇ 96, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਮੁਹਾਲੀ

**ਉੱਚੇ ਬੁਰਜ** (ਕਹਾਣੀ ਸੰਗ੍ਰਹਿ) ਬਲਵਿੰਦਰ ਕੌਰ ਬਰਾੜ
ਪੰਨੇ 102, ਮੁੱਲ 190 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ, ਚਡੀਗੜ੍ਹ

**ਇਕ ਦਿਨ ਰਾਤੀਂ** (ਕਹਾਣੀ ਸੰਗ੍ਰਹਿ) ਸੁਰਿੰਦਰ ਸਿੰਘ ਓਬਰਾਏ
ਪੰਨੇ 141, ਮੁੱਲ 275 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਬਦਲਦੀ ਹਵਾ** (ਮਿੰਨੀ ਕਹਾਣੀਆਂ) ਹਰਪ੍ਰੀਤ ਸਿੰਘ ਰਾਣਾ
ਪੰਨੇ 40, ਮੁੱਲ 30 ਰੁਪਏ, ਮਿੰਨੀ ਕਹਾਣੀ ਲੇਖਕ ਮੰਚੇ, ਪੰਜਾਬ, ਅੰਮ੍ਰਿਤਸਰ

**ਕੱਚ ਦਾ ਅੰਬਰ** (ਗ਼ਜ਼ਲ ਸੰਗ੍ਰਹਿ) ਅਨੂ ਬਾਲਾ
ਪੰਨੇ 80, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੈਂ-ਅਮੈਂ** (ਗ਼ਜ਼ਲਾਂ) ਜਗਵਿੰਦਰ ਜੋਧਾ
ਪੰਨੇ 80, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਛੂਹ ਕੇ ਲੰਘਦੀ ਸ਼ਾਮ** (ਕਾਵਿ ਸੰਗ੍ਰਹਿ) ਪਰਮਿੰਦਰ ਸੋਢੀ
ਪੰਨੇ 184, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੈਂ ਚਰਖਾ ਤੂੰ ਕੱਤਣ ਵਾਲੀ** (ਕਾਵਿ ਸੰਗ੍ਰਹਿ) ਪਰਮਿੰਦਰ ਸੋਢੀ
ਪੰਨੇ 120, ਮੁੱਲ 120 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਉੱਭਲਚਿੱਤੀ** (ਕਾਵਿ ਸੰਗ੍ਰਹਿ) ਸਰਬਜੀਤ ਕੌਰ ਸੋਹਲ
ਪੰਨੇ 139, ਮੁੱਲ 350 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਮੁਹਾਲੀ
**ਸੱਧਰਾਂ** (ਕਾਵਿ ਸੰਗ੍ਰਹਿ) ਸਿਮਰਜੀਤ ਕੌਰ ਗਰੇਵਾਲ
ਪੰਨੇ 112, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਦਰਦ ਉਜੜੇ ਖੇਤਾਂ ਦਾ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 91, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਬੋਲ ਪਏ ਅਲਫਾਜ਼** (ਕਾਵਿ ਸੰਗ੍ਰਹਿ) ਬਿੱਕਰ ਬਾਈ
ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਰਿਸ਼ਤੇ ਰੂਹਾਂ ਦੇ** (ਕਾਵਿ ਸੰਗ੍ਰਹਿ) ਸੁਰਿੰਦਰ ਸੰਧੂ
ਪੰਨੇ 159, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਦਿਲ ਨਾ ਛੱਡਿਆ ਕਰ** (ਕਾਵਿ ਸੰਗ੍ਰਹਿ) ਸ਼ਮਿੰਦਰ
ਪੰਨੇ 102, ਮੁੱਲ 150 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ
**ਮੈਂ ਅਤੇ ਮੇਰਾ ਸਮਾਂ** (ਸਵੈਜੀਵਨੀ) ਮਨਮੋਹਨ ਬਾਵਾ
ਪੰਨੇ 328, ਮੁੱਲ 695 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਹਿੰਮਤ ਦੇ ਹਾਸਲ** (ਸਵੈਜੀਵਨੀ) ਦਲੀਪ ਸਿੰਘ ਉੱਪਲ
ਪੰਨੇ 236, ਮੁੱਲ 295 ਰੁਪਏ, ਸੰਗਮ ਸੰਗਮ ਪਬਲੀਕੇਸ਼ਨਜ਼, ਸਮਾਣਾ
**ਕ੍ਰਾਂਤੀਕਾਰੀ ਸ਼ੇਰ ਜੰਗ** (ਜੀਵਨੀ) ਰਾਕੇਸ਼ ਕੁਮਾਰ
ਪੰਨੇ 216, ਮੁੱਲ 310 ਰੁਪਏ, ਕੈਫੇ ਵਰਲਡ, ਮੰਡੀ ਕਲਾਂ, ਜਲੰਧਰ, ਬਠਿੰਡਾ
**ਚੇਤੇ ਦੀ ਚੰਗੇਰ 'ਚੋਂ** (ਵਾਰਤਕ) ਜਗਜੀਤ ਸਿੰਘ ਆਨੰਦ
ਪੰਨੇ 167, ਮੁੱਲ 325 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਬਟਵਾਰੇ ਦੀ ਕਹਾਣੀ ਵਸਤਾਂ ਦੀ ਜ਼ੁਬਾਨੀ** (ਵਾਰਤਕ) ਆਂਚਲ ਮਲਹੋਤਰਾ
ਪੰਨੇ 384, ਮੁੱਲ 400 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਮੁਹਾਲੀ
**ਪ੍ਰਾਧੀਨਤਾ ਤੋਂ ਸਵੈਧੀਨਤਾ ਵੱਲ** (100 ਸਾਲਾਂ ਦੇ ਅਨੁਭਵ) ਖੁਸ਼ੀ ਰਾਮ
ਪੰਨੇ 293, ਮੁੱਲ 250 ਰੁਪਏ, ਮਾਣਕ ਪਬਲੀਕੇਸ਼ਨਜ਼, ਬੀ-7, ਸਰਸਵਤੀ ਕੰਪਲੈਕਸ,ਲਕਸ਼ਮੀ ਨਗਰ,ਦਿੱਲੀ
**ਪੰਜਾਬ ਦਾ ਲੋਕ ਇਤਿਹਾਸ** (ਵਾਰਤਕ) ਡਾ. ਮਨਜ਼ੂਰ ਏਜਾਜ਼
ਪੰਨੇ 240, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜੜ੍ਹਾਂ ਦੇ ਵਿਚ ਵਿਚਾਲੇ** (ਵਾਰਤਕ) ਅਰਤਿੰਦਰ ਸੰਧੂ
ਪੰਨੇ 115, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ
**ਸਿੱਖ ਰਾਜ ਦਾ ਪਤਨ** (ਵਾਰਤਕ) ਡਾ. ਸਰਬਜੀਤ ਸਿੰਘ ਛੀਨਾ
ਪੰਨੇ 112, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸ਼ਬਦਾਂ ਦਾ ਸਫਰ** (ਬਰਨਾਲਾ ਦਾ ਸਾਹਿਤਕ ਲਹਿਰ ਦਾ ਇਤਿਹਾਸ) ਭੋਲਾ ਸਿੰਘ ਸੰਘੇੜਾ
ਪੰਨੇ 296, ਮੁੱਲ 425 ਰੁਪਏ, ਲੋਕ ਰੰਗ ਪ੍ਰਕਾਸ਼ਨ, ਬਰਨਾਲਾ
**ਕਿਸਮਤ ਕੁੱਤਿਆਂ ਦੀ** (ਵਿਅੰਗ) ਸੁਰਿੰਦਰ ਸਿੰਘ ਓਬਰਾ
ਪੰਨੇ 88, ਮੁੱਲ 150 ਰੁਪਏ, ਨਵਰੰਗ ਪਬਲੀਕੇਸ਼ਨਜ਼, ਸਮਾਣਾ
**ਅਹਿਮ ਸੁਨੇਹੇ** (ਵਾਰਤਕ) ਜਗਰੂਪ ਸਿੰਘ ਗਿੱਲ
ਪੰਨੇ 96, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮਾਰਕਸਵਾਦੀ ਸਮੀਖਿਆ ਸਿਧਾਂਤ** (ਆਲੋਚਨਾ) ਸੁਰਜੀਤ ਸਿੰਘ ਭੱਟੀ
ਪੰਨੇ 237, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸਿਧਾਂਤ ਅਤੇ ਸਿਧਾਂਤ-ਚਿੰਤਨ** (ਆਲੋਚਨਾ) ਸੁਰਜੀਤ ਸਿੰਘ ਭੱਟੀ
ਪੰਨੇ 173, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2022

---

## ਨਵੀਂ ਪੰਜਾਬੀ ਕਹਾਣੀ ਦੇ ਮੂਹਰਲੀ ਕਤਾਰ ਦੇ ਰਚਨਾਕਾਰ
## ਸਿਮਰਨ ਧਾਲੀਵਾਲ ਦੀਆਂ ਚੋਣਵੀਆਂ ਕਹਾਣੀਆਂ




ਸਿਮਰਨ ਧਾਲੀਵਾਲ ਨਵੀਂ ਪੰਜਾਬੀ ਕਹਾਣੀ ਦਾ ਸਮਰੱਥ ਕਥਾਕਾਰ ਹੈ। ਉਹ ਆਪਣੀਆਂ ਕਹਾਣੀਆਂ ਵਿਚ ਅੱਜ ਦੇ ਮਨੁੱਖ ਦੀਆਂ ਮਾਨਸਿਕ ਸਮਾਜਕ ਗੰਢਾਂ ਦਾ ਜਿਹੜਾ ਚਿੱਤਰ ਉਲੀਕ ਰਿਹਾ ਹੈ, ਉਹ ਯਥਾਰਥ ਦੇ ਬਹੁਤ ਨੇੜੇ ਹੈ। ਉਹਦੀਆਂ ਰਚਨਾਵਾਂ ਦੇ ਪਾਤਰ ਕਰੂਰ ਹਾਲਾਤ ਨਾਲ ਲਗਾਤਾਰ ਜੂਝਦੇ ਨਜ਼ਰੀਂ ਪੈਂਦੇ ਹਨ।

ਪੰਨੇ 104 | ਸੁੰਦਰ ਦਿੱਖ | ਮੁੱਲ 225 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ** ਅੰਮ੍ਰਿਤਸਰ-143002

**SIRJANA** Literary Punjabi Quarterly Chandigarh
No. 205 ISSN 2455-1058 July-September 2022
Registered with the Registrar of Newspapers for India vide R.N. 10215/65

ਉੱਘੇ ਗਲਪਕਾਰ ਅਵਤਾਰ ਸਿੰਘ ਬਿਲਿੰਗ
ਦੀ ਨਵੀਂ ਵਾਰਤਕ ਪੁਸਤਕ




ਇਸ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਵਿਚ ਪਿੰਡ ਵੱਸਦਾ ਹੈ। ਇਕ ਸਦੀ ਤੋਂ ਵੀ ਵੱਧ ਦਾ ਇਤਿਹਾਸ ਇਸ ਅੰਦਰ ਸਮੋਇਆ ਹੋਇਆ ਹੈ। ਪੁਸਤਕ ਦੇ ਵਰਕੇ ਫਰੋਲੋ ਤਾਂ ਤੁਸੀਂ ਝੱਟ ਪੁਰਾਣੇ ਘਰਾਂ, ਗਲੀਆਂ, ਮੁਹੱਲਿਆਂ ਅਤੇ ਆਪਣੇ ਲੋਕਾਂ ਵਿਚਕਾਰ ਪੁੱਜ ਗਏ ਮਹਿਸੂਸ ਕਰਦੇ ਹੋ। ਇਹ ਪੁਸਤਕ ਅਸਲ ਵਿਚ ਆਪਣਾ ਮੂਲ ਪਛਾਨਣ ਵੱਲ ਪੁੱਟਿਆ ਗਿਆ ਕਦਮ ਹੈ।

**ਪੰਨੇ 358** **ਸੁੰਦਰ ਦਿੱਖ** **ਮੁੱਲ 650 ਰੁਪਏ**

ਐਵਿਸ ਪਬਲੀਕੇਸ਼ਨਜ਼, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-6